
*Published in Punjabi & English*
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 13, ਅੰਕ-8, ਅਗਸਤ 2023 | Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਹਕੂਮਤੀ ਚਿਹਰਾ, ਮਨੀਪੁਰ ਦੇ ਕੁਦਰਤੀ ਸਰੋਤ ਤੇ ਤਰਾਸਦੀ




ਇਹ ਵੀ ਸਾਡੇ ਹੀ ਸਮਿਆਂ ਵਿਚ ਹੋਣਾ ਸੀ ਕਿ ਦੇਸ਼ ਦੇ ਹੁਕਮਰਾਨ ਨੇ ਚੁੱਪੀ ਸਾਧ ਕੇ ਦੇਸ਼ ਨੂੰ ਇਤਿਹਾਸਕ ਤਰਾਸਦੀਆਂ ਵਿਚ ਸੁੱਟ ਦੇਣਾ ਸੀ। ਦੇਸ਼ ਵਾਸੀਆਂ ਦੀ ਕੋਈ ਵੀ ਅਜਿਹੀ ਅੱਖ ਨਹੀਂ ਜਿਹੜੀ ਨਮਨ ਨਾ ਹੋਈ ਹੋਵੇ ਕਿ ਇਹ ਅਸੀਂ ਹੀ ਵੇਖਣਾ ਸੀ। ਇਹ ਸਾਡੇ ਹੀ ਹਿੱਸੇ ਆਇਆ ਸੀ ਕਿ ਕੁਦਰਤੀ ਸਰੋਤਾਂ ਉਪਰ ਵਸਦੇ ਸਾਡੇ ਲੋਕਾਂ ਨਾਲ ਹੁਕਮਰਾਨਾ ਨੇ ਇੰਝ ਕਰਨਾ ਸੀ। ਦੁਨੀਆ ਵਿਚ ਅਸੀਂ ਕਿਸੇ ਨਾਲ ਅੱਖ ਨਾਲ ਅੱਖ ਮਿਲਾਉਣ ਦੇ ਸਮਰੱਥ ਨਹੀਂ ਰਹੇ। ਸਾਡੀਆਂ ਅੱਖਾਂ ਹੁਕਮਰਾਨਾ ਨੇ ਨੀਵੀਆਂ ਕਰ ਦਿੱਤੀਆਂ ਹਨ। ਅਸੀਂ ਆਪਣੇ ਆਪ ਨੂੰ ਸਵਾਲ ਪੁੱਛਦੇ ਹਾਂ ਕਿ ਇਹ ਸਾਡਾ ਹੀ ਮੁਲਕ ਹੈ। ਇਸ ਮੁਲਕ ਨੂੰ ਅਸੀਂ ਕਿਸ ਰਸਤੇ 'ਤੇ ਤੋਰ ਦਿੱਤਾ ਹੈ। ਸੱਤਾ ਕਿਸ ਕਿਸਮ ਦੇ ਹੱਥਾਂ ਵਿਚ ਸੌਂਪ ਦਿੱਤੀ ਹੈ। ਹੁਣ ਤਰਾਸਦੀਆਂ ਨਾਲ ਦੋ-ਚਾਰ ਹੋ ਰਹੇ ਹਾਂ।

ਕਦੀ ਕਦੀ ਇੰਝ ਵੀ ਜਾਪਦਾ ਹੈ ਕਿ ਅਸੀਂ ਅੰਗਰੇਜ਼ਾਂ ਦੇ ਗੁਲਾਮਾਂ ਤੋਂ ਵੀ ਹੇਠਾਂ ਵੱਲ ਨੂੰ ਤੁਰੇ ਜਾ ਰਹੇ ਹਾਂ। ਇਹ ਸਭ ਕੁਝ ਸਾਡੀ ਮਿੱਟੀ ਵਿਚ ਹੀ ਰਿਹਾ ਹੈ। ਵਾਰ-ਵਾਰ ਸਾਡੇ ਸਵਾਲ ਸਾਨੂੰ ਘੇਰ ਰਹੇ ਹਨ। ਅਸੀਂ ਉਚੀਆਂ ਆਵਾਜ਼ਾਂ, ਸੰਘਰਸ਼ਾਂ ਅਤੇ ਲੜਾਈਆਂ ਰਾਹੀਂ ਇਸ ਮੁਲਕ ਨੂੰ ਸੋਨੇ ਦੀ ਚਿੜੀ ਬਣਾਉਣ ਦਾ ਖਾਬ ਪਾਲਿਆ ਸੀ ਉਹ ਸ਼ਾਇਦ ਸੁਪਨਾ ਦਰਕਿਨਾਰ ਹੋ ਗਿਆ ਹੈ। ਮਨੀਪੁਰ ਸਾਡੀਆਂ ਅੱਖਾਂ ਦੇ ਸਾਹਮਣੇ ਜਲ ਰਿਹਾ ਹੈ। ਉਸ ਦਾ ਸੇਕ ਹਰੇਕ ਕੋਨੇ ਨੂੰ ਛੂਹ ਰਿਹਾ ਹੈ। ਪਹਿਲਾਂ ਕਸ਼ਮੀਰੀਆਂ ਨੇ ਇਸ ਸੇਕ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਹੈ। ਪੰਜਾਬ ਲੰਬੀ ਤਰਾਸਦੀ ਵਿਚੋਂ ਗੁਜ਼ਰਿਆ ਹੈ। ਕੋਈ ਵੀ ਅਜਿਹਾ ਕੋਨਾ ਨਹੀਂ ਜਿਥੇ ਇਸ ਮੁਲਕ ਦੇ ਵਾਸੀਆਂ ਨੂੰ ਆਪਣੇ ਹੁਕਮਰਾਨਾ ਹੱਥੋਂ ਜ਼ਲੀਲ ਨਾ ਹੋਣਾ ਪਿਆ ਹੋਵੇ। ਅਸੀਂ ਇਸ ਕਰਕੇ ਕਈ ਵਾਰੀ ਇਥੋਂ ਦੌੜ ਜਾਣਾ ਚਾਹੁੰਦੇ ਹਾਂ ਪ੍ਰੰਤੂ ਆਧੁਨਿਕ ਤਕਨਾਲੋਜੀ ਰਾਹੀਂ ਸਾਡੇ ਕੋਲ ਪਹੁੰਚਦੀਆਂ ਤਰਾਸਦੀਆਂ ਸਾਨੂੰ ਇਥੇ ਵੀ ਦੇਸ਼ਾਂ ਵਿਦੇਸ਼ਾਂ ਵਿਚ ਬੇਚੈਨ ਕਰਦੀਆਂ ਹਨ। ਇਨ੍ਹਾਂ ਬੇਚੈਨੀਆਂ ਦਾ ਆਲਮ ਸਾਡੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਗਿਆ ਹੈ। ਅਸੀਂ ਭਲਾ ਬੈਠੇ ਦੂਰ-ਦੁਰਾਡੇ ਹਾਂ ਪਰ ਸਾਨੂੰ ਇੰਝ ਜਾਪਦਾ ਹੈ ਕਿ ਅਸੀਂ ਉਨ੍ਹਾਂ ਮਾਸੂਮ ਤੇ ਬੇਗੁਨਾਹ ਔਰਤਾਂ ਨਾਲ ਵਾਪਰ ਰਿਹਾ ਤਰਾਸਦਿਕ ਭਾਣਾ ਦੇਖ ਰਹੇ ਹੋਈਏ। ਇਨ੍ਹਾਂ ਤਰਾਸਦੀਆਂ ਵਿਚੋਂ ਉਭਰਨ ਲਈ ਅਸੀਂ ਕਲਮ ਚਲਾ ਸਕਦੇ ਹਾਂ, ਕੁਝ ਇਕੱਤਰ ਹੋ ਕੇ ਸੰਘਰਸ਼ ਕਰ ਸਕਦੇ ਹਾਂ ਅਤੇ ਦੂਰ ਤੱਕ ਅਵਾਜ਼ ਉਠਾ ਸਕਦੇ ਹਾਂ ਪ੍ਰੰਤੂ ਹਕੂਮਤ ਅਜਿਹੇ ਹੁਕਮਰਾਨਾ ਦੇ ਸਪੁਰਦ ਕਰ ਦਿੰਦੇ ਹਾਂ ਜੋ ਸਾਡੀਆਂ ਕਲਮਾਂ, ਆਵਾਜ਼ਾਂ ਅਤੇ ਸੰਘਰਸ਼ਾਂ ਨੂੰ ਦਬਾਅ ਦਾ ਕਾਰਜ ਕਰਦੀਆਂ ਹਨ। ਇਹ ਹੈ ਸਾਡੀ ਹੋਣੀ ਤੇ ਅਣਹੋਣੀ ਜਿਸ ਦੀ ਵਿਥਿਆ ਅਸੀਂ ਸੁਣਾਉਂਦੇ ਜਾ ਰਹੇ ਹਾਂ। ਇਸ ਆਸ ਨਾਲ ਕਿ ਇਕ ਦਿਨ ਹਕੂਮਤਾਂ ਬਦਲਾਂਗੇ ਤੇ ਬਦਲਵਾਂਗੇ। ਜਿਸ ਕਿਸਮ ਨਾਲ ਹਕੂਮਤਾਂ ਨੇ ਮਨੀਪੁਰ ਵਿਚ ਤਰਾਸਦੀਆਂ ਉਤਪੰਨ ਕਰ ਦਿੱਤੀਆਂ ਹਨ ਅਤੇ ਉਹ ਚਾਹੁੰਦੇ ਹਨ ਕਿ ਇਹ ਖਿੱਤਾ ਖਾਲੀ ਹੋ ਜਾਵੇ ਇਥੇ ਛੁਪੇ ਵੱਡੇ ਕੁਦਰਤੀ ਭੰਡਾਰ ਆਪਣੇ ਭਾਈਵਾਲਾਂ, ਕਾਰਪੋਰੇਟ ਘਰਾਣਿਆਂ, ਅੰਡਾਨੀਆਂ ਅਤੇ ਅੰਬਾਨੀਆਂ ਨੂੰ ਸੌਂਪ ਦਿੱਤੇ ਜਾਣ। ਅਜਿਹਾ ਕੁਝ ਹੀ 'ਸਦਮਾ ਸਿਧਾਂਤ' ਵਿਚ ਨੌਮੀ ਕਲਿਨ ਨੇ ਕਿਹਾ ਕਿ ਉਹ ਪਹਿਲਾਂ ਲੋਕਾਂ ਨੂੰ ਉਜਾੜਦੇ ਹਨ ਅਤੇ ਮੁੜ ਕੇ ਉਨ੍ਹਾਂ ਦੇ ਕੁਦਰਤੀ ਸਰੋਤ ਕਾਰਪੋਰੇਟ ਘਰਾਣਿਆਂ ਨੂੰ ਵੇਚ ਦਿੰਦੇ ਹਨ। ਉਨ੍ਹਾਂ ਲਈ ਮਨੁੱਖਤਾ ਨਾਂ ਦੀ ਕੋਈ ਸ਼ੈਅ ਨਹੀਂ ਹੁੰਦੀ। ਇਹ ਸਭ ਕੁਝ ਹੀ ਹੈ ਮਨੀਪੁਰ ਦੀ ਤਰਾਸਦੀ ਪਿਛੇ ਪਹਿਲਾਂ ਆਪਸ ਵਿਚ ਲੜਾਓ ਅਤੇ ਮੁੜ ਕੇ ਸੱਤਾ ਰਾਹੀਂ ਬਰਬਾਦ ਕਰ ਦਿਓ।

**- ਸੰਪਾਦਕੀ ਮੰਡਲ**

**ਇੱਕ ਰੋਜ਼ਾ ਪੁਸਤਕ ਮੇਲੇ 13 ਅਗਸਤ 2023 ਨੂੰ**
**ਦੇਖੋ ਸਫ਼ਾ 3**

**ਨਾਟਕ 'ਸੰਮਾਂ ਵਾਲੀ ਡਾਂਗ' ਦੀ ਪੇਸ਼ਕਾਰੀ 20 ਅਗਸਤ ਨੂੰ**
**ਦੇਖੋ ਸਫ਼ਾ 8**

CONGRATULATIONS
TEAM OVER 875 REALTORS
HomeLife Silvercity Realty Inc.,Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR® MLS urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
3822 Marine Way Burnaby, B.C. V5J 3H4
Ph : 604-240-8002
or : 604-250-3834

Insta Realty
BUY SELL INSTANTLY
We are Hiring New & Experienced Realtors.
We can also help you to get Realtor License.
We provide following Services:
• Residential • Commercial • Business • Land
• Investment • Property Management Services
Book Your New Dream Home with our team in Savanna, City Scape, Red Stone, Corner Stone, Home Stead, Cochrane
403.681.8689
400, 3115-12th St NE Calgary AB T2E 7J2
Email: info@instarlt.com
Harcharan Parhar
REAL ESTATE BROKER
www.instarlt.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010

ਗੈਰ ਮਾਨਵੀ ਹਿੰਸਾ

# ਹਕੂਮਤਾਂ ਸੱਤਾ 'ਚ ਬੈਠ ਕੇ ਪੈਦਾ ਕਰਦੀਆਂ ਲੋਕ ਤਰਾਸਦੀਆਂ

*21ਵੀਂ ਸਦੀ ਵਿਚ ਜਦੋਂ ਹਰੇਕ ਵਰਗ ਨੇ ਦਾਬੇ ਦੇ ਖਿਲਾਫ਼ ਸੰਘਰਸ਼ ਕਰਕੇ ਆਪਣੇ ਆਪ ਨੂੰ ਸੁਰੱਖਿਅਤ ਕਰਨ ਦੀ ਪਹਿਲਕਦਮੀ ਕੀਤੀ। ਕਦੀ ਦਲਿਤਾਂ ਨੇ ਆਪਣੇ ਉਪਰ ਹੁੰਦੇ ਦਾਬੇ ਨੂੰ ਪਰ੍ਹੇ ਵਗ੍ਹਾ ਮਾਰਿਆ, ਘੱਟ ਗਿਣਤੀਆਂ ਨੇ ਆਪਣੇ ਸਭਿਆਚਾਰ ਅਤੇ ਭਾਸ਼ਾ ਤੋਂ ਲੈ ਕੇ ਆਪਣੇ ਹੋਣੀ ਰਾਖੀ ਲਈ ਸੰਘਰਸ਼ ਕੀਤੇ ਅਤੇ ਹੁਕਮਰਾਨਾ ਤੋਂ ਆਪਣੇ ਖਾਤਮੇ ਵੱਲ ਵਧਦੇ ਕਦਮ ਰੋਕੇ, ਪਰ ਜਿਸ ਕਿਸਮ ਨਾਲ 20ਵੀਂ ਅਤੇ 21ਵੀਂ ਸਦੀ 'ਚ ਔਰਤਾਂ ਚੇਤੰਨ ਹੋਈਆਂ ਉਨ੍ਹਾਂ ਦੁਨੀਆ ਦੇ ਹਰੇਕ ਕੋਨੇ 'ਤੇ ਆਪਣਾ ਹਿੱਸਾ ਹੀ ਨਹੀਂ ਮੰਗਿਆ ਬਲਕਿ ਸਮੁੱਚੀ ਦੁਨੀਆ ਦਾ ਚਲਣ ਢੰਗ ਵੀ ਬਦਲ ਦਿੱਤਾ ਅਤੇ ਆਰਥਿਕਤਾ ਤੋਂ ਲੈ ਕੇ ਰਾਜਨੀਤੀ ਤੱਕ ਅਜਿਹਾ ਕਦਮ ਪੁੱਟੇ ਕਿ ਦੁਨੀਆ ਵਿਚ ਉਨ੍ਹਾਂ ਦੀਆਂ ਆਵਾਜ਼ਾਂ ਹੋਰ ਉਚੀਆਂ ਹੋਈਆਂ। ਹਾਲਾਂਕਿ ਇਹ ਕਦਮ ਹੋਰ ਅਗਾਂਹ ਵਧਣਗੇ ਅਤੇ ਸਮਿਆਂ ਦੀਆਂ ਹਕੂਮਤਾਂ ਨੂੰ ਪਰ੍ਹੇ ਵਗ੍ਹਾ ਮਾਰਨਗੇ ਪ੍ਰੰਤੂ ਜਿਸ ਕਿਸਮ ਦਾ ਗੈਰ ਮਾਨਵੀ ਜੋ ਚਿਤਵਿਆ ਵੀ ਨਹੀਂ ਜਾ ਸਕਦਾ ਉਹ ਕਾਰਨਾਮਾ ਹਕੂਮਤੀ ਸੱਤਾ ਦੀ ਸ਼ੈਅ ਨਾਲ ਮਨੀਪੁਰ ਦੀਆਂ ਔਰਤਾਂ ਨਾਲ ਵਾਪਰਿਆ ਉਹ ਅੱਜ ਤੱਕ ਦੇ ਇਤਿਹਾਸ ਉਪਰ ਕਲੰਕ ਹੈ। ਪ੍ਰੰਤੂ ਹੁਕਮਰਾਨ ਇੰਨੇ ਗੈਰ ਮਾਨਵੀ ਹੋ ਗਏ ਹਨ ਕਿ ਉਹ ਹੋਰ ਤਰਾਸਦੀਆਂ ਉਤਪੰਨ ਕਰਨ ਦੇ ਰਸਤੇ 'ਤੇ ਪਏ ਹੋਏ ਹਨ। ਪ੍ਰੰਤੂ ਕਲਮ ਤੋਂ ਲੈ ਕੇ ਆਵਾਜ਼ ਤੱਕ ਅਤੇ ਆਵਾਜ਼ ਤੋਂ ਲੈ ਕੇ ਸੰਘਰਸ਼ ਤੱਕ ਇਹ ਆਵਾਜ਼ਾਂ ਦੁਨੀਆ ਦੇ ਹਰੇਕ ਕੋਨੇ 'ਤੇ ਉਠ ਰਹੀਆਂ ਹਨ ਅਤੇ ਕਹਿ ਰਹੀਆਂ ਹਨ ਕਿ ਹਰੇਕ ਜਾਗਦੀ ਜ਼ਮੀਰ ਅਜਿਹੇ ਹੁਕਮਰਾਨਾ ਨੂੰ ਸੱਤਾ ਤੋਂ ਅਤੇ ਸਮਾਜ ਤੋਂ ਪਰ੍ਹੇ ਵਗ੍ਹਾ ਮਾਰਨ ਲਈ ਹਰ ਥਾਂ 'ਤੇ ਉਠ ਖੜ੍ਹੀ ਹੋਈ। - ਸੰਪਾਦਕ*



ਬੂਟਾ ਸਿੰਘ
ਮਹਿਮੂਦਪੁਰ
94634-74342

3 ਮਈ ਤੋਂ ਮਨੀਪੁਰ ਭਰਾਮਾਰ ਜੰਗ 'ਚ ਸੜ ਰਿਹਾ ਹੈ। ਹਜੂਮ ਵੱਲੋਂ ਔਰਤਾਂ ਨੂੰ ਨਿਰਵਸਤਰ ਕਰਕੇ ਘੁੰਮਾਏ ਜਾਣ ਦੀ ਵੀਡੀਓ ਵਾਇਰਲ ਹੋਣ 'ਤੇ ਸੱਤਾਧਾਰੀ ਧਿਰ ਲਈ ਹੌਲਨਾਕ ਹਿੰਸਾ ਤੋਂ ਮੁੱਕਰਨਾ ਸੰਭਵ ਨਾ ਰਿਹਾ। ਸੁਪਰੀਮ ਕੋਰਟ ਨੂੰ ਵੀ ਸਖ਼ਤ ਰੁਖ਼ ਅਖ਼ਤਿਆਰ ਕਰਨਾ ਪਿਆ ਅਤੇ 79 ਦਿਨ ਬਾਦ ਮੋਦੀ ਨੂੰ ਵੀ ਮੂੰਹ ਖੋਲ੍ਹਣਾ ਪਿਆ ਜੋ ਇਉਂ ਤਮਾਸ਼ਬੀਨ ਬਣਿਆ ਹੋਇਆ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ। 'ਬੇਟੀ ਬਚਾਓ-ਬੇਟੀ ਪੜ੍ਹਾਓ' ਦੇ ਹੋਕਰੇ ਮਾਰਨ ਵਾਲੇ ਨੇ ਕਠੂਆ ਸਮੂਹਿਕ ਬਲਾਤਕਾਰ/ਕਤਲ ਕੇਸ, ਉਨਾਓਂ ਬਲਾਤਕਾਰ ਕੇਸ, ਹਾਥਰਸ ਬਲਾਤਕਾਰ ਕੇਸ, ਪਹਿਲਵਾਨ ਕੁੜੀਆਂ ਦੇ ਜਿਨਸੀ ਸ਼ੋਸ਼ਣ ਵਰਗੇ ਕਿਸੇ ਇਕ ਵੀ ਮਾਮਲੇ 'ਚ ਜ਼ਬਾਨ ਨਹੀਂ ਸੀ ਖੋਲ੍ਹੀ। ਹੁਣ ਵੀ ਉਸ ਦੇ ਬਿਆਨ ਵਿਚ ਇਕ ਵੀ ਸ਼ਬਦ ਅਜਿਹਾ ਨਹੀਂ ਹੈ ਜਿਸ ਵਿਚ ਹਿੰਸਾ 'ਤੇ ਕਾਬੂ ਪਾਉਣ 'ਚ ਸਰਕਾਰ ਦੀ ਨਾਕਾਮੀ ਲਈ ਕੋਈ ਪਛਤਾਵਾ ਜਾਂ ਮਜ਼ਲੂਮ ਔਰਤਾਂ ਪ੍ਰਤੀ ਕੋਈ ਹਮਦਰਦੀ ਹੋਵੇ ਜਾਂ ਦੋਸ਼ੀਆਂ ਵਿਰੁੱਧ ਠੋਸ ਕਾਰਵਾਈ ਕਰਨ ਦਾ ਕੋਈ ਸੰਕੇਤ ਹੋਵੇ। ਉਸ ਨੂੰ ਦੁੱਖ ਸਿਰਫ਼ ਇਸ ਗੱਲ ਦਾ ਹੈ ਕਿ ਵੀਡੀਓ ਵਾਇਰਲ ਹੋਣ ਨਾਲ ਮੁਲਕ ਨੂੰ ਸ਼ਰਮਿੰਦਾ ਹੋਣਾ ਪਿਆ ਹੈ ਕਿਉਂਕਿ ਦੁਨੀਆ ਨੇ ਇਕ ਵਾਰ ਫਿਰ 'ਸਭ ਤੋਂ ਵੱਡੇ ਲੋਕਤੰਤਰ' ਦਾ ਅਸਲ ਚਿਹਰਾ ਦੇਖ ਲਿਆ ਹੈ। ਮੀਡੀਆ ਦੇ ਸੰਜੀਦਾ ਹਿੱਸਿਆਂ ਨੇ ਬਿਲਕੁਲ ਸਹੀ ਵਿਅੰਗ ਕੀਤਾ ਹੈ ਕਿ ਮੋਦੀ ਦਾ ਬਿਆਨ ਮਗਰਮੱਛ ਦੇ ਹੰਝੂ ਹਨ। ਆਦਿਵਾਸੀ ਪਿਛੋਕੜ ਵਾਲੀ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਅਜੇ ਵੀ ਇਸ ਦਿਲ ਦਹਿਲਾ ਦੇਣ ਵਾਲੀ ਹਿੰਸਾ ਦਾ ਨੋਟਿਸ ਲੈਣ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ, ਸ਼ਾਇਦ ਉਸ ਦੀ ਮੁਰਦਾ ਜ਼ਮੀਰ ਜਾਗਣ ਲਈ ਕਿਸੇ ਹੋਰ ਜ਼ਿਆਦਾ ਦਿਲ-ਕੰਬਾਊ ਖ਼ੁਲਾਸੇ ਦੀ ਉਡੀਕ 'ਚ ਹੈ।

ਔਰਤਾਂ ਵਿਰੁੱਧ ਜਿਨਸੀ ਹਿੰਸਾ ਜਾਂ ਸਮਾਜ ਦੇ ਕਿਸੇ ਵੀ ਨਿਤਾਣੇ ਹਿੱਸੇ ਵਿਰੁੱਧ ਸਰਕਾਰੀ ਜਾਂ ਗ਼ੈਰਸਰਕਾਰੀ ਹਿੰਸਾ ਦੀ ਕੋਈ ਵੀ ਘਟਨਾ ਤੁਰੰਤ ਗੰਭੀਰ ਨੋਟਿਸ ਲਏ ਜਾਣ ਦੀ ਮੰਗ ਕਰਦੀ ਹੈ। ਪਰ ਵਾਇਰਲ ਵੀਡੀਓ ਉੱਪਰ ਮੁਲਕ ਦੇ ਲੋਕਾਂ ਦਾ ਪ੍ਰਤੀਕਰਮ ਬੇਹੱਦ ਚਿੰਤਾਜਨਕ ਸਥਿਤੀ ਨੂੰ ਦਰਸਾਉਂਦਾ ਹੈ। ਨਿਰਭੈ ਕਾਂਡ ਸਮੇਂ ਵੀ ਇਸੇ ਤਰ੍ਹਾਂ ਦਾ ਪ੍ਰਤੀਕਰਮ ਦੇਖਿਆ ਗਿਆ ਸੀ। ਦਰਅਸਲ, ਰੋਜ਼ਮਰਾ ਹਿੰਸਾ ਨੂੰ ਸਾਡੀ ਜ਼ਿਹਨੀਅਤ ਗੌਲ਼ਦੀ ਹੀ ਨਹੀਂ। ਦਾਬੇ ਹੇਠ ਪਿਸ ਰਹੇ ਲੋਕਾਂ ਉੱਪਰ ਵੱਖ-ਵੱਖ ਰੂਪਾਂ 'ਚ ਰੋਜ਼ਮਰਾ ਹਿੰਸਾ ਨੂੰ ਆਮ ਬਣਾ ਕੇ ਜਾਬਰ ਰਾਜ ਪ੍ਰਬੰਧ ਨੇ ਮਨੁੱਖੀ ਮਨ ਨੂੰ ਇਸ ਕਦਰ ਸੰਵੇਦਨਾਹੀਣ ਬਣਾ ਦਿੱਤਾ ਹੈ ਕਿ ਜਦੋਂ ਤੱਕ ਕਰੂਰ ਹਿੰਸਾ ਦਾ ਕੋਈ ਬੇਹੱਦ ਹੌਲਨਾਕ ਕਾਂਡ ਸਾਹਮਣੇ ਨਹੀਂ ਆਉਂਦਾ ਉਦੋਂ ਤੱਕ ਜ਼ਿਆਦਾਤਰ ਲੋਕ ਹਿੰਸਾ ਦੀਆਂ ਘਟਨਾਵਾਂ ਦਾ ਨੋਟਿਸ ਹੀ ਨਹੀਂ ਲੈਂਦੇ। ਘੱਟ ਤੀਬਰਤਾ ਵਾਲੀ ਹਿੰਸਾ ਨੂੰ ਸਮਾਜੀ ਤੌਰ 'ਤੇ ਸਵੀਕਾਰ ਕਰ ਲਿਆ ਗਿਆ ਹੈ। ਬਲਾਤਕਾਰਾਂ ਦੇ ਮਾਮਲੇ 'ਚ ਤਾਂ ਬਦਨਾਮੀ ਦੇ ਨਾਂ ਹੇਠ ਸਕੇ-ਸੰਬੰਧੀਆਂ ਅਤੇ ਭਾਈਚਾਰੇ ਵੱਲੋਂ ਹੀ ਮਾਮਲਾ ਦਬਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੇ ਹਾਲਾਤ 'ਚ ਹੁਕਮਰਾਨਾਂ ਲਈ ਆਪਣੇ ਮਨੁੱਖਤਾ ਵਿਰੋਧੀ ਜੁਰਮਾਂ ਨੂੰ ਲੁਕੋਣਾ ਸੌਖਾ ਹੋ ਜਾਂਦਾ ਹੈ ਅਤੇ ਉੱਚ ਅਦਾਲਤਾਂ ਵੀ ਅੱਖਾਂ ਮੀਟ ਕੇ ਬੈਠੀਆਂ ਰਹਿੰਦੀਆਂ ਹਨ।

ਮਨੀਪੁਰ 'ਚ ਭਰਾਮਾਰ ਜੰਗ ਅਤੇ ਇਸ ਦੌਰਾਨ ਔਰਤਾਂ ਵਿਰੁੱਧ ਜਿਨਸੀ ਹਿੰਸਾ ਬਹੁਤ ਵਿਆਪਕ ਪੈਮਾਨੇ 'ਤੇ ਹੋਈ ਹੈ। ਹਿੰਸਾ ਕਿਸੇ ਨਾ ਕਿਸੇ ਰੂਪ 'ਚ ਹੁਣ ਵੀ ਚੱਲ ਰਹੀ ਹੈ ਅਤੇ ਇਹ ਹੋਰ ਉੱਤਰ-ਪੂਰਬੀ ਰਾਜਾਂ ਵਿਚ ਵੀ ਫੈਲ ਸਕਦੀ ਹੈ, ਖ਼ਾਸ ਕਰਕੇ ਮਿਜ਼ੋਰਮ ਵਰਗੇ ਰਾਜ ਵਿਚ ਜਿੱਥੇ ਹੋਰ ਕਬਾਇਲੀ ਨਾਵਾਂ ਵਾਲੇ ਕੁਕੀ ਕਬੀਲੇ ਦੇ ਲੋਕ ਜ਼ਿਆਦਾ ਗਿਣਤੀ 'ਚ ਹਨ। ਕੁਕੀ ਭਾਈਚਾਰੇ ਉੱਪਰ ਜ਼ੁਲਮਾਂ ਦੇ ਪ੍ਰਤੀਕਰਮ ਦਾ ਗੁੱਸਾ ਹੋਰ ਥਾਈਂ ਵਸਦੇ ਮੈਤੇਈ ਲੋਕਾਂ ਉੱਪਰ ਨਿਕਲ ਸਕਦਾ ਹੈ ਜਿਨ੍ਹਾਂ ਦਾ ਮਨੀਪੁਰ ਵਾਲੀ ਹਿੰਸਾ ਨਾਲ ਕੋਈ ਸੰਬੰਧ ਹੀ ਨਹੀਂ ਹੈ। ਮਨੀਪੁਰ 'ਚ ਸਾਹਮਣੇ ਆਈਆਂ ਦੋ ਵੀਡੀਓ ਤਾਂ ਉਸ ਹਿੰਸਾ ਦੀ ਇਕ ਨਿੱਕੀ ਜਿਹੀ ਝਲਕ ਮਾਤਰ ਹਨ। ਇਸ ਦੀ ਪੁਸ਼ਟੀ ਮੁੱਖ ਮੰਤਰੀ ਨੇ ਵੀ ਕੀਤੀ ਹੈ। ਮਨੀਪੁਰ ਦੇ ਬੇਹੱਦ ਚਿੰਤਾਜਨਕ ਹਾਲਾਤ ਬਾਰੇ ਸ਼ੁਰੂ 'ਚ ਹੀ 6 ਮਈ ਨੂੰ ਇਕ ਲੋਕਹਿਤ ਪਟੀਸ਼ਨ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਗਈ ਸੀ। ਪਰ ਲੱਖਾਂ ਲੋਕਾਂ ਦੇ ਮਨੁੱਖੀ ਹੱਕਾਂ ਦੀ ਸੁਰੱਖਿਆ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ




ਸੁਪਰੀਮ ਕੋਰਟ ਨੇ ਮਨੀਪੁਰ 'ਚ ਭਰਾਮਾਰ ਲੜਾਈ ਰੋਕਣ ਲਈ ਸਰਕਾਰ ਨੂੰ ਕੋਈ ਠੋਸ ਆਦੇਸ਼ ਨਹੀਂ ਦਿੱਤਾ। ਸਗੋਂ ਪਟੀਸ਼ਨ ਕਰਤਾ ਵੱਲੋਂ ਪੇਸ਼ ਉੱਘੇ ਵਕੀਲ ਕੌਲਿਨ ਗੋਂਸਾਲਵਿਸ ਨੂੰ ਸਲਾਹ ਦਿੱਤੀ ਕਿ 'ਤੁਹਾਡਾ ਸ਼ੱਕ ਸਾਨੂੰ ਕਾਨੂੰਨ ਅਤੇ ਵਿਵਸਥਾ ਨੂੰ ਆਪਣੇ ਹੱਥ ਵਿਚ ਲੈਣ ਲਈ ਪ੍ਰੇਰਿਤ ਨਹੀਂ ਕਰ ਸਕਦਾ। ਅਸੀਂ ਨਹੀਂ ਚਾਹੁੰਦੇ ਕਿ ਇਸ ਕਾਰਵਾਈ ਦੀ ਵਰਤੋਂ ਰਾਜ ਵਿਚ ਮੌਜੂਦ ਹਿੰਸਾ ਅਤੇ ਹੋਰ ਸਮੱਸਿਆਵਾਂ ਨੂੰ ਹੋਰ ਵਧਾਉਣ ਲਈ ਇਕ ਮੰਚ ਦੇ ਰੂਪ 'ਚ ਕੀਤੀ ਜਾਵੇ... ਜੇ ਤੁਹਾਡੇ ਕੋਲ ਕੋਈ ਸੁਝਾਅ ਹੈ ਤਾਂ ਅਸੀਂ ਲੈ ਸਕਦੇ ਹਾਂ। ਆਓ, ਇਸ ਨੂੰ ਪੱਖਪਾਤ ਦੇ ਮਾਮਲੇ ਦੇ ਰੂਪ 'ਚ ਨਾ ਦੇਖੀਏ, ਇਹ ਇਕ ਮਾਨਵੀ ਮੁੱਦਾ ਹੈ... ਸਾਨੂੰ ਸਰਵਉੱਚ ਅਦਾਲਤ ਦੇ ਆਦੇਸ਼ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ"। ਸੁਪਰੀਮ ਕੋਰਟ ਨੇ ਸਾਲਿਸਟਰ ਜਨਰਲ ਵੱਲੋਂ ਪੇਸ਼ ਕੀਤੀ ਸਰਕਾਰ ਦੀ ਇਸ ਝੂਠੀ ਯਕੀਨਦਹਾਨੀ ਨੂੰ ਸੱਚ ਮੰਨ ਲਿਆ ਗਿਆ ਕਿ "ਅਸੀਂ ਇਸ ਪੱਖ 'ਚ, ਜਨਤਾ ਦੇ ਲਈ ਹਾਂ... ਪਟੀਸ਼ਨਕਰਤਾ ਵੱਲੋਂ ਇਸ ਮਾਮਲੇ ਨੂੰ ਅਤਿ ਜ਼ਿਆਦਾ ਸੰਵੇਦਨਸ਼ੀਲਤਾ ਨਾਲ ਲਿਆ ਗਿਆ ਹੋ ਸਕਦਾ ਹੈ, ਕਿਉਂਕਿ ਕਿਸੇ ਵੀ ਗ਼ਲਤ ਜਾਣਕਾਰੀ ਨਾਲ ਰਾਜ ਵਿਚ ਹਾਲਤ ਵਿਗੜ ਸਕਦੀ ਹੈ। ਕੇਂਦਰ ਅਤੇ ਰਾਜ ਸਰਕਾਰ ਦੇ ਕਾਫ਼ੀ ਯਤਨਾਂ ਤੋਂ ਬਾਦ ਹਾਲਾਤ ਆਮ ਹੋ ਰਹੇ ਹਨ।"

ਪਰ ਦਸ ਜੁਲਾਈ ਨੂੰ ਸੁਪਰੀਮ ਕੋਰਟ ਸਾਹਮਣੇ ਪੇਸ਼ ਕੀਤੀ ਰਿਪੋਰਟ ਵਿਚ ਰਾਜ ਸਰਕਾਰ ਨੇ ਦੱਸਿਆ ਕਿ 4 ਜੁਲਾਈ ਤੱਕ 142 ਲੋਕ ਮਾਰੇ ਜਾ ਚੁੱਕੇ ਹਨ ਜਦਕਿ 17 ਲਾਪਤਾ ਹਨ। ਘਰਾਂ ਅਤੇ ਕਾਰੋਬਾਰਾਂ ਨੂੰ ਸਾੜਨ ਦੇ 5053 ਕੇਸ ਵਾਪਰੇ ਹਨ, ਕੁਝ ਕੇਸਾਂ 'ਚ ਤਾਂ ਪੂਰੇ ਦੇ ਪੂਰੇ ਪਿੰਡ ਹੀ ਸਾੜ ਦਿੱਤੇ ਗਏ ਹਨ। 54488 ਲੋਕ 354 ਰਾਹਤ ਕੈਂਪਾਂ ਵਿਚ ਰਹਿ ਰਹੇ ਹਨ। ਇਹ ਉਸੇ ਸਰਕਾਰ ਦਾ ਇਕਬਾਲ ਹੈ ਜੋ ਮਈ ਦੇ ਪਹਿਲੇ ਹਫ਼ਤੇ ਸੁਪਰੀਮ ਕੋਰਟ 'ਚ ਯਕੀਨ ਦਿਵਾ ਰਹੀ ਸੀ ਕਿ ਹਾਲਾਤ ਆਮ ਹੋ ਰਹੇ ਹਨ। ਜਦੋਂ ਐਨਾ ਹੌਲਨਾਕ ਜਾਨੀ-ਮਾਲੀ ਨੁਕਸਾਨ ਹੋ ਚੁੱਕਾ ਹੈ ਫਿਰ ਸੁਪਰੀਮ ਕੋਰਟ 'ਆਪਣੇ ਆਪ' ਨੋਟਿਸ ਲੈ ਕੇ ਕੁਝ ਸਖ਼ਤ ਰਵੱਈਆ ਦਿਖਾ ਕੇ ਸਰਕਾਰ ਨੂੰ ਕਹਿੰਦੀ ਹੈ: 'ਅਸੀਂ ਡੂੰਘੀ ਚਿੰਤਾ ਜ਼ਾਹਿਰ ਕਰ ਰਹੇ ਹਾਂ। ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਸੱਚੀਮੁੱਚੀਂ ਅੱਗੇ ਆਵੇ ਅਤੇ ਕਾਰਵਾਈ ਕਰੇ। ਇਹ ਬਿਲਕੁਲ ਸਵੀਕਾਰ ਨਹੀਂ ਕੀਤਾ ਜਾ ਸਕਦਾ। ਅਸੀਂ ਸਰਕਾਰ ਨੂੰ

(ਬਾਕੀ ਸਫ਼ਾ 23 'ਤੇ)



ਪੰਜਾਬੀ ਆਰਟਸ ਐਸੋਸੀਏਸ਼ਨ ਟੋਰਾਂਟੋ ਵਲੋਂ ਲਿਸਟਰ ਪੈਰਸਿਨ ਥੀਏਟਰ, ਬਰੈਂਪਟਨ ਵਿਖੇ 'ਨਿੱਕੇ ਨਾਟਕ ਵੱਡੀਆਂ ਗੱਲਾਂ' ਜੋ ਕਿ ਰੋਜ਼ਾਨਾ ਜ਼ਿੰਦਗੀ ਦੀਆਂ ਵੱਖ ਵੱਖ ਸਥਿਤੀਆਂ ਉਪਰ ਆਧਾਰਤ ਨਾਟਕ ਹੈ। ਇਸ ਦੀ ਪੇਸ਼ਕਾਰੀ ਬਾਖ਼ੂਬੀ ਵੱਖ ਵੱਖ ਕਲਾਕਾਰਾਂ ਨੇ ਕੀਤੀ ਜੋ ਕਿ ਬਹੁਤ ਸਲਾਹੀ ਗਈ। ਹਰ ਇਕ ਨੇ ਇਸ ਨੂੰ ਬੜੇ ਵਧੀਆ ਢੰਗ ਨਾਲ ਜੀਵਨ ਨਾਲ ਜੋੜਕੇ ਦੇਖਿਆ ਅਤੇ ਸਮਝਿਆ।

12 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



ਹਰਬੰਸ ਸਿੰਘ (ਟੋਰਾਂਟੋ) 416-817-7142
ਦੇਵਿੰਦਰ ਤੂਰ (ਟੋਰਾਂਟੋ) 416 902 9372
ਮਾਸਟਰ ਭਜਨ (ਕੈਲਗਰੀ) 403-455-4220
ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794
ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955
ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598



# ਇਕ ਸ਼ਰਧਾਂਜਲੀ




ਜੁਲਾਈ ਮਹੀਨੇ ਦੇ ਸ਼ਹੀਦਾਂ ਵਿਚ ਪ੍ਰਿਥੀਪਾਲ ਰੰਧਾਵਾ, ਲਾਲ ਇੰਦਰ ਲਾਲੀ ਅਤੇ ਅਵਤਾਰ ਢੁੱਕੀਕੇ ਦੀ ਅਹਿਮ ਪਹਿਚਾਣ ਹੈ। ਪੰਜਾਬ ਦੀ ਇਨਕਲਾਬੀ ਵਿਰਾਸਤ ਹਮੇਸ਼ਾ ਹੀ ਸੰਘਰਸ਼ਾਂ ਦਾ ਹਿਸਾ ਬਣਦੀ ਰਹੀ ਹੈ। ਕਿਉਂਕਿ ਇਤਿਹਾਸ ਇੰਨਾ ਤਾਕਤਵਰ ਹੁੰਦਾ ਹੈ ਕਿ ਉਹ ਲਗਾਤਾਰ ਕਿਸੇ ਨਾ ਕਿਸੇ ਲਹਿਰ ਨੂੰ ਉਭਰਨ ਵਿਚ ਰੋਲ ਅਦਾ ਕਰਦਾ ਰਹਿੰਦਾ ਹੈ। ਢੁਡੀਕੇ ਪਿੰਡ ਦੀ ਆਪਣੀ ਗ਼ਦਰੀ ਬਾਬਿਆਂ ਕਰਕੇ ਵਿਸ਼ੇਸ਼ ਅਹਿਮੀਅਤ ਹੈ। ਉਸੇ ਪਿੰਡ ਦੇ ਕਾਮਰੇਡ ਅਵਤਾਰ ਸਿੰਘ ਢੁਡੀਕੇ ਨੂੰ ਸ਼ਹੀਦ ਹੋਇਆਂ ਨੂੰ ਭਲਾ 40 ਵਰ੍ਹੇ ਬੀਤ ਚੁੱਕੇ ਹਨ। ਉਨ੍ਹਾਂ ਦੀਆਂ ਯਾਦਾਂ ਅਤੇ ਮਿਸ਼ਨ ਪ੍ਰਤੂ ਉਸ ਦਾ ਮਿਸ਼ਨ ਅਤੇ ਸੋਚ ਅੱਜ ਵੀ ਲੋਕਾਂ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਹੈ। ਕਾਮਰੇਡ ਅਵਤਾਰ ਢੁਡੀਕੇ ਦੀ ਜੀਵਨ ਸਾਥਣ ਸੁਰਿੰਦਰ ਢੁਡੀਕੇ ਸੰਘਰਸ਼ਾਂ ਨੂੰ ਆਪਣਾ ਹਿਸਾ ਸਮਝਦੀ ਹੈ। ਉਸ ਨੇ ਹਮੇਸ਼ਾ ਹੀ ਇਨਕਲਾਬੀ ਲਹਿਰ ਦਾ ਅੰਗ ਬਣਕੇ ਆਪਣਾ ਜੀਵਨ ਜੀਵਿਆ ਹੈ ਅਤੇ ਉਹ ਔਰਤ ਲਹਿਰ ਦੀ ਸਰਗਰਮ ਕਾਰਕੁੰਨ ਵੀ ਹੈ। ਪਰਿਵਾਰਕ ਇਨਕਲਾਬੀ ਵਿਰਾਸਤ ਕਾਰਨ ਅਵਤਾਰ ਢੁੱਕੀਕੇ ਦਾ ਬੇਟਾ ਗੁਰਸ਼ਰਨ ਢੁਡੀਕੇ ਬੀਕੇਯੂ ਕ੍ਰਾਂਤੀਕਾਰੀ ਦੀ ਜ਼ਿੰਮੇਵਾਰੀ ਨਿਭਾਅ ਰਿਹਾ ਹੈ। ਕਾਮਰੇਡ ਅਵਤਾਰ ਦੀ ਨੂੰਹ ਹਰਪ੍ਰੀਤ ਕੌਰ ਅਤੇ ਤੀਸਰੀ ਪੀੜੀ- ਪੋਤੇ ਪੋਤੀਆਂ-ਵੀ ਇਨਕਲਾਬੀ ਲਹਿਰ ਦੇ ਹਮਾਇਤੀ ਹਨ। ਲੋਕ ਸੰਗਰਾਮ ਮੋਰਚਾ ਅਤੇ ਹੋਰ ਜਥੇਬੰਦੀਆਂ ਹਮੇਸ਼ਾ ਹੀ ਕਾਮਰੇਡ ਅਵਤਾਰ ਢੁੱਕੀਕੇ ਨੂੰ ਸ਼ਰਧਾ ਦੇ ਫੁੱਲ ਭੇਟ ਕਰਕੇ ਸੰਘਰਸ਼ ਲਈ ਅਗਾਂਹ ਵਧਣ ਦਾ ਨਿਸਚਾ ਲੈਂਦੀਆਂ ਹਨ।


# ਇੱਕ ਰੋਜ਼ਾ ਪੁਸਤਕ ਮੇਲਾ

13 ਅਗਸਤ 2023
ਐਤਵਾਰ ਨੂੰ

ਸਥਾਨ:
ਗਰੀਨ ਪਲਾਜ਼ਾ (ਡਾ. ਭੁੱਲਰ)


ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ
(ਟੈੱਲਸ/ਕੂਡੋ ਸਟੋਰ ਦੇ ਮੂਹਰੇ ਵਰਾਂਡੇ ਵਿੱਚ)



4818 WESTWINDS DR. (NE) CALGARY AB. T3J 3Z5
(Infront of Telus/koodo Store)

## ਡਾ. ਸਾਹਿਬ ਸਿੰਘ

(ਲੇਖਕ, ਨਿਰਦੇਸ਼ਕ ਅਤੇ ਅਦਾਕਾਰ)



ਵੱਲੋਂ ਪੁਸਤਕ ਮੇਲੇ ਦਾ ਉਦਘਾਟਨ ਸਵੇਰੇ 10 ਵਜੇ ਕੀਤਾ ਜਾਵੇਗਾ।

ਨੋਟ: ਪਾਠਕਾਂ ਦੀ ਮੰਗ 'ਤੇ ਬਹੁਤ ਸਾਰੀਆਂ ਨਵੀਂਆਂ ਅਤੇ ਸਟਾਕ ਵਿੱਚੋਂ ਖ਼ਤਮ ਪੁਰਾਣੀਆਂ ਕਿਤਾਬਾਂ ਦੀ ਸ਼ਿਪਮੈਂਟ ਸਾਡੇ ਕੋਲ ਪਹੁੰਚ ਚੁੱਕੀ ਹੈ।

ਤੁਸੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਕ, ਤਰਕਸ਼ੀਲ, ਸਿਹਤ ਸੰਬੰਧੀ, ਕਹਾਣੀਆਂ, ਨਾਵਲ ਆਦਿ ਲੈ ਸਕਦੇ ਹੋ। ਹੋਰ ਜਾਣਕਾਰੀ ਲਈ ਮਾਸਟਰ ਭਜਨ ਸਿੰਘ 403-455-4220 ਅਤੇ ਹਰਚਰਨ ਪਰਹਾਰ 403-681-8689 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**Shaheed Bhagat Singh Book Centre Calgary**

Master Bhajan Singh: 403-455-4220, Harcharan Parhar: 403-681-8689



HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work




Bay 11 2316 27 Ave. NE, Calgary Ph. : 403-



# Reliance /Legal Group LLP

FORMERLY KNOWN AS SINGH & PARTNERS LAW OFFICE

Commonwealth Centre
Unit 1101, 3961-52nd Ave.N.E.
Calgary, AB T3J 0J7

Barristers, Solicitors and Notary Public
Our law group practices in

| IMMIGRATION | REAL ESTATE | SMALL BUSINESS |
|---|---|---|
| Applications for Family Class and APPEALS, Skilled Workers, Investors, Refugee Claims | Buying and Selling Commercial and Residential Land Development Condominium Projects WILLS & ESTATE CRIMINAL LAW | Buying and Selling Franchises, Shareholder Agreements and Incorporations FORMATION OF PUBLIC COMPANIES |

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)



SAROKARAN DI AWAZ

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Managing Director
Devinder Toor, Toronto
416-902-9372
ppapmg@gmail.com

Chief Editor
Harbans Singh
416-817-7142
ppapmg@gmail.com

Editor
Master Bhajan Singh
Calgary (Alberta)
403-455-4220
btarksheel@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Chief advisor
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

Honorary Advisory Board
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

Graphic Desinger
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਪੰਜਾਬ ਸਟੂਡੈਂਟਸ ਯੂਨੀਅਨ ਇਤਿਹਾਸ ਦੀਆਂ ਝਲਕਾਂ

## ਕੁਝ ਪਾਇਆ, ਕੁਝ ਗਵਾਇਆ ਅਤੇ ਅੱਗੇ ਕੀ ਕਰੀਏ



ਡਾ. ਕੁਲਦੀਪ ਸਿੰਘ
98151-15429

*ਪੰਜਾਬ ਦੇ ਇਤਿਹਾਸ ਵਿਚ ਵਿਦਿਆਰਥੀ ਲਹਿਰਾਂ ਦਾ ਵੱਡਾ ਯੋਗਦਾਨ ਹੈ। ਇਹ ਵਿਦਿਆਰਥੀਆਂ ਨੂੰ ਰਾਜਨੀਤੀ ਲਈ ਵੀ ਪ੍ਰੇਰਦੀਆਂ ਰਹੀਆਂ ਹਨ ਅਤੇ ਦੁਨੀਆ ਦਾ ਕੋਈ ਵੀ ਅਜਿਹਾ ਕੋਨਾ ਨਹੀਂ ਜਿਥੇ ਪੰਜਾਬ ਸਟੂਡੈਂਟਸ ਯੂਨੀਅਨ ਰਾਹੀਂ ਉਭਰਕੇ ਆਏ ਨੇਤਾ ਅਤੇ ਕਾਰਕੁੰਨ ਕਿਸੇ ਵੀ ਮੁਲਕ ਵਿਚ ਨਾ ਹੋਣ। ਹਰੇਕ ਕੋਲ ਆਪਣਾ ਉਸ ਸਮੇਂ ਦਾ ਇਤਿਹਾਸ ਹੈ। ਪੰਜਾਬ ਦੇ ਚਾਲੀ ਸਾਲਾਂ ਦੇ ਵਿਦਿਆਰਥੀ ਇਤਿਹਾਸ ਨੂੰ ਸੰਖੇਪ ਵਿਚ ਇੰਞ ਵੀ ਕਿਹਾ ਜਾ ਸਕਦਾ ਹੈ ਕਿ ਪ੍ਰਿੰਸੀਪਲਾਂ ਦੇ ਖਿਲਾਫ਼ ਵੱਖ ਵੱਖ ਕਾਲਜਾਂ ਵਿਚ ਸੰਘਰਸ਼, ਮੋਗਾ ਰੀਗਲ ਸਿਨੇਮੇ ਦਾ ਸੰਘਰਸ਼, ਬੱਸ ਕਿਰਾਇਆ ਘੋਲ, ਵਿਦਿਆਰਥੀ ਆਗੂ ਪ੍ਰਿਥੀਪਾਲ ਰੰਧਾਵਾ ਦੀ ਸ਼ਹਾਦਤ ਉਪਰ ਸੰਘਰਸ਼ ਅਤੇ ਵਿਦਿਆਰਥੀਆਂ ਦੇ ਬੱਸ ਪਾਸਾਂ ਦੀ ਰਿਆਇਤ ਲਈ ਸੰਘਰਸ਼ ਆਦਿ ਨੇ ਸਮੁੱਚੇ ਇਨ੍ਹਾਂ ਦਹਾਕਿਆਂ ਵਿਚ ਵਿਦਿਆਰਥੀਆਂ ਨੂੰ ਕਾਲਜਾਂ ਤੋਂ ਬਾਹਰ ਲੋਕਾਂ ਨਾਲ ਜੁੜ ਕੇ ਸੰਘਰਸ਼ ਕਰਨ ਦੀ ਚੇਟਕ ਲਾਈ ਅਤੇ ਵੱਡੀ ਪੱਧਰ 'ਤੇ ਇਨ੍ਹਾਂ ਸਮਿਆਂ ਵਿਚ ਕਈ ਕਿਸਮ ਨਾਲ ਆਗੂ ਪੰਜਾਬ ਦੇ ਹਰੇਕ ਕੋਨੇ ਵਿਚ ਸਥਾਪਤ ਹੋਏ ਜਿਹੜੇ ਮੁੜਕੇ ਕਈ ਕਿਸਮ ਦੀਆਂ ਬਾਅਦ ਦੀਆਂ ਲਹਿਰਾਂ ਜਿਨ੍ਹਾਂ ਵਿਚ ਜਮਹੂਰੀ ਹੱਕਾਂ ਦੀ ਲਹਿਰ, ਕਿਸਾਨ ਲਹਿਰ ਅਤੇ ਮਜ਼ਦੂਰ ਲਹਿਰ ਤੋਂ ਲੈ ਕੇ ਕਮਿਊਨਿਸਟ ਲਹਿਰ ਤੱਕ ਆਪੋ-ਆਪਣਾ ਯੋਗਦਾਨ ਪਾਉਣ ਵਾਲੇ ਆਗੂ ਵਿਕਸਿਤ ਕੀਤੇ। ਇਨ੍ਹਾਂ ਸਮਿਆਂ ਵਿਸ਼ੇਸ਼ ਕਰਕੇ ਪੀਐਸਯੂ ਦੇ ਸੰਘਰਸ਼ਾਂ ਨੂੰ ਦਸਤਾਵੇਜ਼ੀ ਕਰਨ ਦਾ ਕਾਰਜ ਪ੍ਰੋ. ਅਜਾਇਬ ਸਿੰਘ ਟਿਵਾਣਾ ਨੇ ਕੀਤਾ। ਡਾ. ਕੁਲਦੀਪ ਸਿੰਘ ਦੀ ਇਹ ਲਿਖਤ ਸਿਰਫ਼ ਇਕ ਸ਼ੁਰੂਆਤੀ ਤੌਰ 'ਤੇ ਹੈ। ਅਕਤੂਬਰ ਦੇ ਆਖਰੀ ਹਫ਼ਤੇ ਅਤੇ ਗ਼ਦਰੀਆਂ ਦੇ ਮੇਲੇ ਮੌਕੇ 'ਸਰੋਕਾਰਾਂ ਦੀ ਆਵਾਜ਼' ਇਕ ਵੱਡਾ ਅੰਕ ਵਿਦਿਆਰਥੀ ਲਹਿਰ ਦੀਆਂ ਪ੍ਰਾਪਤੀਆਂ, ਲੇਖਾ-ਜੋਖਾ ਅਤੇ ਭਵਿੱਖ ਦੇ ਨਕਸ਼ੇ ਜੋ ਇਤਿਹਾਸ ਵਿਚੋਂ ਉਭਰਦੇ ਹੋਣਗੇ ਪ੍ਰਕਾਸ਼ਤ ਕਰਨ ਦੀ ਇੱਛਾ ਰੱਖਦੀ ਹੈ। ਹਰ ਇਕ ਦੇ ਇਸ ਮਸਲੇ ਉਪਰ ਆਏ ਵਿਚਾਰਾਂ ਨੂੰ ਯੋਗ ਸਥਾਨ ਦਿੱਤਾ ਜਾਵੇਗਾ। ਸਾਡੀ ਦਿਲੀ ਇੱਛਾ ਹੈ ਕਿ ਪੰਜਾਬ ਸਟੂਡੈਂਟਸ ਯੂਨੀਅਨ ਇਤਿਹਾਸ ਦੀਆਂ ਝਲਕਾਂ ਪੁਸਤਕ ਹਰ ਕੋਈ ਵਾਚੇ ਅਤੇ ਇਸ ਬਾਰੇ ਆਪਣੀ ਰਾਇ ਅਤੇ ਕੋਈ ਆਪਣੇ ਤਜਰਬੇ ਸਾਂਝੇ ਕਰੇ। ਇਨ੍ਹਾਂ ਕਦਮਾਂ ਨੂੰ ਅਸੀਂ ਜੀ ਆਇਆਂ ਕਹਾਂਗੇ। – ਸੰਪਾਦਕ*




*ਦੁਨੀਆ ਭਰ ਦੀਆਂ ਵਿਦਿਆਰਥੀ ਲਹਿਰਾਂ ਦੇ ਵੱਖੋ-ਵੱਖਰੇ ਇਤਿਹਾਸ ਅਤੇ ਉਸ ਨਾਲ ਸਬੰਧਤ ਦਸਤਾਵੇਜ਼ਾਂ ਰਾਹੀਂ ਵੱਖ ਵੱਖ ਵਿਦਵਾਨਾਂ ਨੇ ਲਹਿਰਾਂ ਦੇ ਉਤਰਾਅ-ਚੜ੍ਹਾਅ ਸਬੰਧੀ ਵਿਸ਼ਲੇਸ਼ਣ ਕੀਤੇ ਹਨ। ਪੰਜਾਬ ਦੀ ਵਿਦਿਆਰਥੀ ਲਹਿਰ ਕਈ ਹਿੱਸਿਆਂ ਵਿਚ ਵੰਡੀ ਹੋਣ ਕਰਕੇ ਅਤੇ ਇਸ ਦੀ ਇਤਿਹਾਸਕਾਰੀ ਉਪਰ ਕੋਈ ਸਾਰਥਿਕ ਕਾਰਜ ਨਹੀਂ ਕੀਤਾ ਜਾ ਸਕਿਆ। ਪ੍ਰੰਤੂ ਇਕ ਦਹਾਕਾ ਵੱਖ ਵੱਖ ਵਿਦਿਆਰਥੀ ਲਹਿਰ ਨਾਲ ਸਬੰਧਤ ਸ਼ਖਸੀਅਤਾਂ ਨਾਲ ਰਾਫਤਾ ਕਰਕੇ ਦਸਤਾਵੇਜ਼ ਅਤੇ ਲੰਬੀਆਂ ਇੰਟਰਵਿਊਆਂ ਕਰਨ ਦਾ ਕਾਰਜ ਪ੍ਰੋ. ਅਜਾਇਬ ਸਿੰਘ ਟਿਵਾਣਾ ਨੇ ਸੰਜੀਦਗੀ ਨਾਲ ਕੀਤਾ ਹੈ। ਉਨ੍ਹਾਂ ਦਾ ਆਪਣਾ ਜੀਵਨ ਸਫ਼ਰ ਵੀ ਸਮੁੱਚੀ ਵਿਦਿਆਰਥੀ ਲਹਿਰ ਦੀ ਅਗਵਾਈ ਕਰਦਿਆਂ ਵਿਚਰਿਆ ਹੈ। ਜਿਸ ਕਰਕੇ ਉਹ ਇਕ ਕਿਸਮ ਨਾਲ ਇਸ ਦੇ ਸੰਜੀਦਾ ਪਾਤਰ ਅਤੇ ਸ਼ਖਸੀਅਤ ਹਨ। ਦਸਤਾਵੇਜ਼ਾਂ ਦਾ ਮੁਲਾਂਕਣ ਕਰਨਾ ਅਤੇ ਉਨ੍ਹਾਂ ਤੋਂ ਸਹੀ ਨਤੀਜੇ ਕੱਢਣੇ ਤਾਂ ਕਿ ਭਵਿੱਖ ਦੀ ਵਿਦਿਆਰਥੀ ਲਹਿਰ ਅਗਾਂਹ ਸਹੀ ਦਿਸ਼ਾ ਵੱਲ ਵਿਕਸਿਤ ਹੋ ਸਕੇ। ਇਹ ਇਕ ਲੰਬੀ ਖੋਜ ਅਤੇ ਖੋਜ ਵਿਧੀ ਦਾ ਕਾਰਜ ਹੈ। ਉਸ ਕਾਰਜ ਵੱਲ ਨੂੰ ਇਕ ਛੋਟਾ ਜਿਹਾ ਕਦਮ ਜੋ ਵੱਡੇ ਕਾਰਜ ਦਾ ਹੀ ਹਿੱਸਾ ਹੈ। ਇਥੇ ਤੁਹਾਡੇ ਨਾਲ ਸਾਂਝਾ ਕਰ ਰਹੇ ਹਾਂ। ਇਸ ਵਿਚ ਰਹਿ ਗਏ ਖੱਪੇ ਅਤੇ ਸਮੁੱਚਾ ਵਿਸ਼ਲੇਸ਼ਣ ਭਵਿੱਖ ਵਿਚ ਤੁਹਾਡੇ ਸਨਮੁੱਖ ਵੱਡੀ ਲਿਖਤ ਦੇ ਰੂਪ ਵਿਚ ਰੱਖਿਆ ਜਾਵੇਗਾ।*

ਦੁਨੀਆ ਭਰ ਦੀਆਂ ਵੱਖ-ਵੱਖ ਲਹਿਰਾਂ ਵਿਚ ਵਿਦਿਆਰਥੀਆਂ ਦਾ ਅਹਿਮ ਯੋਗਦਾਨ ਰਿਹਾ ਹੈ। ਫਰਾਂਸ ਵਿਚ ਕਿਹਾ ਜਾਂਦਾ ਸੀ ਕਿ ਜਿਹੜਾ 20 ਸਾਲ ਦਾ ਵਿਦਿਆਰਥੀ ਕ੍ਰਾਂਤੀਕਾਰੀ ਨਹੀਂ ਇਸ ਦਾ ਭਾਵ ਉਸ ਦਾ ਦਿਲ ਹੀ ਨਹੀਂ ਹੈ। ਬਹੁਤੇ ਮੁਲਕ ਆਪਣੇ ਵਿਦਿਆਰਥੀਆਂ/ਨੌਜਵਾਨਾਂ ਬਾਰੇ ਵੱਖੋ-ਵੱਖਰੀਆਂ ਧਾਰਨਾਵਾਂ/ਵਿਚਾਰ ਰੱਖਦੇ ਹਨ। ਪ੍ਰੰਤੂ ਕ੍ਰਾਂਤੀਕਾਰੀ ਵਿਚਾਰਧਾਰਾਵਾਂ ਵਿਦਿਆਰਥੀਆਂ ਪ੍ਰਤੀ ਹਾਂਪੱਖੀ ਵਿਚਾਰ ਰੱਖਦੀਆਂ ਹਨ। ਵਿਦਿਆਰਥੀਆਂ ਦੇ ਸੰਘਰਸ਼/ਲਹਿਰਾਂ ਸਮਾਜਿਕ ਤੇ ਸਿਆਸੀ ਕਦਰਾਂ ਕੀਮਤਾਂ ਨੂੰ ਬੌਧਿਕ ਪੱਧਰ 'ਤੇ ਪ੍ਰਭਾਵਤ ਕਰਦੀਆਂ ਹਨ। ਵਿਦਿਆਰਥੀਆਂ ਵਿਚ ਅਜ਼ਾਦੀ ਦੀ ਧਾਰਨਾ ਉਨ੍ਹਾਂ ਅੰਦਰ ਖਤਰਾ ਮੁੱਲ ਲੈਣ ਦੀ ਪ੍ਰਵਿਰਤੀ ਵਿਕਸਿਤ ਕਰ ਦਿੰਦੀ ਹੈ। ਇਕ ਹੋਰ ਵੀ ਕਾਰਨ ਇਹ ਹੁੰਦਾ ਹੈ ਕਿ ਵਿਦਿਆਰਥੀ ਭਾਈਚਾਰੇ ਵਿਚ ਵਿਚਾਰਧਾਰਾ ਗ੍ਰਹਿਣ ਕਰਨ ਦੀ ਪ੍ਰਵਿਰਤੀ ਦੂਜੇ ਵਰਗਾਂ ਨਾਲੋਂ ਜ਼ਿਆਦਾ ਸ਼ੁੱਧਤਾ ਵਾਲੀ ਹੁੰਦੀ ਹੈ। ਪ੍ਰਸਿੱਧ ਵਿਦਵਾਨ ਮਿਲ ਅਨੁਸਾਰ, "ਵਿਦਿਆਰਥੀ ਅਤੇ ਪ੍ਰਤੀਬੱਧ ਬੁੱਧੀਜੀਵੀ ਨਵੀਆਂ ਇਨਕਲਾਬੀ ਲਹਿਰਾਂ ਦੇ ਬੇਹੱਦ ਅਹਿਮੀਅਤ ਰੱਖਦੇ ਹਨ।" ਵਿਦਿਆਰਥੀ ਲਹਿਰਾਂ ਵੱਖੋ-ਵੱਖਰੇ ਮੁਲਕਾਂ ਵਿਚ ਉਸ ਦੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਥਿਤੀਆਂ ਅਤੇ ਚੁਣੌਤੀਆਂ ਵਿਚੋਂ ਉਤਪੰਨ ਹੁੰਦੀਆਂ ਹਨ। ਜਿਨ੍ਹਾਂ ਦਾ ਸਿੱਧਾ ਤੇ ਅਸਿੱਧਾ ਸਬੰਧ ਉਸ ਦੇਸ਼ ਦੇ ਵਿਕਾਸ ਅਤੇ ਉਸ ਵਿਚਲੇ ਵੱਖ ਵੱਖ ਟਕਰਾਵੇਂ ਵਿਚਾਰਾਂ ਵਾਲੀਆਂ ਵਿਚਾਰਧਾਰਾਵਾਂ ਨਾਲ ਬੜਾ ਨੇੜੇ ਤੋਂ ਜੁੜਿਆ ਹੁੰਦਾ ਹੈ। ਇਸ ਕਰਕੇ ਵੱਖੋ-ਵੱਖਰੇ ਖਿੱਤਿਆਂ ਅਤੇ ਦੌਰਾਂ ਦੀਆਂ ਵਿਦਿਆਰਥੀ ਲਹਿਰਾਂ ਦਾ ਮੁਲਾਂਕਣ ਕਰਨਾ ਅਤੇ ਕੋਈ ਸਾਂਝੇ ਨਤੀਜੇ ਕੱਢਣਾ ਬੜਾ ਗੁੰਝਲਦਾਰ ਅਤੇ ਔਖਾ ਕਾਰਜ ਹੈ। ਪ੍ਰੰਤੂ ਕਿਸੇ ਖਿੱਤੇ ਦੀਆਂ ਵਿਸ਼ੇਸ਼ ਸਥਿਤੀਆਂ ਅਤੇ ਉਸ ਵਿਚ ਚੱਲ ਰਹੇ ਸਮਾਜਿਕ ਅਤੇ ਰਾਜਨੀਤਕ ਟਕਰਾਅ ਜੋ ਉਸ ਦੇ ਵੱਖ ਵੱਖ ਵਰਗਾਂ ਨੂੰ ਪ੍ਰਭਾਵਿਤ ਕਰਦੇ ਹਨ। ਪੱਛਮ ਦੀਆਂ ਬਹੁਤੀਆਂ ਯੂਨੀਵਰਸਿਟੀਆਂ ਵਿਚ ਸਿਆਸੀ ਪਾਰਟੀਆਂ ਦੀ ਦਖ਼ਲ ਅੰਦਾਜ਼ੀ ਇਸ ਕਰਕੇ ਘੱਟ ਹੈ ਜਾਂ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਯੂਨੀਵਰਸਿਟੀਆਂ ਵਿਚ ਅਕਾਦਮਿਕ ਆਜ਼ਾਦੀ ਦੀ ਪ੍ਰੰਪਰਾ ਬਹੁਤ ਲੰਬੀ ਹੈ। ਪ੍ਰੰਤੂ ਭਾਰਤ ਦੀਆਂ ਸਿਆਸੀ ਪਾਰਟੀਆਂ ਹਮੇਸ਼ਾ ਹੀ ਯੂਨੀਵਰਸਿਟੀਆਂ/ਕਾਲਜਾਂ/ਵਿਦਿਅਕ ਅਦਾਰਿਆਂ ਵਿਚ ਆਪਣੇ ਵਿਦਿਆਰਥੀ ਵਿੰਗ ਉਸਾਰਨ ਦੀ ਰੁਚੀ ਰੱਖਦੀਆਂ ਹਨ। ਇਸ ਕਰਕੇ ਉਹ ਵਿਦਿਆਰਥੀ ਲਹਿਰ ਉਪਰ ਵੱਡਾ ਅਸਰ ਪਾਉਂਦੇ ਹਨ। ਇਸੇ ਕਿਸਮ ਨਾਲ 20ਵੀਂ ਵਿਚ ਵਿਦਿਆਰਥੀ ਲਹਿਰਾਂ ਦਾ ਵੱਖੋ-ਵੱਖਰੇ ਰਾਜਨੀਤਕ ਅਤੇ ਸਮਾਜਿਕ ਤਬਦੀਲੀਆਂ ਦੇ ਪਹਿਲੂਆਂ ਨਾਲ ਨੇੜੇ ਦਾ ਸਬੰਧ ਰਿਹਾ ਹੈ।

ਪੰਜਾਬ ਦੀ ਸਮੁੱਚੀ ਵਿਦਿਆਰਥੀ ਲਹਿਰ ਦੀ ਅਹਿਮ ਕੜੀ ਜਿਸ ਵਿਚ ਇਨਕਲਾਬੀ ਸੋਚ ਅਤੇ ਦਿਸ਼ਾ ਭਾਰੂ ਰਹੀ ਉਹ ਪੰਜਾਬ ਸਟੂਡੈਂਟਸ ਯੂਨੀਅਨ ਦੇ ਤੌਰ 'ਤੇ ਪੰਜਾਬ ਦੇ ਇਤਿਹਾਸ ਵਿਚ ਆਪਣਾ ਨਾਂ ਦਰਜ ਕਰਵਾ ਚੁੱਕੀ ਹੈ। ਉਸ ਦਾ ਵਿਸ਼ਲੇਸ਼ਣ ਕਰਨ ਲਈ ਜੋ ਸਮੱਗਰੀ ਪ੍ਰੋ. ਅਜਾਇਬ ਸਿੰਘ ਟਿਵਾਣਾ ਨੇ ਆਪਣੀ ਪੁਸਤਕ ਵਿਚ ਇਕੱਤਰ ਕੀਤੀ ਹੈ। ਉਨ੍ਹਾਂ 1964 ਤੋਂ ਲੈ ਕੇ ਵੱਖ ਵੱਖ ਘਟਨਾਵਾਂ, ਸੰਘਰਸ਼ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਸਮੇਂ ਸੂਚੀ ਅਨੁਸਾਰ ਵੱਖ ਵੱਖ ਸਰੋਤਾਂ ਰਾਹੀਂ ਲੜੀਬੱਧ ਕੀਤਾ ਹੈ। ਕਿਸੇ ਵੀ ਦੌਰ 'ਚ ਸੰਘਰਸ਼ ਸ਼ੁਰੂ ਹੋਣ ਦੇ ਕਾਰਨ, ਸੰਘਰਸ਼ ਦਾ ਫੈਲਾਅ ਅਤੇ ਉਸ ਦੇ ਵੱਖੋ ਵੱਖਰੇ ਮੋੜ, ਪ੍ਰਾਪਤੀਆਂ ਅਤੇ ਆਪ੍ਰਾਪਤੀਆਂ ਦਾ ਵੱਖ ਵੱਖਰੀਆਂ ਪੀਐਸਯੂ ਧਿਰਾਂ ਵਲੋਂ ਇਜਲਾਸ/ਰਿਵਿਊ ਕਰਕੇ ਦਸਤਾਵੇਜ਼ੀਕਰਨ ਕੀਤਾ ਗਿਆ ਹੈ ਅਤੇ ਉਹ ਸਪਸ਼ਟ ਲਿਖਦੇ ਹਨ, "ਇਹ ਪੁਸਤਕ ਲਿਖਣ ਦਾ ਮੇਰਾ ਮੁੱਖ ਮਕਸਦ ਕਿਸੇ ਖਾਸ ਨਜ਼ਰੀਏ ਤੋਂ ਵਿਦਿਆਰਥੀ ਲਹਿਰ ਦੇ ਇਤਿਹਾਸ ਦਾ ਵਿਸ਼ਲੇਸ਼ਣ ਕਰਨਾ ਜਾਂ ਕਿਸੇ ਖਾਸ ਧਿਰ ਦੇ ਪੱਖ ਵਿਚ ਖੜ੍ਹ ਕੇ ਦੂਜੀ ਦਾ ਵਿਰੋਧ ਕਰਨਾ ਨਹੀਂ ਬਲਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਵਿਦਿਆਰਥੀ ਲਹਿਰ, ਖਾਸ ਕਰਕੇ ਪੰਜਾਬ ਸਟੂਡੈਂਟਸ ਯੂਨੀਅਨ ਬਾਰੇ ਖੋਜ ਕਰਨ ਵਾਲੇ ਖੋਜਾਰਥੀਆਂ ਲਈ ਲੋੜੀਂਦੇ ਤੱਥ ਮੁਹੱਈਆ ਕਰਵਾਉਣਾ ਹੈ।" ਇਸ ਸਪਸ਼ਟਤਾ ਦੇ ਨਾਲ ਉਨ੍ਹਾਂ ਨੇ ਇਹ ਦਸਤਾਵੇਜ਼ ਇਕੱਤਰ ਕੀਤੇ ਹਨ। ਸਟੂਡੈਂਟਸ ਯੂਨੀਅਨ ਦੀ ਹੋਂਦ ਭਲਾ ਹੀ ਯੂਨੀਅਨ ਦੇ ਤੌਰ 'ਤੇ 1963 ਵਿਚ ਆ ਗਈ ਸੀ ਜਿਸ ਸਬੰਧੀ ਇਕ ਦਿਸ਼ਾ ਅਤੇ ਏਜੰਡਾ ਰੱਖਿਆ ਗਿਆ ਸੀ ਕਿ ਕੀ ਅਜੋਕੇ ਆਰਥਿਕ, ਰਾਜਨੀਤਕ, ਸਮਾਜਿਕ ਹਲਾਤ ਨੂੰ ਮੁੱਖ ਰੱਖਦਿਆਂ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਸਟੂਡੈਂਟਸ ਯੂਨੀਅਨ ਦੀ ਲੋੜ ਹੈ ਕਿ ਨਹੀਂ। ਉਪਰੋਕਤ ਨੂੰ ਅਮਲੀ ਰੂਪ ਦੇਣ ਲਈ 1 ਮਾਰਚ 1964 ਨੂੰ ਇਕੱਤਰਤਾ ਕਰਕੇ ਦਿਸ਼ਾ ਤੈਅ ਕੀਤੀ ਗਈ ਕਿ ਵਿਦਿਆਰਥੀਆਂ ਨਾਲ ਸਬੰਧਤ ਫੀਸਾਂ, ਸਿਲੇਬਸਾਂ ਅਤੇ ਵਜ਼ੀਫਿਆਂ ਦਾ ਪ੍ਰਬੰਧ ਸਰਕਾਰ ਤੋਂ ਕਰਵਾਉਣ ਲਈ ਆਵਾਜ਼ ਉਠਾਈ ਜਾਵੇ। ਯੂਨੀਅਨ ਬਣਾਉਣ ਦੀ ਮੰਗ ਨੂੰ ਲੈ ਕੇ ਕਾਲਜਾਂ ਵਿਚ ਲਾਗੂ ਕਰਵਾਉਣ ਲਈ ਵੀ ਸੰਘਰਸ਼ ਕੀਤਾ ਜਾਵੇ। ਇਸ ਦਿਸ਼ਾ ਵੱਲ ਕਦਮ ਪੁੱਟਦਿਆਂ ਹੀ ਪੰਜਾਬ ਦੇ ਵੱਖ-ਵੱਖ ਕਾਲਜਾਂ ਵਿਚ ਵਿਦਿਆਰਥੀ ਚੇਤੰਨ ਹੋਣ ਲੱਗੇ ਉਨ੍ਹਾਂ ਆਪੋ ਆਪਣੀਆਂ ਸੰਸਥਾਵਾਂ ਵਿਚ ਵੱਖੋ ਵੱਖਰੇ ਸਵਾਲਾਂ 'ਤੇ ਸੰਘਰਸ਼ ਵਿੱਢੇ ਜਿਸ ਵਿਚ ਸਮੁੱਚੀ ਵਿਦਿਅਕ ਪ੍ਰਣਾਲੀ ਨੂੰ ਸਮਾਜਿਕ, ਆਰਥਿਕ, ਰਾਜਨੀਤਕ ਤੇ ਸਭਿਆਚਾਰਕ ਸਥਿਤੀਆਂ ਅਨੁਸਾਰ ਸਿਲੇਬਸਾਂ ਵਿਚ ਤਬਦੀਲੀ ਕਰਨ। ਵੱਖ ਵੱਖ ਕਾਲਜਾਂ ਵਿਚ ਜੋ ਆਗੂ ਸਨ ਉਨ੍ਹਾਂ 'ਤੇ ਜੋ ਦਾਖਲੇ ਦੀ ਰੋਕ ਲਗਾਈ ਗਈ ਹੈ ਉਹ ਦੂਰ ਕੀਤੀ ਜਾਵੇ ਅਤੇ ਅਸ਼ਲੀਲ ਸਾਹਿਤ ਤੁਰੰਤ ਬੰਦ ਕੀਤਾ ਜਾਵੇ। ਇਸ ਪ੍ਰਮੁੱਖ ਵਿਚਾਰ ਦੇ ਨਾਲ ਨਾਲ ਵੱਖ ਵੱਖ ਕਾਲਜਾਂ ਵਿਚ ਕਈ ਪੱਧਰ 'ਤੇ ਸੰਘਰਸ਼ ਕਾਲਜਾਂ ਵਿਚ ਉਭਰੇ ਅਤੇ ਇਕ ਕਿਸਮ ਨਾਲ ਪੰਜਾਬ ਸਟੂਡੈਂਟਸ ਯੂਨੀਅਨ ਇਕ ਵਿਦਿਆਰਥੀਆਂ ਨੂੰ ਯੋਗ ਅਗਵਾਈ ਵਾਲੀ ਜਥੇਬੰਦੀ ਦੇ ਤੌਰ 'ਤੇ ਵਿਕਸਿਤ ਹੋਣ ਲੱਗੀ।

ਵੱਖ ਵੱਖ ਸੰਘਰਸ਼ਾਂ ਅਤੇ ਉਨ੍ਹਾਂ ਵਿਚ ਉਭਰਦੇ ਵਿਚਾਰਾਂ ਨਾਲ ਪੰਜਾਬ ਦਾ ਸਮੁੱਚਾ ਵਿਦਿਅਕ ਵਾਤਾਵਰਣ ਤਬਦੀਲ ਹੋਣ ਲੱਗਾ। ਪ੍ਰੰਤੂ ਤਰਾਸਦਿਕ ਪਹਿਲੂ ਇਹ ਹੋਇਆ ਕਿ 1970 ਵਿਚ ਹੀ ਪੰਜਾਬ ਸਟੂਡੈਂਟਸ ਯੂਨੀਅਨ ਵਿਚ ਇਕ ਸੰਕਟ ਪੈਦਾ ਹੋ ਗਿਆ। ਹਾਲਾਂਕਿ ਉਸ ਸਮੇਂ ਵਿਦਿਆਰਥੀ ਤਾਕਤ ਨੂੰ ਵੱਖ ਵੱਖ ਸਿਆਸੀ ਪਾਰਟੀਆਂ ਆਪਣੇ ਕਬਜ਼ੇ ਵਿਚ ਲੈਣਾ ਚਾਹੁੰਦੀਆਂ ਸਨ ਅਤੇ ਕਈ ਕਿਸਮ ਦੇ ਮਾਅਰਕੇਬਾਜ਼ ਵਹਿਣਾਂ ਵਿਚ ਜਥੇਬੰਦੀ ਵਧਣ ਲੱਗੀ। ਪੰਜਾਬ ਵਿਚਲਾ ਰਾਜਨੀਤਕ ਮਾਹੌਲ ਲਗਾਤਾਰ ਵਿਦਿਆਰਥੀ ਲਹਿਰ ਅਤੇ ਯੂਨੀਅਨ ਨੂੰ ਪ੍ਰਭਾਵਿਤ ਕਰਦਾ ਰਿਹਾ। ਇਸ ਤਰ੍ਹਾਂ ਚੌਤਰਫ਼ੇ ਹੱਲਿਆਂ ਦਾ ਜਵਾਬ ਦੇਣ ਲਈ ਅਤੇ ਇਨ੍ਹਾਂ ਰੁਝਾਨਾਂ ਦੇ ਖਿਲਾਫ਼ ਪੰਜਾਬ ਸਟੂਡੈਂਟਸ ਯੂਨੀਅਨ ਨੂੰ ਮੁੜ ਜਥੇਬੰਦ ਕਰਨ ਦਾ ਕਾਰਜ ਮੁੜ ਸ਼ੁਰੂ ਹੋਇਆ। ਕਿਉਂਕਿ ਸਮੁੱਚਾ ਵਿਦਿਆਰਥੀ ਵਰਗ ਇਹ ਮਹਿਸੂਸ ਕਰ ਰਿਹਾ ਸੀ ਕਿ ਵੱਖੋ-ਵੱਖਰੇ ਆਗੂਆਂ ਦੀ ਅਣਹੋਂਦ ਕਾਰਨ ਕਾਲਜਾਂ ਦੇ ਅਧਿਕਾਰੀ ਲਗਾਤਾਰ ਵਿਦਿਆਰਥੀਆਂ ਦੇ ਦਾਖ਼ਲਿਆਂ ਉਪਰ ਰੋਕ ਲਗਾ ਰਹੇ ਸਨ ਪ੍ਰੰਤੂ 1971 ਵਿਚ ਵਿਦਿਆਰਥੀਆਂ ਨੂੰ ਚੇਤੰਨ ਕਰਨ ਦੇ ਮਕਸਦ ਨਾਲ ਇਕ ਪਰਚਾ 'ਵਿਦਿਆਰਥੀ ਚੇਤਨਾ' ਵਿਦਿਅਕ ਸੰਸਥਾ ਵਿਚ ਵੰਡਿਆ ਗਿਆ ਤਾਂ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਥਿਤੀ ਅਤੇ ਸਮੱਸਿਆਵਾਂ ਬਾਰੇ ਜਾਗਰੂਕ ਕੀਤਾ ਜਾਵੇ। ਪ੍ਰਿਥੀਪਾਲ ਰੰਧਾਵਾ ਅਤੇ ਉਸ ਦੇ ਸਾਥੀਆਂ ਦੀ ਅਣਥੱਕ ਮਿਹਨਤ ਸਦਕਾ ਮੁੜ ਜਥੇਬੰਦਕ ਢਾਂਚਾ ਸੁਰਜੀਤ ਹੋ ਗਿਆ। ਉਸ ਸਮੇਂ ਵੀ ਵਿਦਿਅਕ ਸੰਸਥਾਵਾਂ ਵਿਚ ਦਹਿਸ਼ਤ ਦਾ ਮਾਹੌਲ ਸੀ। ਮੋਗੇ ਦੇ ਵਿਦਿਆਰਥੀਆਂ ਨੇ ਰੀਗਲ ਸਿਨੇਮੇ ਦੇ ਮਾਲਕਾਂ ਵਲੋਂ ਟਿਕਟਾਂ ਦੀ ਬਲੈਕਮੇਲ ਤੇ ਗੁੰਡਾਗਰਦੀ ਕੀਤੀ ਜਾ ਰਹੀ ਸੀ ਉਸ ਦਾ ਵਿਦਿਆਰਥੀਆਂ ਨੇ ਵੱਡਾ ਵਿਰੋਧ ਕੀਤਾ। ਇਹ ਮੁੱਦਾ ਇਸ ਹੱਦ ਵਧ ਗਿਆ ਕਿ ਦੋ ਵਿਦਿਆਰਥੀਆਂ ਨੂੰ ਸ਼ਹਾਦਤ ਵੀ ਦੇਣੀ ਪਈ। ਇਕ ਕਿਸਮ ਨਾਲ ਵਿਦਿਆਰਥੀ ਇਸ ਨੂੰ ਆਪਣੇ ਉਪਰ ਹੋਇਆ ਵੱਡਾ ਵਾਰ ਸਮਝਣ ਲੱਗੇ। ਹਾਲਾਂਕਿ ਉਸ ਸਮੇਂ ਦੇ ਹੁਕਮਰਾਨਾਂ ਨੂੰ ਖਿਆਲ ਸੀ ਕਿ ਜੋ ਸੰਘਰਸ਼ ਚੱਲ ਰਿਹਾ ਹੈ ਉਹ ਦਬਾਅ ਦਿੱਤਾ ਜਾਵੇਗਾ ਪ੍ਰੰਤੂ ਵਿਦਿਆਰਥੀਆਂ ਦੀ ਸ਼ਕਤੀ ਨੂੰ ਦੇਖਕੇ ਗੁਜਰਾਲ ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਭਲਾ ਕਿ ਕਈ ਕਿਸਮ ਦੇ ਨਤੀਜੇ ਅਜਿਹੇ ਕੱਢੇ ਗਏ ਜਿਨ੍ਹਾਂ ਤੋਂ ਵਿਦਿਆਰਥੀ ਅਸੰਤੁਸ਼ਟ ਸਨ। ਇਸ ਸਮੇਂ ਦੇ ਸੰਘਰਸ਼ਾਂ ਨੂੰ ਲੈ ਕੇ ਕਈ ਕਿਸਮ ਦੇ ਵਾਦ-ਵਿਵਾਦ ਹੋਰ ਜਥੇਬੰਦੀਆਂ ਨਾਲ ਉਤਪੰਨ ਹੋ ਗਿਆ। (ਜਿਨ੍ਹਾਂ ਬਾਰੇ ਹੋਰ ਜਾਣਕਾਰੀ ਅਤੇ ਵਿਸ਼ਲੇਸ਼ਣ ਦੀ ਜ਼ਰੂਰਤ ਹੈ-ਲੇਖਕ) ਵਰ੍ਹਾ 1974 ਤੋਂ ਲੈ ਕੇ ਪੰਜਾਬ ਸਟੂਡੈਂਟਸ ਯੂਨੀਅਨ ਵਿਚ ਲਗਾਤਾਰ 1978 ਤੱਕ ਫੁੱਟਾਂ ਦਾ ਦੌਰ ਤੇਜ਼ੀ ਨਾਲ ਹੋਇਆ। (ਇਸ ਸਬੰਧੀ ਵੱਖ ਵੱਖ ਪੀਐਸਯੂ ਦੀਆਂ ਧਿਰਾਂ ਦੇ ਇਜਲਾਸਾਂ ਦਾ ਮੁਲਾਂਕਣ ਕਰਨ ਦੀ ਜ਼ਰੂਰਤ ਹੈ ਕਿਉਂਕਿ ਹਰੇਕ ਧਿਰ ਨੇ ਆਪੋ ਆਪਣੇ ਤਰਕ ਦੇ ਕੇ ਫੁੱਟ ਨੂੰ ਜਾਇਜ਼/ਨਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ, ਇਜਲਾਸਾਂ ਵਿਚੋਂ ਹਿੱਸੇ ਵੱਡੀ ਲਿਖਤ ਵਿਚ ਦਿੱਤੇ ਜਾਣਗੇ-ਲੇਖਕ) ਉਸ ਉਪਰੰਤ ਜੋ ਸੰਕਟਮਈ ਸਥਿਤੀ ਉਤਪੰਨ ਹੋਈ ਉਸ ਵਿਚੋਂ ਪਹਿਲਾਂ 1975 ਵਿਚ ਪੀਐਸਯੂ ਦੇ ਦੋ ਗਰੁੱਪ ਅਤੇ 1978 ਵਿਚ ਤਿੰਨ ਗਰੁੱਪ ਬਣੇ। ਇਸ ਉਪਰੰਤ ਵਿਦਿਆਰਥੀਆਂ

# ਪੰਜਾਬ ਸਟੂਡੈਂਟਸ ਯੂਨੀਅਨ ਇਤਿਹਾਸ ਦੀਆਂ ਝਲਕਾਂ ਵਿਚ ਅਹਿਮ ਦਸਤਾਵੇਜ਼

**ਪ੍ਰੋ. ਅਜਾਇਬ ਸਿੰਘ ਟਿਵਾਣਾ ਵਲੋਂ ਇਕ ਦਹਾਕਾ ਲਗਾ ਕੇ ਵੱਖ ਵੱਖ ਕੋਨਿਆਂ ਵਿਚੋਂ ਇਨ੍ਹਾਂ ਦਸਤਾਵੇਜ਼ਾਂ ਜਿਨ੍ਹਾਂ ਦੇ 944 ਪੰਨੇ ਬਣਦੇ ਹਨ, ਨੂੰ ਇਕੱਤਰ ਗਿਆ ਹੈ। ਪੁਸਤਕਾਂ ਵਿਚੋਂ ਸੰਖੇਪ ਅਧਿਆਇਆਂ ਅਤੇ ਉਨ੍ਹਾਂ ਦੀ ਲੜੀਵਾਰ ਵੰਡ ਹੇਠਾਂ ਦਰਸਾਈ ਗਈ ਹੈ।**

- ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦੀ ਹੋਂਦ, ਸਥਾਪਨਾ, ਪ੍ਰਿੰਸੀਪਲਾਂ ਖਿਲਾਫ਼ ਘੋਲ, ਜਗਤਾਰ ਸਿੰਘ ਸ਼ਹਾਦਤ, ਪੀਐਸਯੂ ਦੇ ਟੁੱਟਣ ਖਿੰਡਣ ਦਾ ਦੌਰ।
- ਪੀਐਸਯੂ ਦੀ ਮੁੜ ਸਥਾਪਤੀ, ਮੋਗਾ ਇਤਿਹਾਸਕ ਘੁਲ, ਅੰਦਰੂਨੀ ਸੰਕਟ, 1974-75 ਦੀਆਂ ਸਰਗਰਮੀਆਂ ਅਤੇ ਰਿਆਇਤ ਬੱਸ ਪਾਸ ਘੋਲ।
- ਪੀਐਸਯੂ 'ਚ ਫੁੱਟ, ਵਿਦਿਆਰਥੀ ਸੰਘਰਸ਼, ਢੁੱਡੀਕੇ ਇਜਲਾਸ 1974, ਪੀਐਸਯੂ ਕੰਮੇਆਣਾ ਦਾ ਜੂਨ 78 ਤੋਂ ਜੁਲਾਈ 80 ਤੱਕ ਰਿਵਿਊ।
- ਵਰ੍ਹਾ 1975-76 ਤੇ 1976-77 ਦੀਆਂ ਵਿਦਿਆਰਥੀ ਸਰਗਰਮੀਆਂ, 1977-78 ਪੀਯੂਐਸ ਰੰਧਾਵਾ ਦਾ ਰਿਵਿਊ।
- ਵਿਦਿਆਰਥੀ ਆਗੂ ਪ੍ਰਿਥੀਪਾਲ ਰੰਧਾਵਾ ਦੀ ਸ਼ਹਾਦਤ, ਪੰਜਾਬ ਭਰ ਵਿਚ ਸੰਘਰਸ਼ ਅਤੇ ਘੋਲ ਆਖਰੀ ਪੜਾਅ ਅਤੇ ਅਦਾਲਤੀ ਪ੍ਰਕਿਰਿਆ।
- ਪੀਐਸਯੂ ਕੰਮੇਆਣਾ ਦਾ ਲੱਖਣਕੇ ਪੱਡੇ ਇਜਲਾਸ, 1979-80 ਪੀਐਸਯੂ ਪਾਂਧੀ ਦੀਆਂ ਸਰਗਰਮੀਆਂ ਅਤੇ ਘੁੰਮਣ ਕਲਾਂ ਇਜਲਾਸ।
- ਬੱਸ ਕਿਰਾਇਆ ਘੋਲ ਵੱਖ ਵੱਖ ਲੀਫਲੈਟ, ਜੈਕਾਰਾ, ਪ੍ਰਚੰਡ, ਲੋਕ ਲਹਿਰ ਅਤੇ ਵੱਖ ਵੱਖ ਹੋਰ ਰਿਪੋਰਟਾਂ ਅਤੇ ਦਸਤਾਵੇਜ਼।
- ਕਮਿਊਨਿਸਟ ਯੂਥ ਲੀਗ ਦੀ ਸਥਾਪਨਾ (1983), ਅਜਾਇਬ ਸਿੰਘ ਦੀ ਗ੍ਰਿਫ਼ਤਾਰੀ, ਵਿਦਿਆਰਥੀ ਅਤੇ ਨੌਜਵਾਨ ਲਹਿਰ ਲਈ ਮਾਰਗ ਸੇਧ, ਪੰਜਾਬ ਦੀ ਵਿਦਿਆਰਥੀ ਲਹਿਰ 'ਤੇ ਇਕ ਪੜਚੋਲਵੀਂ ਝਾਤ, ਕਮਿਊਨਿਸਟ ਯੂਥ ਲੀਗ ਦਾ ਐਲਾਨਨਾਮਾ ਅਤੇ ਹੋਰ ਸਰਗਰਮੀ।
- ਪੀਐਸਯੂ ਲਈ ਪਤਝੜ ਦਾ ਮੌਸਮ (1983 ਤੋਂ 1987) ਵੱਖ ਵੱਖ ਸਾਂਝੀਆਂ ਐਕਸ਼ਨ ਕਮੇਟੀਆਂ, ਜਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਐਕਸ਼ਨ ਕਮੇਟੀ, ਰੀਗਲ ਸਿਨੇਮੇ ਸਬੰਧੀ ਐਕਸ਼ਨ ਕਮੇਟੀ, ਕੋਆਰਡੀਨੇਸ਼ਨ ਕਮੇਟੀ, ਜ਼ਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਆਦਿ।
- ਵੱਖ ਵੱਖ ਸਮੇਂ ਦੇ ਪੋਸਟਰ, ਪਾਫਲੈਂਟ, ਆਗੂਆਂ ਦੀਆਂ ਮੀਟਿੰਗਾਂ ਅਤੇ ਉਨ੍ਹਾਂ ਦੀਆਂ ਫੋਟੋਆਂ, ਵੱਖ-ਵੱਖ ਸੰਘਰਸ਼ਾਂ ਵਿਚ ਸ਼ਹਾਦਤ ਪਾਉਣ ਵਾਲੇ ਆਗੂਆਂ ਦੀਆਂ ਯਾਦਗਾਰੀ ਫੋਟੋਆਂ ਆਦਿ।
- ਵੱਖ ਵੱਖ ਜੋ ਵਿਦਿਆਰਥੀ ਸੰਘਰਸ਼ ਅਤੇ ਲਹਿਰ ਨਾਲ ਜੋੜ ਕੇ ਲਿਖੀਆਂ ਗਈਆਂ ਪੁਸਤਕਾਂ ਬਾਰੇ ਸਰੋਤਾਂ ਦੀ ਸੂਚੀ ਆਦਿ।

ਉੱਪਰ ਇਹ ਅਸਰ ਪਿਆ ਕਿ ਆਮ ਵਿਦਿਆਰਥੀ ਜਿਨ੍ਹਾਂ ਵਿਚ ਪੀਐਸਯੂ ਹਰਮਨ ਪਿਆਰੀ ਸੀ ਉਸ ਦਾ ਪ੍ਰਭਾਵ ਹੌਲੀ ਹੌਲੀ ਘੱਟਣ ਲੱਗਿਆ ਅਤੇ ਇਕ ਰੁਝਾਨ ਅਜਿਹਾ ਵੀ ਉਤਪੰਨ ਹੋ ਗਿਆ ਜੋ ਵਿਦਿਆਰਥੀ ਘੋਲਾਂ 'ਚੋਂ ਪ੍ਰਾਪਤ ਹੋਈਆਂ ਸਫ਼ਲਤਾਵਾਂ ਤੋਂ ਸਹੀ ਨਤੀਜੇ ਕੱਢਣ ਦੀ ਥਾਂ ਮਨਇੱਛਤ ਨਤੀਜੇ ਕੱਢਣ ਲੱਗ ਪਿਆ। ਅਜਿਹੀਆਂ ਸਥਿਤੀਆਂ ਵਿਚੋਂ ਪੀਐਸਯੂ ਦੇ ਇਕ ਰਿਵਿਊ ਨੇ ਇਹ ਨਤੀਜਾ ਕੱਢਿਆ ਕਿ ਵਿਦਿਆਰਥੀ ਲਹਿਰ ਦੇ ਵਿਕਾਸ ਵਿਚ ਰੁਕਾਵਟ ਆ ਗਈ ਹੈ ਜਿਸ ਕਾਰਨ ਨਿਰਾਸ਼ਤਾ, ਅਵੇਸਲਾਪਣ, ਡਾਵਾਂਡੋਲਤਾ, ਮੌਕਾਪ੍ਰਸਤੀ ਅਤੇ ਲੋਕਾਂ ਵਿਚ ਬੇਵਿਸ਼ਵਾਸੀ ਉਤਪੰਨ ਹੋ ਰਹੀ ਹੈ। ਇਸ ਕਰਕੇ ਲੋੜ ਹੈ ਕਿ ਵਿਦਿਆਰਥੀ ਲਹਿਰ ਅਤੇ ਜਥੇਬੰਦੀ ਨੂੰ ਹੋਰ ਮਜਬੂਤ ਵਿਸ਼ਾਲ ਅਤੇ ਡੂੰਘਾਈ ਕਰਨ ਦੇ ਸਵਾਲ ਪੱਖੋਂ ਲੈਣਾ ਚਾਹੀਦਾ ਹੈ। ਲੀਡਰਸ਼ਿਪ ਦੀਆਂ ਅਣਗਹਿਲੀਆਂ ਕਾਰਨ ਵਿਦਿਆਰਥੀ ਜਥੇਬੰਦੀਆਂ ਵੱਲ ਨਹੀਂ ਖਿੱਚੇ ਜਾ ਰਹੇ ਅਤੇ ਨਾ ਹੀ ਜਥੇਬੰਦੀ ਦਾ ਵਿਕਾਸ ਹੋ ਰਿਹਾ ਹੈ। ਹਾਲਾਂਕਿ ਵਿਦਿਆਰਥੀ ਗੰਭੀਰ, ਆਰਥਿਕ ਸਮੱਸਿਆਵਾਂ ਨਾਲ ਜੂਝ ਰਹੇ ਹਨ ਜਿਵੇਂ ਫੀਸਾਂ ਤੇ ਦਾਖਲਿਆਂ ਵਿਚ ਵਾਧਾ, ਨਜਾਇਜ਼ ਤੇ ਵਾਧੂ ਫੰਡ, ਹੋਸਟਲਾਂ ਦਾ ਭਾਰੀ ਖਰਚਾ, ਬੱਸਾਂ ਦੇ ਕਿਰਾਏ ਅਤੇ ਇਮਤਿਹਾਨੀ ਫੀਸਾਂ ਆਦਿ ਵਧ ਗਈਆਂ ਹਨ।

ਲਗਾਤਾਰ ਪੀਐਸਯੂ ਗਰੁੱਪਾਂ ਵਿਚ ਵੰਡੀ ਜਾ ਰਹੀ ਸੀ। ਵੰਡ ਦੇ ਕਾਰਨਾਂ ਦੀ ਡੂੰਘੀ ਚੀਰ ਫਾੜ ਕਰਨ ਲਈ ਵੱਡੇ ਵਿਸ਼ਲੇਸ਼ਣ ਦੀ ਜ਼ਰੂਰਤ ਹੈ। ਪ੍ਰੰਤੂ ਫਿਰ ਵੀ ਉਸ ਦੀ ਇਕ ਵੰਨਗੀ ਇਕ ਇਜਲਾਸ ਅਜਿਹਾ ਹੋਇਆ ਜਿਸ ਵਿਚ ਸਪਸ਼ਟ ਤੌਰ 'ਤੇ ਰਾਜਨੀਤੀ ਵਾਲੀ ਪਹੁੰਚਣ ਨੂੰ ਦਰਜ ਕਰ ਲਿਆ ਗਿਆ। ਜੋ ਦਸਤਾਵੇਜ਼ਾਂ ਵਿਚ ਦਰਜ ਹੈ ਜਿਨ੍ਹਾਂ ਅਨੁਸਾਰ "ਭਾਰਤ ਇਕ ਅਰਧ ਜਗੀਰੂ ਅਤੇ ਅਰਧ ਬਸਤੀਵਾਦੀ ਮੁਲਕ ਹੈ ਜਿਸ ਨਾਲ 1947 ਤੋਂ ਭਾਰਤ ਦੀ ਦਲਾਲ ਅਤੇ ਸਰਮਾਏਦਾਰ ਜਮਾਤ ਸੱਤਾ ਵਿਚ ਆਈ ਹੈ। ਇਥੋਂ ਤੱਕ ਪਾਰਲੀਮੈਂਟ ਚੋਣਾਂ ਵੀ ਇਕ ਢਕੋਸਲਾ ਹਨ ਆਦਿ ਸਪਸ਼ਟ ਰੂਪ ਵਿਚ ਵਿਸ਼ਲੇਸ਼ਣ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਹੀ ਕੀਤਾ ਗਿਆ।" ਉਸ ਇਜਲਾਸ ਵਿਚ ਅੱਠਾਂ ਮਤਿਆਂ ਵਿਚੋਂ ਛੇ ਮਤੇ ਕੌਮਾਂਤਰੀ ਮਸਲਿਆਂ ਨਾਲ ਸਬੰਧਤ ਹਨ। ਪ੍ਰੰਤੂ ਵਾਰ-ਵਾਰ ਵਿਦਿਆਰਥੀ ਘੋਲਾਂ ਦੀਆਂ ਰਿਪੋਰਟਾਂ ਵਿਚ ਮੁੜ ਵਿਦਿਆਰਥੀ ਮਸਲਿਆਂ ਨੂੰ ਪਹਿਲ ਦਿੱਤੀ ਗਈ ਜਿਨ੍ਹਾਂ ਵਿਚ ਹਾਇਰ ਸੈਕੰਡਰੀ ਤੱਕ ਦੀ ਵਿਦਿਆ ਮੁਫਤ ਕਰਵਾਉਣ, ਪ੍ਰਾਈਵੇਟ ਸਕੂਲ ਕਾਲਜਾਂ ਦੀਆਂ ਫੀਸਾਂ ਸਰਕਾਰੀ ਸਕੂਲ ਕਾਲਜਾਂ ਦੇ ਬਰਾਬਰ ਕਰਨਾ ਅਤੇ ਐਮਰਜੈਂਸੀ ਦੌਰਾਨ ਹੋਈਆਂ ਵਧੀਕੀਆਂ ਦੀ ਜਾਂਚ ਕਰਨਾ ਸ਼ਾਮਲ ਆਦਿ ਹਨ। ਪੰਜਾਬ ਸਟੂਡੈਂਟਸ ਯੂਨੀਅਨ (ਰੰਧਾਵਾ) ਵਲੋਂ ਐਮਰਜੈਂਸੀ ਤੋਂ ਬਾਅਦ ਜੋ ਰਿਵਿਊ ਕੀਤਾ ਗਿਆ ਉਸ ਵਿਚ ਵੀ ਸਿਆਸਤ ਦਾ ਵਿਸ਼ਲੇਸ਼ਣ ਕਰਦਿਆਂ ਦਰਜਾ ਕੀਤਾ ਕਿ ਕੇਂਦਰ ਅਤੇ ਸੂਬੇ ਵਿਚ ਅਕਾਲੀ ਜਨਤਾ ਸਰਕਾਰ ਨੇ ਵੋਟਾਂ ਰਾਹੀਂ ਸੱਤਾ ਹਾਸਲ ਕਰ ਲਈ ਹੈ ਇਹ ਹੁਣ ਨਵੇਂ ਢੰਗ ਦੇ ਲੋਕਾਂ ਉਪਰ ਵਾਰ ਕਰਨਗੇ। ਕਹਿਣ ਦਾ ਭਾਵ ਲੰਗੜੀ ਜਮਹੂਰੀਅਤ ਬਹਾਲ ਕਰ ਦਿੱਤੀ ਗਈ ਹੈ। ਇਸ ਵਿਚੋਂ ਵਿਦਿਆਰਥੀ ਲਹਿਰ ਲਈ ਦਿਸ਼ਾ ਤੈਅ ਕੀਤੀ ਗਈ ਕਿ ਜਬਰ ਵਿਰੋਧੀ ਅਤੇ ਜਮਹੂਰੀਅਤ ਪੱਖੀ ਕਾਰਜ ਕੱਢਕੇ ਕਾਰਜ ਕਰਨਾ ਚਾਹੀਦਾ ਹੈ।

ਜਦੋਂ ਵਿਦਿਆਰਥੀ ਲਹਿਰ ਕਈ ਕਿਸਮ ਦੇ ਸੰਕਟਾਂ ਅਤੇ ਖਿੰਡਾਵਾਂ ਵਿਚੋਂ ਗੁਜ਼ਰ ਰਹੀ ਸੀ ਉਸ ਸਮੇਂ ਵਿਦਿਆਰਥੀ ਲਹਿਰ ਦੇ ਹਰਮਨਪਿਆਰੇ ਆਗੂ ਪ੍ਰਿਥੀਪਾਲ ਰੰਧਾਵਾ ਦੀ ਵਰ੍ਹਾ 1979 ਵਿਚ ਸ਼ਹਾਦਤ ਹੋ ਗਈ। ਜਿਸ ਨਾਲ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਵਿਚ ਇਕ ਵੱਖਰੇ ਕਿਸਮ ਦਾ ਵੱਡੀ ਪੱਧਰ 'ਤੇ ਵਿਰੋਧ ਉਤਪੰਨ ਹੋ ਜਾਂਦਾ ਹੈ ਕਿਉਂਕਿ ਬੜੇ ਲੰਬੇ ਸਮੇਂ ਤੱਕ ਪੀਐਸਯੂ ਦੇ ਜਨਰਲ ਸਕੱਤਰ ਹੁੰਦਿਆਂ ਇਕ ਦਹਾਕਾ ਪੰਜਾਬ ਦੇ ਵਿਦਿਆਰਥੀ ਸੰਘਰਸ਼ਾਂ ਦੀ ਅਗਵਾਈ ਕਰਦੇ ਰਹੇ ਸਨ। ਜਿਨ੍ਹਾਂ ਵਿਚ ਮੋਗਾ ਘੋਲ ਦੀ ਵਿਸ਼ੇਸ਼ ਅਹਿਮੀਅਤ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ ਲਈ ਜੋ ਬੱਸ ਪਾਸਾਂ ਦੀ ਰਿਆਇਤ ਮਿਲੀ ਉਹ ਵੀ ਸ਼ਾਮਲ ਹੈ। ਪ੍ਰਿਥੀਪਾਲ ਰੰਧਾਵਾ ਹੋਰ ਸਾਥੀਆਂ ਸਮੇਤ ਐਮਰਜੈਂਸੀ ਦੌਰਾਨ ਵੀ ਮੀਸਾ ਅਧੀਨ ਜੇਲ੍ਹਾਂ ਵਿਚ ਬੰਦ ਰੱਖਿਆ ਗਿਆ ਸੀ। ਵੱਡੀ ਪੱਧਰ 'ਤੇ ਪ੍ਰਿਥੀਪਾਲ ਰੰਧਾਵੇ ਦੀ ਸ਼ਹਾਦਤ ਨੂੰ ਸਿਆਸੀ ਕਤਲ ਦੇ ਤੌਰ 'ਤੇ ਰੇਖਾਂਕਤ ਕੀਤਾ ਗਿਆ। ਭਲਾ ਹੀ ਕਈ ਕਿਸਮ ਦੇ ਵਿਦਿਆਰਥੀਆਂ ਵਿਚ ਰਾਜਨੀਤਕ ਵਿਚਾਰਾਂ ਉਪਰ ਟਕਰਾਅ ਸਨ ਪ੍ਰੰਤੂ ਜਿਸ ਕਿਸਮ ਨਾਲ ਇਕਜੁਟ ਹੋ ਕੇ ਪੰਜਾਬ ਦੇ ਵਿਦਿਆਰਥੀਆਂ ਨੇ ਸੰਘਰਸ਼ ਕੀਤਾ ਇਹ ਪੀਐਸਯੂ ਦੀ ਇਤਿਹਾਸਕਾਰੀ ਦਾ ਅਹਿਮ ਅਧਿਆਇ ਹੈ।

ਪੰਜਾਬ ਸਟੂਡੈਂਟਸ ਯੂਨੀਅਨ ਲਗਾਤਾਰ ਫੁੱਟਾਂ ਦਾ ਸ਼ਿਕਾਰ ਹੁੰਦੀ ਆ ਰਹੀ ਸੀ। ਜਿਸ ਸਬੰਧੀ ਕਈ ਦਸਤਾਵੇਜ਼ ਪੀਐਸਯੂ ਕਾਹਮਾ, ਪਾਂਧੀ ਗਰੁੱਪ ਅਤੇ ਲੱਖਣ ਕੇ ਪੱਡੇ, ਵੰਡਾਲਾ ਕਨਵੈਨਸ਼ਨ, ਘੁੰਮਣ ਕਲਾਂ ਇਜਲਾਸ ਆਦਿ ਦੇ ਵੇਰਵੇ ਦਰਸਾਉਂਦੇ ਹਨ ਕਿ ਕਿਸ ਕਿਸਮ ਨਾਲ ਲਗਾਤਾਰ ਵੱਖ ਵੱਖ ਪੱਧਰ ਦੀਆਂ ਰਾਜਨੀਤਕ ਸਮਝਦਾਰੀਆਂ ਅਤੇ ਸੋਚਾਂ ਪੀਐਸਯੂ ਵਿਚ ਕਾਰਜਸ਼ੀਲ ਸਨ। ਹਾਲਾਂਕਿ ਵਾਰ-ਵਾਰ ਹਰੇਕ ਇਜਲਾਸ ਸਾਂਝੀ ਸਰਗਰਮੀ ਅਤੇ ਏਕਤਾ ਬਾਰੇ ਵਿਚਾਰ ਉਤਪੰਨ ਕਰਦਾ ਰਿਹਾ ਪ੍ਰੰਤੂ ਕੋਈ ਆਪਸੀ ਸਾਰਥਿਕ ਸਾਂਝੀ ਸਮਝਦਾਰੀ ਨਹੀਂ ਬਣ ਸਕੀ। ਅਜਿਹੀਆਂ ਸਥਿਤੀਆਂ ਵਿਚ ਗੁਜ਼ਰਦਿਆਂ ਵਰ੍ਹਾ 1980-81 ਵਿਚ ਪੰਜਾਬ ਦੇ ਲੋਕਾਂ ਉਪਰ ਪੈਣ ਵਾਲੇ ਬੋਝ ਬੱਸ ਕਿਰਾਇਆ 43% ਤੋਂ ਵਾਧੇ ਦਾ ਐਲਾਨ ਹੋ ਗਿਆ ਅਤੇ ਕਈ ਹਿੱਸਿਆਂ ਵਿਚ ਵੰਡੀਆਂ ਪੀਐਸਯੂ ਧਿਰਾਂ ਨੇ ਕੁੜੱਤਣ ਭਰੇ ਮਾਹੌਲ ਅਤੇ ਤਣਾਅਪੂਰਨ ਸਬੰਧਾਂ ਤੋਂ ਬਾਅਦ ਇਕ ਸਾਂਝਾ ਪਲੇਟਫਾਰਮ ਉਸਾਰਿਆ। ਜਿਸ ਤਹਿਤ ਮੁੜ ਪੰਜਾਬ ਸਟੂਡੈਂਟਸ ਯੂਨੀਅਨ ਪੰਜਾਬ ਦੇ ਵਿਦਿਆਰਥੀਆਂ ਵਿਚ ਆਪਣਾ ਰਸੂਖ ਬਹਾਲ ਕਰਨ ਵਿਚ ਕਾਮਯਾਬ ਹੋ ਸਕੀਆਂ।

ਜਿਸ ਕਿਸਮ ਨਾਲ 1964 ਤੋਂ ਲੈ ਕੇ 1981 ਤੱਕ ਪੀਐਸਯੂ ਵਿਚ ਉਤਰਾਅ ਚੜ੍ਹਾਅ ਆਉਂਦੇ ਰਹੇ ਜਿਸ ਦੇ ਬੁਨਿਆਦੀ ਕਾਰਨ ਵੱਖ ਵੱਖ ਰਾਜਨੀਤਕ ਸਮਝਾਂ ਉਪਰ ਆਧਾਰਤ ਬਣੇ ਸਿਆਸੀ ਗਰੁੱਪਾਂ ਨੇ ਅਗਾਂਹ ਆਪਣੇ ਪੀਐਸਯੂ ਵਿਚ ਫਰੰਟ ਬਣਾ ਲਏ। ਇਥੋਂ ਤੱਕ ਵਿਦਿਆਰਥੀ ਮੰਗਾਂ ਅਤੇ ਮਸਲੇ ਕਈ ਵਾਰੀ ਦੋਮ ਦਰਜੇ 'ਤੇ ਵੀ ਪਹੁੰਚ ਜਾਂਦੇ ਸਨ। ਲਗਾਤਾਰ ਵਿਦਿਆਰਥੀ ਜਥੇਬੰਦੀ ਰਾਜਨੀਤੀ ਦਾ ਵਿੰਗ ਹੋਵੇ ਜਾਂ ਸਿੱਧੀ ਰਾਜਨੀਤੀ ਲਿਜਾਣ ਦਾ ਜ਼ਰੀਆ ਹੋਵੇ। ਇਸ ਪ੍ਰਕਿਰਿਆ ਨੂੰ ਅਗਾਂਹ ਵਧਾਉਂਦਿਆਂ 1983 ਵਿਚ ਕਮਿਊਨਿਸਟ ਯੂਥ ਲੀਗ ਦੀ ਸਥਾਪਨਾ ਇਹ ਕਹਿ ਕੇ ਕਰ ਦਿੱਤੀ ਜਾਂਦੀ ਹੈ ਕਿ ਵਿਦਿਆਰਥੀ/ਨੌਜਵਾਨਾਂ ਅੰਦਰ ਵਿਚਾਰਧਾਰਕ ਸਿਆਸੀ ਆਧਾਰ ਦੇ ਨਿਖੇੜੇ ਦਾ ਅਮਲ ਇਕ ਅਟਲ ਅਤੇ ਬਾਹਰਮੁਖੀ ਵਰਤਾਰਾ ਹੈ। ਸਿੱਟੇ ਵਜੋਂ ਵਿਦਿਆਰਥੀਆਂ (ਤੇ ਨੌਜਵਾਨਾਂ) ਅੰਦਰ ਉਸਰਨ ਵਾਲੀ ਕਿਸੇ ਵੀ ਜਥੇਬੰਦੀ ਦਾ ਇਕੋ ਇਕ ਆਧਾਰ ਸਿਆਸੀ ਹੀ ਹੋ ਸਕਦਾ ਹੈ। ਇਸੇ ਸੰਦਰਭ ਵਿਚ ਹੀ ਇਕ ਦਸਤਾਵੇਜ਼ ਜੋ ਵਿਦਿਆਰਥੀ ਅਤੇ ਨੌਜਵਾਨ ਲਹਿਰ ਦੀ ਇਕਨਲਾਬੀ ਮਾਰਗ ਸੇਧ ਅਤੇ ਪੰਜਾਬ ਦੀ ਵਿਦਿਆਰਥੀ ਲਹਿਰ 'ਤੇ ਇਕ ਪੜਚੋਲਵੀਂ ਝਾਤ ਵਿਚ ਸਪਸ਼ਟ ਕੀਤਾ ਗਿਆ ਕਿ ਕਮਿਊਨਿਸਟ ਯੂਥ ਲੀਗ ਬਣਾਉਣ ਦੀ ਲੋੜ ਕਿਉਂ ਪਈ। ਇਸ ਵਿਚ ਇਹ ਵੀ ਦਰਜ ਕੀਤਾ ਗਿਆ ਹੈ ਕਿ ਭਲਾ ਹੀ ਵਿਦਿਆਰਥੀਆਂ ਦੇ ਅਕਾਦਮਿਕ ਮੰਗਾਂ ਤੇ ਮਸਲਿਆਂ ਨੂੰ ਉਭਾਰੇਗੀ ਪ੍ਰੰਤੂ ਇਸ ਦੇ ਨਾਲ ਹੀ ਸਿਆਸੀ ਸਵਾਲਾਂ 'ਤੇ ਸਿੱਧਾ ਪ੍ਰਚਾਰ, ਐਜੀਟੇਸ਼ਨ ਅਤੇ ਜਦੋਜਹਿਦ ਵੀ ਲਾਮਬੰਦ ਕਰੇਗੀ। ਇਥੋਂ ਤੱਕ ਇਹ ਸਮਝਦਾਰੀ ਰੱਖੀ ਗਈ ਕਿ ਪੀਐਸਯੂ ਦੀ ਬੁਨਿਆਦ ਹੀ ਗਲਤ ਆਧਾਰਤ 'ਤੇ ਟਿਕੀ ਹੋਈ ਹੈ, ਇਹ ਆਧਾਰ ਕਿਸੇ ਵੀ ਕਿਸਮ ਦਾ ਪੀਐਸਯੂ ਨੂੰ ਇਨਕਲਾਬੀ ਕਮਿਊਨਿਸਟ ਖਾਸਾ ਪ੍ਰਦਾਨ ਨਹੀਂ ਕਰ ਸਕਦੇ। ਇਸ ਰੌਸ਼ਨੀ ਵਿਚ ਹੀ ਵੱਖ ਵੱਖ ਦਿਸ਼ਾ ਨਿਰਦੇਸ਼ ਤੈਅ ਕੀਤੇ ਗਏ।


ਇਹ ਵੀ ਹਕੀਕਤ ਹੈ ਕਿ ਜਿਸ ਕਿਸਮ ਨਾਲ ਪੰਜਾਬ ਸਟੂਡੈਂਟਸ ਯੂਨੀਅਨ ਦਾ ਰਿਵਿਊ ਕੀਤਾ ਜਾਂਦਾ ਰਿਹਾ। ਉਨ੍ਹਾਂ ਵਿਚ ਸਪਸ਼ਟ ਦਿਖਾਈ ਦਿੰਦਾ ਹੈ ਭਲਾ ਹੀ ਕੋਈ ਸੁਚੇਤ ਜਾਂ ਅਚੇਤ ਰੂਪ ਵਿਚ ਮੰਨੇ ਜਾਂ ਨਾ ਮੰਨੇ ਪਰ ਸੱਚਾਈ ਇਹ ਸੀ ਕਿ ਵੱਖੋ ਵੱਖ ਪੀਐਸਯੂ ਦੇ ਜੋ ਵਿੰਗ ਸਨ ਉਨ੍ਹਾਂ ਪਿਛੇ ਰਾਜਨੀਤੀ ਵੱਧ ਕਾਰਜਸ਼ੀਲ ਸੀ। ਦਸਤਾਵੇਜ਼ਾਂ ਦੀਆਂ ਹੋਰ ਬਾਰੀਕੀਆਂ ਬੇਹੱਦ ਗੰਭੀਰਤਾ ਨਾਲ ਵਿਸ਼ਲੇਸ਼ਣ ਕਰਨ ਦੀ ਮੰਗ ਕਰਦੀਆਂ ਹਨ ਕਿ ਵੱਖੋ ਵੱਖਰੀ ਰਾਜਨੀਤਕ ਪਹੁੰਚ ਨੇ ਯੂਨੀਅਨ ਦੇ ਵਿਚਾਰ ਨੂੰ ਹੀ ਤਬਦੀਲ ਕਰ ਦਿੱਤਾ। ਹਾਲਾਂਕਿ ਬਹੁਤ ਧਿਰਾਂ ਨੇ ਆਪਣੇ ਪਿਛੇ ਆਪਣੇ ਆਗੂਆਂ ਦਾ ਨਾਂ ਲਗਾਉਣਾ ਸ਼ੁਰੂ ਕਰ ਦਿੱਤਾ ਸੀ। ਕਹਿਣ ਦਾ ਭਾਵ ਕਿ ਉਹ ਆਪਣੇ ਆਪ ਨੂੰ ਗਰੁੱਪ ਹੀ ਸਮਝ ਰਹੇ ਸਨ। ਇਸ ਵੱਡੇ ਚੌਖਟੇ ਵਿਚ ਪੀਐਸਯੂ ਦੀਆਂ ਵੱਖ ਵੱਖ ਵੰਨਗੀਆਂ ਜਦੋਂ ਦੂਸਰੀਆਂ ਧਿਰਾਂ ਜਿਨ੍ਹਾਂ ਵਿਚ ਵਿਸ਼ੇਸ਼ ਕਰਕੇ ਐਸਐਫਆਈ ਅਤੇ ਏਆਈਐਸਐਫ ਦਾ ਵਿਸ਼ਲੇਸ਼ਣ ਅਤੇ ਨਜ਼ਰੀਆ ਨਿਰਧਾਰਤ ਕਰਦੀਆਂ ਸਨ ਉਨ੍ਹਾਂ ਨੂੰ ਸੱਤਾ ਦੀਆਂ ਭਾਈਵਾਲ ਧਿਰਾਂ ਦੇ ਨਜ਼ਦੀਕੀ ਜਾਂ ਇਕ ਲਫ਼ਜ਼ ਕਿ ਉਹ ਤਾਂ ਸੋਧਵਾਦੀ ਹਨ ਆਦਿ ਨਾਲ ਵਾਰ ਵਾਰ ਇਨ੍ਹਾਂ ਦਸਤਾਵੇਜ਼ਾਂ ਵਿਚ ਦਰਜ ਕੀਤਾ ਗਿਆ ਹੈ। ਵਿਦਿਆਰਥੀ ਲਹਿਰ ਕਈ ਸਮਿਆਂ 'ਤੇ ਖੱਬੇ ਮਾਅਰਕੇਬਾਜ਼ੀ ਵਾਲੇ ਝੁਕਾਅ ਵੱਲ ਸਪਸ਼ਟ ਦਿਖਾਈ ਦਿੰਦੀ ਹੈ। ਲੜਨ ਅਤੇ ਸੰਘਰਸ਼ ਕਰਨ ਦੇ ਢੰਗ ਤਰੀਕਿਆਂ ਤੇ ਨਾਲ ਨਾਲ ਜੋ ਤੱਤੇ ਵਿਚਾਰਾਂ ਨੂੰ ਵੀ ਦਰਸਾਉਂਦੀ ਹੈ ਜਿਹੜੀ ਵੱਖ ਵੱਖ ਸੰਘਰਸ਼ਾਂ ਦੀਆਂ ਰਿਪੋਰਟਾਂ ਵਿਚ ਝਲਕਦੀ ਹੈ।

ਸਭ ਤੋਂ ਵੱਡਾ ਸਵਾਲ ਲੇਖਕ (ਪ੍ਰੋ. ਅਜਾਇਬ ਸਿੰਘ ਟਿਵਾਣਾ) ਖ਼ੁਦ ਖੜ੍ਹਾ ਕਰਦਾ ਹੈ ਕਿ ਕੀ ਵਿਦਿਆਰਥੀ ਜਥੇਬੰਦੀ ਬਣਾਉਣ ਦਾ ਆਧਾਰ ਵਿਦਿਆਰਥੀ ਮੰਗਾਂ ਹੋਣ ਜਾਂ ਸਿਆਸੀ ਹੋਵੇ। ਇਸੇ ਤਰ੍ਹਾਂ ਇਕ ਸਾਂਝੀ ਜਥੇਬੰਦੀ ਵਿਚ ਵੱਖ ਵੱਖ ਸਿਆਸੀ ਵਿਚਾਰ ਰੱਖਣ ਵਾਲੀਆਂ ਧਿਰਾਂ ਸਮੋਈਆਂ ਜਾ ਸਕਦੀਆਂ ਹਨ। ਇਸੇ ਤਰ੍ਹਾਂ ਸਭ ਤੋਂ ਗੰਭੀਰ ਸਵਾਲ ਕਿ ਕੀ ਪੀਐਸਯੂ ਦਾ ਇਹ ਤਜਰਬਾ ਫੇਲ੍ਹ ਹੋਇਆ ਹੈ। ਇਸ ਦੇ ਨਾਲ ਹੀ ਵੱਖ ਵੱਖ ਧਿਰਾਂ ਤੋਂ ਲੈ ਕੇ ਸਿਆਸੀ ਪਾਰਟੀਆਂ ਆਪਣੇ ਵਿੰਗ ਬਣਾਉਂਦੀਆਂ ਹਨ ਉਨ੍ਹਾਂ ਵਿੰਗਾਂ ਨੂੰ ਹੀ ਜਥੇਬੰਦੀ ਕਿਹਾ ਜਾਵੇ ਇਸ ਦੇ ਉਪਰ ਦੀ ਸਭ ਤੋਂ ਅਹਿਮ ਸਵਾਲ ਕਿ ਸਿਆਸੀ ਧਿਰਾਂ ਦੀ ਹੋਂਦ ਦੇ ਬਾਵਜੂਦ ਘੱਟੋ ਘੱਟ ਸਾਂਝਾ ਪ੍ਰੋਗਰਾਮ ਵਰਤਮਾਨ ਪੰਜਾਬ ਵਿਚ ਚੱਲ ਸਕਦਾ ਹੈ। ਇਨ੍ਹਾਂ ਗੁੰਝਲਦਾਰ ਸਵਾਲਾਂ ਦਾ ਜਵਾਬ ਬੜੀ ਲੰਬੀ ਲਿਖਤ ਦੀ ਮੰਗ ਕਰਦਾ ਹੈ। ਕਿਉਂਕਿ ਲਗਾਤਾਰ ਜਿਸ ਕਿਸਮ ਨਾਲ ਰਾਜਨੀਤੀ ਵਿਚ ਤਬਦੀਲੀ/ਟਕਰਾਅ ਅਤੇ ਸਮਝਾਂ ਉਤਪੰਨ ਹੁੰਦੀਆਂ ਹਨ ਉਹ ਵਿਦਿਆਰਥੀ ਵਰਗ ਨੂੰ ਪ੍ਰਭਾਵਿਤ ਕਰਦੀਆਂ ਹਨ। ਪੰਜਾਬ ਦੇ ਇਨ੍ਹਾਂ ਦੌਰਾਂ ਵਿਚ ਜਿਸ ਪੱਧਰ ਦੇ ਵੱਡੇ ਰਾਜਨੀਤਕ ਸੰਘਰਸ਼ ਅਤੇ ਸਮੱਸਿਆਵਾਂ ਉਤਪੰਨ ਹੁੰਦੀਆਂ ਹਨ ਉਨ੍ਹਾਂ ਨੇ ਵੱਖੋ ਵੱਖਰੀਆਂ ਵਿਦਿਆਰਥੀ ਧਿਰਾਂ ਅਤੇ ਜਥੇਬੰਦੀਆਂ ਨੂੰ ਹੋਂਦ ਵਿਚ ਲਿਆਂਦਾ ਹੈ। ਜਿਸ ਦਾ ਪ੍ਰਭਾਵ ਸਮੁੱਚੇ ਪੰਜਾਬ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਉਪਰ ਪਿਆ ਹੈ। ਇਸ ਦੌਰ ਦੀ ਇਤਿਹਾਸਕਾਰੀ ਵਿਚ ਵਿਦਿਆਰਥੀਆਂ ਦੇ ਮਸਲਿਆਂ ਸਬੰਧੀ ਆਈਆਂ ਸਮੱਸਿਆਵਾਂ ਅਤੇ ਵਿਦਿਅਕ ਖੇਤਰ ਵਿਚ ਆਏ ਖੜੋਤਾਂ ਬਾਰੇ ਇਕ ਡੂੰਘੇ ਵਿਸ਼ਲੇਸ਼ਣ ਦੀ ਜ਼ਰੂਰਤ ਹੈ।

ਅਜੋਕਾ ਦੌਰ ਜਿਸ ਕਿਸਮ ਨਾਲ ਚੱਲ ਰਿਹਾ ਹੈ ਲਗਾਤਾਰ ਸਿੱਖਿਆ ਦੇ ਮਸਲੇ ਵਧਦੇ ਜਾ ਰਹੇ ਹਨ ਅਤੇ ਨਵੀਆਂ ਸਮੱਸਿਆਵਾਂ ਜੁੜਦੀਆਂ ਜਾ ਰਹੀਆਂ ਹਨ। ਇਕਜੁਟ ਵਿਦਿਆਰਥੀ ਲਹਿਰ ਤੋਂ ਬਿਨਾਂ ਇਨ੍ਹਾਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਹੈ। ਲਗਾਤਾਰ ਘਟਾ ਵਾਲੀ ਸਥਿਤੀ ਨੇ ਵਿਦਿਆਰਥੀਆਂ ਦੇ ਛੋਟੇ ਛੋਟੇ ਵਿੰਗਾਂ ਨੂੰ ਤਾਂ ਹੋਂਦ ਵਿਚ ਰੱਖਿਆ ਹੋਇਆ ਹੈ ਪ੍ਰੰਤੂ ਕੋਈ ਵੱਡੀ ਸਿੱਖਿਆ ਦੇ ਸਵਾਲ 'ਤੇ ਲਹਿਰ ਅਤੇ ਸਮਝਦਾਰੀ ਵਿਦਿਅਕ ਅਦਾਰਿਆਂ ਵਿਚ ਕਾਰਜਸ਼ੀਲ ਨਹੀਂ ਹੈ। ਸਿੱਖਿਆ ਪ੍ਰਬੰਧ ਅਤੇ ਉਸ ਨਾਲ ਜੁੜੀਆਂ ਹੋਰ ਸਮੱਸਿਆਵਾਂ ਨੂੰ ਜੇ ਕੇਂਦਰ ਵਿਚ ਰੱਖਾਂਗੇ ਉਸ ਦੇ ਨਾਲ ਹੀ ਜਿਸ ਕਿਸਮ ਦੀਆਂ ਨੀਤੀਆਂ ਅਤੇ ਹੁਕਮਰਾਨਾ ਦੀ ਦਿਸ਼ਾ ਹੋਵੇਗੀ। ਉਨ੍ਹਾਂ ਪ੍ਰਤੀ ਸਹੀ ਨਜ਼ਰੀਆ ਅਤੇ ਸਮਝ ਇਸ ਆਧਾਰ 'ਤੇ ਹੋਵੇ ਕਿ ਵਿਦਿਆਰਥੀ ਹਿੱਤਾਂ ਦੀ ਰਾਖੀ ਕਿਵੇਂ ਕੀਤੀ ਜਾ ਸਕਦੀ ਹੈ। ਜੇ ਮੁੱਖ ਤੌਰ 'ਤੇ ਵਿਦਿਆਰਥੀ ਏਜੰਡੇ 'ਤੇ ਹੋਣਗੇ ਉਨ੍ਹਾਂ ਦੇ ਮਸਲੇ ਅਤੇ ਉਨ੍ਹਾਂ ਦੀ ਸਿੱਖਿਆ ਦੇ ਸਵਾਲ ਕੇਂਦਰ ਵਿਚ ਰੱਖ ਕੇ ਯੂਨੀਅਨ ਬਣਾਈ ਜਾਵੇਗੀ ਤਾਂ ਇਸ ਦੀਆਂ ਪ੍ਰਾਪਤੀਆਂ ਵੱਖ ਵੱਖ ਵਿਚਾਰਾਂ ਵਾਲੀਆਂ ਧਿਰਾਂ ਨਾਲੋਂ ਕਈ ਗੁਣਾਂ ਵੱਡੀਆਂ ਹੋਣਗੀਆਂ। ਸਿਆਸੀ ਵਿਚਾਰਾਂ ਦਾ ਵੱਖੋ ਵੱਖਰਾ ਹੋਣਾ ਤੇ ਆਪੋ ਆਪਣੇ ਹਿੱਸਿਆਂ ਨਾਲ ਜੁੜੇ ਫਰੰਟਾਂ ਨੂੰ ਸਿੱਖਿਅਤ ਕਰਨਾ ਇਹ ਸਿਆਸੀ ਪਾਰਟੀਆਂ ਦੁਨੀਆ ਭਰ ਵਿਚ ਕਰਦੀਆਂ ਰਹਿੰਦੀਆਂ ਹਨ। ਵੱਡੇ ਵੱਡੇ ਤਜਰਬੇ ਇਹ ਹੋਏ ਹਨ ਕਿ ਸਿੱਖਿਆ 'ਤੇ ਸਵਾਲ ਉਤੇ ਬਹੁਗਿਣਤੀ ਸਮਾਜ ਇਕਜੁਟ ਹੋ ਜਾਂਦਾ ਹੈ। ਅਜੋਕੇ ਦੌਰ ਵਿਚ ਜਦੋਂ ਸਿੱਖਿਆ ਦਾ ਸੰਕਟ ਬੇਹੱਦ ਗੰਭੀਰ ਹੈ। ਜੇ ਖ਼ੁਦ ਪੀਐਸਯੂ ਦੇ ਇਤਿਹਾਸ ਦੇ ਦਸਤਾਵੇਜ਼ਾਂ ਨੂੰ ਹੀ ਮੁਲਾਂਕਣ ਹੇਠ ਲਿਆਈਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਸ ਸਮੇਂ ਹੀ ਵੱਡੀਆਂ ਪ੍ਰਾਪਤੀਆਂ ਹੋਈਆਂ ਹਨ ਜਦੋਂ ਸਾਂਝੇ ਸੰਘਰਸ਼ ਲੜੇ ਗਏ ਹਨ। ਪਿਛਲੇ ਸਮੇਂ ਵਿਚ ਜੋ ਕਿਸਾਨੀ ਦਾ ਅੰਦੋਲਨ ਸਿਰਫ਼ ਤਿੰਨ ਕਾਨੂੰਨਾਂ ਦੇ ਸਵਾਲ 'ਤੇ ਸੀ। ਭਲਾ ਹੀ ਉਸ ਵਿਚ ਦਰਜਨਾਂ ਜਥੇਬੰਦੀਆਂ ਸਨ ਅਤੇ ਕਈ ਕਿਸਮ ਦੇ ਰਾਜਨੀਤਕ ਗਰੁੱਪ ਭਾਈਵਾਲ ਸਨ ਪ੍ਰੰਤੂ ਕੇਂਦਰੀ ਨੁਕਤਾ ਕਿਸਾਨੀ ਦਾ ਮਸਲਾ ਸੀ ਅਤੇ ਕਿਸਾਨ ਜਥੇਬੰਦੀਆਂ ਨੇ ਇਹ ਇਤਿਹਾਸਕ ਘੋਲ ਜਿੱਤ ਕੇ ਦਿਖਾਇਆ ਹੈ। ਇਸ ਕਰਕੇ ਜੋ ਸਾਡਾ ਨਜ਼ਰੀਆ ਅਤੇ ਦ੍ਰਿਸ਼ਟੀਕੋਣ ਹੋਣਾ ਚਾਹੀਦਾ ਹੈ ਕਿ ਜਿਸ ਕਿਸਮ ਨਾਲ ਪੰਜਾਬ ਦੀ ਸਿੱਖਿਆ ਬੇਹੱਦ ਗੰਭੀਰ ਸੰਕਟ ਵਿਚੋਂ ਗੁਜ਼ਰ ਰਹੀ ਹੈ। ਬੇਤਿਹਾਸਾ ਫੀਸਾਂ ਵਿਚ ਵਾਧਾ ਅਤੇ ਇਸ ਦੇ ਨਾਲ ਹੀ ਨਿੱਜੀਕਰਨ ਦੀ ਪ੍ਰਕਿਰਿਆ ਮੱਧ ਵਰਗ ਤੋਂ ਲੈ ਕੇ ਇਕ ਉਚ ਵਰਗ ਦੀ ਸ਼੍ਰੇਣੀ ਦਾ ਵੀ ਬੁਰਾ ਹਾਲ ਕਰਦੀ ਆ ਰਹੀ ਹੈ। ਇਸ ਦੇ ਨਾਲ ਹੀ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚਲੀ ਬੌਧਿਕ ਸਮਰੱਥਾ ਨੂੰ ਇਕ ਵਿਸ਼ੇਸ਼ ਏਜੰਡੇ ਤਹਿਤ ਤਬਦੀਲ ਕਰਨ ਲਈ ਕੌਮੀ ਸਿੱਖਿਆ ਨੀਤੀ 2020 ਦੀ ਪ੍ਰਕਿਰਿਆ ਤੇਜ਼ੀ ਨਾਲ ਲਾਗੂ ਕੀਤੀ ਜਾ ਰਹੀ ਹੈ। ਤਰਾਸਦਿਕ ਪਹਿਲੂ ਇਹ ਹੈ ਕਿ ਵਿਦਿਆਰਥੀ ਹਿੱਤਾਂ ਨਾਲੋਂ ਵੱਖ ਵੱਖ ਗਰੁੱਪਾਂ ਦੀ ਸੰਕੀਰਨ ਸਮਝਦਾਰੀ ਅਤੇ ਸੋਝੀ ਵਿਦਿਆਰਥੀ ਵਿੰਗਾਂ/ਧਿਰਾਂ ਵਿਚ ਕਾਰਜਸ਼ੀਲ ਹੈ। ਜਿਹੜੀ ਲਗਾਤਾਰ ਵੱਖ ਵੱਖ ਛੋਟੇ-ਮੋਟੇ ਆਪਣੇ ਫਰੰਟਾਂ ਦੇ ਤੌਰ 'ਤੇ ਹੀ ਵਿਦਿਆਰਥੀ ਵਿੰਗਾਂ ਨੂੰ ਸਮਝਦੀ ਅਤੇ ਵਿਕਸਿਤ ਕਰਦੀ ਹੈ ਅਤੇ ਆਪਣੀਆਂ ਲੋੜ ਦੀ ਪੂਰਤੀ ਲਈ ਵੱਖ ਵੱਖ ਅਦਾਰਿਆਂ ਵਿਚ ਆਪਣੇ ਵਿੰਗ ਅਤੇ ਆਪਣੀ ਸੋਝੀ ਅਨੁਸਾਰ ਸੰਘਰਸ਼ਾਂ ਨੂੰ ਮਦਦ ਪ੍ਰਦਾਨ ਕਰਦੀ ਹੈ। ਇਹ ਸਥਿਤੀ ਅੱਜ ਹੋਰ ਵੀ ਭਿਆਨਕ ਹੈ ਕਿਉਂਕਿ ਕਿਸੇ ਵੀ ਕਿਸਮ ਨਾਲ ਸਹੀ ਸੋਝੀ ਰਾਜਨੀਤਕ ਖੇਤਰ ਵਿਚ ਵੀ ਪ੍ਰਦਾਨ ਨਹੀਂ ਕੀਤੀ ਜਾ ਰਹੀ। ਅਤੀਤ ਦੀਆਂ ਪ੍ਰਾਪਤੀਆਂ ਉਪਰ ਹੀ ਗੁਜ਼ਾਰਾ ਕੀਤਾ ਜਾ ਰਿਹਾ ਹੈ। ਇਨ੍ਹਾਂ ਮੁੱਲਵਾਨ ਦਸਤਾਵੇਜ਼ਾਂ ਦੀ ਗੰਭੀਰ ਚੀਰਫਾੜ ਕਰਨਾ ਅਤੇ ਇਤਿਹਾਸ ਦੇ ਪੰਨਿਆਂ 'ਤੇ ਕਿਸਮ ਦੀਆਂ ਪ੍ਰਾਪਤੀਆਂ ਪੀਐਸਯੂ ਦਰਜ ਕਰਵਾ ਚੁੱਕੀ ਹੈ ਅਤੇ ਭਵਿੱਖ ਦੇ ਨਤੀਜਿਆਂ ਅਤੇ ਦਿਸ਼ਾਵਾਂ ਨੂੰ ਵਿਕਸਿਤ ਕਰਨ ਲਈ ਇਹ ਦਸਤਾਵੇਜ਼ੀ ਕਾਰਜ ਕਈ ਦ੍ਰਿਸ਼ਟੀਕੋਣਾਂ ਤੋਂ ਡੂੰਘੇ ਅਧਿਐਨ ਦੀ ਮੰਗ ਕਰਦਾ ਹੈ। ਵੱਖੋ ਵੱਖਰੇ ਪਹਿਲੂਆਂ ਜਿਨ੍ਹਾਂ ਵਿਚ ਪੰਜਾਬ ਅਤੇ ਦੇਸ਼ ਦੀ ਸਮਾਜਿਕ ਤਬਦੀਲੀ ਦੀ ਚਾਲ ਅਤੇ ਢਾਲ ਦੇ ਨਾਲ ਨਾਲ ਵਿਦਿਆਰਥੀਆਂ ਦੇ ਵੱਖੋ ਵੱਖਰੇ ਸਰੋਕਾਰ ਅਤੇ ਵੰਨਗੀਆਂ ਨੂੰ ਡੂੰਘਾਈ ਨਾਲ ਸਮਝ ਕੇ ਇਕ ਵੱਡੀ ਵਿਦਿਆਰਥੀ ਲਹਿਰ ਦੀ ਜ਼ਰੂਰਤ ਹੈ ਜਿਸ ਦਾ ਜ਼ਿਕਰ ਹਰੇਕ ਸਮੇਂ ਵੱਖ ਵੱਖ ਪੰਜਾਬ ਸਟੂਡੈਂਟਸ ਯੂਨੀਅਨ ਦੀਆਂ ਲਿਖਤਾਂ ਵਿਚੋਂ ਮਿਲਦਾ ਤਾਂ ਹੈ ਪ੍ਰੰਤੂ ਹਕੀਕੀ ਰੂਪ ਵਿਚ ਉਹ ਲਾਗੂ ਨਹੀਂ ਹੋਇਆ ਜਾਂ ਕੀਤਾ ਜਾ ਸਕਿਆ। ਇਹ ਤਰਾਸਦੀ ਅਜੋਕੇ ਦੌਰ ਵਿਚ ਵੀ ਵਾਪਰ ਰਹੀ ਹੈ ਜਿਸ ਕਰਕੇ ਵਿਦਿਆਰਥੀ ਜਥੇਬੰਦੀਆਂ ਅਤੇ ਉਨ੍ਹਾਂ ਦੀ ਸ਼ਾਨਦਾਰ ਹੋਂਦ ਬਾਰੇ ਕਈ ਕਿਸਮ ਦੇ ਸਵਾਲ ਚੇਤੰਨ ਹਿੱਸਿਆਂ ਨੂੰ ਪ੍ਰੇਸ਼ਾਨ ਕਰਦੇ ਹਨ। ਲੋੜ ਇਸ ਗੱਲ ਦੀ ਹੈ ਕਿ ਅਤੀਤ ਦੀਆਂ ਪ੍ਰਾਪਤੀਆਂ ਅਤੇ ਅਪ੍ਰਾਪਤੀਆਂ ਤੋਂ ਸਬਕ ਸਿੱਖ ਕੇ ਅਗਾਂਹ ਵਧਣ ਦਾ ਜੇਰਾ ਕਰੀਏ।

*ਵੱਡੇ ਮੁਲਕਾਂ ਵਿਚ ਪੈਰ ਫਸਾਉਂਦੀ ਮੋਦੀ ਦੀ ਅਮਰੀਕਾ ਫੇਰੀ*

# ਹਥਿਆਰਾਂ ਦੀ ਦੌੜ ਭਾਰਤੀ ਲੋਕਾਂ ਲਈ ਨਵਾਂ ਸੰਕਟ



*ਦੁਨੀਆ ਉਪਰ ਜਿਸ ਕਿਸਮ ਨਾਲ ਦੂਸਰੀ ਸੰਸਾਰ ਜੰਗ ਤੋਂ ਬਾਅਦ ਅਮਰੀਕਾ ਦਾ ਦਬਦਬਾ ਹਥਿਆਰਾਂ ਦੇ ਖੇਤਰ ਵਿਚ ਵਧਿਆ ਹੈ। ਹਾਲਾਂਕਿ ਉਸ ਦੇ ਇਰਦ-ਗਿਰਦ ਕੋਈ ਵੀ ਉਸ ਨੂੰ ਖਤਰਾ ਨਹੀਂ। ਅੰਦਾਜ਼ਨ ਇਕ ਹਜ਼ਾਰ ਬਿਲੀਅਨ ਡਾਲਰ ਹਥਿਆਰਾਂ ਉਪਰ ਹੀ ਖਰਚ ਕਰਦਾ ਹੈ ਅਤੇ ਮੁੜ ਕੇ ਉਨ੍ਹਾਂ ਨੂੰ ਏਸ਼ੀਆ ਅਤੇ ਅਰਬ ਦੇ ਖਿੱਤਿਆਂ ਵਿਚ ਵੱਖ ਵੱਖ ਮੁਲਕਾਂ ਦਰਮਿਆਨ ਦੁਸ਼ਮਣੀਆਂ ਉਤਪੰਨ ਕਰਕੇ ਅਤੇ ਚੱਲ ਰਹੀਆਂ ਦੁਸ਼ਮਣੀਆਂ ਨੂੰ ਹੱਲਾਸ਼ੇਰੀ ਦੇ ਕੇ ਕੇ ਜੰਗਾਂ ਵਿਚ ਪਾ ਦਿੰਦਾ ਹੈ। ਜਾਪਾਨੀ ਲੋਕਾਂ ਉਪਰ ਜਿਸ ਕਿਸਮ ਨਾਲ ਹੀਰੋਸ਼ੀਮਾ ਅਤੇ ਨਾਕਾਸਾਕੀ ਉਪਰ ਬੰਬ ਸੁੱਟ ਕੇ ਤਬਾਹੀ ਕੀਤੀ ਗਈ, ਵੀਅਤਨਾਮ ਨੂੰ ਤਬਾਹ ਕੀਤਾ, ਇਰਾਨ, ਇਰਾਕ ਜੰਗ ਵਿਚ ਤਬਾਹੀ ਮਚਾਈ, ਇਜ਼ਰਾਇਲ ਨੂੰ ਪੱਕਾ ਹਥਿਆਰਾਂ ਦਾ ਅੱਡਾ ਬਣਾ ਲਿਆ ਗਿਆ। ਨਿੱਤ ਇਰਾਨ ਨਾਲ ਦੁਸ਼ਮਣੀ ਦਿਖਾ ਕੇ ਨੇੜੇ ਦੇ ਮੁਲਕਾਂ ਨੂੰ ਹਥਿਆਰ ਦੇ ਰਿਹਾ ਹੈ ਅਤੇ ਹੁਣ ਜੋ ਪਹਿਲਾਂ ਹੀ ਸੰਕਟਗ੍ਰਸਤ ਭਾਰਤ ਹੈ ਉਸ ਨੂੰ ਚੀਨ ਦਾ ਖਤਰਾ ਜੋ ਉਸ ਲਈ ਖ਼ੁਦ ਵੱਡਾ ਖਤਰਾ ਹੈ ਭਾਰਤ ਨੂੰ ਹਥਿਆਰ ਵੇਚ ਰਿਹਾ ਹੈ। ਆਉਣ ਵਾਲਾ ਸਮਾਂ ਇਸ ਖਿੱਤੇ ਦਾ ਬੇਹੱਦ ਭਿਆਨਕ ਹੋਵੇਗਾ। ਚਾਰੇ ਪਾਸੇ ਚੀਨ ਅਤੇ ਭਾਰਤ ਦੇ ਆਪਸੀ ਟਕਰਾਅ ਵਧੇ ਹੋਏ ਹਨ। ਛੋਟੇ ਛੋਟੇ ਮੁਲਕਾਂ ਨਾਲ ਲਗਾਤਾਰ ਟਕਰਾਅ ਚਲਦੇ ਰਹਿੰਦੇ ਹਨ। ਇਸ ਦਿਸ਼ਾ ਵੱਲ ਭਾਰਤ ਦਾ ਹੁਕਮਰਾਨ ਮੋਦੀ ਹੋਰ ਵਧ ਰਿਹਾ ਹੈ। ਇਸ ਦੀਆਂ ਪਰਤਾਂ ਨੂੰ ਲਗਾਤਾਰ ਫਰੋਲਣ ਅਤੇ ਸਮਝਣ ਦਾ ਯਤਨ ਕਰਨਾ ਸਮੇਂ ਦੀ ਲੋੜ ਹੈ। - ਸੰਪਾਦਕ*

**ਨਵਜੋਤ ਨਵੀ**

ਕੁੱਝ ਦਿਨ ਪਹਿਲਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੰਯੁਕਤ ਰਾਜ ਅਮਰੀਕਾ (ਅੱਗੇ ਅਮਰੀਕਾ) ਫੇਰੀ ਮੁਕੰਮਲ ਹੋਈ ਹੈ। ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਜੋਅ ਬਾਈਡਨ ਦੇ ਕਾਰਜਕਾਲ ਸਮੇਂ ਇਹ ਕਿਸੇ ਵੀ ਦੇਸ਼ ਦੇ ਮੁਖੀ ਦੀ ਸਿਰਫ ਤੀਜੀ 'ਰਾਜ ਫੇਰੀ' ਸੀ। ਮੌਜੂਦਾ ਕੌਮਾਂਤਰੀ ਰਿਸ਼ਤਿਆਂ ਵਿੱਚ 'ਰਾਜ ਫੇਰੀ' ਇੱਕ ਦੇਸ਼ ਦੀ ਰਾਜਸੱਤ੍ਹਾ ਦੇ ਮੁਖੀ ਵੱਲੋਂ ਦੂਜੇ ਦੇਸ਼ ਦੀ ਰਾਜਸੱਤ੍ਹਾ ਦੇ ਮੁਖੀ ਵੱਲ ਰਸਮੀ ਫੇਰੀ ਦਾ ਉੱਚਤਮ ਰੂਪ ਮੰਨਿਆ ਜਾਂਦਾ ਹੈ ਤੇ 'ਰਾਜ ਫੇਰੀ' ਦਾ ਦਰਜਾ 'ਅਧਿਕਾਰਤ ਫੇਰੀ' ਨਾਲੋਂ ਕਿਤੇ ਵਧੇਰੇ ਹੁੰਦਾ ਹੈ। ਜੋਅ ਬਾਈਡਨ ਨੇ ਇਸ ਤੋਂ ਪਹਿਲਾਂ ਸਿਰਫ ਫਰਾਂਸ ਦੇ ਰਾਸ਼ਟਰਪਤੀ ਮੈਕਰੋਨ ਤੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਸੁੱਕ ਯੇਓਲ ਨੂੰ ਹੀ 'ਰਾਜ ਫੇਰੀ' ਉੱਤੇ ਅਮਰੀਕਾ ਸੱਦਿਆ ਸੀ। ਮੋਦੀ ਦੀ 'ਰਾਜ ਫੇਰੀ' ਦੌਰਾਨ ਅਮਰੀਕਾ ਦੇ ਅਧਿਕਾਰੀਆਂ ਖਾਸ ਕਰਕੇ ਰਾਸ਼ਟਰਪਤੀ ਜੋਅ ਬਾਈਡਨ ਵੱਲੋਂ ਚੰਗੀ ਆਓ ਭਗਤ ਕੀਤੀ ਗਈ। ਮੋਦੀ ਵੱਲੋਂ ਅਮਰੀਕਾ ਦੀ ਕਾਂਗਰਸ ਅੱਗੇ ਇੱਕ ਘੰਟੇ ਦਾ ਭਾਸ਼ਣ ਦਿੱਤਾ ਗਿਆ, ਜਿਸਦਾ ਭਾਵੇਂ ਕਿ ਕੁੱਝ ਸਿਆਸਤਦਾਨਾਂ ਨੇ ਬਾਈਕਾਟ ਕੀਤਾ, ਪਰ ਅਮਰੀਕੀ ਸਰਕਾਰ ਵੱਲੋਂ ਅਜਿਹਾ ਇੰਤਜ਼ਾਮ ਕੀਤਾ ਗਿਆ ਸੀ ਕਿ ਦਰਸ਼ਕਾਂ ਵਿੱਚੋਂ ਮੋਦੀ ਦੇ ਚਲਦੇ ਭਾਸ਼ਣ ਵਿੱਚ ਅਕਸਰ 'ਮੋਦੀ, ਮੋਦੀ' ਦੇ ਨਾਅਰੇ ਗੂੰਜਦੇ ਸਨ। ਇਸ ਤੋਂ ਇਲਾਵਾ ਦੋ ਵਾਰ ਅਮਰੀਕਾ ਦੇ ਰਾਸ਼ਟਪਤੀ ਨਾਲ਼ ਖਾਣਾ, ਦੋ ਘੰਟੇ ਦੀ ਗੁਪਤ ਮੀਟਿੰਗ, ਮੋਦੀ ਦੇ ਸਵਾਗਤ ਲਈ ਵ੍ਹਾਈਟ ਹਾਊਸ (ਅਮਰੀਕਾ ਦੇ ਰਾਸ਼ਟਰਪਤੀ ਦਾ ਭਵਨ) ਵਿੱਚ 7000 ਲੋਕਾਂ ਦਾ ਇਕੱਠ ਤੇ ਉਸ ਵਿੱਚ ਗ੍ਰੈਮੀ ਇਨਾਮ ਜੇਤੂ ਰਿਕੀ ਕੇਜ ਵੱਲੋਂ ਸੰਗੀਤ ਵਜਾਉਣਾ, ਅਮਰੀਕਾ ਦੀਆਂ ਸਭ ਤੋਂ ਵੱਡੀਆਂ ਕੰਪਨੀਆਂ ਦੇ ਨੁਮਾਇੰਦਿਆਂ ਜਿਵੇਂ ਏਲੋਨ ਮਸਕ, ਸੁੰਦਰ ਪਿਚਾਈ ਆਦਿ ਨਾਲ਼ ਮੁਲਾਕਾਤ ਆਦਿ ਆਦਿ ਕਈ ਅਜਿਹੇ ਪ੍ਰੋਗਰਾਮ ਮੋਦੀ ਨੂੰ ਪਲੋਸਣ ਲਈ ਪੇਸ਼ ਕੀਤੇ ਗਏ। ਇਸ ਫੇਰੀ ਦੌਰਾਨ ਹੋਈ ਸਮਝੌਤਿਆਂ ਦੀ ਥੋੜ੍ਹੀ ਚਰਚਾ ਅੱਗੇ ਚਲਕੇ ਲੇਖ ਵਿੱਚ ਕੀਤੀ ਜਾਵੇਗੀ ਪਰ ਇੱਥੇ ਸਵਾਲ ਇਹ ਬਣਦਾ ਹੈ ਕਿ ਆਖਰਕਾਰ ਅਮਰੀਕਾ ਨੂੰ ਇਸ ਸਮੇਂ ਅਜਿਹੀ ਕੀ ਲੋੜ ਸੀ ਕਿ ਸਰਕਾਰ ਨੇ ਨਰਿੰਦਰ ਮੋਦੀ ਨੂੰ ਚਾਭਲਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ। ਆਖਿਰ ਕਿਸ ਲੋੜ ਵਿੱਚੋਂ ਅਮਰੀਕਾ ਦੀ ਸਰਕਾਰ, ਜੋ ਡੋਨਾਲਡ ਟਰੰਪ ਦੇ ਕਾਰਜਕਾਲ ਦੌਰਾਨ ਭਾਰਤ ਨਾਲ਼ ਸਬੰਧਾਂ ਵਿੱਚ ਕੁੱਝ ਹਮਲਾਵਰ ਰੁੱਖ ਅਖਤਿਆਰ ਕਰ ਰਹੀ ਸੀ, ਨੂੰ ਮੋਦੀ ਨੂੰ 'ਰਾਜ ਫੇਰੀ' ਦਾ ਸਨਮਾਨ ਦੇਣਾ ਪਿਆ ਤੇ ਇਸ ਸਮੇਂ ਕਈ ਤਰ੍ਹਾਂ ਦੇ ਵਾਅਦੇ ਵੀ ਭਾਰਤ ਸਰਕਾਰ ਨਾਲ਼ ਕੀਤੇ? ਆਖਰ ਅਮਰੀਕਾ ਦੇ ਹਾਕਮ ਬਦਲੇ ਵਿੱਚ ਭਾਰਤ ਦੇ ਹਾਕਮਾਂ ਤੋਂ ਕੀ ਉਮੀਦ ਰੱਖਦੇ ਹਨ ਤੇ ਇਸਦਾ ਭਾਰਤ ਦੀ ਲੋਕਾਈ ਲਈ ਕੀ ਅਰਥ ਹੈ?

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਵੱਲੋਂ ਜੋ ਮੋਦੀ ਦੀ ਆਓਭਗਤ ਕੀਤੀ ਗਈ ਹੈ, ਇਸ ਪਿੱਛੇ ਅਮਰੀਕਾ ਦੇ ਕੋਝੇ ਸਾਮਰਾਜੀ ਮਨਸੂਬੇ ਹਨ। ਅਮਰੀਕੀ ਹਾਕਮ ਭਾਰਤ ਦੇ ਹਾਕਮਾਂ ਨੂੰ ਮੂਹਰੇ ਲਾਕੇ ਚੀਨ ਦੀ ਚੜ੍ਹਤ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰਨਾ ਚਾਹੁੰਦੇ ਹਨ। ਅਮਰੀਕਾ ਦੂਜੀ ਸੰਸਾਰ ਜੰਗ ਤੋਂ ਮਗਰੋਂ ਅੰਗਰੇਜ ਸਮਾਰਾਜ ਦੇ ਮੁਕਾਬਲਤਨ ਕਮਜ਼ੋਰ ਹੋ ਜਾਣ ਮਗਰੋਂ ਸੰਸਾਰ ਦੀ ਸਭ ਤੋਂ ਵੱਡੀ ਸਾਮਰਾਜੀ ਤਾਕਤ ਦੇ ਰੂਪ ਵਿੱਚ ਉੱਭਰਿਆ ਤੇ 1976 ਵਿੱਚ ਦੁਨੀਆ ਵਿੱਚ ਸਮਾਜਵਾਦ ਨੂੰ ਲੱਗੀ ਪਛਾੜ ਤੇ 1991 ਵਿੱਚ ਸਾਮਰਾਜੀ ਸੋਵੀਅਤ ਯੂਨੀਅਨ (ਸੋਵੀਅਤ ਯੂਨੀਅਨ 1956 ਤੱਕ ਹੀ ਇੱਕ ਸਮਾਜਵਾਦੀ ਮੁਲਕ ਸੀ) ਦੇ ਢਹਿਢੇਰੀ ਹੋਣ ਮਗਰੋਂ ਸੰਸਾਰ ਵਿੱਚ ਇਸਦੇ ਮੇਚ ਦਾ ਕੋਈ ਮੁਕਾਬਲੇਬਾਜ਼ ਨਹੀਂ ਸੀ ਰਿਹਾ। ਭਾਵੇਂ ਇਸ ਦਾ ਇਹ ਮਤਲਬ ਨਹੀਂ ਕਿ ਦੁਨੀਆਂ ਵਿੱਚ ਸਾਮਰਾਜੀ ਖਹਿਭੇੜ ਖਤਮ ਹੋ ਚੁੱਕਿਆ ਸੀ, ਜਿਵੇਂ ਕੁੱਝ ਵਿਦਵਾਨਾਂ ਨੇ ਉਦੋਂ ਸਾਬਤ ਕਰਨ ਉੱਤੇ ਲੱਕ ਬੰਨ੍ਹਿਆ ਹੋਇਆ ਸੀ, ਪਰ ਵਕਤੀ ਤੌਰ ਉੱਤੇ ਸੰਯੁਕਤ ਰਾਜ ਅਮਰੀਕਾ ਦੀ ਚੌਧਰ ਸੀ। ਇਹ ਹਾਲਤ 21ਵੀਂ ਸਦੀ ਵਿੱਚ ਬਦਲਣ ਲੱਗੀ, ਖਾਸ ਤੌਰ 'ਤੇ 2008 ਦੇ ਆਰਥਿਕ ਸੰਕਟ ਮਗਰੋਂ (ਭਾਵੇਂ ਇਸਦੀਆਂ ਕਨਸੋਆਂ ਪਹਿਲਾਂ ਵੀ ਆਉਣ ਲੱਗੀਆਂ ਸਨ) ਜਿਸ ਵਿੱਚ ਅਮਰੀਕਾ ਦਾ ਅਰਥਚਾਰਾ ਕਾਫੀ ਪ੍ਰਭਾਵਤ ਹੋਇਆ ਪਰ ਚੀਨੀ ਅਰਥਚਾਰਾ ਇਸ ਦੇ ਸੇਕ ਤੋਂ ਲਗਭਗ ਬਚਿਆ ਰਿਹਾ। 21ਵੀਂ ਸਦੀ ਦੀ ਸ਼ੁਰੂਆਤ ਤੋਂ ਹੀ ਤੇਜ਼ ਰਫਤਾਰ ਆਰਥਿਕ ਵਿਕਾਸ, ਘਰੇਲੂ ਆਧੁਨਿਕ ਤਕਨੀਕ ਵਿਕਸਿਤ ਕਰਨ ਤੇ ਆਰਥਿਕ ਵਿਕਾਸ ਨੂੰ ਆਧੁਨਿਕ ਫੌਜੀ ਤਾਕਤ ਵਿੱਚ ਬਦਲਣ ਨਾਲ਼ ਚੀਨ ਅਮਰੀਕਾ ਤੋਂ ਬਾਅਦ ਦੂਜੀ ਵੱਡੀ ਸਾਮਰਾਜੀ ਤਾਕਤ ਦੇ ਰੂਪ ਵਿੱਚ ਉੱਭਰਿਆ। ਕਿਆਸਰਾਈਆਂ ਕੀਤੀਆਂ ਜਾ ਰਹੀਆਂ ਹਨ ਕਿ ਅਗਲੇ ਕੁੱਝ ਦਹਾਕਿਆਂ ਦੇ ਅੰਦਰ-ਅੰਦਰ ਚੀਨੀ ਅਰਥਚਾਰਾ ਅਮਰੀਕਾ ਤੋਂ ਵੱਡਾ ਅਰਥਚਾਰਾ ਬਣ ਜਾਵੇਗਾ ਤੇ ਕੁੱਝ ਮਾਪਾਂ ਅਨੁਸਾਰ ਤਾਂ ਚੀਨ ਇਸ ਸਮੇਂ ਵੀ ਅਮਰੀਕਾ ਤੋਂ ਵੱਡਾ ਅਰਥਚਾਰਾ ਹੈ। ਸੰਯੁਕਤ ਰਾਜ ਅਮਰੀਕਾ ਨੂੰ ਭਾਵੇਂ ਹਾਲੇ ਵੀ ਦੁਨੀਆਂ ਦੇ ਬਹੁਤੇ ਫੌਜੀ ਵਿਸ਼ਲੇਸ਼ਕ ਦੁਨੀਆਂ ਦੀ ਸਭ ਤੋਂ ਤਾਕਤਵਰ ਫੌਜੀ ਸ਼ਕਤੀ ਮੰਨਦੇ ਹਨ ਪਰ ਚੀਨੀ ਸਰਕਾਰ ਵੱਲੋਂ ਪਿਛਲੇ ਦੋ ਦਹਾਕਿਆਂ ਅੰਦਰ 'ਲੋਕ ਮੁਕਤੀ ਫੌਜ' ਦਾ ਜਿੰਨਾਂ ਵੱਡੇ ਪੱਧਰ ਉੱਤੇ ਆਧੁਨਿਕੀਕਰਨ ਕੀਤਾ ਗਿਆ ਹੈ ਉਸ ਰਾਹੀਂ ਕਈ ਖੇਤਰਾਂ ਵਿੱਚ ਚੀਨੀ ਫੌਜੀ ਤਾਕਤ ਅਮਰੀਕਾ ਨਾਲੋਂ ਵਧੇਰੇ ਹੋ ਚੁੱਕੀ ਹੈ ਮਸਲਨ ਜਲ ਸੈਨਾ ਤਾਕਤ, ਪੈਦਲ ਫੌਜ, ਕੁੱਲ ਫੌਜੀ ਅਮਲਾ ਫੈਲਾ ਆਦਿ।

ਪਿਛਲੇ ਸਮੇਂ ਅੰਦਰ ਚੀਨ-ਅਮਰੀਕੀ ਸਾਮਰਾਜੀ ਖਹਿਭੇੜ ਲਗਾਤਾਰ ਵਧੇਰੇ ਤਿੱਖਾ ਹੁੰਦਾ ਜਾ ਰਿਹਾ ਹੈ। ਤਾਈਵਾਨ, ਪ੍ਰਸ਼ਾਂਤ ਮਹਾਂਸਾਗਰ, ਰੂਸ-ਅਮਰੀਕੀ ਸਾਮਰਾਜੀ ਜੰਗ, ਅਫ਼ਰੀਕਾ, ਮੱਧ-ਪੂਰਬ ਆਦਿ ਦੇ ਮਸਲੇ ਇਸ ਗੱਲ ਦੀ ਹਾਮੀ ਭਰਦੇ ਹਨ। ਚੀਨੀ ਸਾਮਰਾਜੀ ਲਗਾਤਾਰ ਅਮਰੀਕਾ ਦੀ ਤਾਕਤ ਖੋਰਕੇ ਖੁਦ ਨੂੰ ਸੰਸਾਰ ਚੌਧਰੀ ਦੇ ਰੂਪ ਵਿੱਚ ਸਥਾਪਤ ਹੋਣ ਲਈ ਯਤਨਸ਼ੀਲ ਹਨ। ਅੱਜ ਕੱਲ ਮੱਧ-ਪੂਰਬ, ਅਫ਼ਰੀਕਾ ਵਿੱਚ ਵਧੇਰੇ ਆਰਥਿਕ ਤੇ ਸਿਆਸੀ ਦਖਲਅੰਦਾਜ਼ੀ, ਰੂਸੀ ਸਾਮਰਾਜ ਨਾਲ਼ ਮਿਲਕੇ ਅਡਾਲਰੀਕਰਨ ਦੀ ਪ੍ਰਕਿਰਿਆ ਨੂੰ ਜਰਬਾਂ ਦੇਣ ਦੀਆਂ ਕੋਸ਼ਿਸ਼ਾਂ ਵਿੱਚ ਚੀਨ ਦੇ ਹਾਕਮ ਰੁੱਝੇ ਹੋਏ ਹਨ। ਦੂਜੇ ਹੱਥ ਅਮਰੀਕਾ ਵੀ ਹੱਥ ਉੱਤੇ ਹੱਥ ਧਰਕੇ ਆਪਣੀ ਸੰਸਾਰ ਚੌਧਰ ਨੂੰ ਖੁਸਦਾ ਨਹੀਂ ਦੇਖ ਰਿਹਾ ਸਗੋਂ ਇਸਦੇ ਹਾਕਮ ਚੀਨੀ ਸਾਮਰਾਜੀਆਂ ਦੇ ਲਗਾਤਾਰ ਖੰਭ ਕੁਤਰਨ ਲਈ ਯਤਨਸ਼ੀਲ ਰਹਿੰਦੇ ਹਨ। ਪਿਛਲੇ ਸਾਲਾਂ ਵਿਚ ਹਿੰਦ-ਪ੍ਰਸ਼ਾਂਤ ਖੇਤਰ ਵਿਚ ਕੁਆਡ (ਸੰਯੁਕਤ ਰਾਜ ਅਮਰੀਕਾ, ਭਾਰਤ, ਜਪਾਨ ਤੇ ਆਸਟ੍ਰੇਲੀਆ) ਦੀ ਸਥਾਪਨਾ, ਦੱਖਣੀ ਕੋਰੀਆ ਦੇ ਰਾਸ਼ਟਰਪਤੀ ਨੂੰ 'ਰਾਜ ਫੇਰੀ' ਦੌਰਾਨ ਚੀਨ ਖਿਲਾਫ ਭੁਗਤਣ ਦੀ ਸਿੱਧੀ ਹਿਦਾਇਤ ਦੇਣਾ, ਦੱਖਣੀ ਚੀਨ ਸਾਗਰ ਵਿੱਚ ਨਵੇਂ ਫੌਜੀ ਅੱਡੇ ਸਥਾਪਤ ਕਰਨਾ ਆਦਿ ਚੀਨੀ ਸਾਮਰਾਜ ਦੀ ਉੱਭਰਦੀ ਤਾਕਤ ਨੂੰ ਹੀ ਨੱਥ ਪਾਉਣ ਦੇ ਯਤਨਾਂ ਦਾ ਹਿੱਸਾ ਹੈ।

ਮੋਦੀ ਦੀ ਅਮਰੀਕਾ ਵੱਲ ਫੇਰੀ, ਜਿਸਨੂੰ 'ਰਾਜ ਫੇਰੀ' ਦਾ ਦਰਜਾ ਦਿੱਤਾ ਗਿਆ, ਅਮਰੀਕੀ ਸਾਮਰਾਜ ਵੱਲੋਂ ਚੀਨੀ ਸਾਮਰਾਜ ਨੂੰ ਘੇਰਣ ਦੀਆਂ ਕੋਸ਼ਿਸ਼ਾਂ ਦੀ ਹੀ ਅਗਲੀ ਕੜੀ ਹੈ। ਇਸ ਫੇਰੀ ਸਮੇਂ ਮੋਦੀ ਤੇ ਬਾਈਡਨ ਨੇ ਸਮੇਂ ਸਮੇਂ ਉੱਤੇ ਅਜਿਹੇ ਬਿਆਨ ਦਿੱਤੇ ਜਿਸ ਤੋਂ ਇਸ ਫੇਰੀ ਦਾ ਅਸਲ ਮਕਸਦ ਸਾਫ ਹੋ ਜਾਂਦਾ ਸੀ। ਮੋਦੀ ਤੇ ਬਾਈਡਨ ਦੀ ਵੀਰਵਾਰ ਨੂੰ ਲੰਬੀ ਗੱਲਬਾਤ ਤੋਂ ਬਾਅਦ ਜੋ ਸਾਂਝਾ ਬਿਆਨ ਜਾਰੀ ਕੀਤਾ ਗਿਆ ਉਸਦਾ ਪਹਿਲਾ ਹੀ ਨੁਕਤਾ ਇਹ ਸੀ ਕਿ ਭਾਰਤ ਤੇ ਅਮਰੀਕਾ ਅਜਾਦ, ਖੁੱਲ੍ਹੇ ਹਿੰਦ-ਪ੍ਰਸ਼ਾਂਤ ਲਈ, ਮੁੱਖ ਤੌਰ ਉੱਤੇ ਕੁਆਡ ਰਾਹੀਂ, ਯਤਨਸ਼ੀਲ ਰਹਿਣਗੇ। ਮੋਦੀ-ਬਾਈਡਨ ਦੇ ਸਮਝੌਤੇ ਅਨੁਸਾਰ ਹੁਣ ਅਮਰੀਕਾ ਜਲ ਸੈਨਾ ਦੇ ਜੰਗੀ ਬੇੜਿਆਂ ਦੀ ਭਾਰਤੀ ਸ਼ਿਪਯਾਰਡਾਂ (ਜਿੱਥੇ ਸਮੁੰਦਰੀ ਜਹਾਜ਼ ਬਣਾਏ ਤੇ ਠੀਕ ਕੀਤੇ ਜਾਂਦੇ ਹਨ) ਵਿੱਚ ਮੁਰੰਮਤ ਕੀਤੀ ਜਾ ਸਕਦੀ ਹੈ। ਇਹ ਚੀਨੀ ਸਾਮਰਾਜ ਨੂੰ ਸਿੱਧਾ-ਸਿੱਧਾ ਇਹ ਸੁਨੇਹਾ ਹੈ ਕਿ ਚੀਨ-ਅਮਰੀਕਾ ਜਲ ਸੈਨਾ ਦੀ ਪ੍ਰਸ਼ਾਂਤ ਮਹਾਂਸਾਗਰ ਵਿੱਚ ਝੜਪ ਦੇ ਮਾਮਲੇ ਵਿੱਚ ਨਾ ਸਿਰਫ ਭਾਰਤ ਅਮਰੀਕਾ ਦਾ ਪੱਖ ਪੂਰੇਗਾ ਸਗੋਂ ਸਰਗਰਮੀ ਨਾਲ਼ ਉਸ ਨੂੰ ਮਦਦ ਮੁਹੱਈਆ ਕਰਵਾਏਗਾ। ਬਾਈਡਨ-ਮੋਦੀ ਨੇ ਸਮਝੌਤੇ ਰਾਹੀਂ ਅਮਰੀਕੀ ਕੰਪਨੀ ਜਨਰਲ ਮੋਟਰਸ ਨੂੰ ਇਜਾਜ਼ਤ ਦੇ ਦਿੱਤੀ ਹੈ ਕਿ ਉਹ ਹਿੰਦੁਸਤਾਨ ਏਅਰੋਨਾਟਿਕਸ ਨਾਲ਼ ਰਲ਼ਕੇ ਭਾਰਤ ਦੇ ਫੌਜੀ ਜਹਾਜਾਂ ਲਈ ਆਧੁਨਿਕ ਇੰਜਣ ਤਿਆਰ ਕਰੇ। ਇਸ ਦੇ ਨਾਲ਼ ਹੀ ਹੋਰ ਕਈ ਤਰ੍ਹਾਂ ਦਾ ਆਧੁਨਿਕ ਫੌਜੀ ਸਾਜੋ ਸਮਾਨ, ਜੋ ਬਹੁਤ ਘੱਟ ਦੇਸ਼ਾਂ ਨੂੰ ਉਪਲਬਧ ਹੈ, ਅਮਰੀਕਾ ਵੱਲੋਂ ਭਾਰਤ ਨੂੰ ਦੇਣ ਦਾ ਫੈਸਲਾ ਵੀ ਇਸ ਫੇਰੀ ਸਮੇਂ ਕੀਤਾ ਗਿਆ ਹੈ। ਭਾਰਤ ਦੀ ਚੀਨ ਉੱਤੇ ਤਕਨੀਕ ਦੇ ਮਾਮਲੇ ਵਿੱਚ ਨਿਰਭਰਤਾ ਘਟਾਉਣ ਲਈ ਅਮਰੀਕੀ ਕੰਪਨੀ ਮਾਈਕਰੋਨ ਸੈਮੀਕੰਡਕਟਰ ਚਿੱਪ ਬਣਾਉਣ ਲਈ ਗੁਜਰਾਤ ਵਿੱਚ ਟੈਸਟਿੰਗ ਤੇ ਚਿੱਪ ਅਸੈਂਬਲੀ ਦੀ ਇਕਾਈ ਸਥਾਪਤ ਕਰੇਗੀ। ਇਸ ਦੇ ਨਾਲ਼ ਹੀ ਹੋਰ ਕਈ ਤਰ੍ਹਾਂ ਦੇ ਸਮਝੌਤੇ ਮੋਦੀ ਦੀ ਇਸ ਫੇਰੀ ਸਮੇਂ ਸਿਰੇ ਚਾੜ੍ਹੇ ਗਏ। ਅਮਰੀਕਾ, ਜੋ ਯੂਕਰੇਨ ਦੀ ਧਰਤੀ ਉੱਤੇ ਲੱਗੀ ਹੋਈ ਰੂਸ-ਅਮਰੀਕੀ ਸਾਮਰਾਜੀ ਜੰਗ ਵਿੱਚ ਭਾਰਤ ਦੇ ਰੂਸ ਖਿਲਾਫ ਖੁੱਲ੍ਹਕੇ ਨਾ ਖੜ੍ਹਨ ਉੱਤੇ ਕਾਫੀ ਖਫਾ ਸੀ, ਨੇ ਇਸ ਮੁੱਦੇ ਉੱਤੇ ਵੀ ਕੋਈ ਬਹੁਤਾ ਜ਼ੋਰ ਨਹੀਂ ਦਿੱਤਾ, ਸਗੋਂ ਅਮਰੀਕੀ ਸਰਕਾਰ ਦਾ ਮੁੱਖ ਜ਼ੋਰ ਚੀਨ ਖਿਲਾਫ ਭਾਰਤ ਨੂੰ ਆਪਣੇ ਪਾਲ਼ੇ ਵਿੱਚ ਭੁਗਤਾਉਣ ਵੱਲ ਲੱਗਿਆ ਹੋਇਆ ਹੈ।

ਡੋਕਲਾਮ ਮਸਲੇ ਮਗਰੋਂ ਭਾਰਤੀ ਫੌਜ ਵੱਲੋਂ ਚੀਨ ਵਿਰੁੱਧ ਕੋਈ ਵੀ ਹਮਲਾਵਰ ਰੁੱਖ ਅਪਨਾਉਣ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ ਪਰ ਹੁਣ ਅਮਰੀਕਾ ਦੇ ਹਾਕਮ ਭਾਰਤ ਦੇ ਹਾਕਮਾਂ ਰਾਹੀਂ ਚੀਨ ਨਾਲ਼ ਭਾਰਤ-ਚੀਨ ਸਰਹੱਦੀ ਇਲਾਕਿਆਂ 'ਤੇ ਦੱਖਣੀ ਚੀਨ ਮਹਾਂਸਾਗਰ ਵਿੱਚ ਖਹਿਭੇੜ ਤੇਜ਼ ਕਰਨਾ ਲੋਚਦੇ ਹਨ। ਦੂਜੀ ਸੰਸਾਰ ਜੰਗ ਤੋਂ ਬਾਅਦ ਦੁਨੀਆਂ ਭਰ ਵਿੱਚ ਕਈ ਦੇਸ਼ਾਂ ਖਾਸਕਰ ਸਾਮਰਾਜੀਆਂ ਕੋਲ਼ ਪਰਮਾਣੂ ਹਥਿਆਰ ਹੋਣ ਕਾਰਨ ਸਾਮਰਾਜੀ ਤਾਕਤਾਂ ਵਿੱਚ ਸਿੱਧੀ ਜੰਗ ਦੀਆਂ ਸੰਭਾਵਨਾਵਾਂ ਕਾਫੀ ਹੇਠਾਂ ਆ ਚੁੱਕੀਆਂ ਹਨ ਪਰ ਸਾਮਰਾਜ ਦੇ ਦੌਰ ਵਿੱਚ ਜੰਗਾਂ ਦਾ ਖ਼ਾਤਮਾ ਸੰਭਵ ਨਹੀਂ ਸਗੋਂ ਸਾਮਰਾਜੀ ਖਹਿਭੇੜ ਹੁਣ ਖੇਤਰੀ ਜੰਗਾਂ (ਜਾਂ ਪ੍ਰਾਕਸੀ ਜੰਗਾਂ) ਦੇ ਰੂਪ ਵਿੱਚ ਫੁੱਟਦੀਆਂ ਹਨ। ਵੱਖੋ-ਵੱਖ ਸਾਮਰਾਜੀ ਤਾਕਤਾਂ ਅਜਿਹੀ ਜੰਗ ਵਿੱਚ ਵੱਖੋ-ਵੱਖ ਧੜਿਆਂ ਨੂੰ ਫੌਜੀ ਸਾਜੋ ਸਮਾਨ, ਯੁੱਧਨੀਤਕ ਮਦਦ ਆਦਿ ਦਿੰਦੇ ਹਨ। ਮੱਧ-ਪੂਰਬ, ਅਫ਼ਰੀਕਾ ਤੇ ਇਸ ਸਮੇਂ ਯੂਕਰੇਨ ਅਜਿਹੀਆਂ ਹੀ ਖੇਤਰੀ ਜੰਗਾਂ ਦਾ ਅਖਾੜਾ ਬਣਿਆ ਹੋਇਆ ਹੈ ਜੀਹਦੇ ਪਿੱਛੇ ਵੱਖੋ-ਵੱਖ ਸਾਮਰਾਜੀ ਤਾਕਤਾਂ ਦੇ ਹੀ ਹਿੱਤ ਹਨ। ਹੁਣ ਸੰਯੁਕਤ ਰਾਜ ਅਮਰੀਕਾ ਦੇ ਹਾਕਮ ਆਪਣੇ ਸਾਮਰਾਜੀ ਹਿੱਤਾਂ ਲਈ ਭਾਰਤ ਦੇ ਹਾਕਮਾਂ ਨੂੰ ਅੱਗੇ ਲਾਕੇ ਭਾਰਤ ਨੂੰ ਬਲ਼ਦੀ ਦੇ ਬੂਥੇ ਦੇਣ ਦੀਆਂ ਤਿਆਰੀਆਂ ਵਿੱਚ ਹਨ। ਇਹੀ ਕੁੱਝ ਅਮਰੀਕਾ ਦੇ ਹਾਕਮਾਂ ਨੇ ਯੂਕਰੇਨ ਦੇ ਅਜਾਰੇਦਾਰ ਸਰਮਾਏ ਦੇ ਇੱਕ ਧੜੇ, ਜਿਸ ਦੀ ਨੁਮਾਇੰਦਗੀ ਯੂਕਰੇਨ ਦਾ ਰਾਸ਼ਟਰਪਤੀ ਜ਼ੇਲੇਨਸਕੀ ਕਰਦਾ ਹੈ, ਨੂੰ ਅੱਗੇ ਲਾਕੇ ਕੀਤਾ ਹੈ ਤੇ ਯੂਕਰੇਨ ਦੀ ਧਰਤੀ ਨੂੰ ਰੂਸ ਖਿਲਾਫ ਸਾਮਰਾਜੀ ਜੰਗ ਦਾ ਅਖਾੜਾ ਬਣਾ ਰੱਖਿਆ ਹੈ ਜਿਸ ਦਾ ਸੇਕ ਯੂਕਰੇਨ ਦੇ ਲੋਕ ਲਗਭਗ 16 ਮਹੀਨੇ ਤੋਂ ਝੱਲ ਰਹੇ ਹਨ। ਅਮਰੀਕੀ ਸਰਕਾਰ ਦੇ ਖੁਦ ਦੇ ਸਰੋਤਾਂ ਅਨੁਸਾਰ ਇਸ ਜੰਗ ਵਿੱਚ ਯੂਕਰੇਨ ਦੇ 42 ਹਜਾਰ ਆਮ ਨਾਗਰਿਕ ਤੇ 20 ਹਜਾਰ ਫੌਜੀ ਮਰ ਚੁੱਕੇ ਹਨ ਜਦਕਿ 24 ਹਜਾਰ ਨਾਗਰਿਕਾਂ ਤੇ 1 ਲੱਖ 30 ਹਜਾਰ ਫੌਜੀ ਜਖਮੀ ਹੋਏ ਹਨ। ਨਾਲ਼ ਹੀ ਯੂਕਰੇਨ ਦੇ ਲੱਖਾਂ ਹੀ ਲੋਕਾਂ ਨੂੰ ਇਸ ਜੰਗ ਕਾਰਨ ਉਜਾੜੇ ਦਾ ਸ਼ਿਕਾਰ ਹੋਣਾ ਪਿਆ ਹੈ।

ਹੁਣ ਅਜਿਹੀ ਹੀ ਬਲ਼ਦੀ ਦੇ ਬੂਥੇ ਅਮਰੀਕੀ ਸਾਮਰਾਜੀ ਭਾਰਤ ਦੇ ਲੋਕਾਂ ਨੂੰ ਦੇਣ ਲਈ ਤਿਆਰੀਆਂ ਖਿੱਚ ਰਹੇ ਹਨ। ਭਾਰਤ ਜਹੇ ਪਛੜੇ ਸਰਮਾਏਦਾਰਾ ਦੇਸ਼ਾਂ ਦੇ ਹਾਕਮਾਂ ਨੂੰ, ਖ਼ਾਸਕਰ ਤਕਨੀਕ ਲਈ ਸਾਮਰਾਜੀ ਦੇਸ਼ਾਂ ਉੱਤੇ ਨਿਰਭਰ ਰਹਿਣਾ ਪੈਂਦਾ ਹੈ, ਤੇ ਲਗਦਾ ਹੈ ਆਪਣੀ ਇਸ ਨਿਰਭਰਤਾ ਵਿੱਚੋਂ ਭਾਰਤ ਦੇ ਮੌਜੂਦਾ ਹਾਕਮ ਸੰਯੁਕਤ ਰਾਜ ਅਮਰੀਕਾ ਦੀ ਚੀਨ-ਵਿਰੋਧੀ ਨੀਤੀ ਨਾਲ਼ ਨੱਥੀ ਹੋਣ ਵੱਲ ਝੁਕ ਰਹੇ ਹਨ। ਭਾਰਤ ਦੇ ਹਾਕਮਾਂ ਨੂੰ ਯੂਕਰੇਨ ਦੇ ਹਾਕਮਾਂ ਦੇ ਅਮਰੀਕਾ ਦੀ ਰੂਸ-ਵਿਰੋਧੀ ਨੀਤੀ ਨਾਲ਼ ਨੱਥੀ ਹੋਣ ਦੇ ਕੌੜੇ ਤਜਰਬੇ ਤੋਂ ਸਿੱਖਣਾ ਚਾਹੀਦਾ ਹੈ। ਮੋਦੀ ਦੀ ਇਸ ਫੇਰੀ ਰਾਹੀਂ ਜੇਕਰ ਸੰਯੁਕਤ ਰਾਜ ਅਮਰੀਕਾ ਦੇ ਹਾਕਮ ਮੋਦੀ ਸਰਕਾਰ ਰਾਹੀਂ ਆਪਣੀ ਨੀਤੀ ਲਾਗੂ ਕਰਾਉਣ ਵਿੱਚ ਸਫਲ ਹੁੰਦੇ ਹਨ ਤਾਂ ਭਾਰਤ ਚੀਨ-ਅਮਰੀਕਾ ਜੰਗ ਦਾ ਅਖਾੜਾ ਬਣ ਸਕਦਾ ਹੈ ਤੇ ਭਾਰਤ ਦੇ ਲੋਕਾਂ ਨੂੰ ਯੂਕਰੇਨ ਦੇ ਲੋਕਾਂ ਵਾਂਗ ਭਿਅੰਕਰ ਤਬਾਹੀ, ਉਜਾੜੇ ਦਾ ਸ਼ਿਕਾਰ ਹੋਣਾ ਪੈ ਸਕਦਾ ਹੈ।

## ਚੰਗਾ ਉਦਮ

**ਸਮਾਜਿਕ ਭਾਈਚਾਰੇ ਦੀਆਂ ਪ੍ਰੰਪਰਾਵਾਂ ਅਕਸਰ ਹੀ ਪਿੰਡਾਂ ਨਾਲ ਜੁੜੀਆਂ ਹੁੰਦੀਆਂ ਹਨ। ਵਿਦੇਸ਼ਾਂ ਵਿਚ ਜਾ ਕੇ ਇਸ ਦਾ ਅਹਿਸਾਸ ਵੱਧ ਹੁੰਦਾ ਹੈ। ਵੱਖਰੇ ਵੱਖਰੇ ਅਜਿਹੇ ਕਦਮ ਅਕਸਰ ਹੀ ਉਠਾਏ ਜਾਂਦੇ ਹਨ। ਉਸੇ ਲੜੀ ਵਿਚ ਪਿੰਡ ਧੂੜਕੋਟ ਰਣਸੀਂਹ ਦੇ ਬਾਸ਼ਿੰਦਿਆਂ ਨੂੰ ਇਕ ਥਾਂ 'ਤੇ ਇਕੱਤਰ ਕਰਨ ਲਈ ਹਰਜੀਤ ਸਿੰਘ ਧਾਲੀਵਾਲ 647-242-9723 ਅਤੇ ਜਸਪਾਲ ਸਿੰਘ ਧਾਲੀਵਾਲ ਨੇ ਇਹ ਕਦਮ ਚੁੱਕਿਆ ਕਿ ਦਿਨ ਐਤਵਾਰ 6 ਅਗਸਤ ਨੂੰ ਸਵੇਰੇ 11 ਵਜੇ ਤੋਂ ਹਾਰਟ ਲੇਕ ਕੰਜ਼ਰਵੇਸ਼ਨ ਪਾਰਕ, ਬਰੈਂਪਟਨ ਵਿਖੇ ਚਾਰ ਪੀੜ੍ਹੀਆਂ ਦਾਦੇ ਦਾਦੀਆਂ, ਮਾਤਾ ਪਿਤਾ ਅਤੇ ਬੱਚੇ ਆਪਸ ਵਿਚ ਹੀ ਮਿਲਣਗੇ ਅਤੇ ਪਿੰਡ ਦੀਆਂ ਪੁਰਾਣੀਆਂ ਯਾਦਾਂ ਦੇ ਨਾਲ ਨਾਲ ਵੱਖੋ ਵੱਖਰੀਆਂ ਬੱਚਿਆਂ ਦੀਆਂ ਵੰਨਗੀਆਂ ਵੀ ਪੇਸ਼ ਕੀਤੀਆਂ ਜਾਣਗੀਆਂ।**

# ਵਿਚਾਰਧਾਰਕ ਖੇਤਰ ਵਿਚ ਨਵੀਂ ਚਰਚਾ ਉਤਪੰਨ ਕਰੇਗੀ ਪੁਸਤਕ ਚਿੰਤਨ ਪ੍ਰਕਿਰਿਆ : ਦਲੀਲ ਬਾਦਲੀਲ



ਬੁੱਧ ਸਿੰਘ ਨੀਲੋਂ
94643-70823

ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਅਤੇ ਲੋਕ ਮੰਚ ਪੰਜਾਬ ਵਲੋਂ ਸਾਂਝੇ ਤੌਰ ’ਤੇ ਇਤਿਹਾਸਕਾਰ ਲੇਖਕ ਸ੍ਰੀ ਸਤਨਾਮ ਚਾਨਾ ਦੀ ਪੁਸਤਕ ‘ਚਿੰਤਨ ਪ੍ਰਕਿਰਿਆ: ਦਲੀਲ ਬਾਦਲੀਲ ਉਪਰ ਭਰਵੀਂ ਵਿਚਾਰ ਚਰਚਾ ਅਤੇ ਰਿਲੀਜ਼ ਸਮਾਰੋਹ ਪੰਜਾਬ ਭਵਨ ਵਿਖੇ ਕਰਵਾਇਆ ਗਿਆ। ਜਿਸ ਵਿਚ ਵੱਖ-ਵੱਖ ਖੇਤਰਾਂ ਦੇ 100 ਤੋਂ ਵੱਧ ਸਾਹਿਤਕਾਰਾਂ ਅਤੇ ਵਿਦਵਾਨ ਨੇ ਹਿੱਸਾ ਲਿਆ। ਪੁਸਤਕ ਦੀ ਅਹਿਮੀਅਤ ਸਬੰਧੀ ਵਿਚਾਰ ਪ੍ਰਦਾਨ ਕਰਦਿਆਂ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਲਖਵਿੰਦਰ ਜੌਹਲ ਨੇ ਕਿਹਾ ਕਿ ਸਤਨਾਮ ਚਾਨਾ ਸਾਡੇ ਸਮਿਆਂ ਦੇ ਉਨ੍ਹਾਂ ਚਿੰਤਕਾਂ ਵਿਚੋਂ ਹਨ ਜਿਹੜੇ ਵਰਤਮਾਨ, ਸਮਾਜਿਕ ਤਾਣੇਬਾਣੇ ਦੀਆਂ ਵੱਖ ਵੱਖ ਤੈਹਾਂ ਵਿਚ ਕਾਰਜਸ਼ੀਲ ਨਿਯਮਾਂ ਦੀਆਂ ਗਹਿਰਾਈਆਂ ਨੂੰ ਸਮਝਣ, ਫਰੋਲਣ ਅਤੇ ਉਨ੍ਹਾਂ ਨੂੰ ਸੂਤਰਬੱਧ ਕਰਕੇ ਸਿਧਾਂਤਕ ਪ੍ਰਪੇਕ ਵਿਚ ਉਸਾਰਨ ਦੀ ਮੁਹਾਰਤ ਰੱਖਦੇ ਹਨ। ਉਨ੍ਹਾਂ ਇਸ ਪੁਸਤਕ ਵਿਚ ਭਾਰਤੀ ਚਿੰਤਨ ਵਿਚਲੇ ਵਿਚਾਰਧਾਰਕ ਸੰਘਰਸ਼ ਤੋਂ ਲੈ ਕੇ ਗੁਰੂ ਨਾਨਕ ਦੇਵ ਚਿੰਤਨ ਦੀ ਪ੍ਰਕਿਰਿਆ ਰਾਹੀਂ ਆਧੁਨਿਕ ਸਮਾਜਿਕ ਦੇ ਮਸਲਿਆਂ ਵਿਚਲੇ ਸੰਘਰਸ਼ਾਂ ਨੂੰ ਵੱਖ ਵੱਖ ਲਿਖਤਾਂ ਰਾਹੀਂ ਇਸ ਪੁਸਤਕ ਵਿਚ ਦਰਜ ਕੀਤਾ ਹੈ। ਇਹ ਪੰਜਾਬੀ ਸਾਹਿਤ ਦੇ ਖੇਤਰ ਵਿਚ ਵਿਚਾਰਧਾਰਕ ਧੁੰਦਲਕੇ ਨੂੰ ਦੂਰ ਕਰਨ ਲਈ ਇਕ ਅਹਿਮ ਕਾਰਜ ਕਰੇਗੀ ਅਤੇ ਨਵੇਂ ਵਿਦਵਾਨਾਂ ਨੂੰ ਆਧੁਨਿਕ ਸਮਿਆਂ ਦੀਆਂ ਚੁਣੌਤੀਆਂ ਦੇ ਅੰਗ-ਸੰਗ ਸੋਚਣ ਲਈ ਮਜਬੂਰ ਕਰੇਗੀ।

ਇਸ ਪੁਸਤਕ ਉਪਰ ਵਿਸ਼ੇਸ਼ ਪੇਪਰ ਪ੍ਰਸਤੁਤ ਕਰਦਿਆਂ ਪ੍ਰਸਿੱਧ ਕਹਾਣੀਕਾਰੀ ਬਲਵਿੰਦਰ ਗਰੇਵਾਲ ਨੇ ਕਿਹਾ ਕਿ ਸਤਨਾਮ ਚਾਨਾ ਦੀ ਲੇਖਣੀ ਵਿਚ ਇਹ ਵਿਲੱਖਣਤਾ ਹੈ ਕਿ ਗੁੰਝਲਦਾਰ ਵਿਚਾਰਾਂ ਵਾਲੇ ਮਸਲਿਆਂ ਨੂੰ ਉਹ ਇਕ ਕਿੱਸਾਕਾਰ ਵਾਂਗ ਸਮਝਾ ਦਿੰਦੇ ਹਨ ਅਤੇ ਉਸ ਵਿਚਲੇ ਬੌਧਿਕ ਵਿਚਾਰਾਂ ਦੀਆਂ ਦਲੀਲਾਂ ਅਤੇ ਉਨ੍ਹਾਂ ਉਪਰ ਕਿਸ ਕਿਸਮ ਨਾਲ ਸਮਾਜ ਨਾਲ ਜੋੜ ਕੇ ਸਮੱਸਿਆਵਾਂ ਨੂੰ ਸਮਝਣਾ ਅਤੇ ਸਮਝਾਉਣਾ ਚਾਹੀਦਾ ਹੈ ਜਿਵੇਂ ਉਨ੍ਹਾਂ ਕ੍ਰਾਂਤੀ ਦੇ ਸਰੋਕਾਰ ‘ਬੰਦਾ ਸਿੰਘ ਬਹਾਦਰ’ ਰਾਹੀਂ ਲੋਕ ਅੰਦੋਲਨ ਦੀ ਪ੍ਰਾਪਤੀ ਦਾ ਜ਼ਿਕਰ ਕੀਤਾ ਹੈ ਉਥੇ ਉਨ੍ਹਾਂ ਕਿਸਾਨੀ ਸੰਘਰਸ਼ ਦੌਰਾਨ ਲੋਕਾਂ ਦੇ ਦਬਾਅ ਤਹਿਤ ਜਿਸ ਕਿਸਮ ਨਾਲ ਲੀਡਰਸ਼ਿਪ ਨੂੰ ਕਾਰਜ ਕਰਨ ਲਈ ਰਸਤੇ ਦਿਖਾਇਆ ਅਤੇ ਲੜਾਈ ਦੇਸ਼ ਦੀ ਵੱਡੇ ਹੁਕਮਰਾਨ ਖਿਲਾਫ਼ ਜਿੱਤੀ ਗਈ। ਇਸੇ ਤਰ੍ਹਾਂ ਸਤਨਾਮ ਚਾਨਾ ਪੰਜਾਬੀਅਤ ਵਿਚਲੇ ਆਧਾਰ ਨੁਕਤਿਆਂ ਨੂੰ ਭਾਸ਼ਾ, ਧਰਮ ਅਤੇ ਖਿੱਤੇ ਤੋਂ ਪਾਰ ਜਾ ਕੇ ਪੰਜਾਬੀਅਤ ਦੀ ਉਸਾਰੀ ਦੀਆਂ ਡੂੰਘੀਆਂ ਬੁਨਿਆਦ ਨੂੰ ਸਮਝਣ ਲਈ ਇਤਿਹਾਸਕ ਤੱਥਾਂ ਰਾਹੀਂ ਦਰਸਾਉਂਦੇ ਹਨ। ਸਮਾਜਿਕ ਕ੍ਰਾਂਤੀ ਵਿਚ ਗੁਰੂ ਨਾਨਕ ਚਿੰਤਨ ਦੀ ਅਹਿਮੀਅਤ ਅਤੇ ਅਜੋਕੇ ਸਮਿਆਂ ਦੇ ਦੌਰ ਵਿਚ ਤਬਦੀਲੀ ਲਈ ਕਿਸ ਤਰ੍ਹਾਂ ਇਤਿਹਾਸਕ ਪ੍ਰਸੰਗਿਕਤਾ ਅਤੇ ਅਹਿਮੀਅਤ ਉਸਾਰੀ ਜਾਵੇ। ਪੰਜਾਬ ਦੀ ਹੋਣੀ ਨਾਲ ਜੁੜੇ ਮਸਲੇ ਖੇਤੀ ਸੰਕਟ ਤੋਂ ਲੈ ਕੇ ਨਸ਼ਿਆਂ ਦੀ ਸਥਿਤੀ ਵਿਚ ਕਾਰਜਸ਼ੀਲ ਕਾਰਪੋਰੇਟੀ ਜੰਜਾਲ ਨੂੰ ਉਹ ਵੱਖ ਵੱਖ ਲਿਖਤਾਂ ਨੂੰ ਵਿਚਾਰਧਾਰਕ ਪੱਧਰ ’ਤੇ ਉਧੇੜ ਕੇ ਰੱਖ ਦਿੰਦੇ ਹਨ। ਇਸ ਪੁਸਤਕ ਦੀ ਸੰਪਾਦਨਾ ਕਰਨ ਵਾਲੇ ਵਿਦਵਾਨ ਡਾ. ਕੁਲਦੀਪ ਸਿੰਘ ਨੇ ਕਿਹਾ ਕਿ ਪੁਨਰ ਚਿੰਤਨ ਕਰਨਾ ਅਜੋਕੇ ਸਮਿਆਂ ਦੀ ਅਣਸਰਦੀ ਲੋੜ ਹੈ ਕਿਉਂਕਿ ਸਹੀ ਸਮਝਦਾਰੀ, ਸੋਝੀ ਅਤੇ ਸਹੀ ਸੋਚ ਨਾਲ ਲੜਨ ਵਾਲੀਆਂ ਧਿਰਾਂ ਅਤੇ ਅਗਵਾਈ ਕਰਨ ਵਾਲੀ ਵਿਚਾਰਾਂ ਦੀ ਪਕਿਆਈ ਹੀ ਜਨ ਸਮੂਹ ਨੂੰ ਦਰਪੇਸ਼ ਸੰਕਟ-ਦਰ-ਸੰਕਟ ਵਿਚੋਂ ਕੱਢ ਸਕਦੀ ਹੈ। ਉਨ੍ਹਾਂ ਕਿਹਾ ਕਿ ਲੋਕ ਲੜਦੇ ਹਨ, ਉਠਦੇ ਹਨ ਆਸ ਨਾਲ ਅੱਗੇ ਵਧਦੇ ਹਨ। ਇਸ ਦੇ ਨਾਲ ਹੀ ਆਪਣੇ ਵਿਰਸੇ ਅਤੇ ਵਿਰਾਸਤਾਂ ਤੋਂ ਸਬਕ ਲੈ ਕੇ ਨਵੇਂ ਸੰਘਰਸ਼ਾਂ ਦੀ ਰੂਪ ਰੇਖਾ ਉਲੀਕਦੇ ਹਨ। ਇਨ੍ਹਾਂ ਸਭ ਪਹਿਲੂਆਂ ਦੀਆਂ ਕੜੀਆਂ ਨੂੰ ਸਮਝਣ ਅਤੇ ਜੋੜਨ ਲਈ ਇਹ ਪੁਸਤਕ ਇਕ ਬੌਧਿਕ ਚਿੰਤਨ ਦੀ ਪ੍ਰਕਿਰਿਆ ਦਾ ਰਸਤਾ ਖੋਲ੍ਹਦੀ ਹੈ। ਜਿਸ ਕਿਸਮ ਨਾਲ ਪੰਜਾਬ ਬੌਧਿਕ ਪੱਧਰ ’ਤੇ ਡੂੰਘੇ ਵਿਚਾਰਧਾਰਕ ਮਸਲਿਆਂ ਨੂੰ ਸਮਝਣ ਤੋਂ ਅਸਮਰੱਥ ਹੋਇਆ ਪਿਆ ਹੈ। ਜਿਸ ਕਰਕੇ ਰੋਜ਼ਮਰਾ ਦੇ ਸੰਕਟ ਅਤੇ ਸਮੱਸਿਆਵਾਂ ਉਸ ਨੂੰ ਆਪਣੇ ਵਿਚ ਉਲਝਾ ਲੈਂਦੀਆਂ ਹਨ ਕਿਉਂਕਿ 1991 ਤੋਂ ਬਾਅਦ ਇਕ ਪਾਸੇ ਸਮੁੱਚੇ ਸਰਕਾਰੀ ਅਦਾਰਿਆਂ ਦੀ ਸਥਿਤੀ ਅਤੇ ਦੂਜੇ ਪਾਸੇ ਖੇਤੀਬਾੜੀ ਦੇ ਮਾਡਲ ਨਾਲ ਜੋ ਵਾਤਾਵਰਣ ਦਾ ਸੰਕਟ ਉਤਪੰਨ ਹੋ ਗਿਆ ਹੈ ਅਤੇ ਹੁਕਮਰਾਨਾ ਨੇ ਵੱਡੇ ਵੱਡੇ ਰੀਅਲ ਅਸਟੇਟਾਂ ਵਾਲੇ ਫਾਈਨਾਂਸਰਾਂ ਨਾਲ ਜੁੜ ਕੇ ਸ਼ਹਿਰਾਂ ਦੀ ਦੁਰਦਸ਼ਾ ਕਰ ਦਿੱਤੀ ਹੈ। ਅੱਜ ਜਦੋਂ ਪੰਜਾਬ ਬੁਰੀ ਤਰ੍ਹਾਂ ਰੁੜ ਰਿਹਾ ਹੈ ਜਿਸ ਕਿਸਮ ਨਾਲ ਹੜਾਂ ਨੇ ਪੰਜਾਬ ਨੂੰ ਉਜਾੜ ਦਿੱਤਾ ਹੈ ਇਹ ਸਭ ਕੁਝ ਗਲਤ ਪਲਾਨਿੰਗ ਅਤੇ ਪਾਲਿਸੀਆਂ ਦਾ ਨਤੀਜਾ ਹੈ। ਪੰਜਾਬ ਵਿਚੋਂ ਪਰਵਾਸ ਦਾ ਕਾਰਨ ਵੀ ਲੋਕਾਂ ਦਾ ਇਸ ਰਾਜਸੀ ਮਸ਼ੀਨਰੀ ਅਤੇ ਇਥੋਂ ਦੀ ਆਰਥਿਕਤਾ ਦੀਆਂ ਸਮੱਸਿਆਵਾਂ ਵਧਣ ਕਰਕੇ ਹੋ ਰਿਹਾ ਹੈ। ਆਉਣ ਵਾਲਾ ਸਮਾਂ ਹੋਰ ਵੀ ਗੰਭੀਰ ਅਤੇ ਸੰਕਟ ਵਾਲਾ ਹੋਵੇਗਾ ਜੇ ਇਕਜੁਟ ਹੋ ਕੇ ਸਹੀ ਦਿਸ਼ਾ ਵੱਲ ਵੱਖ ਵੱਖ ਤਾਕਤਾਂ ਨੇ ਨਾ ਸੋਚਿਆ ਅਤੇ ਕਾਰਜ ਕੀਤਾ।

ਪੁਸਤਕ ਦੇ ਲੇਖਕ ਸਤਨਾਮ ਚਾਨਾ ਨੇ ਕਿਹਾ ਕਿ ਉਹ ਦਹਾਕਿਆਂ ਤੋਂ ਪੰਜਾਬੀ ਸਮਾਜ ਦੇ ਅੰਦਰੂਨੀ ਪਹਿਲੂਆਂ ਨੂੰ ਜਿਥੇ ਭਾਰਤੀ ਚਿੰਤਨ ਪ੍ਰਕਿਰਿਆ ਵਿਚਲੇ ਟਕਰਾਵਾਂ ਤੋਂ ਲੈ ਕੇ ਗੁਰੂ ਨਾਨਕ ਦੇਵ ਚਿੰਤਨ ਨੇ ਜਿਸ ਕਿਸਮ ਨਾਲ ਪੰਜਾਬ ਦੇ ਸਭਿਆਚਾਰ ਵਿਚ ਤਬਦੀਲੀ ਕੀਤੀ ਅਤੇ ਪੰਜਾਬੀਅਤ ਦੀਆਂ ਜੜ੍ਹਾਂ ਪੱਕੀਆਂ ਕੀਤੀਆਂ, ਉਥੇ ਬੰਦਾ ਬਹਾਦਰ ਤੋਂ ਲੈ ਕੇ ਗ਼ਦਰੀ ਬਾਬਿਆਂ ਰਾਹੀਂ ਵੱਖ ਵੱਖ ਦੌਰਾਂ ਵਿਚ ਲੜਨ ਅਤੇ ਬਦਲਣ ਦੀ ਜੋ ਸੋਝੀ ਇਤਿਹਾਸ ਦਾ ਹਿੱਸਾ ਬਣੀ ਉਹ ਹੀ ਕਿਸਾਨੀ ਸੰਘਰਸ਼ ਵਿਚ ਰੌਸ਼ਨੀ ਪ੍ਰਦਾਨ ਕਰਕੇ ਸੰਘਰਸ਼ ਨੂੰ ਜੇਤੂ ਰੂਪ ਵਿਚ ਬਦਲਣ ਦਾ ਕਾਰਨ ਬਣੀ।

ਪ੍ਰਧਾਨਗੀ ਭਾਸ਼ਣ ਪ੍ਰਦਾਨ ਕਰਦਿਆਂ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਅੱਜ ਦੇ ਦੌਰ ਵਿਚ ਨੌਜਵਾਨ ਪੀੜ੍ਹੀ ਨੂੰ ਵਿਚਾਰਾਂ ਦੇ ਪੱਧਰ ’ਤੇ ਵਿਕਸਿਤ ਕਰਨ ਅਤੇ ਅਗਾਂਹ ਸੋਚਣ ਲਈ ਇਹ ਪੁਸਤਕ ਅਹਿਮ ਕਾਰਜ ਕਰੇਗੀ। ਸਮੁੱਚੇ ਬੌਧਿਕ ਹਿੱਸਿਆਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੰਜਾਬ ਦੇ ਨੌਜਵਾਨਾਂ ਨੂੰ ਪੇਂਡੂ ਖੇਤਰ ਦੇ ਪੱਧਰ ’ਤੇ ਕਾਰਜਸ਼ੀਲ ਸੰਸਥਾਵਾਂ ਰਾਹੀਂ ਬਦਲਵੇਂ ਮਾਡਲ ਵਿਕਸਿਤ ਕਰਨ ਲਈ ਪ੍ਰੇਰਣ ਅਤੇ ਉਨ੍ਹਾਂ ਅੰਦਰ ਬੌਧਿਕ ਵਿਚਾਰਾਂ ਦੀ ਸੋਝੀ ਵਾਸਤੇ ਕਾਰਜ ਕਰਨ। ਇਸ ਮੌਕੇ ਕਾਮਰੇਡ ਮੰਗਤ ਰਾਮ ਪਾਸਲਾ, ਸ੍ਰੀ ਨਰਭਿੰਦਰ, ਪ੍ਰੋ. ਹਰਜਿੰਦਰ ਸਿੰਘ ਅਟਵਾਲ, ਸੁਰਿੰਦਰ ਸਿੰਘ ਸੁੰਨੜ, ਡਾ. ਕਰਮਜੀਤ ਸਿੰਘ, ਡਾ. ਗੁਰਇਕਬਾਲ ਸਿੰਘ ਨੇ ਵੀ ਪੁਸਤਕ ਸਬੰਧੀ ਵਿਚਾਰ ਪ੍ਰਦਾਨ ਕੀਤੇ।








# ਨਿੱਕੀ ਉਮਰੇ ਵੱਡੀਆਂ ਮੱਲਾਂ ਮਾਰਨ ਵਾਲਾ ਬੱਚਾ 'ਸੁਮੇਰ ਉਪਲ'

ਹਰੀਪਾਲ
403-714-4816

ਸਿਰਫ 12 ਮਹੀਨੇ ਪ੍ਰੈਕਟਿਸ ਕਰਕੇ ਐਡਮਿੰਟਨ ਸ਼ਹਿਰ ਦਾ ਪੰਜਾਬੀ ਮੂਲ਼ ਦਾ ਬੱਚਾ ਜਿਹੜਾ ਕਿ ਅਜੇ ਟੀਨਏਜਰ ਹੈ, ਦੁਨੀਆਂ ਦੀ ਡਰੈਗਨ ਬੋਟ ਮੁਕਾਬਲੇ ਵਿੱਚ ਹਿੱਸਾ ਲੈਣ ਜਾ ਰਿਹਾ ਹੈ। ਜਿਸ ਦੀਆਂ ਪ੍ਰਾਪਤੀਆਂ ਪਿਛੇ ਉਸ ਦੀ ਮਾਤਾ ਹਰਦੀਪ ਉਪਲ ਦਾ ਬੇਹੱਦ ਵੱਡਾ ਯੋਗਦਾਨ ਹੈ। ਜਿਸ ਨੇ ਇਸ ਨੂੰ ਹਰੇਕ ਕਿਸਮ ਨਾਲ ਵਿਕਸਿਤ ਹੋਣ ਵਾਸਤੇ ਅਗਵਾਈ ਪ੍ਰਦਾਨ ਕੀਤੀ। ਉਹ ਵਰਲਡ ਡਰਠਗਨ ਬੋਟ ਰੇਸਿੰਗ ਵਿੱਚ ਕੈਨੇਡਾ ਦੀ ਨੁਮਾਇੰਦਗੀ ਕਰੇਗਾ। ਇਹ ਮੁਕਾਬਲਾ ਥਾਈਲੈਂਡ ਵਿੱਚ ਹੋ ਰਿਹਾ ਹੈ ਅਤੇ ਸੁਮੇਰ ਉੱਪਲ ਦਾ ਬੋਟ ਰੇਸਿੰਗ ਵਿੱਚ ਇਹ ਦੂਸਰਾ ਸੀਜਨ ਹੈ। ਅਜੇ ਪਿਛਲੀਆਂ ਗਰਮੀਆਂ ਵਿੱਚ ਹੀ ਉਹ ਐਡਮਿੰਟਨ ਡਰੈਗਨ ਬੋਟ ਰੇਸਿੰਗ ਵਿੱਚ ਸ਼ਾਮਲ ਹੋਇਆ ਸੀ। ਉਸ ਦਾ ਕਹਿਣਾ ਹੈ ਕਿ 'ਮੇਰੀ ਮੰਮੀ ਨੇ ਪਿਛਲੇ ਅਗਸਤ ਫੇਸਬੁੱਕ ਤੇ ਕਲੱਬ ਵਾਰੇ ਜਾਣਿਆ ਸੀ। ਮੇਰੀ ਮੰਮੀ ਨੇ ਮੈਨੂੰ ਪੁੱਛਿਆ ਸੀ ਕਿ ਕੀ ਮੈਂ ਇਸ ਕਲੱਬ ਵਿੱਚ ਜਾਣਾ ਚਾਂਹੁੰਦਾ ਹਾਂ ਤਾਂ ਮੈਂ ਕਿਹਾ ਬਿੱਲਕੁੱਲ ਮੰਮੀ ਜੀ'। ਥੋੜ੍ਹੀ ਜਿਹੀ ਪ੍ਰੈਕਟਿਸ ਬਾਅਦ ਹੀ ਕਲੱਬ ਦੇ ਅਹੁਦੇਦਾਰਾਂ ਨੂੰ ਪਤਾ ਲੱਗ ਗਿਆ ਕਿ ਉਪਲ ਵਿੱਚ ਇਸ ਮੁਕਾਬਲੇ ਲਈ ਬਹੁਤ ਯੋਗਤਾ ਹੈ। ਉਸ ਦੀ ਤੀਜੀ ਪ੍ਰੈਕਟਿਸ ਤੇ ਹੀ ਕੋਚ ਨੇ ਕਿਹਾ ਕਿ ਮੈਂ ਤੈਨੂੰ ਪ੍ਰੀਮੀਅਰ ਟੀਮ ਵਿੱਚ ਸ਼ਾਮਲ ਕਰਨਾ ਹੈ। ਕਮਾਲ ਦੀ ਗੱਲ ਦੇਖੋ ਕਿ ਅਗਸਤ ਵਿੱਚ ਸੁਮੇਰ ਨੇ ਕਲੱਬ ਜੁਆਇਨ ਕੀਤਾ ਤੇ ਅਕਤੂਬਰ ਵਿੱਚ ਨੈਸ਼ਨਲ ਟੀਮ ਦੀ ਸਲੈਕਸ਼ਨ ਹੋਣੀ ਸੀ। ਹੁਣ ਸੁਮੇਰ ਕੋਲ਼ ਸਿਰਫ ਦੋ ਮਹੀਨੇ ਸਨ ਪ੍ਰੈਕਟਿਸ ਕਰਨ ਲਈ। ਸਮੇਰ ਨੇ ਨੌਂਵੀ ਜਮਾਤ ਦੇ ਇਮਤਿਹਾਨਾਂ ਦੀ ਤਿਆਰੀ ਵੀ ਕਰਨੀ ਸੀ ਤੇ ਨਾਲ਼ ਹੀ ਡਰੈਗਨ ਬੋਟ ਰੇਸਿੰਗ ਦੀ ਪ੍ਰੈਕਟਿਸ ਦੇ ਨਾਲ਼ ਨਾਲ਼ ਹੀ ਉਹ ਆਪਦੇ ਹੋਰ ਗੇਮਾਂ ਖੇਡਣ ਜਿਵੇਂ ਸੌਕਰ, ਫੁੱਟਬਾਲ ਵਗੈਰਾ ਦੇ ਸ਼ੌਂਕ ਵੀ ਕਰਦਾ ਰਿਹਾ। ਉਸਦੀ ਮਿਹਨਤ ਰੰਗ ਲਿਆਈ ਅਤੇ ਮਈ 2023 ਵਿੱਚ ਹੀ ਉਸ ਨੂੰ ਪਤਾ ਲੱਗ ਗਿਆ ਕਿ ਉਸਦੀ 16 ਸਾਲ ਤੋਂ ਹੇਠਲੀ ਉਮਰ ਦੇ ਬੱਚਿਆਂ ਦੀ ਜੂਨੀਅਰ ਨੈਸ਼ਨਲ ਟੀਮ ਲਈ ਉਸਦੀ ਚੋਣ ਹੋ ਗਈ ਹੈ। ਜਿਸ ਸਮੇਂ ਸੁਮੇਰ ਨੂੰ ਇਹ ਖਬਰ ਮਿਲ਼ੀ ਉਸ ਸਮੇਂ ਉਹ ਆਰਟ ਮਿਊਜੀਅਮ ਵਿੱਚ ਸੀ, ਜਦ ਉਸ ਨੇ ਇਹ ਖਬਰ ਆਪਦੀ ਮਾਂ ਨਾਲ਼ ਸਾਂਝੀ ਕੀਤੀ ਤਾਂ ਉਸ ਦੀ ਮਾਂ ਦੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਸੁਮੇਰ ਦੇ ਕੋਚ ਦਾ ਕਹਿਣਾ ਹੈ ਕਿ ਉਸਦੇ ਪ੍ਰਪੱਕ ਇਰਾਦੇ ਨੇ ਉਸ ਨੂੰ ਟੀਮ ਲਈ ਫਿੱਟ ਹੋਣ ਦਾ ਰਾਹ ਖੋਲ੍ਹਿਆ। ਆਪਦੀ ਟੀਮ ਨਾਲ਼ ਰਲ਼ਕੇ ਇਹ ਕੰਪੀਟੀਸ਼ਨ ਲੜਨਾ ਇੱਕ ਬਹੁਤ ਵੱਡੀ ਚੁਣੌਤੀ ਹੈ। ਕਲੱਬ ਦੇ ਇੱਕ ਅਧਿਕਾਰੀ ਜੇਮਜ ਇਊਸਿਸ ਦਾ ਕਹਿਣਾ ਹੈ ਕਿ ਸੁਮੇਰ ਬਹੁਤ ਹੋਣਹਾਰ ਐਥਲੀਟ ਹੈ ਅਤੇ ਕੈਨੇਡਾ ਦਾ ਝੰਡਾ ਹੋਰ ਉਚਾ ਕਰੇਗਾ। ਜੇਮਜ ਦਾ ਕਹਿਣਾ ਹੈ ਕਿ ਇਸ ਟੀਮ ਦੇ 16 ਬੱਚੇ ਥਾਈਲੈਂਡ ਵਿੱਚ ਕੈਨੇਡਾ ਦੀ ਪ੍ਰਤੀਨਿਧਤਾ ਕਰਨਗੇ। ਸੁਮੇਰ ਲਈ, ਵੈਨਕੂਵਰ ਤੋਂ ਲੈ ਕੇ ਨਿਊਫਾਂਊਡਲੈਂਡ ਤੱਕ ਸਾਰੇ ਮੁਲਕ ਵਿੱਚ ਪਹਿਲੇ 30 ਬੱਚਿਆਂ ਵਿੱਚ ਆ ਜਾਣਾ ਇੱਕ ਬਹੁਤ ਵੱਡੀ ਪ੍ਰਾਪਤੀ ਹੈ।



ਡਰੈਗਨ ਕਲੱਬ ਦੇ ਐਗਜੈਕਟਿਵ ਡਾਇਰੈਕਟਰ ਗਰੀਨਹਾਕ ਦਾ ਕਹਿਣਾ ਹੈ ਕਿ ਇਹ ਬੜੇ ਮਾਣ ਵਾਲ਼ੀ ਗੱਲ ਹੈ ਕਿ ਐਨੇ ਬੱਚੇ ਐਡਮਿੰਟਨ ਤੋਂ ਆਏ ਹਨ ਹਾਲਾਂਕਿ ਐਡਮਿੰਟਨ ਬੋਟ ਕਲੱਬ ਕੋਲ਼ ਐਨੇ ਸਾਧਨ ਵੀ ਨਹੀਂ ਹਨ ਜਿੰਨੇ ਕੈਨੇਡਾ ਦੇ ਹੋਰ ਸ਼ਹਿਰਾਂ ਕੋਲ਼ ਹਨ। ਸਮੁੰਦਰੀ ਕਿਨਾਰਿਆਂ ਨਾਲ਼ ਲੱਗਦੇ ਸ਼ਹਿਰਾਂ ਕੋਲ਼ ਡਰੈਗਨ ਬੋਟ ਰੇਸਿੰਗ ਲਈ ਸਭ ਤਰ੍ਹਾਂ ਦੀਆਂ ਸਹੂਲਤਾਂ ਹਨ, ਪਰ ਸਾਡੇ ਕੋਲ਼ ਉਹ ਨਹੀਂ ਹਨ ਸੁਮੇਰ ਦੇ ਕੋਚ ਦਾ ਕਹਿਣਾ ਹੈ ਕਿ ਥਾਈਲੈਂਡ ਟਰਿੱਪ ਟੀਮ ਲਈ ਇੱਕ ਬੜਾ ਵੱਡਾ ਚੈਲੰਜ ਹੈ। ਇਹੋ ਜਿਹੀ ਗੇਮ ਵਿੱਚ ਹਿੱਸਾ ਲੈਣ ਲਈ ਤੁਹਾਡਾ ਪੱਕਾ ਇਰਾਦਾ ਹੋਣਾ ਚਾਹੀਦਾ ਹੈ ਅਤੇ ਤੁਹਾਡੇ ਪਰਿਵਾਰ ਦੀ ਪੂਰੀ ਮਦਦ ਚਾਹੀਦੀ ਹੈ। ਡਰੈਗਨ ਬੋਟ ਦੇ ਇੱਕ ਅਧਿਕਾਰੀ ਜੈਫ ਜੌਹਨਸਨ ਦਾ ਕਹਿਣਾ ਹੈ ਕਿ ਇਸ ਟਰੇਨਿੰਗ ਲਈ ਹਰ ਬੱਚੇ ਨੂੰ ਘੱਟੋ ਘੱਟ 8000 ਡਾਲਰ ਖਰਚਣੇ ਪੈਂਦੇ ਹਨ। ਇਸ ਕਰਕੇ ਉਪਲ ਨੇ ਇੰਟਰਨੈਟ ਤੇ 'ਗੋ ਫੰਡ ਮੀ' ਦਾ ਪੇਜ਼ ਬਣਾਇਆ ਹੈ ਜਿਸ ਵਿੱਚ ਹੁਣ ਤੱਕ 3000 ਡਾਲਰ ਇਕੱਠਾ ਹੋ ਚੁੱਕਿਆ ਹੈ, ਉਸਦਾ ਗੋਲ਼ 5000 ਡਾਲਰ ਇਕੱਠਾ ਕਰਨ ਦਾ ਹੈ। ਡਰੈਗਨ ਬੋਟ ਰੇਸਿੰਗ ਉਪਲ ਦੀ ਮੁੱਖ ਹੌਬੀ ਬਣ ਗਈ ਹੈ, ਸਵੇਰ ਦੇ ਸਮੇਂ ਉਪਲ ਪ੍ਰੈਕਟਿਸ ਕਰਨੀ ਪਸੰਦ ਕਰਦਾ ਹੈ। ਉਪਲ ਦਾ ਕਹਿਣਾ ਹੈ ਕਿ ਸਵੇਰ ਅਸਮਾਨ ਸਾਫ ਹੁੰਦਾ ਹੈ ਅਤੇ ਇਹ ਪ੍ਰੈਕਟਿਸ ਕਰਨ ਲਈ ਸਭ ਤੋਂ ਵਧੀਆ ਸਮਾਂ ਹੈ। ਉਪਲ ਦਾ ਕਹਿਣਾ ਹੈ ਕਿ ਅਗਲੇ ਸੀਜ਼ਨ ਲਈ ਉਹ ਥਾਈਲੈਂਡ ਤੋਂ ਆ ਕੇ ਪ੍ਰੈਕਟਿਸ ਸ਼ੁਰੂ ਕਰ ਦੇਵੇਗਾ। ਸਾਡੀਆਂ ਸਭ ਦੀਆਂ ਦੁਆਵਾਂ ਉਪਲ ਦੀ ਕਾਮਯਾਬੀ ਲਈ ਹਨ। ਉਪਲ ਦੀ ਕਾਮਯਾਬੀ ਹੋਰ ਵੀ ਬਹੁਤ ਸਾਰੇ ਮਾਪਿਆਂ ਨੂੰ ਆਪਦੇ ਬੱਚਿਆਂ ਨੂੰ ਸਪੋਰਟਸ ਵਿੱਚ ਭੇਜਣ ਲਈ ਪ੍ਰੇਰੇਗੀ।


ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਪੇਸ਼ ਕਰਦੇ ਹਨ ਨਾਟਕ

## 'ਸੰਮਾਂ ਵਾਲ਼ੀ ਡਾਂਗ'

(ਲੇਖਕ, ਨਿਰਦੇਸ਼ਕ ਅਤੇ ਅਦਾਕਾਰ ਡਾ. ਸਾਹਿਬ ਸਿੰਘ)

ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਦੋ ਡਰਾਮੇ ਪੇਸ਼ ਕੀਤੇ ਜਾਣਗੇ।

20 August 2023
Sunday

Theatre:
Calgary Public Library
Theatre Downtown
800-3rd St. SE Calgary
(Behind City Hall)

Timing: Door Open 1:30pm
Show start 2:00pm



Ticket $10

ਨਾਟਕ ਮੇਲੇ ਦੀਆਂ ਟਿਕਟਾਂ 13 ਅਗਸਤ ਵਾਲੇ ਪੁਸਤਕ ਮੇਲੇ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

3 ਤੋਂ 19 ਅਗਸਤ 2023 ਤੱਕ ਰੰਗਮੰਚ ਵਰਕਸ਼ਾਪ ਲੱਗੇਗੀ। ਜਿਸ ਵਿੱਚ ਕੈਨੇਡਾ ਦੀ ਜ਼ਿੰਦਗੀ 'ਤੇ ਝਾਤ ਪਾਉਂਦਾ ਨਾਟਕ ਤਿਆਰ ਕੀਤਾ ਜਾਵੇਗਾ। ਨਾਟਕ ਵਿੱਚ ਹਿੱਸਾ ਲੈਣ ਦੇ ਚਾਹਵਾਨ ਕਮਲ ਪੰਧੇਰ ਨਾਲ 403-479-4220 'ਤੇ ਸੰਪਰਕ ਕਰ ਸਕਦੇ ਹਨ।

ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਵੱਲੋਂ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਕੈਨੇਡੀਅਨ ਸਮੱਸਿਆਵਾਂ ਨੂੰ ਦਰਸਾਉਂਦਾ ਦੂਸਰਾ ਡਰਾਮਾ ਪੇਸ਼ ਕੀਤਾ ਜਾਵੇਗਾ।


Master Bhajan Singh: 403-455-4220
Harcharan Parhar: 403-681-8689



Westwinds PHARMACY

ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ

Open 7 Days A Week




New Hours Mon To Fri 9am to 9 pm and 10 am to 6 pm Weekends

10% Discount on OTC Products with this coupon
EXP : Dec 31, 2023 | LIMIT : 1 Coupon per Visit

Free Delivery In NE

• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ

Fast, Friendly, Hassle Free Service!



Apinder Aujla
BSc.Pharm

Satvachan Lal
B.Sc.Pharm

#1150, 4818 Westwindus Drive NE. Calgary

403-293-9360



Trust Your Memories to the Professionals

Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals

Customer satisfaction is our pride!

| VIDEO | PHOTOGRAPHY | MUSIC |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)

Special Packages Available For All Occasions in Calgary



Call Romi Sidhu For Insurance & Financial Needs




StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments




4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com


* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent

P02720CN

# ਡਾ. ਸੁਰਿੰਦਰ ਧੰਜਲ ਅਤੇ ਅਮਰਜੀਤ ਚਾਹਲ ਦੀਆਂ ਪੁਸਤਕਾਂ ਦੀਵੇ ਜਗਦੇ ਰਹਿਣਗੇ, ਖੇਤਾਂ ਦਾ ਪੁੱਤ : ਪਾਸ਼ ਅਤੇ ਓਟ















**ਡਾ. ਸੁਰਿੰਦਰ ਧੰਜਲ ਦੀਆਂ ਦੋਵੇਂ ਪੁਸਤਕ ਮਾਸਟਰ ਭਜਨ ਤੋਂ 13 ਅਗਸਤ ਨੂੰ ਪੁਸਤਕ ਮੇਲੇ ਤੋਂ ਪ੍ਰਾਪਤ ਕਰ ਸਕਦੇ ਹੋ**

ਸਰ੍ਹੀ (ਬੀਸੀ) – ਪ੍ਰੋਫ਼ੈਸਰ ਡਾ. ਸੁਰਿੰਦਰ ਧੰਜਲ ਦੀਆਂ ਕਵਿਤਾਵਾਂ ਦੀ ਨਵ-ਪ੍ਰਕਾਸ਼ਿਤ ਕਿਤਾਬ ਦੀਵੇ ਜਗਦੇ ਰਹਿਣਗੇ, ਨੂੰ ਸਰੀ ਦੇ ਪ੍ਰੋਗਰੈਸਿਵ ਕਲਚਰਲ ਸੈਂਟਰ ਵਿਖੇ ਪੰਜਾਬੀ ਸਾਹਿਤਕ-ਸਭਿਆਚਾਰਕ ਵਿਚਾਰ ਮੰਚ ਸਰ੍ਹੀ ਬੀਸੀ (ਕੈਨੇਡਾ) ਵਲੋਂ ਰਲੀਜ਼ ਕੀਤਾ ਗਿਆ। ਅਮਰਜੀਤ ਚਾਹਲ ਦਾ ਨਾਵਲ ਓਟ ਅਤੇ ਡਾ. ਧੰਜਲ ਦੁਆਰਾ ਸੰਪਾਦਤ ਪੁਸਤਕ ਖੇਤਾਂ ਦਾ ਪੁੱਤ : ਪਾਸ਼ ਉਪਰ ਵੀ ਪਰਚੇ ਪੜ੍ਹੇ ਗਏ। ਮੰਚ ਸੰਚਾਲਨ ਭੂਪਿੰਦਰ ਧਾਲੀਵਾਲ ਨੇ ਨਿਭਾਈ।

ਈਸਟ ਇੰਡੀਅਨ ਡਿਫੈਂਸ ਕਮੇਟੀ ਦੇ ਆਗੂ ਪ੍ਰੋਫ਼ੈਸਰ ਕਿਰਪਾਲ ਬੈਂਸ ਨੇ ਕਿਹਾ ਕਿ ਦੀਵੇ ਜਗਦੇ ਰਹਿਣਗੇ ਪੰਜਾਬ ਦੇ ਜੁਝਾਰੂ ਸਾਹਿਤ ਦਾ ਹਾਸਲ ਹੈ। ਇਸ ਵਿਚਲੀਆਂ ਸਾਰੀਆਂ ਕਵਿਤਾਵਾਂ ਦਾ ਕੇਂਦਰ ਬਿੰਦੂ ਭਾਰਤ ਦਾ 2020-21 ਵਿੱਚ ਕਿਰਤੀਆਂ-ਕਿਸਾਨਾਂ ਵਲੋਂ ਲੜਿਆ ਇਤਿਹਾਸਕ ਕਿਸਾਨ ਅੰਦੋਲਨ ਹੈ। 'ਲਿਖ, ਬੋਲ, ਤੇ ਗਾ ਕਿ ਤੇਰੇ ਕੋਲ ਤੇਰੀ ਜੀਭ ਹੈ ...' ਸਤਰ ਦਾ ਹਵਾਲਾ ਦਿੰਦਿਆਂ ਕਿਰਪਾਲ ਨੇ ਕਿਹਾ ਕਿ ਸੁਰਿੰਦਰ ਦੀਆਂ ਇੰਨਾਂ ਲਾਈਨਾਂ ਨੇ ਉਸਨੂੰ ਫ਼ੈਜ਼ ਅਤੇ ਸੁਰਜੀਤ ਪਾਤਰ ਦੀਆਂ ਵਿਸ਼ਵ ਪ੍ਰਸਿੱਧ ਰਚਨਾਵਾਂ ਨੂੰ ਚੇਤੇ ਕਰਵਾ ਦਿੱਤਾ। ਉਨ੍ਹਾਂ ਕਿਹਾ ਕਿ ਇਸ ਉੱਚ ਪਾਏ ਦੀ ਪੁਸਤਕ ਦੀਵੇ ਜਗਦੇ ਰਹਿਣਗੇ ਦੀ ਰਚਨਾ ਨਾਲ ਡਾ. ਧੰਜਲ ਪੰਜਾਬ ਦੇ ਜੁਝਾਰੂ ਕਵੀਆਂ ਪਾਸ਼, ਉਦਾਸੀ ਅਤੇ ਦਿਲ ਦੀ ਕਤਾਰ ਵਿੱਚ ਜਾ ਖੜ੍ਹਾ ਹੁੰਦਾ ਹੈ। ਜਗਦੇਵ ਸਿੰਘ ਸਿੱਧੂ (ਕੈਲਗਰੀ) ਦੇ ਦੀਵੇ ਜਗਦੇ ਰਹਿਣਗੇ ਪੁਸਤਕ ਬਾਰੇ ਲਿਖੇ ਪਰਚੇ ਦਾ ਸਾਰ-ਅੰਸ਼ ਭੂਪਿੰਦਰ ਧਾਲੀਵਾਲ ਨੇ ਪੇਸ਼ ਕੀਤਾ। ਜਗਦੇਵ ਸਿੰਘ ਸਿੱਧੂ ਨੇ ਲਿਖਿਆ ਕਿ ਇਹ ਕਾਵਿਕ ਗੁਣਾਂ ਪੱਖੋਂ ਪੰਜਾਬੀ ਸਾਹਿਤ ਜਗਤ ਵਿੱਚ ਵੀ ਵਿਸ਼ੇਸ਼ ਸਥਾਨ ਅਖਤਿਆਰ ਕਰਨਯੋਗ ਰਚਨਾ ਹੈ। ਇਹ ਅੰਦੋਲਨ ਆਉਂਦੇ ਸਮਿਆਂ ਅੰਦਰ ਦੁਨੀਆਂ ਵਿਚ ਹੋਣ ਵਾਲੇ ਕਿਰਤੀ-ਕਿਸਾਨ ਸੰਘਰਸ਼ਾਂ ਲਈ ਪ੍ਰੇਰਨਾ ਸ੍ਰੋਤ ਬਣਿਆ ਰਹੇਗਾ। ਮੋਹਨ ਗਿੱਲ ਨੇ ਕਿਤਾਬ ਖੇਤਾਂ ਦਾ ਪੁੱਤ : ਪਾਸ਼ ਬਾਰੇ ਪਰਚਾ ਪੜ੍ਹਿਆ, ਇਸ ਪੁਸਤਕ ਨੂੰ ਗਰਮ ਲੋਹੇ ਤੇ ਹਥੌੜੇ ਦੀ ਤਸ਼ਬੀਹ ਦਿੰਦਿਆਂ ਇਸਨੂੰ ਸੰਪਾਦਨ-ਕਲਾ ਦੀ ਸਿਖਰ ਕਿਹਾ। ਪਾਸ਼ ਦੀ ਕਵਿਤਾ ਧਰਤੀ ਦੀ ਕਵਿਤਾ ਹੈ, ਨਾ ਕਿ ਅੰਬਰ ਦੀ। ਅਮਰਜੀਤ ਚਾਹਲ ਦੇ ਨਾਵਲ ਓਟ ਬਾਰੇ ਬਹੁ ਪੱਖੀ ਲੇਖਿਕਾ ਸੁਰਜੀਤ ਕਲਸੀ ਨੇ ਨਾਵਲ ਦੇ ਹਰ ਪੱਖ ਬਾਰੇ ਵਿਸਥਾਰ-ਪੂਰਬਕ ਚਰਚਾ ਕੀਤੀ। ਉਨ੍ਹਾਂ ਨੇ ਇਸ ਰਚਨਾ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਵਿਚ ਛਪੇ ਹੁਣ ਤੱਕ ਦੇ ਗਲਪ ਦਾ ਸਿਖਰ ਕਰਾਰ ਦਿੱਤਾ।

ਡਾ. ਧੰਜਲ ਅਨੁਸਾਰ ਅਮਰਜੀਤ ਚਾਹਲ ਬਹੁਤ ਘੱਟ ਪਰ ਬਹੁਤ ਠੋਸ ਲਿਖਣ ਵਾਲਾ ਲੇਖਕ ਹੈ। ਨਾਵਲ ਓਟ ਵਿੱਚ ਜਿਸ ਡੂੰਘਾਈ, ਪਕਰੌੜਤਾ ਅਤੇ ਕਲਾ ਕੌਸ਼ਲਤਾ ਨਾਲ ਕੈਨੇਡਾ, ਅਮਰੀਕਾ ਅਤੇ ਭਾਰਤ ਦੇ ਸਮਕਾਲ ਦੇ ਦਰਸ਼ਨ ਕਰਵਾਏ ਹਨ, ਉਹ ਪੰਜਾਬੀ ਦੇ ਬਹੁਤ ਸਾਰੇ ਕਲਮਕਾਰਾਂ ਲਈ ਅਪਹੁੰਚ ਹੈ। ਇੰਜ. ਸਤਵੰਤ ਦੀਪਕ ਨੇ 'ਪਹਿਲਾ ਪਾਣੀ ਜੀਓ ਹੈ...' ਪਰਚੇ ਵਿੱਚ ਵਿਸ਼ਵ ਵਿੱਚ ਪੈਦਾ ਹੋ ਰਹੇ ਜਲ ਸੰਕਟ ਦੇ ਖਤਰਿਆਂ ਬਾਰੇ ਪੜ੍ਹਿਆ। ਨਵਤੇਜ ਭਾਰਤੀ, ਅਜਮੇਰ ਰੋਡੇ, ਮਹਿੰਦਰ ਪਾਲ ਧਾਲੀਵਾਲ (ਇੰਗਲੈਂਡ), ਕ੍ਰਿਸ਼ਨ ਭਨੋਟ, ਅਮਰੀਕ ਪਲਾਹੀ, ਮੋਹਨ ਗਿੱਲ, ਅੰਮ੍ਰਿਤ ਦੀਵਾਨਾ ਅਤੇ ਇੰਦਰੇਸ਼ ਨੇ ਆਪਣੀਆਂ ਤਾਜ਼ੀਆਂ ਨਜ਼ਮਾਂ ਨਾਲ ਹਾਜ਼ਰੀ ਲੁਆਈ। ਧੰਨਵਾਦੀ ਸ਼ਬਦ ਅਮਰਜੀਤ ਚਾਹਲ ਨੇ ਕਹੇ। ਫੋਟੋਗ੍ਰਾਫੀ ਪ੍ਰਸਿੱਧ ਪੱਤਰਕਾਰ ਸੁਰਿੰਦਰ ਚਾਹਲ ਨੇ ਕੀਤੀ। ਇਸ ਸ਼ਾਨਦਾਰ ਪ੍ਰੋਗਰਾਮ ਨੂੰ ਜਥੇਬੰਦ ਕਰਨ ਲਈ ਪੰਜਾਬੀ ਸਾਹਿਤਕ-ਸਭਿਆਚਾਰਕ ਵਿਚਾਰ ਮੰਚ ਸਰ੍ਹੀ ਦੇ ਸਾਰੇ ਪ੍ਰਬੰਧਕ ਵਧਾਈ ਦੇ ਪਾਤਰ ਹਨ।




NEW SERVICE BY CARE INC
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ
CARE AUDIOLOGY

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਣਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਮਨੀਪੁਰ ਦੀਆਂ ਘਟਨਾਵਾਂ ਵਿਰੁੱਧ ਜਮਹੂਰੀ ਅਧਿਕਾਰ ਸਭਾ ਦੀ ਅਗਵਾਈ 'ਚ ਰੋਸ ਮਾਰਚ







ਬਠਿੰਡਾ, (ਬਲਜਿੰਦਰ ਸਿੰਘ ਪਟਿਆਲਾ) : ਜਮਹੂਰੀ ਅਧਿਕਾਰ ਸਭਾ ਦੀ ਅਗਵਾਈ ਚ ਜਨਤਕ ਜਮਹੂਰੀ ਜਥੇਬੰਦੀਆਂ ਵਲੋਂ ਮਨੀਪੁਰ ਦੀਆਂ ਸ਼ਰਮਨਾਕ ਤੇ ਦਿਲ ਕੰਬਾਊ ਘਟਨਾਵਾਂ ਵਿਰੁੱਧ ਬਠਿੰਡਾ ਸ਼ਹਿਰ ਵਿੱਚ ਇੱਕ ਵਿਸ਼ਾਲ ਰੋਸ ਮਾਰਚ ਕੀਤਾ ਗਿਆ। ਇਸ ਵਿੱਚ ਪੰਜਾਬੀ ਸਾਹਿਤ ਸਭਾ, ਬੀਕੇਯੂ ਡਕੌਂਦਾ, ਸਾਹਿਤ ਸਿਰਜਣਾ ਮੰਚ, ਪੈਨਸ਼ਨਰਜ਼ ਐਸੋਸੀਏਸ਼ਨ, ਟੀਐਸਯੂ, ਪੀਐਸਯੂ (ਸ਼ਹੀਦ ਰੰਧਾਵਾ), ਪੰਜਾਬ ਫਿਜੀਕਲੀ ਹੈਂਡੀਕੈਪ ਐਸੋਸੀਏਸ਼ਨ, ਡੀਟੀਐਫ, ਪੰਜਾਬ ਸਟੇਟ ਮਨਿਸਟਰੀਅਲ ਸਟਾਫ ਐਸੋਸੀਏਸ਼ਨ, ਪੰਜਾਬ ਸਬਾਰਡੀਨੇਟ ਸਰਵਸਿਜ ਫੈਡਰੇਸ਼ਨ ਕਿਰਤੀ ਕਿਸਾਨ ਯੂਨੀਅਨ, ਤਰਕਸ਼ੀਲ ਸੁਸਾਇਟੀ, ਡੀਟੀਐਫ, ਪੀਐਸਯੂ (ਲਲਕਾਰ), ਡੈਮੋਕ੍ਰੇਟਿਕ ਇੰਪਲਾਈਜ ਫੈਡਰੇਸ਼ਨ, ਨੌਜਵਾਨ ਭਾਰਤ ਸਭਾ, ਟੀਚਰਜ਼ ਹੋਮ ਟਰੱਸਟ, ਸੀਟੂ ਅਤੇ ਸਿੱਖ ਸਦਭਾਵਨਾ ਦਲ ਸ਼ਾਮਲ ਹੋਏ। ਮੰਦਰ ਜੱਸੀ, ਨਿਰਮਲ ਸਿਵੀਆਂ ਤੇ ਰਾਮ ਸਿੰਘ ਰੱਲਾ ਦੇ ਗੀਤਾਂ ਪਿੱਛੋਂ ਐਡਵੋਕੇਟ ਸੁਦੀਪ ਸਿੰਘ, ਪ੍ਰਿੰ. ਬੱਗਾ ਸਿੰਘ, ਜਸਪਾਲ ਮਾਨਖੇੜਾ, ਜਗਪਾਲ ਬੰਗੀ, ਪਰਮਿੰਦਰ, ਲਛਮਣ ਮਲੂਕਾ, ਦਰਸ਼ਨ ਮੌੜ, ਰੇਸ਼ਮ ਸਿੰਘ ਤੇ ਬਿੰਦਰ ਨੇ ਆਪਣੇ ਵਿਚਾਰ ਰੱਖੇ। ਪ੍ਰੈਸ ਸਕੱਤਰ ਡਾ. ਅਜੀਤਪਾਲ ਸਿੰਘ ਨੇ ਦੱਸਿਆ ਕਿ ਬੁਲਾਰਿਆਂ ਨੇ ਮਨੀਪੁਰ ਵਿੱਚ ਕੀਤੀ ਜਾ ਰਹੀ ਸਾੜਫੂਕ, ਲੁੱਟਖੋਹ, ਕਤਲੋਗਾਰਤ ਤੇ ਜਬਰ ਜਿਨਾਹ ਦੀਆਂ ਘਟਨਾਵਾਂ ਲਈ ਮਨੀਪੁਰ ਦੀ ਭਾਜਪਾ ਸਰਕਾਰ ਅਤੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਹਥਿਆਰਬੰਦ ਭੀੜ ਵੱਲੋਂ ਕੁੱਕੀ ਕਬੀਲੇ ਦੇ ਘਰਾਂ 'ਤੇ ਯੋਜਨਾਬੱਧ ਹਮਲਾ ਕੀਤੇ ਗਏ ਅਤੇ ਅਗਲੇ ਦਿਨ ਤਿੰਨ ਔਰਤਾਂ ਦੀ ਨਗਨ ਪਰੇਡ ਕਰਵਾਈ ਗਈ। ਜਦ ਇੱਕ ਕੁੜੀ ਦੇ ਪਿਉ ਅਤੇ ਭਰਾ ਨੇ ਵਿਰੋਧ ਕੀਤਾ ਤਾਂ ਉਹਨਾਂ ਦਾ ਕਤਲ ਕਰ ਦਿੱਤਾ ਅਤੇ ਕੁੜੀ ਨਾਲ ਗੈਂਗਰੇਪ ਕੀਤਾ। ਸਰਕਾਰ ਤੇ ਪੁਲਸ ਨੇ ਇਸ ਦਾ ਕੋਈ ਨੋਟਿਸ ਨਹੀਂ ਲਿਆ। 4 ਮਈ ਨੂੰ ਹੋਰ ਦੋ ਦੋਸਤ ਕੁੜੀਆਂ ਨਾਲ ਭੀੜ ਨੇ ਗੈਂਗ ਰੇਪ ਕਰਕੇ ਕਤਲ ਕਰ ਦਿੱਤਾ ਸੀ। ਇੰਟਰਨੈੱਟ ਬੰਦ ਕਰਕੇ ਮਨੀਪੁਰ ਦੀ ਅਸਲ ਤਸਵੀਰ ਛੁਪਾਈ ਜਾ ਰਹੀ ਹੈ ਅਤੇ ਹਕੂਮਤੀ ਸਹਿ ਪ੍ਰਾਪਤ ਕਹਿਰ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਬੁਲਾਰਿਆਂ ਨੇ ਮੰਗ ਕੀਤੀ ਕਿ ਕਬਾਇਲੀ ਔਰਤਾਂ ਤੇ ਜਬਰ ਦੇ ਦੋਸ਼ੀਆਂ



ਨੂੰ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣ, ਫਿਰਕੂ ਹਿੰਸਾ ਨੂੰ ਸ਼ਹਿ ਦੇਣ ਵਾਲਿਆਂ ਖਿਲਾਫ ਕਾਰਵਾਈ ਕੀਤੀ ਜਾਵੇ, ਇੰਟਰਨੈਟ ਤੇ ਲੱਗੀ ਪਬੰਦੀ ਹਟਾਈ ਜਾਵੇ, ਲੁੱਟਖੋਹ, ਸਾੜਫੂਕ, ਕਤਲੋਗਾਰਦ ਤੇ ਜਬਰ ਜਨਾਹ ਬੰਦ ਹੋਵੇ, ਔਰਤਾਂ ਤੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ, ਐਸਸੀ/ਐਸਟੀ ਰਿਜਵੇਸ਼ਨ ਨੂੰ ਢਾਹ ਲਾਉਣੀ ਬੰਦ ਹੋਵੇ, ਇਸਾਈਆਂ ਦੀਆਂ ਚਰਚਾਂ ਨੂੰ ਸਾੜਨਾ ਬੰਦ ਹੋਵੇ, ਕੁੱਕੀ ਭਾਈਚਾਰੇ 'ਤੇ ਯੋਜਨਾਬੱਧ ਹਿੰਸਾ ਬੰਦ ਕੀਤੀ ਜਾਵੇ, ਘੱਟ-ਗਿਣਤੀਆਂ, ਦਲਿਤਾਂ, ਆਦਿਵਾਸੀਆਂ 'ਤੇ ਹਮਲੇ ਬੰਦ ਕੀਤੇ ਜਾਣ। ਸਟੇਜ ਸਕੱਤਰ ਦੀ ਜਿੰਮੇਵਾਰੀ ਸੰਤੋਖ ਸਿੰਘ ਮਲ੍ਹਣ ਨੇ ਨਿਭਾਈ।


ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ
ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।
ਵਾਜਿਬ ਰੇਟ 'ਤੇ ਹਰ ਦਿਨ ਸੇਵਾਵਾਂ ਉਪਲਬਧ।

Lash Extension Service
Looking for lash extensions in Calgary?
I offer classic, hybrid and volume sets at reasonable price.
Located in Cornerstone, NE.

Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730

Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE® R REALTOR® REAL ESTATE BOARD
Taranjit "T. J." Mand
Real Estate Associate
Max Value Reality Ltd.

The Mortgage Centre Est. 1989
For Excellent Mortgage Service
Access to Multiple Lenders Including major banks
* New Purchase * Refinance * Preapprovals
* Debt Consolidation * New Immigrants
* Self Employed
Sukhvinder S Toor
Mortgage Associate
The Mortgage Centre Elevo Mortgages
Cell : 403-919-1444
Office : 403-264-7750 | Fax : 403-264-7752
Elevo Mortgages Unit 210, 6424-36 Street NE, Calgary, AB. T3J 4C8
Email : toor.s@mortgagecentre.com | www.toormortgage.com

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Jaswinder S Bains, Ph.D., OD.

# ਪੰਜਾਬੀ ਜੁਝਾਰੂ ਕਵਿਤਾ ਦਾ ਹਾਸਲ : ਦੀਵੇ ਜਗਦੇ ਰਹਿਣਗੇ



ਕਿਰਪਾਲ ਬੈਂਸ
+1-604-518-7676)

ਸੁਰਿੰਦਰ ਧੰਜਲ ਪੰਜਾਬੀ ਕਵਿਤਾ ਵਿਚ ਇਕ ਜਾਣਿਆ ਪਛਾਣਿਆ ਨਾਮ ਹੈ। ਉਹ ਪਿਛਲੇ ਤਕਰੀਬਨ 50 ਸਾਲ ਤੋਂ ਕਵਿਤਾ ਲਿਖ ਰਿਹਾ ਹੈ। ਦੀਵੇ ਜਗਦੇ ਰਹਿਣਗੇ ਉਸ ਦੀ ਤਾਜ਼ਾ ਰਚਨਾ ਹੈ ਜਿਸ ਵਿਚ ਭਾਰਤੀ ਕਿਸਾਨ ਅੰਦੋਲਨ ਬਾਰੇ ਕਵਿਤਾਵਾਂ ਹਨ। ਇਸ ਕਿਤਾਬ ਵਿਚ 16 ਕਵਿਤਾਵਾਂ ਅਤੇ ਨੌਂ ਬੋਲੀਆਂ ਹਨ ਅਤੇ ਇਨ੍ਹਾਂ ਵਿਚ ਕਵੀ ਨੇ ਹਰ ਵਿਧਾ ਅਪਣਾਈ ਹੈ। 2020-21 ਵਿਚ ਇਕ ਸਾਲ ਲਈ ਦਿੱਲੀ ਵਿਚ ਕਿਸਾਨ ਅੰਦੋਲਨ ਤੇ ਸੰਘਰਸ਼ ਕੋਈ ਆਮ ਜੱਦੋਜਹਿਦ ਨਹੀਂ ਸੀ। ਉਸ ਦੀ ਸ਼ੁਰੂਆਤ ਭਾਵੇਂ ਤਿੰਨ ਕਾਲ਼ੇ ਕਾਨੂੰਨ ਦੇ ਵਿਰੋਧ ਵਿਚ ਹੋਈ ਸੀ ਪਰ ਇਹ ਇਕ ਇਤਿਹਾਸਕ ਸੰਘਰਸ਼ ਹੋ ਨਿਬੜਿਆ ਕਿਉਂਕਿ ਇਹ ਲੜਾਈ ਨਾ ਸਿਰਫ਼ ਆਪਣੇ ਹੱਕਾਂ ਲਈ ਸੀ ਸਗੋਂ ਆਪਣੀ ਹੋਂਦ ਤੇ ਆਉਣ ਵਾਲ਼ੇ ਭਵਿੱਖ ਖ਼ਾਤਰ ਵੀ ਸੀ। ਦਿੱਲੀ ਦੀਆਂ ਬਰੂਹਾਂ 'ਤੇ ਲੱਗਾ ਇਹ ਮੋਰਚਾ ਹਿੰਦੁਸਤਾਨੀ ਲੋਕਾਂ ਦੀ ਏਕਤਾ ਦਾ ਪ੍ਰਤੀਕ ਤੇ ਸਾਮਰਾਜ ਵਿਰੋਧੀ ਜੱਦੋਜਹਿਦ ਦੀ ਛਾਪ ਸਦਾ ਲਈ ਛੱਡ ਗਿਆ।

'ਦੀਵੇ ਜਗਦੇ ਰਹਿਣਗੇ' ਇਕ ਅਲੰਕਾਰਕ ਕਿਤਾਬ ਹੈ। ਪੁਸਤਕ ਦੇ ਸਿਰਲੇਖ ਨੂੰ ਦੇਖਦੇ ਹੀ ਮੈਨੂੰ ਸੁਰਜੀਤ ਪਾਤਰ ਦੀਆਂ ਇਹ ਸਤਰਾਂ ਚੇਤੇ ਆ ਗਈਆਂ:

**"ਇਹ ਤਾਂ ਏਥੇ ਵਗਦੀਆਂ ਹੀ**
**ਰਹਿਣੀਆਂ ਪੌਣਾਂ ਕੁਪੱਤੀਆਂ**
**ਤੂੰ ਜਗਾ ਦੇ ਮੋਮ ਬੱਤੀਆਂ,**
**ਉਠ ਜਗਾ ਦੇ ਮੋਮਬੱਤੀਆਂ"**

ਪਰ ਧੰਜਲ ਦੀ ਇਹ ਨਜ਼ਮ ਪਾਤਰ ਦੀਆਂ ਇਨ੍ਹਾਂ ਸਤਰਾਂ ਤੋਂ ਅਗਲੇ ਪੜਾ ਦੀ ਗੱਲ ਕਰਦੀ ਹੈ। ਇਹ ਦੀਵੇ ਜੋ 1857 ਵਿਚ ਗ਼ਦਰ ਪਾਰਟੀ ਵੱਲੋਂ ਅਤੇ ਸਰਾਭੇ, ਭਗਤ ਤੇ ਊਧਮ ਨੇ ਜਗਾਏ ਸਨ, ਹੁਣ ਵੀ ਜਗਦੇ ਹਨ ਤੇ ਹਮੇਸ਼ਾਂ ਜਗਦੇ ਰਹਿਣਗੇ।

ਜਿਸ ਹਵਾ ਤੇ ਪਾਣੀ ਨੂੰ ਗੁਰੂ ਨਾਨਕ ਨੇ 'ਪਵਣ ਗੁਰੂ ਪਾਣੀ ਪਿਤਾ' ਕਿਹਾ ਸੀ, ਨੂੰ ਇਸ ਮੌਜੂਦਾ ਨਿਜ਼ਾਮ ਨੇ ਗੰਧਲਾ ਤੇ ਵਾਤਾਵਰਣ ਨੂੰ ਪ੍ਰਦੂਸ਼ਤ ਕਰ ਦਿੱਤਾ ਹੈ। ਪਰ ਕਵੀ ਇਹ ਸਭ ਕੁਝ ਦੇਖ ਕੇ ਅਣਡਿੱਠ ਨਹੀਂ ਕਰ ਸਕਦਾ। ਉਹ ਨਾ ਹੀ ਚੁੱਪ ਰਹਿ ਸਕਦਾ ਹੈ ਅਤੇ ਨਾ ਹੀ ਸਹਿ ਸਕਦਾ ਹੈ ਕਿਉਂਕਿ ਉਸ ਕੋਲ਼ ਲਿਖਣ ਲਈ ਕਲਮ ਤੇ ਬੋਲਣ ਲਈ ਆਵਾਜ਼ ਹੈ, ਇਲਮ ਤੇ ਅਮਲ ਵੀ! ਧੰਜਲ ਦੀ ਇਸ ਕਵਿਤਾ ਦੀ ਇਹ ਇਕ ਸਤਰ:

**ਲਿਖ, ਬੋਲ ਤੇ ਗਾ ਕਿ ਤੇਰੇ ਕੋਲ਼ ਤੇਰੀ ਜੀਭ ਹੈ**


ਫੈਜ਼ ਅਹਿਮਦ ਫੈਜ਼ ਦੀ ਨਜ਼ਮ:

**ਬੋਲ ਕਿ ਲਬ ਆਜ਼ਾਦ ਹੈ ਤੇਰੇ**
**ਬੋਲ ਕਿ ਜ਼ੁਬਾਂ ਅਬ ਤੱਕ ਤੇਰੀ ਹੈ**

ਭਾਵੇਂ ਇਸ ਵਕਤ ਸਾਡੇ ਮੁਲਕ ਤੇ ਕੁਲਹਿਣੀ ਰਾਤ ਹੈ, ਤੇ ਤੂਫ਼ਾਨੀ ਜ਼ੁਲਮ ਦੀ ਬਰਸਾਤ ਹੈ ਪਰ ਕਵੀ ਕੋਲ ਸੁਨਹਿਰੀ ਸ਼ਬਦ ਦੀ ਸੌਗਾਤ ਤੇ ਸੱਤ-ਰੰਗੀ ਪ੍ਰਭਾਤ ਦਾ ਚਾਨਣ ਵੀ ਹੈ:

**ਅੱਜ ਤੇਰੇ ਮੁਲਕ 'ਤੇ ਛਾਈ ਕੁਲਹਿਣੀ ਰਾਤ ਹੈ**
**ਇਮਤਿਹਾਨੀ ਤੇ ਤੂਫ਼ਾਨੀ ਜ਼ੁਲਮ ਦੀ ਬਰਸਾਤ ਹੈ**
**ਕੋਲ਼ ਤੇਰੇ ਪਰ ਸੁਨਹਿਰੀ ਸ਼ਬਦ ਦੀ ਸੌਗਾਤ ਹੈ**
**ਰਾਤ ਦੀ ਥਾਂ ਜ਼ਿੰਦਗੀ ਦੀ ਸੱਤ-ਰੰਗੀ ਪ੍ਰਭਾਤ ਹੈ**
**ਸ਼ਬਦ, ਕਵਿਤਾ, ਜ਼ਿੰਦਗੀ ਦੇ ਮੇਲੇ ਲਗਦੇ ਰਹਿਣਗੇ**
**ਕੱਲ੍ਹ ਸੀ ਜੋ ਤੂੰ ਜਗਾਏ, ... ...**

ਕਵਿਤਾ "ਸਾਥਣ" ਔਰਤਾਂ ਦੇ ਰੋਲ ਨੂੰ ਦਰਸਾਉਂਦੀ ਹੈ। ਇਸ ਕਵਿਤਾ ਵਿਚ ਧੰਜਲ ਮਮਤਾ, ਰੱਖੜੀ ਤੇ ਮਹਿੰਦੀ ਸ਼ਬਦਾਂ




ਨੂੰ ਮਾਂ, ਭੈਣ ਤੇ ਵਿਆਂਦੜ੍ਹ ਦੇ ਅਲੰਕਾਰਾਂ ਵਜੋਂ ਵਰਤਦਾ ਹੈ:

**ਮਮਤਾ, ਰੱਖੜੀ, ਗਿੱਧਾ, ਸਾਰੇ ਉਸ ਦੇ ਨਾਮ,**
**ਸਾਥਣ ਬਣ ਕੇ ਜਿਹੜੀ ਬਾਂਕੀ ਨਾਰ ਫਿਰੇ।**
**ਲਿਖਦੀ ਨ.ਗਮੇ ਖੇਤਾਂ ਤੇ ਸੰਗਰਾਮਾਂ ਦੇ**
**ਮੋਰਚਿਆਂ ਵਿੱਚ ਮਹਿੰਦੀ ਦੀ ਲਲਕਾਰ ਫਿਰੇ।**

ਇਥੋਂ ਤੀਕ ਕਿ ਪਾਸ਼, ਉਦਾਸੀ, ਦਿਲ ਵੀ ਅਲੰਕਾਰ ਬਣ ਜਾਂਦੇ ਹਨ:

**ਧਰਤ ਪੰਜਾਬੋਂ ਚੜ੍ਹੇ ਕਾਫ਼ਲੇ,**
**ਚਹੁੰ ਕੂੰਟੀਂ ਪ੍ਰਕਾਸ਼**
**ਚੜ੍ਹਿਆ ਸੂਰਜ ਵਾਂਗ ਅੰਦੋਲਨ,**
**ਕਰੂ ਜ਼ੁਲਮ ਦਾ ਨਾਸ**
**ਝੂਲ ਰਹੇ ਕਿਰਸਾਨੀ ਝੰਡੇ,**
**ਆਮ ਬਣ ਗਏ ਖ਼ਾਸ**
**ਜਾਗ ਪਏ ਗੱਭਰੂ ਮੁਟਿਆਰਾਂ,**
**ਨਵੀਂ ਜਾਗ ਪਈ ਆਸ**
**ਜੇਤੂ ਆਪਣੇ ਘਰੀਂ ਮੁੜਨਗੇ,**
**ਫੂਕ ਜ਼ੁਲਮ ਦੀ ਲਾਸ਼**
**ਵਿੱਚ ਮੋਰਚੇ ਗੂੰਜਣ ਲੱਗੇ,**
**ਦਿਲ, ਉਦਾਸੀ, ਪਾਸ਼**
**ਦੁਨੀਆ ਯਾਦ ਕਰੂ,**
**ਖੇਤਾਂ ਦਾ ਇਤਿਹਾਸ ... ...**

"ਸਾਰਾ ਇਤਿਹਾਸ ਲੜੂਗਾ" ਧੰਜਲ ਵੱਲੋਂ ਆਪਣੇ ਸਵੈ ਬਾਰੇ ਲਿਖੀ ਕਵਿਤਾ ਹੈ।

**ਬੇੜਾ ਪਾਪ ਦੇ ਤਖ਼ਤ ਦਾ ਡੁੱਬਣਾ**
**ਲਹੂ ਨਾ' ਜਦੋਂ ਭਰ ਜਾਊਗਾ**
**ਐਸਾ ਫ਼ਸਲਾਂ ਦਾ ਲਿਖਦੇ ਸਨੇਹਾਂ**
**ਪੁੱਜ ਘਰ ਘਰ ਜਾਊਗਾ**
**ਲਹੂ ਮੁੜ੍ਹਕੇ ਨੇ ਮਿਲ਼ਕੇ ਸਿਖਾਏ ਜੋ**
**ਉਹ ਹੌਸਲੇ ਕਮਾਲ ਬਣ ਗਏ !**
**ਦਿੱਲੀ ਬਣੀਂ ਤਲਵਾਰ ਸੀ ਕਾਨੂੰਨਾਂ ਦੀ**
**ਖੇਤ ਅੱਗੋਂ ਢਾਲ ਬਣ ਗਏ !**
**ਅਸੀਂ ਝੂਠ ਦੇ ਦਰਾਂ 'ਤੇ ਖੜ੍ਹ ਕੇ,**
**ਸੱਚ ਦਾ ਸਵਾਲ ਬਣ ਗਏ !**

ਜੇ ਕਦੀ ਉਹ ਆਪਣਾ ਵਤਨ ਛੱਡ ਵਿਦੇਸ਼ ਵਿਚ ਵੀ ਚਲਾ ਜਾਏਗਾ ਫਿਰ ਵੀ ਉਹ ਆਪਣੀ ਕਲਮ ਤਿਆਗੇਗਾ ਨਹੀਂ, ਸਗੋਂ ਇਸ ਕਲਮ ਤੇ ਆਵਾਜ਼ ਨੂੰ ਜ਼ੁਲਮ ਦੇ ਖਿਲਾਫ਼ ਤੇ ਇਨਸਾਨ ਦੇ ਹੱਕ ਵਿਚ ਵਰਤੇਗਾ:

**ਗਿਆ ਉੱਡ ਜੇ ਜਹਾਜ਼ ਉੱਤੇ ਚੜ੍ਹ ਕੇ**
**ਲਿਖੀਂ ਇਤਿਹਾਸ ਡਟ ਕੇ**
**ਲਿਖੀਂ ਜ਼ੁਲਮਾਂ ਦੀ ਚੰਦਰੀ ਕਹਾਣੀ**
**ਕਲਮ ਨਾ ਸਿੱਟੀਂ ਥੱਕ ਕੇ**
**ਕੱਚਾ ਕੁਰਸੀ ਦਾ ਚਿੱਠਾ ਤੂੰ ਫਰੋਲ ਦੇ**
**ਅੱਖਰਾਂ 'ਚ ਦਿਲ ਭਰ ਕੇ**
**ਜਿਹੜਾ ਪੜ੍ਹੇ ਲਾਟ ਬਣ ਜਾਣ ਅੱਥਰੂ**
**ਅੱਖਾਂ 'ਚ ਜੋ ਰਹਿਣ ਤਰ ਦੇ**
**ਐਸਾ ਲਿਖ ਦੇ ਸਨੇਹਾਂ ਪੁੱਤ ਛਿੰਦਿਆ!**
**ਪੁੱਜੇ ਵਿੱਚ ਘਰ ਘਰ ਦੇ**

ਜਦੋਂ ਮੋਰਚੇ ਦੀ ਹੋਂਦ ਡੂੰਘੇ ਖ਼ਤਰੇ ਵਿਚ ਨਜ਼ਰ ਆ ਰਹੀ ਸੀ ਤਾਂ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਨਾ ਭੁੱਲਣਯੋਗ ਕਰਤੱਵ ਕਰ ਕੇ ਮੋਰਚੇ ਨੂੰ ਮੁੜ ਖੜ੍ਹਾ ਕਰ ਦਿੱਤਾ।

**ਜੋ ਤੇਰੀ ਅੱਖ 'ਚੋਂ ਲਿਸ਼ਕਿਆ**
**ਉਹ ਸੀ ਭਾਰਤ 'ਚ ਚੜ੍ਹਿਆ ਸੂਰਜ ਨਵੇਰਾ**
**ਉਹ ਸੀ ਮਿੱਟੀ ਦਾ ਅਦਭੁੱਤ ਕ੍ਰਿਸ਼ਮਾ**
**ਉਹ ਸੀ ਖੇਤਾਂ 'ਚ ਚੜ੍ਹਿਆ ਸੁਰਖ਼ ਸਵੇਰਾ**

(ਇੱਕ ਕਤਰਾ ਪਾਣੀ)

ਧੰਜਲ ਦੀ ਕਵਿਤਾ "ਕਾਨੂੰਨ" ਵਿਚ: **"ਕਿਰਤ, ਕਿਸਾਨ, ਕਪਾਹ ਤੇ ਕਣਕਾਂ, ਮਹਿਕ ਤੇ ਮੁੜ੍ਹਕਾ"**
**ਕਵਿਤਾ "ਸਾਰਾ ਇਤਿਹਾਸ ਲੜੂਗਾ" ਵਿਚ: "ਹਿੰਡੀ ਹਾਕਮਾਂ ਦੀ ਹੈਂਕੜੀ ਹਵੇਲੀ"**
**ਅਤੇ ਕਵਿਤਾ "ਨਿੱਡਰ ਅੱਖਾਂ" ਵਿਚ: "ਕਿਸ ਦੇ ਕਦੋਂ ਤੇ ਕੀਕਰ ਹੋਏ"।**
**ਅਨੁਪ੍ਰਾਸ ਅਲੰਕਾਰ ਵਰਤਿਆ ਗਿਆ ਹੈ।**

ਇਕ ਇਨਸਾਫ਼ ਪਸੰਦ, ਬਰਾਬਰਤਾ ਅਤੇ ਲੁੱਟ-ਖਸੁੱਟ ਰਹਿਤ ਸਮਾਜ ਉਸਾਰਨ ਲਈ ਇਸ ਕਿਸਾਨ ਸੰਘਰਸ਼ ਨੇ ਸਾਬਿਤ ਕਰ ਦਿੱਤਾ ਕਿ ਸ਼ਾਨਾਮੱਤਾ ਜੀਵਨ ਜਿਊਂਣ ਲਈ ਇਕ ਹੋਰ ਰਾਹ ਵੀ ਸੰਭਵ ਹੈ। ਧੰਜਲ ਦੀ ਕਵਿਤਾ ਅਨੁਸਾਰ:

**ਖੇਤਾਂ ਨੇ ਬੀਜੀ ਨਵੀਂ ਉਮੀਦ**
**ਇਕੋ ਖੇਤ ਵਿਚ ਉਗਣਗੇ:**
**ਵਿਸਾਖੀ, ਦੀਵਾਲੀ, ਈਦ**
**ਇਕੋ ਖੇਤ 'ਚ ਪ੍ਰਕਾਸ਼ਣਗੇ:**
**ਗੀਤਾ, ਗ੍ਰੰਥ, ਕੁਰਾਨ**
**ਕੋਈ ਗੁੰਡਾ ਨਹੀਂ ਬਣਨ ਦਿਆਂਗੇ**
**ਆਪਣੇ ਭਾਰਤ ਦਾ ਹੁਕਮਰਾਨ**
**ਫਿਰ ਹੋਵੇਗਾ ਸਾਡਾ ਭਾਰਤ ਮਹਾਨ।**
**ਕਿਤਾਬ ਤੇ ਇਸ ਵਿਚਲੀਆਂ ਕਵਿਤਾਵਾਂ ਲਿਖ ਕੇ ਧੰਜਲ ਪਾਸ਼, ਉਦਾਸੀ ਤੇ ਦਿਲ ਵਾਲ਼ੀ ਕਤਾਰ ਵਿਚ ਜਾ ਖਲੋਇਆ ਹੈ:**
**ਧੰਜਲ ਜਦ ਕੋਈ ਨਿੱਡਰ ਨਗਮਾ,**
**ਖੇਤਾਂ ਦੇ ਵਿਚ ਬੀਜੇ**
**ਵਿਚ ਹਵਾਵਾਂ ਗੂੰਜੇ ਉਸਦਾ**
**ਸਦੀਆਂ ਤੀਕ ਪੈਗ਼ਾਮ**

ਸੁਰਿੰਦਰ ਧੰਜਲ ਨੂੰ ਦੀਵੇ ਜਗਦੇ ਰਹਿਣਗੇ ਕਿਤਾਬ ਬਾਰੇ ਇਹ ਕਹਾਂਗਾ ਕਿ ਉਸਦੀ ਇਹ ਕਿਤਾਬ ਪੰਜਾਬੀ ਜੁਝਾਰੂ ਕਵਿਤਾ ਦਾ ਹਾਸਲ ਹੈ।

# ਫੰਡਾਂ ਦੇ ਸਰੋਤਾਂ ਬਾਰੇ ਈਡੀ ਦੇ ਦੋਹਰੇ ਮਿਆਰ

-ਬੂਟਾ ਸਿੰਘ ਮਹਿਮੂਦਪੁਰ

ਮੋਦੀ ਸਰਕਾਰ ਨੇ ਜਿਸ ਕਿਸੇ ਆਲੋਚਕ ਆਵਾਜ਼ ਦੀ ਬਾਂਹ ਮਰੋੜਨੀ ਹੋਵੇ ਉਸ ਦੇ ਪਿੱਛੇ ਈਡੀ ਨੂੰ ਪਾ ਦਿੱਤਾ ਜਾਂਦਾ ਹੈ। ਲੋਕਾਂ ਦੇ ਬੁੱਧੀਜੀਵੀਆਂ ਤੋਂ ਲੈ ਕੇ ਵਿਰੋਧੀ-ਧਿਰ ਦੇ ਆਗੂਆਂ ਤੱਕ ਦੀ ਜ਼ੁਬਾਨਬੰਦੀ ਕਰਨ ਲਈ ਈਡੀ ਦਾ ਰਾਜਨੀਤਕ ਸੰਦ ਵਜੋਂ ਇਸਤੇਮਾਲ ਆਮ ਦੇਖਿਆ ਜਾ ਸਕਦਾ ਹੈ। ਪਰ ਆਰ.ਐੱਸ.ਐੱਸ. ਦੇ ਮਾਮਲੇ 'ਚ ਈਡੀ ਦਾ ਪੈਮਾਨਾ ਵੱਖਰਾ ਹੈ।

ਭਾਜਪਾ ਦੀ ਵਿਚਾਰਧਾਰਕ ਸਰੋਤ ਸੰਸਥਾ ਆਰ.ਐੱਸ.ਐੱਸ. ਦੀਆਂ ਪੂਰੇ ਮੁਲਕ ਵਿਚ 50 ਹਜ਼ਾਰ ਤੋਂ ਵੱਧ ਸ਼ਾਖ਼ਾਵਾਂ ਹਨ। ਇਸ ਦੇ ਮੈਂਬਰਾਂ ਦੀ ਗਿਣਤੀ ਕਈ ਕਰੋੜ ਮੰਨੀ ਜਾਂਦੀ ਹੈ, ਪਰ ਇਹ ਗਿਣਤੀ ਕਿਤੇ ਵੀ ਦਰਜ ਨਹੀਂ ਹੈ। ਮੈਂਬਰਾਂ ਦੀ ਰਜਿਸਟ੍ਰੇਸ਼ਨ ਨਹੀਂ ਹੈ, ਇਸ ਦਾ ਮਤਲਬ ਹੈ ਉਨ੍ਹਾਂ ਦੀ ਮੈਂਬਰਸ਼ਿਪ ਨਹੀਂ ਭਰੀ ਜਾਂਦੀ। ਫਿਰ ਸਵਾਲ ਇਹ ਹੈ ਕਿ ਕਰੋੜਾਂ ਮੈਂਬਰਾਂ ਦੀ ਸੰਸਥਾ ਆਰ.ਐੱਸ.ਐੱਸ. ਦਾ ਖ਼ਰਚਾ ਕਿੱਥੋਂ ਆਉਂਦਾ ਹੈ। ਸਵਾਲ ਇਹ ਵੀ ਹੈ ਕਿ ਇਹ ਪੈਸਾ ਕਾਨੂੰਨੀ ਤੌਰ 'ਤੇ ਆਉਂਦਾ ਹੈ ਜਾਂ ਗ਼ੈਰ-ਕਾਨੂੰਨੀ। ਆਰ.ਐੱਸ.ਐੱਸ. ਦੇ ਧਨ ਦੇ ਸਰੋਤਾਂ ਬਾਰੇ ਜਾਣਕਾਰੀ ਲੈਣ ਲਈ ਲਲਨ ਕੁਮਾਰ ਸਿੰਘ ਨਾਂ ਦੇ ਕਾਰਕੁਨ ਨੇ ਵਾਰ-ਵਾਰ ਈਡੀ ਕੋਲ ਪਹੁੰਚ ਕੀਤੀ ਪਰ ਕੋਈ ਜਵਾਬ ਨਹੀਂ ਮਿਲਿਆ। ਲਲਨ ਸਿੰਘ ਸੂਚਨਾ ਅਧਿਕਾਰ ਕਾਨੂੰਨ ਕਾਰਕੁਨ ਹਨ ਜੋ ਈਡੀ ਨੂੰ ਵਾਰ-ਵਾਰ ਲਿਖ ਕੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰਦੇ ਆ ਰਹੇ ਹਨ। ਲਲਨ ਕੁਮਾਰ ਸਿੰਘ ਨੇ ਸਵਾਲ ਉਠਾਇਆ ਕਿ ਈਡੀ ਨੂੰ ਕਰੋੜਾਂ ਮੈਂਬਰਾਂ ਵਾਲੇ ਆਰ.ਐੱਸ.ਐੱਸ. ਬਾਰੇ ਪਤਾ ਹੋਣਾ ਚਾਹੀਦਾ ਹੈ ਅਤੇ ਇਸ 'ਤੇ ਕਾਰਵਾਈ ਵੀ ਹੋਣੀ ਚਾਹੀਦੀ ਹੈ। ਜਾਂ ਕੀ ਮੋਦੀ ਸਰਕਾਰ ਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਇਹ ਉਸੇ ਤਰ੍ਹਾਂ ਦੀ ਸਰਕਾਰੀ ਸੰਸਥਾ ਹੈ, ਜਿਵੇਂ ਸੀ.ਆਰ.ਪੀ.ਐਫ, ਬਾਰਡਰ ਸਕਿਊਰਿਟੀ ਫੋਰਸ ਹੈ ਅਤੇ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਜਾ ਸਕਦੀ?

ਗ਼ੌਰਤਲਬ ਹੈ ਕਿ ਇਸ ਆਰ.ਟੀ.ਆਈ. ਕਾਰਕੁਨ ਨੇ ਈਡੀ ਕੋਲੋਂ ਆਰ.ਐੱਸ.ਐੱਸ. ਦੀ ਆਰਥਕ ਸਥਿਤੀ ਬਾਰੇ ਜਾਣਕਾਰੀ ਮੰਗੀ ਸੀ। ਲਲਨ ਕੁਮਾਰ ਸਿੰਘ ਦੱਸਦੇ ਹਨ ਕਿ ਉਸ ਨੇ ਦਿੱਲੀ ਵਿਚ ਈਡੀ ਦੇ ਰਵੀ ਤਿਵਾੜੀ ਨੂੰ ਆਰ.ਟੀ.ਆਈ. ਦਰਖ਼ਾਸਤ ਦੇ ਕੇ ਜਾਣਕਾਰੀ ਮੰਗੀ ਸੀ ਕਿ ਏਨੀ ਵੱਡੀ ਸੰਸਥਾ ਦਾ ਖ਼ਰਚਾ ਕਿੱਥੋਂ ਆਉਂਦਾ ਹੈ, ਕੀ ਇਹ ਈਡੀ ਲਈ ਧਨ ਦੀ ਛਾਣਬੀਣ ਦਾ ਮਾਮਲਾ ਨਹੀਂ ਬਣਦਾ। ਧਨ ਦੇ ਸਰੋਤ ਸ਼ੱਕੀ ਹੋਣ ਦੀ ਸੂਰਤ ਆਰ.ਐੱਸ.ਐੱਸ. ਉੱਪਰ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਪਰ ਇਸ ਆਰ.ਟੀ.ਆਈ. ਦਾ ਕੋਈ ਜਵਾਬ ਨਹੀਂ ਆਇਆ। ਫਿਰ ਲਲਨ ਕੁਮਾਰ ਸਿੰਘ ਨੇ ਦੁਬਾਰਾ ਆਰ.ਟੀ.ਆਈ ਦਾਇਰ ਕੀਤੀ ਕਿ ਉਨ੍ਹਾਂ ਵੱਲੋਂ ਦਾਇਰ ਕੀਤੀ ਗਈ ਆਰ.ਟੀ.ਆਈ ਉੱਪਰ ਈਡੀ ਨੇ ਕੀ ਕਾਰਵਾਈ ਕੀਤੀ ਹੈ। ਪਰ ਇਸ ਆਰ.ਟੀ.ਆਈ. ਨੂੰ ਟਾਲਦਿਆਂ ਦਿੱਲੀ ਦੇ ਅਧਿਕਾਰੀ ਨੇ ਇਹ ਵਜ੍ਹਾ ਦੱਸਕੇ ਮਾਮਲਾ ਮੁੰਬਈ ਭੇਜ ਦਿੱਤਾ ਕਿ ਆਰ.ਐੱਸ.ਐੱਸ. ਦਾ ਮੁੱਖ ਦਫ਼ਤਰ ਉਸ ਇਲਾਕੇ ਵਿਚ ਹੈ, ਉੱਥੋਂ ਦੇ ਦਫ਼ਤਰ ਰਾਹੀਂ ਜਾਣਕਾਰੀ ਲਓ।

ਮੁੰਬਈ ਈਡੀ ਨੇ ਉਨ੍ਹਾਂ ਨੂੰ ਜਵਾਬ ਭੇਜਿਆ ਹੈ ਕਿ ਤੁਹਾਨੂੰ ਆਰ.ਟੀ.ਆਈ. ਦੀ ਧਾਰਾ 24(4) ਤਹਿਤ ਜਾਣਕਾਰੀ ਨਹੀਂ ਦਿੱਤੀ ਜਾ ਸਕਦੀ। ਯਾਨੀ ਈਡੀ ਨੇ ਆਰ.ਐੱਸ.ਐੱਸ. ਨੂੰ ਬਚਾਉਣ ਲਈ ਇਸ ਧਾਰਾ ਨੂੰ ਹਥਿਆਰ ਵਜੋਂ ਵਰਤਿਆ ਹੈ। ਇਹ ਆਰ.ਐੱਸ.ਐੱਸ. ਨੂੰ ਬਚਾਉਣ ਲਈ 24(4) ਦੀ ਦੁਰਵਰਤੋਂ ਹੈ। 24 (4) ਵਿਚ 25 ਅਜਿਹੇ ਸਰਕਾਰੀ ਅਦਾਰੇ ਸ਼ਾਮਲ ਹਨ ਜਿਨ੍ਹਾਂ ਦੀ ਜਾਣਕਾਰੀ ਆਰ.ਟੀ.ਆਈ. ਵਿਚ ਨਹੀਂ ਦਿੱਤੀ ਜਾਂਦੀ। ਨਾਲ ਹੀ ਇਹ ਵੀ ਹੈ ਕਿ ਇਨ੍ਹਾਂ 25 ਸੰਸਥਾਵਾਂ/ਅਦਾਰਿਆਂ ਵਿਚ ਜੇਕਰ ਕਿਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ ਜਾਂ ਗ਼ਬਨ ਜਾਂ ਭ੍ਰਿਸ਼ਟਾਚਾਰ ਹੋ ਰਿਹਾ ਹੁੰਦਾ ਹੈ ਜਾਂ ਮਾਮਲਾ ਲੋਕ ਹਿਤਾਂ ਨਾਲ ਜੁੜਿਆ ਹੋਵੇ ਤਾਂ ਉਨ੍ਹਾਂ ਨੂੰ ਵੀ ਆਰ.ਟੀ.ਆਈ. ਤਹਿਤ ਜਾਣਕਾਰੀ ਦੇਣੀ ਪੈਂਦੀ ਹੈ। ਪਰ ਸਵਾਲ ਇਹ ਹੈ ਕਿ ਆਰ.ਐੱਸ.ਐੱਸ. ਤਾਂ ਸਰਕਾਰੀ ਸੰਸਥਾ ਨਹੀਂ ਹੈ, ਫਿਰ ਈਡੀ ਇੱਥੇ 24(4) ਦਾ ਹਵਾਲਾ ਦੇ ਕੇ ਜਾਣਕਾਰੀ ਦੇਣ ਤੋਂ ਇਨਕਾਰ ਕਿਉਂ ਕਰ ਰਿਹਾ ਹੈ। ਕੀ ਭਾਰਤ ਸਰਕਾਰ ਨੇ ਆਰ.ਐੱਸ.ਐੱਸ. ਨੂੰ ਵੀ ਆਪਣੀਆਂ 25 ਸੰਸਥਾਵਾਂ ਵਿਚ ਸ਼ਾਮਲ ਕਰ ਲਿਆ ਹੈ, ਜਿਨ੍ਹਾਂ ਬਾਰੇ ਆਰ.ਟੀ.ਆਈ. ਦੇ ਨਿਯਮ 24(4) ਤਹਿਤ ਜਾਣਕਾਰੀ ਨਹੀਂ ਦਿੱਤੀ ਜਾਂਦੀ? ਕੀ ਆਰ.ਐੱਸ.ਐੱਸ. ਵੀ ਭਾਰਤ ਸਰਕਾਰ ਦੀ ਅਜਿਹੀ ਸੰਸਥਾ ਬਣ ਗਈ ਹੈ, ਜਿਸ ਬਾਰੇ ਖ਼ੁਲਾਸਾ ਹੋਣ 'ਤੇ ਮੁਲਕ ਨੂੰ ਖ਼ਤਰਾ ਹੈ?

ਇਸ ਬਾਰੇ ਲੰਮੇ ਸਮੇਂ ਤੋਂ ਆਰ.ਐੱਸ.ਐੱਸ. ਉੱਪਰ ਕੰਮ ਕਰ ਰਹੇ ਇਤਿਹਾਸਕਾਰ ਸ਼ਮਸੁਲ ਇਸਲਾਮ ਦਾ ਕਹਿਣਾ ਹੈ ਕਿ ਆਰ.ਐੱਸ.ਐੱਸ. ਆਰ.ਟੀ.ਆਈ. ਦੀ ਧਾਰਾ 24(4) ਦੇ ਤਹਿਤ ਨਹੀਂ ਆਉਂਦਾ। ਕੁਝ ਅਧਿਕਾਰੀਆਂ ਨੇ ਆਪਣੇ ਆਪ ਹੀ ਫ਼ੈਸਲਾ ਕੀਤਾ ਹੈ ਕਿ ਆਰ.ਐੱਸ.ਐੱਸ. ਵੀ ਇਸ ਵਿਚ ਹੈ। ਹੁਣ ਸਵਾਲ ਇਹ ਹੈ ਕਿ ਜਿਸ ਆਰ.ਐੱਸ.ਐੱਸ. ਉੱਪਰ ਭਾਰਤ ਸਰਕਾਰ ਵੱਲੋਂ ਵੱਖ-ਵੱਖ ਸਮੇਂ 'ਤੇ ਤਿੰਨ ਵਾਰ ਪਾਬੰਦੀ ਲਗਾਈ ਗਈ ਹੋਵੇ ਉਹ ਆਰ.ਐੱਸ.ਐੱਸ. ਭਾਰਤ ਸਰਕਾਰ ਦੇ ਏਨੀ ਕਰੀਬੀ ਕਿਵੇਂ ਹੋ ਗਈ ਕਿ ਅਧਿਕਾਰੀ ਆਰ.ਟੀ.ਆਈ ਸੈਕਸ਼ਨਾਂ ਦੀ ਵਰਤੋਂ ਕਰਕੇ ਇਸ ਬਾਰੇ ਜਾਣਕਾਰੀ ਦੇਣ ਤੋਂ ਵੀ ਇਨਕਾਰ ਕਰ ਰਹੇ ਹਨ। ਜ਼ਾਹਿਰ ਹੈ ਕਿ ਇਸ ਦਾ ਭਾਜਪਾ ਨਾਲ ਸਿੱਧਾ ਸਬੰਧ ਹੈ, ਕਿਉਂਕਿ ਆਰ.ਐੱਸ.ਐੱਸ. ਭਾਜਪਾ ਦੀ ਮਾਂ ਸੰਸਥਾ ਹੈ ਅਤੇ ਇਸ ਸਮੇਂ ਮੁਲਕ ਉੱਪਰ ਭਾਜਪਾ ਦਾ ਰਾਜ ਹੈ।

ਆਰ.ਟੀ.ਆਈ. ਕਾਰਕੁਨ ਲਲਨ ਕੁਮਾਰ ਸਿੰਘ ਅਤੇ ਆਰ.ਐੱਸ.ਐੱਸ. ਦੀ ਵਿਚਾਰਧਾਰਾ ਉੱਪਰ ਖ਼ਾਸ ਪਕੜ ਰੱਖਦੇ ਵਿਦਵਾਨ ਸ਼ਮਸੁਲ ਇਸਲਾਮ ਦਾ ਸਪਸ਼ਟ ਕਹਿਣਾ ਹੈ ਕਿ ਭਾਰਤ ਸਰਕਾਰ ਜਾਂ ਭਾਰਤ ਸਰਕਾਰ ਨਾਲ ਜੁੜੇ ਅਧਿਕਾਰੀਆਂ ਨੇ ਅਣਐਲਾਨੀ ਤੌਰ 'ਤੇ ਐਲਾਨ ਕੀਤਾ ਹੈ ਕਿ ਆਰ.ਐੱਸ.ਐੱਸ. ਸਰਕਾਰ ਦੇ ਅਧੀਨ ਉਸੇ ਤਰ੍ਹਾਂ ਸੰਗਠਨ ਹੈ, ਜਿਸ ਵਿਚ ਸੀ.ਆਰ.ਪੀ.ਐੱਫ., ਇਸਰੋ, ਬੀ.ਐੱਸ.ਐੱਫ. ਜਾਂ ਭਾਰਤ ਸਰਕਾਰ ਦੀਆਂ ਉਹ ਗੁਪਤ ਸੰਸਥਾਵਾਂ ਹਨ ਜਿਨ੍ਹਾਂ ਬਾਰੇ ਆਰ.ਟੀ.ਆਈ. ਤਹਿਤ ਜਾਣਕਾਰੀ ਨਹੀਂ ਦਿੱਤੀ ਜਾ ਸਕਦੀ। ਅਜੇ ਤੱਕ ਭਾਰਤ ਨੂੰ ਹਿੰਦੂ ਰਾਸ਼ਟਰ ਨਹੀਂ ਐਲਾਨਿਆ ਗਿਆ, ਕਿਸੇ ਮੰਤਰਾਲੇ ਵਿਚ ਆਰ.ਐੱਸ.ਐੱਸ. ਦੀ ਕੋਈ ਸਿੱਧੀ ਸ਼ਮੂਲੀਅਤ ਨਹੀਂ ਹੈ, ਫਿਰ ਵੀ ਈ.ਡੀ. ਵਰਗੀਆਂ ਸੰਸਥਾਵਾਂ ਆਰ.ਐੱਸ.ਐੱਸ. ਦੇ ਧਨ ਦੇ ਸਰੋਤਾਂ ਦੀ ਛਾਣਬੀਣ ਕਰਨ ਤੋਂ ਇਨਕਾਰੀ ਹਨ। ਸੋ ਇਹ ਮੰਨਣਾ ਪਵੇਗਾ ਕਿ ਆਰ.ਐੱਸ.ਐੱਸ. ਮੋਦੀ ਸਰਕਾਰ ਦਾ ਇਕ ਹਿੱਸਾ ਹੈ। ਅਜਿਹੀ ਸਥਿਤੀ 'ਚ ਜੇਕਰ ਮੋਦੀ ਸਰਕਾਰ 2024 ਵਿਚ ਮੁੜ ਸੱਤਾ ਵਿਚ ਆਉਂਦੀ ਹੈ ਤਾਂ ਉਨ੍ਹਾਂ ਨੂੰ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਤੋਂ ਕੋਈ ਨਹੀਂ ਰੋਕ ਸਕਦਾ।

## ਇਕ ਸ਼ਰਧਾਂਜਲੀ

**ਪ੍ਰਸਿੱਧ ਸ਼ਾਇਰ ਅਤੇ ਲੇਖਕ ਸ੍ਰ. ਹਰਭਜਨ ਸਿੰਘ ਹੁੰਦਲ ਜਿਨ੍ਹਾਂ ਨੇ ਤਾਉਮਰ ਲੋਕਾਂ ਦੇ ਪੱਖ ਤੋਂ ਲਿਖਿਆ ਅਤੇ ਆਪਣੀ ਜ਼ਿੰਦਗੀ ਜੀਵੀ। ਉਨ੍ਹਾਂ ਦੀ ਆਖਰੀ ਖ਼ੁਆਇਸ਼ ਆਪਣੀ ਪਤਨੀ ਨੂੰ ਜੋ ਉਨ੍ਹਾਂ ਦੀ ਸੋਚ, ਤਰਕਸ਼ੀਲਤਾ ਅਤੇ ਇਕ ਕਵੀਮਨ ਨੂੰ ਦਰਸਾਉਂਦੀ ਹੈ। ਸ਼ਰਧਾਂਜਲੀ ਵਜੋਂ ਦੇ ਰਹੇ ਹਾਂ।**



ਭਾਗਵਾਨੇ! ਮੈਂ ਏਸ ਮਾਰਚ ਨੂੰ
ਨੱਬੇ ਸਾਲਾਂ ਦਾ ਹੋ ਜਾਵਾਂਗਾ।
ਕਵਿਤਾ ਲਿਖਦਿਆਂ, ਪੜ੍ਹਦਿਆਂ
ਜੀਣ ਦਾ ਲੋਭ ਵੱਧਦਾ ਜਾਂਦਾ ਹੈ
ਵਿਸ਼ਵ-ਕਵਿਤਾ ਦੇ ਸਮੁੰਦਰ ਵਿੱਚੋਂ
ਮੋਤੀ ਚੁਗਣ ਦੀ ਤਾਂਘ
ਹੋਰ ਤੀਬਰ ਹੋਈ ਜਾਂਦੀ ਹੈ

ਜੇ ਭਲਾ ਮਰਨਾ ਵੀ ਹੋਇਆ
ਤਾਂ ਰਾਤ ਨੂੰ ਸੁੱਤੇ -ਸੁੱਤਿਆਂ
ਚੁੱਪ-ਚਾਪ ਤੁਰ ਜਾਣ ਨੂੰ ਜੀ ਕਰਦਾ ਹੈ।

ਤੂੰ ਸਵੇਰੇ ਸਵੇਰੇ
ਚਾਹ ਦਾ ਗਲਾਸ ਲੈਕੇ ਆਵੀਂ
ਤੇ ਆਖੀਂ -ਉਠੋ ਚਾਹ ਲਵੋ
ਤੇ ਮੈਂ ਉਸ ਵੇਲੇ ਤੀਕ
ਪਿੰਡ ਦੀ ਜੂਹ ਨੂੰ ਟੱਪ
ਲੰਮੇ ਸਫ਼ਰ 'ਤੇ ਤੁਰ ਗਿਆ ਹੋਵਾਂ

ਵੇਖ ਕੇ ਨਾਟਕੀ ਧਾਹਾਂ ਨਾ ਮਾਰੀਂ
ਧੀਰਜ ਨਾਲ ਘਰਦਿਆਂ ਨੂੰ ਦੱਸੀਂ
ਤੇ ਯਾਦ ਰੱਖੀਂ ਮੇਰੇ ਗਿਆਂ ਕੋਈ ਪਹਾੜ
ਨਹੀਂ ਢਹਿ ਪੈਣਾ
ਤੇ ਨਾ ਕਵੀ ਦੀ ਕਲਪਨਾ ਨੇ
ਉਡਾਣ ਤੋਂ ਰੁਕ ਜਾਣਾ ਹੈ।

ਮੇਰੇ ਤੋਂ ਅਗਲੀ ਪੀੜ੍ਹੀ
ਮੇਰੇ ਤੋਂ ਬਿਹਤਰ ਕਵਿਤਾ ਲਿਖੇਗੀ
ਲੋਕ ਗੀਤਾਂ ਦੇ ਮੁੱਖ ਵਰਗੀ
ਸੁਰਖ਼ ਗੁਲਾਬ ਦੇ ਰੰਗ ਵਰਗੀ
ਤਪੇ ਹੋਏ ਲੋਹੇ ਦੇ ਰੋਹ ਵਰਗੀ।

ਪੂਜਾ ਪਾਠਾਂ ਦੇ ਚੱਕਰਾਂ ਵਿੱਚ ਨਾ ਪਵੀਂ
ਮੇਰੀ ਰੂਹ ਨੂੰ ਪਾਠਾਂ ਨਾਲ ਸ਼ਾਂਤੀ
ਨਹੀਂ ਮਿਲਣੀ
ਕਵੀ ਸਾਂਤ ਨਹੀਂ ਅਸ਼ਾਂਤ ਹੀ ਰਹਿੰਦਾ ਹੈ ਹਮੇਸ਼ਾ।

ਸਵੇਰ ਦੀ ਚਾਹ ਪੀ ਕੇ ਆਰਾਮ ਨਾਲ
ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਫੋਨ ਕਰੀਂ।

ਮੇਰੀ ਪਾਰਟੀ ਨੂੰ ਦੱਸਣਾ ਨਾ ਭੁੱਲੀਂ
ਮੇਰੇ ਉੱਤੇ ਲੋਈਆਂ ਨਹੀਂ ਲਾਲ ਝੰਡਾ ਪਾਵੀਂ
ਸੁਰਖ਼ ਗੁਲਾਬ ਦੇ ਰੰਗ ਵਰਗਾ ਲਾਲ ਸੂਹਾ।

ਸਸਕਾਰ ਤੋਂ ਬਾਅਦ
ਘਰ ਆ ਕੇ ਲੌਂਗਾਂ ਵਾਲੀ
ਚਾਹ ਬਣਾਵੀਂ ਤੇ ਕਹੀ-
'ਉਸ ਨੂੰ ਇਹ ਚਾਹ ਬੜੀ ਚੰਗੀ ਲੱਗਦੀ ਸੀ'

ਵੈਣ ਨਾ ਪਾਵੀਂ
ਮੈਂ ਜ਼ਿੰਦਗੀ ਨੂੰ ਰੱਜ ਕੇ ਜੀਵਿਆ ਹੈ

ਸ਼ੁਕਰ ਦੇ ਕਰਨਾ ਵੀ ਪਵੇ ਤਾਂ ਰੱਬ ਦਾ ਨਹੀਂ
ਕਵਿਤਾ ਦਾ ਕਰੀਂ ਜਿਸ ਮੈਨੂੰ ਜ਼ਿੰਦਗੀ ਬਖ਼ਸ਼ੀ ਹੈ।

ਮੇਰੀ ਰਾਖ ਨੂੰ ਮੇਰੀ ਬਗੀਚੀ ਵਿੱਚ
ਖਿਲਾਰ ਦੇਈਂ ਤੇ ਫੁੱਲ
ਬਿਆਸਾ ਦੇ ਪੁਲ ਤੋਂ
ਵਗਦੇ ਪਾਣੀਆਂ ਨੂੰ ਸੌਂਪ ਦੇਵੀ।

ਮੇਰਾ ਅਫ਼ਸੋਸ ਨਾ ਕਰੀਂ
ਮਾਣ ਕਰੀਂ ਮੇਰੇ ਉੱਤੇ ਜੇ ਹੋ ਸਕੇ
ਤੇ ਮਿਲਣ ਆਇਆਂ ਨੂੰ ਆਖੀਂ -
ਕੌੜਾ ਸੀ ਸੱਚ ਵਰਗਾ
ਨਿੰਮ ਦੇ ਪੱਤਿਆਂ ਜਿਹਾ
ਪਰ ਅੰਦਰੋਂ ਕੋਮਲ ਸੀ
ਕਵਿਤਾ ਵਰਗਾ
ਗੁਲਾਬ ਦੀ ਪੱਤੀ ਤਰ੍ਹਾਂ
ਪਰ ਇੱਕੋ ਗੱਲ ਮਾੜੀ ਸੀ
ਉਸ ਦੀ
ਕਿ ਟਿਕ ਕੇ ਘਰ ਨਹੀਂ ਸੀ
ਬੈਠਦਾ ਹੁੰਦਾ।

*ਜਥੇਬੰਦਕ ਧਰਮਾਂ ਦਾ ਮਾਇਆਜਾਲ਼-7*

# ਕਰਮਕਾਂਡ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ।ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਕਰਮਕਾਂਡੀ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ-ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲ-ਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ-ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਨਕਲੀ ਧਰਮਾਂ ਦੀ ਲੇਖ ਲੜੀ ਦੇ ਪਿਛਲੇ ਭਾਗ ਵਿੱਚ ਅਸੀਂ 'ਲੋਭ-ਲਾਲਚ ਅਧਾਰਿਤ ਨਕਲੀ ਧਰਮ' ਦੀ ਚਰਚਾ ਵਿੱਚ ਜਾਣਿਆ ਸੀ ਕਿ ਮਨੁੱਖ ਦੀ ਲੋਭੀ ਪ੍ਰਵਿਰਤੀ, ਜਿਥੇ ਉਸਨੂੰ ਹੋਰ ਇਕੱਠਾ ਕਰਨ ਤੇ ਦੂਜਿਆਂ ਦਾ ਹੱਕ ਮਾਰਨ ਦੇ ਕੁਰਾਹੇ ਪਾਉਂਦੀ ਹੈ, ਉਥੇ ਮਨੁੱਖ ਦੀ ਹਮੇਸ਼ਾਂ ਇਹ ਸੋਚ ਹੁੰਦੀ ਹੈ ਕਿ ਕੁੱਝ ਨਾ ਕੁੱਝ ਅਜਿਹਾ ਵਾਪਰ ਜਾਵੇ ਕਿ ਉਸਨੂੰ ਸਭ ਕੁੱਝ ਬਿਨਾਂ ਕੁੱਝ ਕੀਤਿਆਂ ਮਿਲ ਜਾਵੇ। ਉਹ ਆਸ ਕਰਦਾ ਹੈ ਕਿ ਉਸਦੀਆਂ ਸਾਰੀਆਂ ਆਸਾਂ ਉਮੰਗਾਂ ਛਿਨ ਭਰ ਵਿੱਚ ਪੂਰੀਆਂ ਹੋ ਜਾਣ, ਉਸਦੇ ਸਭ ਦੁੱਖ, ਚਿੰਤਾਵਾਂ ਚੁਟਕੀ ਮਾਰਨ ਨਾਲ ਛੂ ਮੰਤਰ ਹੋ ਜਾਣ। ਕੁੱਝ ਅਜਿਹਾ ਵਾਪਰ ਜਾਵੇ ਕਿ ਉਸਨੂੰ ਸਾਰੀਆਂ ਦੁਨਿਆਵੀ ਸਹੂਲਤਾਂ ਤੇ ਪਦਾਰਥਾਂ ਦੇ ਨਾਲ-ਨਾਲ ਜ਼ਿੰਦਗੀ ਦੀਆਂ ਸਾਰੀਆਂ ਖੁਸ਼ੀਆਂ ਬਿਨਾਂ ਕਿਸੇ ਮਿਹਨਤ ਮੁਸ਼ੱਕਤ ਦੇ ਮਿਲ ਜਾਣ। ਉਸਦੀ ਇਸ ਸੋਚ ਵਿਚੋਂ ਹੀ ਕਰਾਮਾਤ, ਚਮਤਕਾਰ ਆਦਿ ਸ਼ਬਦ ਨਿਕਲੇ ਹਨ। ਕਰਾਮਾਤ ਦਾ ਅੱਖਰੀ ਅਰਥ ਇਤਨਾ ਕੁ ਹੀ ਹੈ ਕਿ ਕੁੱਝ ਅਜਿਹਾ ਵਾਪਰ ਜਾਣਾ, ਜੋ ਕਿ ਮਨੁੱਖ ਦੀ ਬੁੱਧੀ ਤੋਂ ਪਰ੍ਹੇ ਦੀ ਗੱਲ ਹੋਵੇ ਜਾਂ ਕੁਦਰਤ ਦੇ ਅਟੱਲ ਨਿਯਮਾਂ ਤੋਂ ਉਲਟ ਕੁੱਝ ਅਜਿਹਾ ਵਾਪਰ ਜਾਣਾ ਜਿਸ ਬਾਰੇ ਮਨੁੱਖ ਕਦੇ ਸੋਚ ਵੀ ਨਾ ਸਕਦਾ ਹੋਵੇ। ਧਰਮ ਪੁਜਾਰੀ ਮਨੁੱਖ ਦੀ ਇਸ ਪ੍ਰਵਿਰਤੀ ਨੂੰ ਭਲੀ ਭਾਂਤ ਜਾਣਦਾ ਹੈ, ਉਸਨੇ ਆਪਣੇ ਧਰਮ ਗ੍ਰੰਥਾਂ ਵਿੱਚ, ਆਪਣੇ ਧਰਮ ਗੁਰੂਆਂ ਬਾਰੇ ਹਜ਼ਾਰਾਂ ਅਜਿਹੀਆਂ ਕਥਾ ਕਹਾਣੀਆਂ ਪਾਈਆਂ ਹੋਈਆਂ ਹਨ ਕਿ ਮਨੁੱਖ ਨੂੰ ਇਹ ਵਿਸ਼ਵਾਸ਼ ਹੋ ਜਾਵੇ ਕਿ ਧਰਮ ਗੁਰੂਆਂ ਨੂੰ ਰੱਬ ਵਲੋਂ ਕੁੱਝ ਅਜਿਹੀਆਂ ਗੈਬੀ ਸ਼ਕਤੀਆਂ ਮਿਲੀਆਂ ਹੁੰਦੀਆਂ ਹਨ, ਜਿਸ ਨਾਲ ਉਹ ਕੁਦਰਤ ਦੇ ਅਟੱਲ ਨਿਯਮਾਂ ਦੇ ਉਲਟ ਕੁੱਝ ਵੀ ਅਣਹੋਣੀ ਵਰਤਾ ਸਕਦੇ ਹਨ। ਜਿਸ ਸ਼ਰਧਾਲੂ ਨੂੰ ਚਾਹੁਣ ਮਨੋ ਮੰਗੀਆਂ ਮੁਰਾਦਾਂ ਦੇ ਕੇ ਮਾਲਾ-ਮਾਲ ਕਰ ਸਕਦੇ ਹਨ ਤੇ ਜਿਸ ਅਸ਼ਰਧਕ ਨੂੰ ਚਾਹੁਣ ਕੰਗਾਲ ਬਣਾ ਸਕਦੇ ਹਨ, ਉਸਦਾ ਅੱਖ ਦੇ ਫੋਰ ਵਿੱਚ ਨੁਕਸਾਨ ਕਰ ਸਕਦੇ ਹਨ। ਧਰਮ ਪੁਜਾਰੀ ਮਨੁੱਖ ਨੂੰ ਇਹ ਵਿਸ਼ਵਾਸ਼ ਦਿਵਾਉਂਦੇ ਹਨ ਕਿ ਧਰਮ ਗੁਰੂਆਂ ਦੇ ਅੱਖਰੀ ਗਿਆਨ ਰੂਪੀ ਮੰਤਰ ਦਾ ਅਗਰ ਸ਼ਰਧਾਲੂ, ਪੁਜਾਰੀ ਦੁਆਰਾ ਦੱਸੀ ਮਰਿਯਾਦਾ ਅਨੁਸਾਰ ਸ਼ਰਧਾ ਨਾਲ ਜਾਪ ਕਰਨਗੇ, ਵਿਧੀ ਅਨੁਸਾਰ ਪੂਜਾ ਪਾਠ ਕਰਨ ਕਰਨਗੇ ਤਾਂ ਅਜਿਹਾ ਚਮਤਕਾਰ ਵਾਪਰੇਗਾ ਕਿ ਸ਼ਰਧਾਲੂ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ, ਮਨੋਕਮਾਨਾਵਾਂ ਪੂਰੀਆਂ ਹੋ ਜਾਣਗੀਆਂ, ਸਭ ਦੁਨਿਆਵੀ ਸੁੱਖ ਸਹੂਲਤਾਂ ਮਿਲ ਜਾਣਗੀਆਂ, ਇਥੇ ਹੀ ਬੱਸ ਨਹੀਂ, ਇਸ ਜਨਮ ਤੋਂ ਬਾਅਦ ਅਗਲਾ ਜਨਮ ਵੀ ਸੰਵਰ ਜਾਵੇਗਾ, ਸਵਰਗਾਂ ਵਿੱਚ, ਗੁਰੂ ਦੇ ਚਰਨਾਂ ਵਿੱਚ ਖਾਸ ਸਥਾਨ ਮਿਲੇਗਾ ਆਦਿ ਆਦਿ।

ਮਨੁੱਖ ਨੇ ਲੱਖਾਂ ਸਾਲਾਂ ਦੇ ਸਹਿਜ ਵਿਕਾਸ ਨਾਲ ਹੌਲੀ-ਹੌਲੀ ਇਹ ਜਾਣਿਆ ਹੈ ਕਿ ਸ੍ਰਿਸ਼ਟੀ ਦੇ ਇਸ ਦਿਸਦੇ ਪਸਾਰੇ ਵਿੱਚ ਸਭ ਕੁੱਝ ਇੱਕ ਬੱਝਵੇਂ ਨਿਯਮ ਵਿੱਚ ਚੱਲ ਰਿਹਾ ਹੈ, ਕੁੱਝ ਵੀ ਇਸ ਨਿਯਮ ਤੋਂ ਬਾਹਰ ਨਹੀਂ ਹੈ। ਇਨ੍ਹਾਂ ਵੱਖ-ਵੱਖ ਨਿਯਮਾਂ ਦੇ ਸਮੂਹ ਨੂੰ ਹੀ ਕੁਦਰਤ ਦੇ ਨਿਯਮ ਕਿਹਾ ਜਾਂਦਾ ਹੈ। ਅਸਲ ਵਿੱਚ ਉਹ ਸ਼ਕਤੀ ਜੋ ਇਸ ਸ੍ਰਿਸਟੀ ਨੂੰ ਚਲਦੀ ਰੱਖਣ ਲਈ ਗਤੀ ਪ੍ਰਦਾਨ ਕਰਦੀ ਹੈ, ਉਸਨੂੰ ਕੁੱਝ ਧਰਮਾਂ ਨੇ ਰੱਬ ਦਾ ਨਾਮ ਦਿੱਤਾ ਹੈ, ਪਰ ਬਹੁਤੇ ਧਰਮਾਂ ਦਾ ਰੱਬ ਇੱਕ ਕਲਪਿਤ ਵਿਅਕਤੀ ਤੋਂ ਵੱਧ ਕੁੱਝ ਨਹੀਂ, ਜੋ ਕਿ ਕਿਸੇ ਕਲਪਿਤ ਗ੍ਰਹਿ (ਅਸਮਾਨ) ਤੇ ਬੈਠਾ, ਇਸ ਸ੍ਰਿਸਟੀ ਨੂੰ ਚਲਾ ਰਿਹਾ ਹੈ। ਪਰ ਸਚਾਈ ਇਹੀ ਹੈ ਕਿ ਕੁਦਰਤ ਦੇ ਇਹ ਨਿਯਮ ਲੱਖਾਂ-ਕਰੋੜਾਂ ਸਾਲਾਂ ਤੋਂ ਨਿਰਵਿਘਨ ਚੱਲ ਰਹੇ ਹਨ, ਇਨ੍ਹਾਂ ਵਿੱਚ ਕਦੇ ਕੋਈ ਤਬਦੀਲੀ ਨਹੀਂ ਆਉਂਦੀ। ਕਿਸੇ ਦੇ ਪੂਜਾ-ਪਾਠ, ਮੰਤਰ ਜਾਪ, ਪੁੰਨ-ਪਾਪ ਨਾਲ ਇਨ੍ਹਾਂ ਨਿਯਮਾਂ ਨੂੰ ਕੋਈ ਫਰਕ ਨਹੀਂ ਪੈਂਦਾ। ਲੱਖਾਂ ਸਾਲਾਂ ਤੋਂ ਇਸ ਸ੍ਰਿਸਟੀ ਵਿੱਚ ਜਨਮ-ਮਰਨ ਦੀ ਖੇਡ ਨਿਰਵਿਘਨ ਚੱਲ ਰਹੀ ਹੈ, ਪੁਰਾਣਾ ਖਤਮ ਹੁੰਦਾ ਰਹਿੰਦਾ ਹੈ ਤੇ ਨਵਾਂ ਬਣਦਾ ਰਹਿੰਦਾ ਹੈ। ਇਥੇ ਕੁੱਝ ਵੀ ਪੈਦਾ ਨਹੀਂ ਹੁੰਦਾ ਤੇ ਕੁੱਝ ਵੀ ਖਤਮ ਨਹੀਂ ਹੁੰਦਾ, ਸਭ ਕੁੱਝ ਰੀਸਾਈਕਲ ਹੀ ਹੋ ਰਿਹਾ ਹੈ। ਕੁੱਝ ਵੀ ਇਥੇ ਨਾ ਬਾਹਰੋਂ ਆ ਰਿਹਾ ਹੈ ਤੇ ਨਾ ਹੀ ਬਾਹਰ ਕਿਤੇ ਜਾ ਰਿਹਾ ਹੈ। ਸਭ ਕੁੱਝ ਪਹਿਲਾਂ ਹੀ ਇਥੇ ਮੌਜੂਦ ਹੈ ਤੇ ਇਥੇ ਹੀ ਰਹੇਗਾ। ਸਾਡੇ ਖਾਣ ਜਾਂ ਵਰਤਣ ਨਾਲ ਕੁੱਝ ਵੀ ਨਾ ਘਟਦਾ ਹੈ ਤੇ ਨਾ ਹੀ ਸਾਡੇ ਕੁੱਝ ਬਣਾਉਣ ਨਾਲ ਵਧਦਾ ਹੈ। ਇਹ ਸਭ ਸਾਡਾ ਭਰਮ ਹੀ ਹੈ। ਇਸੇ ਤਰ੍ਹਾਂ ਇਹ ਵੀ ਸਾਡੇ ਮਨਾਂ ਵਿੱਚ ਧਰਮ ਪੁਜਾਰੀਆਂ ਵਲੋਂ ਪਾਇਆ ਭਰਮ ਹੀ ਹੈ ਕਿ ਕਿਸੇ ਮੰਤਰ-ਜੰਤਰ, ਟੂਣੇ-ਟਾਮਣੇ, ਪੂਜਾ-ਪਾਠ ਆਦਿ ਨਾਲ ਕੁੱਝ ਵਾਪਰ ਸਕਦਾ ਹੈ। ਕਿਸੇ ਦੀ ਅਖੌਤੀ ਗੈਬੀ ਸ਼ਕਤੀ ਜਾਂ ਆਤਮਿਕ ਸ਼ਕਤੀ ਨਾਲ ਕੁੱਝ ਵੀ ਵਾਪਰ ਨਹੀਂ ਸਕਦਾ। ਜੋ ਕੁੱਝ ਵੀ ਵਾਪਰ ਰਿਹਾ ਹੈ, ਉਹ ਸਭ ਨਿਯਮ ਰੂਪੀ ਹੁਕਮ ਵਿੱਚ ਹੀ ਵਾਪਰ ਰਿਹਾ ਹੈ। ਉਸਨੂੰ ਸਮਝ ਕੇ ਬਹੁਤ ਕੁੱਝ ਬਦਲਿਆ ਜਾ ਸਕਦਾ ਹੈ, ਬਹੁਤ ਕੁੱਝ ਨਵਾਂ ਪੈਦਾ ਕੀਤਾ ਜਾ ਸਕਦਾ ਹੈ, ਬਹੁਤ ਕੁੱਝ ਖਤਮ ਕੀਤਾ ਜਾ ਸਕਦਾ ਹੈ, ਪਰ ਫਿਰ ਵੀ ਸਭ ਕੁੱਝ ਇਥੋਂ ਹੀ ਪੈਦਾ ਹੋਵੇਗਾ ਤੇ ਇਥੇ ਹੀ ਰਹੇਗਾ, ਬਸ ਇੱਕ ਦਿਨ ਰੀਸਾਈਕਲ ਹੋ ਜਾਵੇਗਾ।

ਇਹ ਬਿਲਕੁਲ ਸੰਭਵ ਹੈ ਕਿ ਸਾਨੂੰ ਕੁਦਰਤ ਦੇ ਬੇਅੰਤ ਨਿਯਮਾਂ ਵਿਚੋਂ ਬਹੁਤਿਆਂ ਦੀ ਅਜੇ ਸੋਝੀ ਨਾ ਹੋਵੇ, ਤੇ ਜੋ ਅੱਜ ਅਸੀਂ ਕੁੱਝ ਅਜਿਹਾ ਕਿਸੇ ਕਰਾਮਾਤ ਰਾਹੀਂ ਵਾਪਰਨ ਬਾਰੇ ਸੋਚਦੇ ਹਾਂ, ਕੱਲ੍ਹ ਨੂੰ ਅਸੀਂ ਅਜਿਹਾ ਕੁੱਝ ਕਿਸੇ ਨਿਯਮ ਵਿੱਚ ਕਰਨ ਦੇ ਸਮਰੱਥ ਹੋ ਸਕੀਏ। ਇਹ ਸੰਭਵ ਹੈ ਕਿ ਕੁੱਝ ਸਦੀਆਂ ਪਹਿਲਾਂ ਧਰਤੀ ਤੇ ਵਿਚਰਦਾ ਪ੍ਰਾਣੀ ਹਵਾ ਵਿੱਚ ਉੜਨ ਬਾਰੇ ਸੋਚਦਾ ਹੋਵੇ, ਆਪਣੀ ਆਵਾਜ਼ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਣ ਬਾਰੇ ਸੋਚਦਾ ਹੋਵੇ, ਇੱਕ ਥਾਂ ਤੇ ਬੈਠਾ ਹੀ ਆਪਣੀ ਗੱਲ ਦੂਜੀ ਜਗ ?ਹਾ ਪਹੁੰਚਾਣ ਬਾਰੇ ਸੋਚਦਾ ਹੋਵੇ, ਅਗਰ ਕੋਈ ਵਿਅਕਤੀ ਅਜਿਹਾ ਹੋ ਸਕਣ ਬਾਰੇ ਕਹਿੰਦਾ ਹੋਵੇ ਤਾਂ ਇਹ ਗੱਲ ਕਰਾਮਾਤ ਤੋਂ ਘੱਟ ਨਹੀਂ ਸੀ, ਪਰ ਅੱਜ ਦੇ ਮਨੁੱਖ ਕੋਲ ਹਵਾਈ ਜਹਾਜ, ਰੇਡੀਉ, ਟੀ. ਵੀ., ਟੈਲੀਫੋਨ, ਸੈੱਲ ਫੋਨ, ਸੈਟੇਲਾਈਟ, ਈਮੇਲ, ਫੈਕਸ, ਕੰਪਿਊਟਰ, ਇੰਟਰਨੈਟ ਆਦਿ ਅਨੇਕਾਂ ਯੰਤਰ ਹਨ, ਜੋ ਅਜਿਹਾ ਸਭ ਕੁੱਝ ਕਰਨ ਦੇ ਸਮਰਥ ਹਨ, ਜੋ ਅੱਜ ਤੋਂ 100 ਸਾਲ ਪਹਿਲਾਂ ਸ਼ਾਇਦ ਸੰਭਵ ਹੀ ਨਹੀਂ ਸੀ, ਉਸ ਸਮੇਂ ਦੇ ਮਨੁੱਖ ਲਈ ਇਹ ਸਭ ਸੋਚਣਾ ਚਮਤਕਾਰ ਤੋਂ ਘੱਟ ਨਹੀਂ ਸੀ।

ਖੋਜੀ ਮਨੁੱਖ ਨੇ ਆਪਣੀ ਅਕਲ ਤੇ ਸੂਝ-ਬੂਝ ਨਾਲ ਕੁਦਰਤ ਦੇ ਬੇਅੰਤ ਨਿਯਮਾਂ ਨੂੰ ਸਮਝ ਕੇ ਅਨੇਕਾਂ ਕਾਢਾਂ ਕੱਢੀਆਂ ਹਨ ਤੇ ਮਨੁੱਖ ਲਈ ਹਜਾਰਾਂ ਸਹੂਲਤਾਂ ਪੈਦਾ ਕੀਤੀਆਂ ਹਨ। ਜਿਨ੍ਹਾਂ ਸਹੂਲਤਾਂ ਤੇ ਵਸਤਾਂ ਦੀ ਪ੍ਰਾਪਤੀ ਲਈ ਮਨੁੱਖ ਲੱਖਾਂ ਸਾਲ ਤਾਂਘਦਾ ਰਿਹਾ, ਧਰਮ ਪੁਜਾਰੀਆਂ ਮਗਰ ਲੱਗ ਕੇ ਜੰਗਲਾਂ ਪਹਾੜਾਂ ਵਿੱਚ ਭਟਕਦਾ ਰਿਹਾ, ਕਠਿਨ ਜਪ-ਤਪ ਕਰਦਾ ਰਿਹਾ, ਵਿਧੀ ਨਾਲ ਪੂਜਾ ਪਾਠ ਕਰਦਾ ਰਿਹਾ, ਅਗਰ ਇਹ ਸੁੱਖ ਸਹੂਲਤਾਂ ਇਸ ਜਨਮ ਵਿੱਚ ਨਹੀਂ ਮਿਲੀਆਂ ਤਾਂ ਪੁਜਾਰੀ ਦੇ ਕਲਪਿਤ ਸਵਰਗਾਂ, ਜੰਨਤਾਂ, ਸਚਖੰਡਾਂ ਵਿੱਚ ਮਿਲਣ ਦੇ ਸੁਪਨੇ ਦੇਖਦਾ ਰਿਹਾ, ਉਹ ਸਭ ਕੁੱਝ ਸਾਇੰਸਦਾਨਾਂ ਨੇ ਆਪਣੀ ਮਿਹਨਤ ਤੇ ਕੁਦਰਤ ਦੇ ਨਿਯਮਾਂ ਨੂੰ ਸਮਝ ਕੇ ਮੁਹਈਆ ਕਰਾ ਦਿੱਤਾ ਤੇ ਲਗਾਤਾਰ ਕਰਾਉਂਦਾ ਜਾ ਰਿਹਾ ਹੈ। ਪਰ ਬਦਕਿਸਮਤੀ ਦਾ ਆਲਮ ਇਹ ਹੈ ਕਿ ਧਰਮ ਪੁਜਾਰੀਆਂ ਨੇ ਹਜਾਰਾਂ ਸਾਲਾਂ ਦੇ ਪ੍ਰਚਾਰ ਨਾਲ ਮਨੁੱਖ ਨੂੰ ਮਾਨਸਿਕ ਤੌਰ ਤੇ ਇਤਨਾ ਗੁਲਾਮ ਬਣਾ ਲਿਆ ਹੈ ਕਿ ਸਾਇੰਸਦਾਨਾਂ ਵਲੋਂ ਮੁਹੱਈਆ ਕਰਾਈਆਂ ਜਾ ਰਹੀਆਂ ਸਾਰੀਆਂ ਸਹੂਲਤਾਂ ਮਾਣਦੇ ਨਾਸ਼ੁਕਰੇ ਮਨੁੱਖ ਨੇ ਉਨ੍ਹਾਂ ਸਾਇੰਸਦਾਨਾਂ ਦੀ ਘਾਲ ਕਮਾਈ ਲਈ ਕਦੇ ਸ਼ੁਕਰਾਨੇ ਦੇ ਦੋ ਸ਼ਬਦ ਨਹੀਂ ਕਹੇ, ਉਸਦੀ ਸ਼ੁਭਕਾਮਨਾ ਲਈ ਕਦੇ ਅਰਦਾਸ ਨਹੀਂ ਕੀਤੀ। ਪਰ ਕਿਸੇ ਵੀ ਚਲਾਕ, ਮੱਕਾਰ, ਪਾਖੰਡੀ ਸਾਧ, ਪੁਜਾਰੀ ਆਦਿ ਦੇ ਕਿਸੇ ਵੀ ਕਲਪਿਤ ਲੁਭਾਵਣੇ ਸਬਜ਼ਬਾਗ ਤੇ ਫੋਕੀਆਂ ਮਨਘੜਤ ਕਥਾ ਕਹਾਣੀਆਂ ਸੁਣ ਕੇ ਉਸਦੇ ਚਰਨੀਂ ਪੈ ਜਾਂਦਾ ਹੈ। ਕਿਸੇ ਐਕਸੀਡੈਂਟ ਜਾਂ ਜਾਨ ਲੇਵਾ ਬੀਮਾਰੀ ਤੋਂ ਬਚਾ ਲਿਆਉਂਦੇ ਡਾਕਟਰ ਦਾ ਸ਼ੁਕਰਾਨਾ ਕਰਨ ਜਾਂ ਗੁਣ ਗਾਉਣ ਦੀ ਥਾਂ ਧਰਮ ਮੰਦਰਾਂ ਵਿੱਚ ਕਿਸੇ ਕਲਪਿਤ ਰੱਬ ਦੇ ਸ਼ੁਕਰਾਨੇ ਕਰਦਾ, ਯੱਗ ਕਰਾਉਂਦਾ, ਲੰਗਰ ਲਗਾਉਂਦਾ, ਪੂਜਾ ਪਾਠ ਕਰਦਾ, ਮੂਰਤੀਆਂ ਅੱਗੇ ਨੱਕ ਰਗੜਦਾ ਫਿਰਦਾ ਹੈ। ਜਦੋਂ ਕੋਈ ਬਿਪਤਾ ਪੈਂਦੀ ਹੈ ਤਾਂ ਨੰਬਰ ਤੇ 911 ਡਾਇਲ ਕਰਦਾ ਹੈ ਤੇ ਸਹਾਇਤਾ ਵੀ ਉਥੋਂ ਹੀ ਲੈਂਦਾ ਹੈ, ਪਰ ਸ਼ੁਕਰਾਨੇ ਲਈ ਅਖੰਡ ਪਾਠ ਗੁਰਦੁਆਰੇ ਕਰਾਉਂਦਾ ਹੈ। ਕਿਤਨੀ ਬਚਿੱਤਰ ਬਾਤ ਹੈ ਕਿ ਬਿਪਤਾ ਵੇਲੇ ਕਦੇ ਕੋਈ ਸ਼ਰਧਾਲੂ ਕਿਸੇ ਧਰਮ ਮੰਦਰ ਵਿੱਚ ਕਿਸੇ ਪੁਜਾਰੀ ਤੋਂ ਮੱਦਦ ਲਈ ਫੋਨ ਨਹੀਂ ਕਰਦਾ, ਪਰ ਜਦੋਂ ਸਾਰਾ ਕੁੱਝ ਸਹੀ ਸਲਾਮਤ ਹੋ ਜਾਂਦਾ ਹੈ ਤਾਂ ਸ਼ੁਕਰਾਨਾ ਧਰਮ ਮੰਦਰ ਵਿੱਚ ਕਰਨ ਜਾਂਦਾ ਹੈ, ਚੜ੍ਹਾਵੇ ਧਰਮ ਮੰਦਰਾਂ ਵਿੱਚ ਪੁਜਾਰੀਆਂ ਨੂੰ ਚੜ੍ਹਾਉਂਦਾ ਹੈ। ਕਦੇ ਉਨ੍ਹਾਂ ਏਜੰਸੀਆਂ ਨੂੰ ਡੋਨੇਸ਼ਨ ਦੇਣ ਨਹੀਂ ਜਾਂਦਾ, ਜੋ ਦਿਨ ਰਾਤ ਇੱਕ ਕਰਕੇ ਸਹੂਲਤਾਂ ਪ੍ਰਦਾਨ ਕਰਦੀਆਂ ਹਨ। ਮੌਤ ਦੇ ਮੂਹੋਂ ਬਚਾ ਕੇ ਸਹੀ ਸਲਾਮਤ ਘਰ ਪਹੁੰਚਾਣ ਵਾਲੇ ਡਾਕਟਰ ਜਾਂ ਨਰਸਾਂ ਦਾ ਧੰਨਵਾਦ ਕਰਨਾ ਤਾਂ ਮਨੁੱਖ ਬੇਸ਼ਕ ਭੁੱਲ ਜਾਵੇ, ਪਰ ਹਸਪਤਾਲੋਂ ਘਰ ਦੇ ਰਸਤੇ ਵਿੱਚ ਪੈਂਦੇ ਧਰਮ ਅਸਥਾਨ ਤੇ ਕਲਪਿਤ ਰੱਬ ਦਾ ਸ਼ੁਕਰਾਨਾ ਕਰਨਾ ਜਾਂ ਪੁਜਾਰੀ ਨੂੰ ਚੜ੍ਹਾਵਾ ਚੜ੍ਹਾਉਣਾ, ਸ਼ੁਕਰਾਨੇ ਦੇ ਅਰਦਾਸ ਕਰਾਉਣਾ ਕਦੇ ਨਹੀਂ ਭੁੱਲਦਾ।

ਨਕਲੀ ਧਰਮਾਂ ਦੀ ਚਰਚਾ ਦੇ ਪਿਛਲੇ ਭਾਗਾਂ ਵਿੱਚ ਅਸੀਂ ਇਹ ਵੀ ਵਿਚਾਰਿਆ ਸੀ ਕਿ ਮਨੁੱਖ ਆਮ ਤੌਰ ਤੇ ਸੁਭਾਓ ਪੱਖੋਂ ਆਲਸੀ ਹੈ, ਉਹ ਪ੍ਰਾਪਤ ਤਾਂ ਅਕਸਰ ਬਹੁਤ ਕੁੱਝ ਕਰਨਾ ਚਾਹੁੰਦਾ ਹੈ, ਪਰ ਉਸਨੂੰ ਪ੍ਰਾਪਤ ਕਰਨ ਲਈ ਉਤਨੀ ਮਿਹਨਤ ਜਾਂ ਜੱਦੋ-ਜਹਿਦ ਨਹੀਂ ਕਰਨਾ ਚਾਹੁੰਦਾ। ਉਹ ਚਾਹੁੰਦਾ ਹੈ ਕਿ ਕੁੱਝ ਨਾ ਕੁੱਝ ਅਜਿਹਾ ਵਾਪਰਦਾ ਰਹੇ ਕਿ ਬਿਨਾਂ ਕੁੱਝ ਕੀਤਿਆਂ ਸਭ ਕੁੱਝ ਮਿਲਦਾ ਰਹੇ। ਇਸ ਲਈ ਉਹ ਅਕਸਰ ਅਜਿਹੇ ਸਹਾਰੇ ਦੀ ਭਾਲ ਵਿੱਚ ਰਹਿੰਦਾ ਹੈ ਕਿ ਕੋਈ ਉਸਦੇ ਸਿਰ ਤੇ ਗੈਬੀ ਸ਼ਕਤੀਆਂ ਵਾਲਾ ਬਖਸ਼ਿਸ਼ ਭਰਿਆ ਹੱਥ ਰੱਖ ਦੇਵੇ, ਜਿਸ ਨਾਲ ਉਸਦੇ ਸਭ ਦੁੱਖ ਦਲਿਦਰ ਦੂਰ ਹੋ ਜਾਣ, ਸਭ ਮਨੋ-ਕਾਮਨਾਵਾਂ ਪੂਰੀਆਂ ਹੋ ਜਾਣ। ਧਰਮ ਪੁਜਾਰੀ ਮਨੁੱਖ ਦੀ ਇਸ ਪ੍ਰਵਿਰਤੀ ਨੂੰ ਖੂਬ ਜਾਣਦੇ ਹਨ। ਇਸ ਲਈ ਉਨ੍ਹਾਂ ਨੇ ਆਪਣੀ ਮਰਜੀ ਦੇ ਰੱਬ ਘੜੇ ਹੋਏ ਹਨ, ਵੱਖ-ਵੱਖ ਮੰਗਾਂ ਦੀ ਪੂਰਤੀ ਲਈ ਵੱਖ-ਵੱਖ ਤਰ੍ਹਾਂ ਦੇ ਦੇਵੀ-ਦੇਵਤੇ ਬਣਾਏ ਹੋਏ ਹਨ। ਫਿਰ ਉਨ੍ਹਾਂ ਦੇਵੀ-ਦੇਵਤਿਆਂ, ਗੁਰੂਆਂ, ਪੀਰਾਂ, ਪੈਗੰਬਰਾਂ ਦੇ ਨਾਮ ਨਾਲ ਅਜਿਹੀਆਂ ਕਹਾਣੀਆਂ ਘੜੀਆਂ ਹੋਈਆਂ ਹਨ ਕਿ ਇਹ ਸਾਰੇ ਗੁਰੂ ਪੀਰ ਪੈਗੰਬਰ ਇਸ ਧਰਤੀ ਤੇ ਰੱਬ ਵਲੋਂ ਖਾਸ ਕਰਾਮਾਤੀ ਸ਼ਕਤੀਆਂ ਲੈ ਕੇ ਭੇਜੇ ਹੁੰਦੇ ਹਨ। ਜਿਹੜਾ ਸ਼ਰਧਾਲੂ ਨਿਸ਼ਚਾ ਰੱਖ ਕੇ, ਪੁਜਾਰੀ ਦੁਆਰਾ ਦੱਸੀ ਵਿਧੀ ਅਨੁਸਾਰ ਪੂਜਾ ਪਾਠ ਕਰਦਾ ਹੈ, ਉਹ ਫਿਰ ਪੀਰ ਤੋਂ ਮੂੰਹੋਂ ਮੰਗੀਆਂ ਮੁਰਾਦਾਂ ਪਾਉਂਦਾ ਹੈ ਤੇ ਜਿਹੜਾ ਅਜਿਹਾ ਨਹੀਂ ਕਰਦਾ ਉਸ ਤੇ ਰੱਬ ਕ੍ਰੋਪੀ ਕਰ ਸਕਦਾ ਹੈ। ਧਰਮ ਗ੍ਰੰਥਾਂ ਵਿੱਚ ਕੁਦਰਤ ਦੇ ਅਟੱਲ ਨਿਯਮਾਂ ਦੇ ਉਲਟ ਅਜਿਹੀਆਂ ਕਥਾ ਕਹਾਣੀਆਂ ਵੀ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ ਕਿ ਧਰਮ ਗੁਰੂ ਮਦਾਰੀਆਂ ਵਾਂਗ ਅੱਖ ਦੇ ਫੋਰ ਵਿੱਚ ਜੋ ਚਾਹੁਣ ਕਰਕੇ ਦਿਖਾ ਦੇਣ। ਇਥੋਂ ਤੱਕ ਕਿ ਬਹੁਤ ਸਾਰੇ ਧਰਮਾਂ ਵਿੱਚ ਕਿਸੇ ਵਿਅਕਤੀ ਦੇ ਪੀਰ, ਪੈਗੰਬਰ, ਗੁਰੂ ਹੋਣ ਦੀ ਨਿਸ਼ਾਨੀ ਹੀ ਇਹ ਮੰਨੀ ਜਾਂਦੀ ਹੈ ਕਿ ਉਸ ਕੋਲ ਅਜਿਹੀਆਂ ਅਸੀਮ ਗੈਬੀ ਸ਼ਕਤੀਆਂ ਹੋਣ, ਜਿਹੜੀਆਂ ਉਹ ਸਮਾਂ ਆਉਣ ਤੇ ਆਪਣੇ ਸ਼ਰਧਾਲੂਆਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ, ਉਨ੍ਹਾਂ ਦੇ ਦੁੱਖ ਸੰਤਾਪ ਦੂਰ ਕਰਨ, ਉਨ੍ਹਾਂ ਨੂੰ ਖੁਸ਼ੀਆਂ ਬਖਸ਼ਣ ਜਾਂ ਉਨ੍ਹਾਂ ਦੇ ਵਿਰੋਧੀਆਂ ਦਾ ਨੁਕਸਾਨ ਕਰਨ ਲਈ ਵਰਤ ਸਕੇ। ਪੁਜਾਰੀ ਜਿਤਨਾ ਕਰਾਮਾਤੀ ਸ਼ਕਤੀਆਂ ਦਾ ਕੂੜ ਕੁਬਾੜ ਧਰਮ ਗੁਰੂ ਨਾਲ ਜੋੜ ਦੇਵੇ, ਉਤਨੀ ਉਸਦੀ ਦੁਕਾਨਦਾਰੀ ਵੱਧ ਚਲਦੀ ਹੈ। ਪੁਜਾਰੀ ਹੌਲੀ-ਹੌਲੀ ਅਜਿਹੀਆਂ ਕਥਾ ਕਹਾਣੀਆਂ ਰਾਹੀਂ ਆਪਣੇ ਰਹਿਬਰਾਂ ਦੀ ਸ਼ਰਧਾਲੂਆਂ ਵਿੱਚ ਅਜਿਹੀ ਸਾਖ ਬਣਾਉਂਦੇ ਹਨ ਕਿ ਆਮ ਸ਼ਰਧਾਲੂ ਇਹ ਮੰਨਣ ਲਈ ਮਜਬੂਰ ਹੋ ਜਾਵੇ ਕਿ ਉਸਨੂੰ ਜ਼ਿੰਦਗੀ ਵਿੱਚ ਜਦੋਂ ਵੀ ਕੋਈ ਦੁੱਖ ਤਕਲੀਫ ਆਵੇ ਤਾਂ ਉਹ ਡਾਵਾਂਡੋਲ ਹੋ ਕੇ ਪੁਜਾਰੀ ਕੋਲ ਅਰਦਾਸ ਬੇਨਤੀ ਲਈ ਆਵੇ। ਪੁਜਾਰੀ ਸ਼ਰਧਾਲੂਆਂ ਦੇ ਮਨਾਂ ਵਿੱਚ ਸ਼ਰਧਾ ਦੇ ਅਜਿਹੇ ਬੀਜ ਬੀਜਦਾ ਹੈ ਕਿ ਸ਼ਰਧਾਲੂ ਸਾਰੀ ਉਮਰ ਇਹੀ ਸਮਝਦਾ ਹੈ ਕਿ ਪੁਜਾਰੀ, ਰੱਬ ਤੇ ਗੁਰੂ ਵਿੱਚ ਵਿਚੋਲੇ ਦਾ ਕੰਮ ਕਰਦਾ ਹੈ। ਇਸ ਲਈ ਪੁਜਾਰੀ ਜੋ ਪੂਜਾ ਪਾਠ ਦੀ ਵਿਧੀ ਦੱਸਦਾ ਹੈ, ਉਸਨੂੰ ਸ਼ਰਧਾ ਨਾਲ ਕਰਨ ਤੇ ਮਨੁੱਖ ਦਾ ਕਲਿਆਣ ਹੋ ਸਕਦਾ ਹੈ, ਉਸਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ। ਹਜਾਰਾਂ ਸਾਲਾਂ ਤੋਂ ਪੁਜਾਰੀਆਂ ਨੇ ਧਰਮ ਗੁਰੂਆਂ ਦੇ ਨਾਮ ਤੇ ਅਜਿਹੀਆਂ ਮਨਘੜਤ ਕਰਾਮਾਤੀ ਕਹਾਣੀਆਂ ਧਰਮ ਗ੍ਰੰਥਾਂ ਵਿੱਚ ਪਾਈਆਂ ਹੋਈਆਂ ਹਨ। ਜਿਸ ਧਰਮ ਵਿੱਚ ਧਰਮ ਗੁਰੂ ਦੀ ਫਿਲਾਸਫੀ ਵਿੱਚ ਮਿਲਾਵਟ ਸੰਭਵ ਨਾ ਹੋਵੇ, ਉਥੇ ਪੁਜਾਰੀ ਉਨ੍ਹਾਂ ਦੇ ਨਾਮ ਤੇ ਅਨੇਕਾਂ ਹੋਰ ਕਰਾਮਾਤੀ ਕਹਾਣੀਆਂ ਨਾਲ ਭਰਪੂਰ ਨਕਲੀ ਗ੍ਰੰਥ ਤਿਆਰ ਕਰ ਲੈਂਦੇ ਹਨ।

ਅਸਲ ਵਿੱਚ ਅੱਜ ਦੇ ਬਹੁਤੇ ਧਰਮਾਂ ਤੇ ਧਰਮ ਗ੍ਰੰਥਾਂ ਵਿਚੋਂ ਜੇ ਅਖੌਤੀ ਕਰਾਮਾਤੀ ਕਥਾ ਕਹਾਣੀਆਂ ਕੱਢ ਦਿੱਤੀਆਂ ਜਾਣ ਜਾਂ ਉਨ੍ਹਾਂ ਸਾਰੀਆਂ ਕਹਾਣੀਆਂ ਨੂੰ ਤਰਕ, ਦਲੀਲ ਤੇ ਵਿਗਿਆਨ ਦੀ ਕਸਵੱਟੀ ਤੇ ਪਰਖਣ ਦੀ ਇਜ਼ਾਜਤ ਦੇ ਦਿੱਤੀ ਜਾਵੇ ਤਾਂ ਬਹੁਤੇ ਧਰਮਾਂ ਪੱਲੇ ਕੁੱਝ ਨਹੀਂ ਰਹੇਗਾ। ਇਸੇ ਲਈ ਹਰ ਧਰਮ ਪੁਜਾਰੀ ਅਕਸਰ ਇਹ ਪ੍ਰਚਾਰ ਕਰਦਾ ਹੈ ਕਿ ਸਾਡੇ ਧਰਮ ਗ੍ਰੰਥ ਵਿੱਚ ਜੋ ਕੁੱਝ ਲਿਖਿਆ ਹੈ, ਉਹ ਸਭ ਸੱਚੋ-ਸੱਚ ਹੈ, ਇਸ ਵਿਚਲਾ ਸਾਰਾ ਗਿਆਨ ਰੱਬ ਵਲੋਂ ਸਾਡੇ ਤੱਕ ਸਿੱਧਾ ਪਹੁੰਚਾ ਦਿੱਤਾ ਗਿਆ ਹੈ। ਇਸ ਲਈ ਕਿਸੇ ਨੂੰ ਇਸ ਤੇ ਕਿਸੇ ਤਰ੍ਹਾਂ ਦਾ ਸ਼ੰਕਾ ਕਰਨ, ਕਿੰਤੂ-ਪ੍ਰੰਤੂ ਕਰਨ, ਕੋਈ ਸਵਾਲ ਕਰਨ, ਕੋਈ ਤਰਕ ਦਲੀਲ ਦੇਣ ਦਾ ਹੱਕ ਨਹੀਂ। ਸ਼ਰਧਾ ਨਾਲ ਸਿਰ ਝੁਕਾ ਦੇਣਾ ਹੀ ਧਰਮ ਹੈ। ਧਰਮ ਪੁਜਾਰੀਆਂ ਨੂੰ ਪਤਾ ਹੁੰਦਾ ਹੈ ਕਿ ਅਗਰ ਧਰਮ ਗ੍ਰੰਥਾਂ ਤੇ ਤਰਕ ਦਲੀਲ ਨਾਲ ਵਿਚਾਰ ਕਰਨ ਦੀ ਇਜ਼ਾਜਤ ਦੇ ਦਿੱਤੀ ਜਾਵੇ ਤਾਂ ਧਰਮ ਦੇ ਨਾਮ ਤੇ ਖੜਾ ਕੀਤਾ ਸਾਰਾ ਅਡੰਬਰ ਨੰਗਾ ਹੋ ਜਾਵੇਗਾ, ਕੋਈ ਫਿਰ ਪੁਜਾਰੀਆਂ ਦੇ ਨਕਲੀ ਧਰਮ ਤੇ ਯਕੀਨ ਨਹੀਂ ਕਰੇਗਾ। ਪੁਜਾਰੀਆਂ ਨੂੰ ਪਤਾ ਹੈ ਕਿ ਜੇ ਸ਼ਰਧਾਲੂਆਂ ਨੂੰ ਇਹ ਗੱਲ ਸਮਝ ਪੈ ਜਾਵੇ ਕਿ ਕਿਸੇ ਵਿਅਕਤੀ ਵਿਸ਼ੇਸ਼ ਕੋਲ ਕੋਈ ਗੈਬੀ ਸ਼ਕਤੀ ਨਹੀਂ ਹੁੰਦੀ, ਕੁਦਰਤ ਦੇ ਨਿਯਮਾਂ ਤੋਂ ਉਲਟ ਕੋਈ ਕਰਾਮਾਤ ਕਰਨ ਦੀ ਸਮਰੱਥਾ ਨਹੀਂ ਹੁੰਦੀ, ਸਾਰੇ ਵਿਅਕਤੀ ਇਸ ਸੰਸਾਰ ਵਿੱਚ ਇਕੋ ਢੰਗ ਨਾਲ ਪੈਦਾ ਹੁੰਦੇ ਹਨ, ਕੋਈ ਕਿਤਿਉਂ ਡਾਊਨਲੋਡ ਨਹੀਂ ਹੁੰਦਾ ਤੇ ਸਭ ਨੂੰ ਬੋਲਣ ਸਮੇਤ ਸਭ ਕੁੱਝ ਇਥੇ ਹੀ ਸਿੱਖਣਾ ਪੈਂਦਾ ਹੈ। ਕਿਸੇ ਵਿਅਕਤੀ ਨੂੰ ਕਿਸੇ ਰੱਬ ਨੇ ਕਦੇ ਕੋਈ ਵਿਸ਼ੇਸ਼ ਸ਼ਕਤੀਆਂ ਦੇ ਕੇ ਨਹੀਂ ਭੇਜਿਆ ਹੁੰਦਾ। ਜਿਹੜੇ ਵੀ ਲੋਕ ਇਸ ਧਰਤੀ ਤੇ ਧਰਮ, ਸਿਆਸਤ ਜਾਂ ਕਿਸੇ ਹੋਰ ਖੇਤਰ ਵਿੱਚ ਰਾਜ ਕਰਦੇ ਹਨ, ਉਹ ਆਪਣੀ ਦਿਮਾਗੀ ਸਿਆਣਪ ਜਾਂ ਸਰੀਰਕ ਬੱਲ ਨਾਲ ਹੀ ਕਰਦੇ ਰਹੇ

ਹਨ ਤੇ ਕਰ ਰਹੇ ਹਨ।

ਪਰ ਪੁਜਾਰੀ ਮਨੁੱਖ ਨੂੰ ਬਚਪਨ ਤੋਂ ਹੀ ਅਜਿਹੀ ਗੁੜ੍ਹਤੀ ਦਿੰਦਾ ਹੈ ਕਿ ਧਰਮ ਗੁਰੂਆਂ ਵਿੱਚ ਹੀ ਕਰਾਮਾਤੀ ਸ਼ਕਤੀਆਂ ਨਹੀਂ ਹੁੰਦੀਆਂ, ਸਗੋਂ ਉਨ੍ਹਾਂ ਦੇ ਬੋਲਾਂ ਰੂਪੀ ਗ੍ਰੰਥਾਂ ਵਿੱਚ ਵੀ ਅਜਿਹੀਆਂ ਸ਼ਕਤੀਆਂ ਹੁੰਦੀਆਂ ਹਨ ਕਿ ਉਨ੍ਹਾਂ ਦੇ ਮੰਤਰ ਜਾਪ ਨਾਲ ਨਾ ਸਿਰਫ ਸ਼ਰਧਾਲੂ ਆਪਣੀਆ ਮਨੋ ਕਾਮਨਾਵਾਂ ਪੂਰੀਆਂ ਕਰ ਸਕਦੇ ਹਨ, ਸਗੋਂ ਉਨ੍ਹਾਂ ਵਿੱਚ ਵੀ ਅਨੇਕਾਂ ਰਿਧੀਆਂ ਸਿਧੀਆਂ ਆ ਜਾਂਦੀਆਂ ਹਨ। ਇਥੋਂ ਤੱਕ ਕੇ ਧਰਮ ਗੁਰੂਆਂ ਦੀਆਂ ਚਰਨ ਛੋਹ ਪ੍ਰਾਪਤ ਥਾਵਾਂ ਤੇ ਵਸਤੂਆਂ ਵੀ ਕਰਾਮਾਤੀ ਬਣ ਜਾਂਦੀਆਂ ਹਨ। ਜਿਨ੍ਹਾਂ ਦੇ ਦਰਸ਼ਨ ਕਰਨ, ਸ਼ਰਧਾ ਨਾਲ ਯਾਤਰਾ ਕਰਨ ਨਾਲ ਮੂੰਹੋਂ ਮੰਗੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ, ਸਰੀਰਕ ਦੁੱਖ ਤਕਲੀਫਾਂ ਦੂਰ ਹੁੰਦੀਆਂ ਹਨ। ਧਰਮਾਂ ਵਿੱਚ ਬਹੁਤ ਸਾਰੇ ਅਸਥਾਨਾਂ ਬਾਰੇ ਅਜਿਹਾ ਪੜ੍ਹਨ ਸੁਣਨ ਨੂੰ ਮਿਲਦਾ ਹੈ ਕਿ ਇਹ ਬੜੀ ਕਰਨੀ ਵਾਲੀ, ਸ਼ਕਤੀ ਵਾਲੀ, ਸਖਤ ਜਗ੍ਹਾ ਹੈ, ਇਸ ਬਾਰੇ ਗਲਤ ਪ੍ਰਚਾਰ ਕਰਨ ਵਾਲੇ, ਅਸਥਾਨ ਦੀ ਬੇਅਦਬੀ ਕਰਨ ਵਾਲੇ, ਅਸਥਾਨ ਦੀ ਸ਼ਕਤੀ ਨੂੰ ਚੈਲਿੰਜ ਕਰਨ ਵਾਲੇ ਦਾ ਸਰੀਰਕ ਨੁਕਸਾਨ ਹੋ ਸਕਦਾ ਹੈ। ਇਸੇ ਤਰ੍ਹਾਂ ਬਹੁਤ ਸਾਰੇ ਧਰਮ ਅਸਥਾਨ ਨਾਲ ਬਣੇ ਸਰੋਵਰਾਂ ਬਾਰੇ ਵੀ ਪ੍ਰਚਾਰ ਕੀਤਾ ਜਾਂਦਾ ਹੈ ਕਿ ਇਥੇ ਸ਼ਰਧਾ ਨਾਲ ਮੱਸਿਆ, ਸੰਗਰਾਂਦ ਜਾਂ ਖਾਸ ਮੌਕਿਆਂ ਤੇ ਇਸ਼ਨਾਨ ਕਰਨ ਨਾਲ ਸਰੀਰਕ ਬੀਮਾਰੀਆਂ ਦੂਰ ਹੁੰਦੀਆਂ ਹਨ, ਸੁੱਖਣਾ ਪੂਰੀਆਂ ਹੁੰਦੀਆਂ ਹਨ। ਕਦੇ ਕਿਸੇ ਧਰਮ ਪੁਜਾਰੀ ਨੇ ਇਨ੍ਹਾਂ ਕਰਾਮਾਤੀ ਸਰੋਵਰਾਂ, ਕਰਾਮਾਤੀ ਅਸਥਾਨਾਂ, ਕਰਾਮਾਤੀ ਮੰਤਰਾਂ ਦੇ ਜਾਪ ਆਦਿ ਨਾਲ ਸੁੱਖੀਆਂ ਜਾਂਦੀਆਂ ਸੁੱਖਣਾ ਬਾਰੇ ਕਿਸੇ ਨੂੰ ਸਰਵੇ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਕਿ ਕਿਤਨੇ ਸ਼ਰਧਾਲੂਆਂ ਨੇ ਸੁੱਖਣਾ ਸੁੱਖੀ ਸੀ ਤੇ ਕਿਤਨਿਆਂ ਦੀ ਪੂਰੀ ਹੋਈ। ਮੇਰਾ ਪੂਰਾ ਯਕੀਨ ਹੈ ਕਿ ਜੇ ਕਦੇ ਪੁਜਾਰੀ ਇਮਾਨਦਾਰੀ ਨਾਲ ਅਜਿਹੇ ਸਰਵੇ ਕਰਾਉਣ ਦੀ ਇਜ਼ਾਜਤ ਦੇਣ ਤਾਂ ਬਹੁਤੇ ਸਰਧਾਲੂਆਂ ਦਾ ਇਨ੍ਹਾਂ ਕਰਾਮਤੀ ਸਥਾਨਾਂ ਬਾਰੇ ਬਣਿਆ ਵਿਸ਼ਵਾਸ਼ ਖਤਮ ਹੋਣ ਵਿੱਚ ਪਲ ਨਹੀਂ ਲੱਗੇਗਾ। ਪਰ ਪੁਜਾਰੀ ਆਪਣੀ ਦੁਕਾਨਦਾਰੀ ਚਲਦੀ ਰੱਖਣ ਲਈ ਇਸਦੀ ਕਦੇ ਇਜ਼ਾਜਤ ਨਹੀਂ ਦੇਣਗੇ।


ਧਰਮ ਪੁਜਾਰੀ ਮਨੁੱਖ ਨੂੰ ਸ਼ਰਧਾ ਦੇ ਨਾਮ ਤੇ ਇਸ ਤਰ੍ਹਾਂ ਉਲਝਾਉਂਦੇ ਹਨ ਕਿ ਮਨੁੱਖ ਦਾ ਮਾਨਸਿਕ ਵਿਕਾਸ ਨਾ ਹੋਵੇ। ਉਹ ਧਰਮ ਦੇ ਇਨ੍ਹਾਂ ਅਖੌਤੀ ਕ੍ਰਿਸ਼ਮਿਆਂ ਤੇ ਵਿਸ਼ਵਾਸ਼ ਕਰਦਾ ਰਹੇ। ਉਨ੍ਹਾਂ ਨੂੰ ਪੂਰੀ ਸਮਝ ਹੈ ਕਿ ਜੇ ਸ਼ਰਧਾਲੂ ਅਜ਼ਾਦੀ ਨਾਲ ਸੋਚਣ ਦੇ ਸਮਰੱਥ ਹੋ ਗਏ ਤਾਂ ਕਰਾਮਾਤਾਂ ਅਧਾਰਿਤ ਨਕਲੀ ਧਰਮ ਬਹੁਤਾ ਚਿਰ ਟਿਕ ਨਹੀਂ ਸਕੇਗਾ। ਪੁਜਾਰੀਆਂ ਦੇ ਇਸ ਨਕਲੀ ਧਰਮ ਵਿਚੋਂ ਸ਼ਰਧਾਲੂਆਂ ਨੂੰ ਕੱਢਣ ਦਾ ਆਸਾਨ ਤਰੀਕਾ ਇਹੀ ਹੈ ਕਿ ਜੇ ਉਨ੍ਹਾਂ ਨੂੰ ਇਹ ਸਮਝ ਆ ਜਾਵੇ ਕਿ ਕੁਦਰਤ ਦੇ ਅਟੱਲ ਨਿਯਮਾਂ ਤੋਂ ਉਲਟ ਇਥੇ ਕੁੱਝ ਨਹੀਂ ਵਾਪਰਦਾ, ਉਨ੍ਹਾਂ ਨੂੰ ਸਮਝ ਕੇ ਆਪਾਂ ਅਨੇਕਾਂ ਲਾਭ ਉਠਾ ਸਕਦੇ ਹਾਂ, ਆਪਣਾ ਤੇ ਸਮਾਜ ਦਾ ਜੀਵਨ ਸੌਖਾ ਕਰ ਸਕਦੇ ਹਾਂ। ਇਸ ਸ੍ਰਿਸ਼ਟੀ ਵਿੱਚ ਨਾ ਕਦੇ ਇਨ੍ਹਾਂ ਅਟੱਲ ਨਿਯਮਾਂ ਤੋਂ ਉਲਟ ਕਦੇ ਕੁੱਝ ਵਾਪਰਿਆ ਹੈ ਤੇ ਨਾ ਹੀ ਵਾਪਰ ਸਕਦਾ ਹੈ। ਕਦੇ ਕਿਸੇ ਗੁਰੂ, ਪੀਰ, ਰਹਿਬਰ, ਪੈਗੰਬਰ, ਸਾਧ, ਸੰਤ, ਬ੍ਰਹਮ ਗਿਆਨੀ ਕੋਲ ਨਾ ਕਦੇ ਕੋਈ ਅਲੌਕਿਕ ਗੈਬੀ ਸ਼ਕਤੀ ਸੀ ਤੇ ਨਾ ਹੀ ਹੈ। ਕੋਈ ਕਿਸੇ ਅਖੌਤੀ ਗੈਬੀ ਜਾਂ ਆਤਮਿਕ ਸ਼ਕਤੀ ਨਾਲ ਨਾ ਹੀ ਕਿਸੇ ਦਾ ਕੋਈ ਭਲਾ ਕਰ ਸਕਦਾ ਹੈ ਤੇ ਨਾ ਹੀ ਕੋਈ ਨੁਕਸਾਨ ਕਰ ਸਕਦਾ ਹੈ। ਜਿਹੜਾ ਅਜਿਹਾ ਕਹਿੰਦਾ ਹੈ, ਸਮਝੋ ਉਹ ਪਾਖੰਡੀ ਹੈ ਤੇ ਤੁਹਾਡੀ ਅਗਿਆਨਤਾ ਦਾ ਲਾਭ ਉਠਾ ਕੇ ਆਪਣੀ ਧਰਮ ਅਧਾਰਿਤ ਦੁਕਾਨਦਾਰੀ ਚਲਦੀ ਰੱਖਣਾ ਚਾਹੁੰਦਾ ਹੈ। ਧਰਮ ਗ੍ਰੰਥਾਂ ਵਿਚਲੀਆਂ ਵਰ ਸਰਾਪਾਂ ਦੀਆਂ ਕਰਾਮਾਤੀ ਕਥਾ ਕਹਾਣੀਆਂ ਪੁਜਾਰੀਆਂ ਦੀ ਘੜੀਆਂ ਸਭ ਨਕਲੀ ਹੁੰਦੀਆਂ ਹਨ। ਇਸ ਦਿਸਦੀ ਸ੍ਰਿਸ਼ਟੀ ਵਿੱਚ ਜੇ ਕੋਈ ਵੀ ਕ੍ਰਿਸ਼ਮਾ ਵਾਪਰਦਾ ਹੈ ਤਾਂ ਉਹ ਸਿਰਫ ਕੁਦਰਤ ਦੇ ਅਟੱਲ ਨਿਯਮਾਂ ਵਿੱਚ ਹੀ ਵਾਪਰਦਾ ਹੈ। ਸਾਇੰਸਦਾਨਾਂ ਨੇ ਕੁਦਰਤ ਦੇ ਮੈਟਰ ਜਾਂ ਸਰੀਰ ਬਾਰੇ ਨਿਯਮਾਂ ਨੂੰ ਸਮਝ ਕੇ ਅਨੇਕਾਂ ਕਰਾਮਾਤਾਂ ਕੀਤੀਆਂ ਹਨ, ਜਿਨ੍ਹਾਂ ਦੇ ਲਾਭ ਅਸੀਂ ਰੋਜ਼ਾਨਾ ਜ਼ਿੰਦਗੀ ਵਿੱਚ ਉਠਾਉਂਦੇ ਹਾਂ, ਪਰ ਕਦੇ ਕੋਈ ਅਖੌਤੀ ਧਾਰਮਿਕ ਸ਼ਰਧਾਲੂ ਉਨ੍ਹਾਂ ਸਾਇੰਸਦਾਨਾਂ ਦਾ ਧੰਨਵਾਦ ਨਹੀਂ ਕਰਦਾ, ਉਨ੍ਹਾਂ ਦੇ ਨਾਮ ਦੀ ਮਾਲਾ ਨਹੀਂ ਫੇਰਦਾ, ਉਨ੍ਹਾਂ ਦਾ ਕਦੇ ਕਿਤੇ ਮੰਦਰ ਨਹੀਂ ਦੇਖਿਆ, ਕਿਤਨਾ ਅਕ੍ਰਿਤਘਣ ਹੈ ਇਹ ਅਖੌਤੀ ਧਾਰਮਿਕ ਵਿਅਕਤੀ, ਜਿਨ੍ਹਾਂ ਦੀਆਂ ਖੋਜਾਂ ਦਾ ਲਾਭ ਸਾਰਾ ਦਿਨ ਉਠਾਉਂਦਾ ਹੈ, ਉਨ੍ਹਾਂ ਦੇ ਖਿਲਾਫ ਬੋਲਦਾ ਹੈ ਤੇ ਜੋ ਇਸਨੂੰ ਗੁੰਮਰਾਹ ਕਰਕੇ ਲੁੱਟਦੇ ਹਨ, ਉਨ੍ਹਾਂ ਦੇ ਪੈਰ ਧੋ ਕੇ ਪੀਂਦਾ ਹੈ।

ਦੁਨੀਆਂ ਵਿੱਚ ਅਨੇਕਾਂ ਹੱਥ ਜਾਂ ਨਜ਼ਰ ਦੀ ਸਫਾਈ ਨਾਲ ਟਰਿਕ (ਕਰਤਬ) ਕਰਕੇ ਮਨੁੱਖ ਨੂੰ ਹੈਰਾਨ ਕਰ ਦੇਣ ਵਾਲੇ ਮਦਾਰੀ (ਯਾਦੂਗਰ) ਹਨ, ਜੋ ਮਨੁੱਖ ਦਾ ਮਨੋਰੰਜਨ ਕਰਦੇ ਹਨ। ਸਾਡੇ ਸਾਹਮਣੇ ਰੋਜ਼ਾਨਾ ਸਾਇੰਸਦਾਨ ਨਵੇਂ ਨਵੇਂ ਕ੍ਰਿਸ਼ਮੇ ਕਰਕੇ ਮਨੁੱਖਤਾ ਦਾ ਭਲਾ ਕਰਦੇ ਹਨ। ਪਰ ਕਦੇ ਕਿਸੇ ਮਦਾਰੀ ਜਾਂ ਸਾਇੰਸਦਾਨ ਨੇ ਦਾਅਵਾ ਨਹੀਂ ਕੀਤਾ ਕਿ ਉਸ ਕੋਲ ਕੋਈ ਗੈਬੀ ਸ਼ਕਤੀ ਹੈ, ਪਰ ਸਿਰਫ ਉਹ ਮਦਾਰੀ ਹੀ ਅਜਿਹੇ ਦਾਅਵੇ ਕਰਦੇ ਹਨ, ਜਿਨ੍ਹਾਂ ਨੇ ਧਰਮ ਦਾ ਚੋਲਾ ਪਾਇਆ ਹੁੰਦਾ ਹੈ। ਅੱਜ ਦਾ ਮਨੁੱਖ ਜੋ ਦੁਨਿਆਵੀ ਸੁੱਖ ਸਹੂਲਤਾਂ ਮਾਣਦਾ ਹੈ, ਉਹ ਸਭ ਸਾਇੰਸਦਾਨਾਂ ਦੀਆਂ ਹਾਜ਼ਾਰਾਂ ਸਾਲਾਂ ਦੀਆਂ ਲਗਾਤਾਰ ਕੀਤੀਆਂ ਘਾਲਣਾਵਾਂ ਦਾ ਨਤੀਜਾ ਹੈ, ਅੱਜ ਸਾਡੇ ਜੀਵਨ ਵਿਚੋਂ ਸਾਇੰਸ ਦੀਆਂ ਖੋਜਾਂ ਅਧਾਰਿਤ ਸਾਰੀਆਂ ਸੁੱਖ ਸਹੂਲਤਾਂ ਕੱਢ ਦਿੱਤੀਆਂ ਜਾਣ ਤਾਂ ਸ਼ਾਇਦ ਮਨੁੱਖ ਦਾ ਧਰਤੀ ਤੇ ਇੱਕ ਦਿਨ ਵੀ ਜੀਣਾ ਮੁਸ਼ਕਿਲ ਹੋ ਜਾਵੇ, ਪਰ ਦੂਜੇ ਪਾਸੇ ਅਗਰ ਮਨੁੱਖ ਦੇ ਜੀਵਨ ਵਿਚੋਂ ਨਕਲੀ ਧਰਮਾਂ ਨੂੰ ਕੱਢ ਦਿੱਤਾ ਜਾਵੇ ਤਾਂ ਸਾਰੀ ਮਨੁੱਖਤਾ ਦਿਨਾਂ ਵਿੱਚ ਹੀ ਸੌਖੀ ਹੋ ਸਕਦੀ ਹੈ ਤੇ ਜ਼ਿੰਦਗੀ ਦਾ ਆਨੰਦ ਮਾਣ ਸਕਦੀ ਹੈ। ਪਿਛਲੇ 5000 ਸਾਲ ਦਾ ਧਰਮਾਂ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਨ੍ਹਾਂ ਅਖੌਤੀ ਨਕਲੀ ਧਰਮਾਂ ਤੇ ਧਰਮ ਗੁਰੂਆਂ ਨੇ ਮਨੁੱਖਤਾ ਨੂੰ ਕਰਾਮਾਤਾਂ ਦੇ ਝੂਠੇ ਲਾਰਿਆਂ ਤੋਂ ਵੱਧ ਕੁੱਝ ਨਹੀਂ ਦਿੱਤਾ, ਮਨੁੱਖ ਨੂੰ ਮਾਨਸਿਕ ਤੌਰ ਤੇ ਬੌਨਾ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਕੁਦਰਤ ਦੀਆਂ ਖੋਜਾਂ ਕਰਕੇ ਮਨੁੱਖ ਨੂੰ ਸੁੱਖ ਸਹੂਲਤਾਂ ਪ੍ਰਦਾਨ ਕਰ ਰਹੇ ਵਿਗਿਆਨੀਆਂ ਦੇ ਰਾਹ ਵਿੱਚ ਹਮੇਸ਼ਾਂ ਰੋੜੇ ਅਟਕਾਏ ਹਨ। ਧਰਮ ਪੁਜਾਰੀਆਂ ਦੇ ਹਜ਼ਾਰਾਂ ਸਾਲਾਂ ਦੇ ਧਰਮ ਗ੍ਰੰਥਾਂ ਦੇ ਪੂਜਾ ਪਾਠ ਜਾਂ ਰੱਬ ਦੇ ਨਾਮ ਤੇ ਦਿੱਤੇ ਜਾਂਦੇ ਮੰਤਰ ਜਾਪ ਮਨੁੱਖ ਦਾ ਕੁੱਝ ਵੀ ਸੰਵਾਰ ਨਹੀਂ ਸਕੇ, ਸਗੋਂ ਮਨੁੱਖ ਨੂੰ ਮਾਨਸਿਕ ਰੋਗੀ ਬਣਾਉਣ ਵਿੱਚ ਹੀ ਸਹਾਈ ਹੋਏ ਹਨ। ਧਰਮ ਪੁਜਾਰੀਆਂ ਨੇ ਆਪਣੇ ਸ਼ਰਧਾਲੂਆਂ ਨੂੰ ਮਾਨਸਿਕ ਤੌਰ ਤੇ ਇਤਨੇ ਨਿਤਾਣੇ ਬਣਾ ਦਿੱਤਾ ਹੈ ਕਿ ਲੱਖਾਂ ਵਾਰੀ ਮੰਤਰ ਜਾਪ, ਪੂਜਾ ਪਾਠ ਕਰਨ ਤੋਂ ਬਾਅਦ ਵੀ ਕੋਈ ਪ੍ਰਾਪਤੀ ਨਾ ਹੋਣ ਤੇ ਵੀ ਕੋਈ ਸ਼ਰਧਾਲੂ, ਕਦੇ ਕਿਸੇ ਪੁਜਾਰੀ, ਸਾਧ ਸੰਤ ਅੱਗੇ ਜ਼ੁਰਅਤ ਨਾਲ ਕਹਿ ਨਹੀਂ ਸਕਿਆ ਕਿ ਤੇਰਾ ਮੰਤਰ ਝੂਠਾ ਹੈ, ਤੇਰੀ ਪੂਜਾ ਪਾਠ ਧੋਖਾ ਹੈ, ਤੇਰੇ ਕਰਾਮਾਤੀ ਦਾਅਵੇ ਥੋਥੇ ਹਨ। ਸਗੋਂ ਸੀਲ ਸ਼ਰਧਾਲੂ ਇੱਕ ਧਰਮ ਪੁਜਾਰੀ ਤੋਂ ਸਰੀਰਕ, ਮਾਨਸਿਕ, ਆਰਥਿਕ ਲੁੱਟ ਹੋਣ ਤੋਂ ਬਾਅਦ ਫਿਰ ਦੂਜੇ ਪੁਜਾਰੀ ਦੇ ਚਰਨਾਂ ਵਿੱਚ ਲੁੱਟ ਹੋਣ ਲਈ ਪਿਆ ਹੁੰਦਾ ਹੈ ਕਿਉਂਕਿ ਉਸਨੂੰ ਸ਼ਰਧਾ, ਅਸਥਾ, ਭਰੋਸਾ, ਸ਼ੰਕਾ ਨਾ ਕਰਨ ਦੀ ਅਜਿਹੀ ਗੁੜ੍ਹਤੀ ਮਿਲੀ ਹੁੰਦੀ ਹੈ, ਉਹ ਸਾਰੀ ਉਮਰ ਸਿਰ ਚੁੱਕਣ ਦੀ ਦਲੇਰੀ ਨਹੀਂ ਕਰ ਪਉਂਦਾ ਤੇ ਇੱਕ ਗੁਰੂ ਤੋਂ ਦੂਜੇ ਦੇ ਦਰ ਤੇ ਮੱਥੇ ਰਗੜਦਾ ਰਹਿੰਦਾ ਹੈ।

ਅੱਖਾਂ ਮੀਟ ਕੇ ਸ਼ਰਧਾ ਨਾਲ ਕਿਸੇ ਵੀ ਪਾਖੰਡੀ ਅੱਗੇ ਸਿਰ ਝੁਕਾ ਦੇਣਾ, ਕਿਸੇ ਵੀ ਸਾਧ ਸੰਤ ਦੇ ਕਰਾਮਾਤਾਂ ਦੇ ਝੂਠੇ ਲਾਰਿਆਂ ਨੂੰ ਚੈਲਿੰਜ ਕਰਨ ਦੀ ਥਾਂ ਸੱਚੋ-ਸੱਚ ਮੰਨ ਲੈਣਾ, ਸ਼ਰਧਾ ਦੇ ਝੂਠੇ ਨਸ਼ੇ ਵਿੱਚ ਜੀਣਾ ਬੜਾ ਸੌਖਾ ਰਾਹ ਹੈ, ਪਰ ਭੀੜ ਵਿਚੋਂ ਬਾਹਰ ਨਿਕਲ ਕੇ ਝੂਠੀਆਂ ਕਰਾਮਾਤੀ ਕਥਾ ਕਹਾਣੀਆਂ, ਕਰਾਮਾਤੀ ਅਸਥਾਨਾਂ, ਕਰਾਮਤੀ ਮੰਤਰਾਂ ਆਦਿ ਨੂੰ ਚੈਲਿੰਜ ਕਰਨਾ, ਉਨ੍ਹਾਂ ਨੂੰ ਦਲੀਲ, ਤਰਕ ਤੇ ਵਿਗਿਆਨ ਦੀ ਕਸਵੱਟੀ ਤੇ ਪਰਖ ਕੇ ਰੱਦ ਕਰਨਾ, ਸੌਖਾ ਕਾਰਜ ਨਹੀਂ, ਬੜੀ ਹਿੰਮਤ ਚਾਹੀਦੀ ਹੈ। ਉਹ ਹਿੰਮਤ ਹੀ ਪੁਜਾਰੀਆਂ ਨੇ ਮਨੁੱਖ ਵਿਚੋਂ ਖਤਮ ਕਰ ਦਿੱਤੀ ਹੈ। ਪਰ ਜੇ ਅਸੀਂ ਮਨੁੱਖਤਾ ਨੂੰ ਇਨ੍ਹਾਂ ਨਕਲੀ ਪੁਜਾਰੀਆਂ, ਨਕਲੀ ਗੁਰੂਆਂ ਦੀ ਚੁੰਗਲ ਵਿਚੋਂ ਕੱਢਣਾ ਹੈ ਤਾਂ ਫਿਰ ਜਾਗਰੂਕ ਤੇ ਵਿਗਿਆਨਕ ਸੋਚ ਦੇ ਧਾਰਨੀ ਲੋਕਾਂ ਨੂੰ ਅੱਗੇ ਆਉਣਾ ਹੀ ਪਵੇਗਾ। ਸਾਨੂੰ ਸੱਚ ਦਾ ਦੀਪਕ ਜਗਾ ਰਹੇ, ਅਸਲੀ ਧਰਮ (ਕੁਦਰਤ ਦੇ ਨਿਯਮਾਂ ਨੂੰ ਜਾਨਣ) ਦੇ ਪੈਰੋਕਾਰਾਂ ਦਾ ਸਾਥ ਦੇਣਾ ਪਵੇਗਾ ਤਾਂ ਹੀ ਅਸੀਂ ਨਕਲੀ ਧਰਮਾਂ ਤੋਂ ਮਨੁੱਖ ਦੀ ਬੰਦ ਖਲਾਸੀ ਕਰਾ ਸਕਦੇ ਹਾਂ। ਕੁਦਰਤ ਦੇ ਨਿਯਮਾਂ ਨੂੰ ਸਮਝ ਕੇ, ਉਸਤੋਂ ਲਾਭ ਉਠਾ ਕੇ, ਮਨੁੱਖਤਾ ਦੇ ਭਲੇ ਦੀ ਸੋਚ ਨਾਲ ਸਬਰ ਸੰਤੋਖ ਦਾ ਜੀਵਨ ਜੀਣਾ ਹੀ ਸਾਰੀ ਮਨੁੱਖਤਾ ਦਾ ਅਸਲੀ ਧਰਮ ਹੋ ਸਕਦਾ ਹੈ। ਇਹ ਤਾਂ ਹੀ ਸੰਭਵ ਹੈ ਕਿ ਜੇ ਅਸੀਂ ਆਪਣੇ ਅੰਦਰ ਗਿਆਨ ਦੇ ਦੀਪਕ ਬਾਲੀਏ, ਪੁਜਾਰੀਆਂ ਵਲੋਂ ਸ਼ਰਧਾ ਦੇ ਨਾਮ ਤੇ ਖੁੰਡੀ ਕੀਤੀ ਸੋਚ ਨੂੰ ਤਰਕ, ਦਲੀਲ ਤੇ ਵਿਗਿਆਨ ਦੀ ਸਾਣ ਚਾੜ੍ਹੀਏ। ਅਜਿਹੇ ਯਤਨਾਂ ਨਾਲ ਹੀ ਅਸੀਂ ਨਕਲੀ ਧਰਮਾਂ ਦੇ ਕੂੜ ਪਸਾਰੇ ਵਿਚੋਂ ਆਪ ਨਿਕਲ ਸਕਦੇ ਹਾਂ ਤੇ ਮਨੁੱਖਤਾ ਨੂੰ ਕੱਢ ਸਕਦੇ ਹਾਂ।

# ਸਿੱਖਾਂ ਨਾਲ ਅਜ਼ਾਦੀ ਤੋਂ ਪਹਿਲਾਂ ਕੀਤੇ ਵਾਅਦੇ ਜਾਂ ਲਾਰੇ ?

**ਹਰਚਰਨ ਸਿੰਘ ਪ੍ਰਹਾਰ**



ਛੋਟੇ ਹੁੰਦੇ ਤੋਂ ਸਿੱਖ ਲੀਡਰਾਂ/ ਵਿਦਵਾਨਾਂ ਤੋਂ ਇਹ ਗੱਲ ਸੁਣਦੇ ਆ ਰਹੇ ਹਾਂ ਕਿ ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਦੌਰਾਨ ਕਾਂਗਰਸ ਦੇ ਲੀਡਰਾਂ ਜਾਂ ਅੰਗਰੇਜ਼ਾਂ ਵੱਲੋਂ ਵੱਖ-ਵੱਖ ਮੌਕਿਆਂ ਤੇ ਸਿੱਖਾਂ ਲਈ ਵੱਖਰੇ ਖਿੱਤੇ ਜਾਂ ਵੱਖਰੀ ਸਿੱਖ ਸਟੇਟ ਦੇਣ ਦੇ ਵਾਅਦੇ ਕੀਤੇ ਗਏ ਸਨ। ਬੇਸ਼ੱਕ ਅਜਿਹੇ ਵਾਅਦਿਆਂ ਬਾਰੇ ਸਾਡੇ ਕੋਲ ਕੋਈ ਠੋਸ ਸਬੂਤ ਨਹੀਂ ਤੇ ਨਾ ਹੀ ਕਦੇ ਕਿਸੇ ਨੇ ਅਜਿਹੇ ਦਾਅਵਿਆਂ ਦੀ ਸਾਰਥਿਕਤਾ ਜਾਨਣ ਲਈ ਕੋਈ ਖੋਜ ਹੀ ਕੀਤੀ ਹੈ। ਮੰਨ ਲਾਉ, ਜੇ ਕਿਸੇ ਨੇ ਕੋਈ ਜ਼ੁਬਾਨੀ ਵਾਅਦਾ ਕੀਤਾ ਵੀ ਹੋਵੇ ਤਾਂ ਰਾਜਨੀਤੀ ਵਿੱਚ ਅਜਿਹੀਆਂ ਗੱਲਾਂ ਦੇ ਕੋਈ ਮਾਅਨੇ ਨਹੀਂ ਹੁੰਦੇ? ਬਹੁਤੀਆਂ ਗੱਲ ਸੁਣੀਆਂ-ਸੁਣਾਈਆਂ ਜਾਂ ਮਨਘੜਤ ਕਹਾਣੀਆਂ ਹੀ ਲੱਗਦੀਆਂ ਹਨ, ਜਿਨ੍ਹਾਂ ਦਾ ਕੋਈ ਅਧਾਰ ਨਹੀਂ ਤੇ ਨਾ ਹੀ ਕੋਈ ਸਬੂਤ ਹੈ। ਬਹੁਤ ਸਾਰੀਆਂ ਅਜਿਹੀਆਂ ਕਹਾਣੀਆਂ ਸ. ਕਪੂਰ ਸਿੰਘ ਨੇ ਬਿਨਾਂ ਕਿਸੇ ਪੁਖ਼ਤਾ ਸਬੂਤ ਦੇ ਆਪਣੀ ਕਿਤਾਬ 'ਸਾਚੀ ਸਾਖੀ' ਵਿੱਚ ਲਿਖ ਦਿੱਤੀਆਂ ਸਨ। ਜਿਸਨੂੰ ਅਧਾਰ ਬਣਾ ਕੇ ਨਵੇਂ ਵਿਦਵਾਨ ਅੱਗੋਂ ਤੋਂ ਅੱਗੇ ਹਵਾਲੇ ਦੇ ਤੌਰ ਤੇ ਵਰਤੀ ਜਾ ਰਹੇ ਹਨ। ਪਰ ਕਦੇ ਸੱਚ ਜਾਨਣ ਦਾ ਯਤਨ ਨਹੀ ਕਰਦੇ?

ਜੇ ਮੰਨ ਲਓ, ਕੱਲ ਨੂੰ ਭਾਰਤ ਸਰਕਾਰ ਸਿੱਖਾਂ ਨੂੰ ਕਹਿ ਦੇਵੇ ਕਿ ਸਾਡੇ ਕੋਲ ਉਨ੍ਹਾਂ ਵਾਅਦਿਆਂ ਜਾਂ ਸਮਝੌਤਿਆਂ ਨੂੰ ਪੇਸ਼ ਕਰੋ, ਜੋ ਕਾਂਗਰਸੀ ਲੀਡਰਾਂ; ਨਹਿਰੂ, ਗਾਂਧੀ ਜਾਂ ਅੰਗਰੇਜ ਲੀਡਰਾਂ ਨੇ ਸਿੱਖ ਲੀਡਰਾਂ ਨਾਲ ਲਿਖਤੀ ਰੂਪ ਵਿੱਚ ਕੀਤੇ ਸਨ ਜਾਂ ਉਨ੍ਹਾਂ ਸਿੱਖ ਲੀਡਰਾਂ ਦੇ ਨਾਮ ਦੱਸੋ, ਜਿਨ੍ਹਾਂ ਨਾਲ ਅਜਿਹੇ ਵਾਅਦੇ ਕੀਤੇ ਗਏ ਸਨ ਤਾਂ ਕਿ ਸਿੱਖਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਕੱਢ ਸਕੀਏ? ਕੀ ਸਾਡੇ ਕੋਲ? ਇੱਕ ਵੀ ਪੁਖ਼ਤਾ ਲਿਖਤੀ ਸਬੂਤ ਹੈ, ਜਿਸਦਾ ਰਾਗ ਅਸੀ 75 ਸਾਲਾਂ ਤੋਂ ਅਲਾਪ ਰਹੇ ਹਾਂ?

ਜੇ ਸਾਡੇ ਕੋਲ ਅਜਿਹਾ ਅਧਾਰ ਨਹੀਂ ਤਾਂ ਫਿਰ ਸਾਡੀ ਵੱਖਰੇ ਖਿੱਤੇ, ਸਿੱਖਾਂ ਦੀ ਅਜ਼ਾਦੀ ਦਾ ਕੀ ਅਧਾਰ ਹੈ? ਜੇ ਸਾਡੇ ਕੋਲ ਕੁਝ ਲਿਖਤੀ ਨਹੀ ਤਾਂ ਕੀ ਸਾਨੂੰ ਅਜਿਹਾ ਪ੍ਰਚਾਰ ਛੱਡ ਕੇ, ਭਾਰਤ ਅਤੇ ਮਾਡਰਨ ਵਰਲਡ ਦੀਆਂ ਨਵੀਆਂ ਹਕੀਕਤਾਂ ਦੇ ਸੰਦਰਭ ਵਿੱਚ ਆਪਣਾ ਕੌਮੀ ਕੇਸ ਨਹੀਂ ਤਿਆਰ ਕਰਨਾ ਚਾਹੀਦਾ? ਕੀ ਹੁਣ ਸਾਨੂੰ ਬਦਲੇ ਹਾਲਾਤਾਂ ਵਿੱਚ ਇਹ ਗੱਲ ਮੁੜ ਵਿਚਾਰਨ ਦੀ ਲੋੜ ਨਹੀਂ ਕਿ ਕੀ ਵੱਖਰਾ ਖਿੱਤਾ ਸਾਡੇ ਕੌਮੀ ਹਿੱਤ ਵਿੱਚ ਹੈ ਜਾਂ ਨਹੀਂ? ਜੇ ਹੈ ਤਾਂ ਕਿਵੇਂ ਜਾਂ ਕਿਉਂ ਹੈ? ਕੀ ਅਸੀਂ ਵੱਖਰਾ ਦੇਸ਼ ਮੰਗਣ ਦੇ ਇਸ ਲਈ ਹੱਕਦਾਰ ਹਾਂ ਕਿ ਕਿਸੇ ਨੇ ਸਾਨੂੰ ਵਾਅਦਾ ਕੀਤਾ ਸੀ ਜਾਂ ਲਾਰਾ ਲਾਇਆ ਸੀ? ਜਾਂ ਅਸੀਂ ਇਸ ਕਰਕੇ ਹੱਕਦਾਰ ਹਾਂ ਕਿ ਸਾਡੇ ਇੱਕ ਰਾਜੇ ਦਾ 200 ਸਾਲ ਪਹਿਲਾਂ 30-40 ਲਈ ਇਸ ਖਿੱਤੇ ਵਿੱਚ ਰਾਜ ਸੀ? ਕੀ ਸਾਨੂੰ ਇਹ ਵੀ ਨਹੀ ਵਿਚਾਰਨਾ ਚਾਹੀਦਾ ਕਿ ਸਾਡੇ ਇੱਕ ਰਾਜੇ ਦੇ ਰਾਜ ਤੋਂ ਕਿਤੇ ਵੱਡੇ ਵੱਡੇ ਰਾਜ ਹਜ਼ਾਰਾਂ ਸਾਲ ਚੱਲੇ ਸਨ, ਉਨ੍ਹਾਂ ਰਾਜਾਂ ਦਾ ਅੱਜ ਕੋਈ ਨਾਮੋ-ਨਿਸ਼ਾਨ ਨਹੀਂ ਤੇ ਨਾ ਹੀ ਉਨ੍ਹਾਂ ਦੇ ਵਾਰਿਸ ਦੁਨੀਆਂ ਦੇ ਕਿਸੇ ਟੁਕੜੇ ਤੇ ਆਪਣੇ ਪੁਰਖਿਆਂ ਦੇ ਰਾਜ ਦਾ ਕਲੇਮ ਕਰ ਸਕਦੇ ਹਨ? ਕੱਲ੍ਹ ਨੂੰ ਤਾਂ ਬ੍ਰਿਟਿਸ਼ ਵਾਲੇ ਨਵੇਂ ਗੋਰੇ ਕਹਿਣਗੇ ਕਿ ਸਾਡੇ ਪੁਰਖਿਆਂ ਦਾ ਸਾਰੀ ਦੁਨੀਆਂ ਤੇ ਰਾਜ ਸੀ, ਇਸ ਲਈ ਸਾਰੇ ਦੇਸ਼ ਦੁਬਾਰਾ ਸਾਡੇ ਅਧੀਨ ਕਰੋ?

ਇੱਕ ਤੱਥ ਇਹ ਵੀ ਹੈ ਕਿ ਮੌਜੂਦਾ ਪੰਜਾਬ ਵਿੱਚ ਹਿੰਦੂਆਂ ਤੇ ਦਲਿਤਾਂ ਨੂੰ ਵੱਖ ਕੱਢ ਕੇ ਸਿੱਖਾਂ ਦੀ ਅਬਾਦੀ 35% ਤੋਂ ਵੀ ਘੱਟ ਹੈ ਤਾਂ ਕੀ ਅਸੀ 65% ਦੀ ਮਰਜ਼ੀ ਤੋਂ ਬਿਨਾਂ ਆਪਣੀ ਮੰਗ ਕਿਵੇਂ ਜਾਇਜ਼ ਬਣਾ ਸਕਦੇ ਹਾਂ? ਜਿਸ ਤਰ੍ਹਾਂ ਦੀ ਸਿੱਖ ਪ੍ਰੀਭਾਸ਼ਾ ਹੁਣ ਸ਼੍ਰੋਮਣੀ ਕਮੇਟੀ ਨੇ ਬਣਾਈ ਹੋਈ ਹੈ, ਉਸ ਵਿੱਚ ਮੌਜੂਦਾ ਸਿੱਖਾਂ ਵਿੱਚੋਂ 80-90% ਫਿੱਟ ਨਹੀਂ ਆਉਂਦੇ? ਉਹ ਤਾਂ ਸਿੱਖ ਨਹੀਂ ਹਨ? ਫਿਰ ਖਾਲਸਾ ਰਾਜ, ਵੱਖਰਾ ਖਿੱਤਾ ਆਦਿ ਦਾ ਦਾਅਵਾ ਕਰਨ ਵਾਲੇ? ਤਾਂ 2-4% ਤੋਂ ਵੱਧ ਨਹੀਂ? 2-4% ਨੂੰ ਸਾਰੇ ਸਿੱਖਾਂ ਜਾਂ ਪੰਜਾਬ ਦੀ ਹੋਣੀ ਦਾ ਧੱਕੇ ਨਾਲ? ਫੈਸਲਾ ਕਰਨ ਤੇ ਦੇਸ਼-ਵਿਦੇਸ਼ ਵਿੱਚ ਵੱਸਦੇ ਵੱਡੇ ਸਿੱਖ ਭਾਈਚਾਰੇ ਲਈ ਨਿੱਤ ਨਵੇਂ ਦਿਨ ਸਮੱਸਿਆਵਾਂ ਖੜੀਆਂ ਕਰਨ ਦਾ ਹੱਕ ਕਿਵੇਂ ਦਿੱਤਾ ਜਾ ਸਕਦਾ ਹੈ?

ਇਨ੍ਹਾਂ ਵਾਅਦਿਆਂ ਦੇ ਸੰਦਰਭ ਵਿੱਚ ਜ਼ਰੂਰੀ ਸਮਝਣ ਵਾਲਾ ਪੱਖ ਇਹ ਵੀ ਹੈ ਕਿ 1947 ਵਿੱਚ ਜਦੋਂ ਉਨ੍ਹਾਂ ਵਾਅਦਿਆਂ ਅਨੁਸਾਰ ਕੁਝ ਲੈਣ ਦਾ ਵਕਤ ਸੀ ਤਾਂ ਜਿਨ੍ਹਾਂ ਨਾਲ ਅਜਿਹੇ ਅਖੌਤੀ ਵਾਅਦੇ ਹੋਏ ਸਨ, ਜਦ ਉਨ੍ਹਾਂ ਲੀਡਰਾਂ ਨੇ ਸਾਰੀਆਂ ਮੰਗਾਂ ਛੱਡ ਕੇ ਭਾਰਤ ਨਾਲ? ਬਿਨਾਂ ਸ਼ਰਤ ਰਲਣ ਦਾ ਫੈਸਲਾ ਕਰ ਲਿਆ ਸੀ ਤੇ ਆਪਣੀ ਅਜਿਹੀ ਕੋਈ ਮੰਗ ਨਹੀਂ ਰੱਖੀ ਤਾਂ ਹੁਣ ਉਨ੍ਹਾਂ ਮੰਗਾਂ ਨੂੰ ਦੂਜੀ ਤੀਜੀ ਜਨਰੇਸ਼ਨ ਵਲੋਂ ਉਠਾ ਕੇ ਵਾਰ-ਵਾਰ ਨੁਕਸਾਨ ਕਰਾਈ ਜਾਣਾ ਵੀ ਕੀ ਉਸੇ ਤਰ੍ਹਾਂ ਦੀ ਮੂਰਖਤਾ ਨਹੀਂ? ਜਿਸ ਤਰ੍ਹਾਂ ਦੀ 1947 ਵਾਲੀ ਲੀਡਰਸ਼ਿਪ ਨੇ ਕੀਤੀ ਸੀ? ਹੁਣ ਨਾ ਵਾਅਦੇ ਕਰਨ ਵਾਲੇ ਜਿੰਦਾ ਹਨ ਤੇ ਨਾ ਉਹ ਜਿੰਦਾ ਹਨ, ਜਿਨ੍ਹਾਂ ਨਾਲ ਵਾਅਦੇ ਕੀਤੇ ਸਨ ਜਾਂ ਜਿਨ੍ਹਾਂ ਨੂੰ ਲਾਰੇ ਲਾਏ ਸਨ? ਉਸ ਤੋਂ ਵੀ ਅੱਗੇ ਉਨ੍ਹਾਂ ਵਾਅਦਿਆਂ ਦਾ ਸਾਡੇ ਕੋਲ ਕੋਈ ਲਿਖਤੀ ਸਰਕਾਰੀ ਜਾਂ ਗੈਰ ਸਰਕਾਰੀ ਹਸਤਾਖਰਾਂ ਵਾਲਾ ਦਸਤਾਵੇਜ਼ ਨਹੀਂ? ਕੀ ਆਮ ਜ਼ਿੰਦਗੀ ਵਿੱਚ ਵੀ ਅਸੀਂ ਕਿਸੇ ਅੱਜ ਦੇ ਪਰਿਵਾਰ ਤੋਂ ਕੋਈ ਵਸਤ ਇਸ ਅਧਾਰ ਤੇ ਮੰਗ ਸਕਦੇ ਹਾਂ ਕਿ ਤੇਰੇ ਦਾਦੇ ਜਾਂ ਪੜਦਾਦੇ ਨੇ ਮੇਰੇ ਦਾਦੇ ਜਾਂ ਪੜਦਾਦੇ ਨਾਲ ਫਲਾਨੀ ਚੀਜ਼ ਦੇਣ ਦਾ ਮੂੰਹ ਜ਼ੁਬਾਨੀ ਵਾਅਦਾ ਕੀਤਾ ਸੀ ਤਾਂ ਅਗਲਾ ਇਹੀ ਜਵਾਬ ਦੇਵੇਗਾ ਕਿ ਫਿਰ ਮੇਰੇ ਦਾਦੇ ਜਾਂ ਪੜਦਾਦੇ ਕੋਲੋਂ ਹੀ ਲੈ ਲਓ, ਮੈਂ ਤਾਂ ਨੀ ਦਿੰਦਾ?

ਸਿਤਮਜ਼ਰੀਫੀ ਇਹ ਹੈ ਕਿ 75 ਸਾਲਾਂ ਵਿੱਚ ਨਾਹਰਿਆਂ ਤੋਂ ਅੱਗੇ ਅਸੀ ਦੁਨੀਆਂ ਤਾਂ ਕੀ ਆਮ ਸਿੱਖਾਂ ਅੱਗੇ ਵੀ ਕੋਈ ਠੋਸ ਪਲੈਨ ਪੇਸ਼ ਨਹੀਂ ਕਰ ਸਕੇ? ਸਾਡੀ ਖਾਲਿਸਤਾਨ ਦੀ ਮੰਗ ਵੀ ਨਾਹਰਿਆਂ ਤੋਂ ਅੱਗੇ ਨਹੀ ਵੱਧ ਸਕੀ? ਹੁਣ ਤਾਂ ਇਸ ਗੱਲ ਦੇ ਪੁਖ਼ਤਾ ਸਬੂਤ ਮੌਜੂਦ ਹਨ ਕਿ ਖਾਲਿਸਤਾਨ ਦਾ ਨਾਹਰਾ ਵੀ ਭਾਰਤ ਤੇ ਪਾਕਿਸਤਾਨ ਦੀ ਲੀਡਰਸ਼ਿਪ ਨੇ ਆਪਣੇ ਆਪਣੇ ਹਿੱਤਾਂ ਅਨੁਸਾਰ ਸਿੱਖਾਂ ਨੂੰ ਵਰਤਣ ਲਈ ਹੀ ਫੜਾਇਆ ਸੀ, ਜਿਸਨੂੰ ਬਿਨਾਂ ਕਿਸੇ ਡੂੰਘੀ ਸੋਚ ਵਿਚਾਰ ਦੇ ਕੁਝ ਲੋਕ ਦੇਸ਼-ਵਿਦੇਸ਼ ਵਿੱਚ ਅੱਜ ਵੀ ਚੁੱਕੀ ਫਿਰਦੇ ਹਨ? ਬਦਕਿਸਮਤੀ ਨਾਲ ਸਿੱਖ ਲੀਡਰਸ਼ਿਪ ਕੋਲ ਨਾ 100-150 ਸਾਲ ਪਹਿਲਾਂ ਕੋਈ ਵਿਜ਼ਨ ਸੀ ਤੇ ਨਾ ਅੱਜ ਹੈ? ਹਿੰਸਾ ਤੇ ਨਫ਼ਰਤ ਦੀ ਸਿਆਸਤ ਨਾਅਰਿਆਂ ਨਾਲ ਕਰਨ ਤੋਂ ਇਲਾਵਾ ਸਾਡੇ ਕੋਲ ਕੋਈ ਏਜੰਡਾ ਨਹੀਂ? ਸਿਵਾਏ ਸਿੱਖਾਂ ਦਾ ਨੁਕਸਾਨ ਕਰਵਾਈ ਜਾਣ ਦੇ।

ਅੱਜ ਸਿੱਖ ਸਾਰੀ ਦੁਨੀਆਂ ਵਿੱਚ ਵਸ ਚੁੱਕੇ ਹਨ ਤੇ ਗਲੋਬਲ ਕਮਿਊਨਿਟੀ ਦਾ ਹਿੱਸਾ ਬਣ ਗਏ ਹਨ। ਪਰ ਦੇਸ਼-ਵਿਦੇਸ਼ ਵਿੱਚ ਬੈਠੀ ਸਿੱਖ ਲੀਡਰਸ਼ਿਪ ਤੇ ਵਿਦਵਾਨਾਂ ਕੋਲ ਪਿੰਡ ਲੈਵਲ ਦਾ ਵੀ ਵਿਜਨ ਨਹੀਂ ਸਾਰੀ ਸਿਆਸਤ ਹਿੰਸਾ, ਨਫ਼ਰਤ, ਜੁਮਲੇਬਾਜ਼ੀ, ਦੋਗਲੇਪਨ ਤੇ ਨਾਹਰੇਬਾਜ਼ੀ ਤੇ ਖੜੀ ਹੈ? ਜੇ ਅਜਿਹੀ ਨਾ ਅਹਿਲ ਸਿੱਖ ਲੀਡਰਸ਼ਿਪ ਸਾਡਾ ਖਹਿੜਾ ਨਹੀ ਛੱਡ ਰਹੀ ਅਤੇ ਸਾਨੂੰ ਹਾਰਾਂ ਤੇ ਹਾਰਾਂ ਦਿਵਾ ਰਹੀ ਹੈ ਤਾਂ ਕੀ ਅਸੀ ਇਸ ਲੀਡਰਸ਼ਿਪ ਨੂੰ ਰੱਦ ਨਹੀ ਕਰ ਸਕਦੇ?

# ਵਾਰ-ਵਾਰ ਹੜ੍ਹਾਂ ਦੀ ਬਰਬਾਦੀ 'ਤੇ ਰਾਜਨੀਤੀ ਦਾ ਕਹਿਰ



*ਪੰਜਾਬ ਸ਼ਾਇਦ ਬਰਬਾਦੀਆਂ ਲਈ ਇਤਿਹਾਸ ਵਿਚ ਸ਼ਾਮਲ ਹੋਇਆ ਹੋਵੇ । ਕਈ ਪਾਸਿਓਂ ਇਸ ਉਪਰ ਤਰਾਸਦੀਆਂ ਆਉਂਦੀਆਂ ਹਨ ਫਿਰ ਖੜ੍ਹਾ ਹੁੰਦਾ ਹੈ ਅਤੇ ਮੁੜ ਕਈ ਕਿਸਮ ਦੇ ਬਰਬਾਦੀਆਂ ਦੇ ਦੌਰ ਕੁਦਰਤੀ ਕਰੋਪੀ ਕਹਿ ਕੇ ਹੁਕਮਰਾਨਾ ਦੁਆਰਾ ਲੋਕ ਰੱਖਿਆ ਲਈ ਕਦੇ ਵੀ ਨਾ ਸੋਚਣਾ ਅਤੇ ਵਾਰ ਵਾਰ ਉਨ੍ਹਾਂ ਨੂੰ ਨੁਕਸਾਨ ਝੱਲਣ ਲਈ ਮਜਬੂਰ ਕਰਨਾ ਇਹ ਹੈ ਪੰਜਾਬ ਜੋ ਵਾਰ ਵਾਰ ਰੁੜ ਰਿਹਾ ਹੈ, ਹੜ੍ਹ ਰਿਹਾ ਹੈ ਅਤੇ ਲੱਖਾਂ ਲੋਕਾਂ ਦੇ ਹੰਝੂ ਆਪਣੇ ਘਰਾਂ 'ਚੋਂ ਬੇਘਰ ਹੁੰਦਿਆਂ ਵਹਿੰਦੇ ਹਨ । ਇਹ ਹੈ ਤਰਾਸਦੀ ਜੋ ਕੁਦਰਤ ਦੇ ਨਾਂ ਮੜ ਦਿੱਤੀ ਜਾਂਦੀ ਹੈ ਪ੍ਰੰਤੂ ਜਿਸ ਕਿਸਮ ਨਾਲ ਵਿਕਾਸ ਕੀਤਾ ਗਿਆ ਹੈ ਉਸ ਨੇ ਕੁਦਰਤੀ ਪਾਣੀ ਦੇ ਰਸਤੇ ਬੰਦ ਕਰ ਦਿੱਤੇ ਹਨ ਜਾਂ ਵੇਚ ਦਿੱਤੇ ਹਨ ਅਤੇ ਪੈਸਾ ਹੁਕਮਰਾਨਾ ਅਤੇ ਰੀਅਲ ਅਸਟੇਟ ਵਾਲੇ ਧਨੀ ਵਿਅਕਤੀਆਂ ਦੀਆਂ ਜੇਬਾਂ ਵਿਚ ਪੈ ਗਿਆ ਹੈ । ਇਹੀ ਹਕੀਕਤ ਹੈ । - ਸੰਪਾਦਕ*







ਸੱਤਾ ਦੀ ਭੁੱਖ ਕਈ ਵਾਰੀ ਵਿਅਕਤੀਆਂ ਨੂੰ ਛੋਟਾ ਕਰ ਦਿੰਦੀ ਹੈ। ਹਾਲਾਂਕਿ ਉਨ੍ਹਾਂ ਨੇ ਕਈ ਵੱਡੇ ਕੰਮ ਕੀਤੇ ਹੁੰਦੇ ਹਨ। ਜਿਸ ਕਿਸਮ ਨਾਲ ਵਾਤਾਵਰਣ ਦਾ ਮਸਲਾ ਸੰਤ ਸੀਚੇਵਾਲ ਨੇ ਉਠਾਇਆ ਸੀ ਅਤੇ ਕੁਦਰਤੀ ਕਰੋਪੀ ਲਈ ਹੁਕਮਰਾਨਾ ਨੂੰ ਜ਼ਿੰਮੇਵਾਰ ਸਮਝਿਆ ਸੀ ਪ੍ਰੰਤੂ ਆਪ ਹੀ ਸੱਤਾ ਦੀ ਕੁਰਸੀ ਲੈ ਕੇ ਦਿੱਲੀ ਦਰਬਾਰ ਵਿਚ ਜਾ ਕੇ ਬੈਠ ਗਏ। ਪ੍ਰੰਤੂ ਲੋਕਾਂ ਦੇ ਦੁੱਖ ਦਰਦ ਚੀਸ ਕਰਦੇ ਹੀ ਹਨ ਇਸ ਦਰਦ ਵਿਚੋਂ ਉਨ੍ਹਾਂ ਨੇ ਆਪਣੀ ਲੋਕ ਸ਼ਕਤੀ ਦਿਖਾਉਂਦੇ ਹੋਏ ਇਕ ਦਰਿਆ ਦਾ ਰੁਖ ਮੋੜ ਦਿੱਤਾ ਅਤੇ ਬੰਨ੍ਹ ਲਗਾ ਦਿੱਤਾ। ਚਾਹੀਦੇ ਤਾਂ ਅਜਿਹੇ ਕਿੰਨੇ ਹੀ ਪੰਜਾਬ ਨੂੰ ਵਿਅਕਤੀ ਜੋ ਵੱਡੇ ਸੰਕਟਾਂ ਦੇ ਬਾਵਜੂਦ ਲੋਕਾਂ ਨਾਲ ਖੜ੍ਹੇ ਰਹਿਣ। ਪਰ ਸੱਤਾ ਦੀਆਂ ਪੌੜੀਆਂ ਇੰਨੀਆਂ ਤਾਕਤਵਰ ਹਨ ਕਿ ਉਹ ਵੱਡਿਆਂ ਵੱਡਿਆਂ ਨੂੰ ਹੇਠਾਂ ਸੁੱਟ ਦਿੰਦੀਆਂ ਹਨ ਅਤੇ ਕਈ ਕਿਸਮ ਨਾਲ ਸਿਰਫ਼ ਫੋਟੋਗ੍ਰਾਫ਼ੀ ਤੱਕ ਹੀ ਸੀਮਤ ਕਰ ਦਿੰਦੀਆਂ ਹਨ। ਪਰ ਜੋ ਕੀਤਾ ਇਸ ਮੌਕੇ ਉਹ ਚੰਗੇ ਹੀ ਹੈ। ਲੋਕ ਇਸ ਤੋਂ ਵੱਧ ਚਾਹੁੰਦੇ ਹਨ ਅਤੇ ਹਕੂਮਤਾਂ ਦੇ ਖਿਲਾਫ਼ ਬੋਲਣ ਲਈ ਵੀ ਆਸ ਰੱਖਦੇ ਹਨ।



ਕਾਲਮ ਦੀ ਪੇਸ਼ਕਸ਼ ਕਰਤਾ
ਬਲਜਿੰਦਰ ਸਿੰਘ ਵੜੈਚ
+91-92167-29598

ਹੜ੍ਹਾਂ ਦੀ ਮਾਰ ਲਗਾਤਾਰ ਪੰਜਾਬ ਦੇ ਕਿਸੇ ਨਾ ਕਿਸੇ ਹਿੱਸੇ ਉਪਰ ਆਉਂਦੀ ਹੈ। ਪਿਛਲੇ ਸਮੇਂ ਵਿਚ ਜਿਸ ਕਿਸਮ ਨਾਲ ਪੰਜਾਬ ਦੀ ਦੀ ਬਣਤਰ ਅਤੇ ਜੌਗਰਫੀ ਵਿਚ ਟੁੱਟ ਭੰਨ ਕੀਤੀ ਗਈ ਹੈ ਉਸ ਨਾਲ ਉਜਾੜੇ ਦੀਆਂ ਸੰਭਾਵਨਾਵਾਂ ਹੜ੍ਹਾਂ ਦੇ ਰੂਪ ਵਿਚ ਕਈ ਸ਼ਹਿਰਾਂ ਨੂੰ ਦਿਖਾਈ ਦਿੰਦੀਆਂ ਹਨ। ਕਿਉਂਕਿ ਕੁਦਰਤੀ ਰਸਤੇ ਪਾਣੀ ਦੇ ਰੋਕ ਦਿੱਤੇ ਗਏ ਹਨ ਅਤੇ ਜਦੋਂ ਵੀ ਪਾਣੀ ਦਾ ਵਹਾਅ ਵਧਦਾ ਹੈ ਉਹ ਆਪਣੇ ਰਸਤਿਆਂ 'ਤੇ ਚਲਦਾ ਹੈ। ਹਾਲਾਂਕਿ ਕਈ ਵੱਡੇ ਵੱਡੇ ਵਿਦਵਾਨਾਂ ਨੇ ਇਸ ਉਪਰ ਚਿਤਾਵਨੀਆਂ ਅਤੇ ਲਿਖਤਾਂ ਦਰਜ ਕੀਤੀਆਂ ਹਨ। ਪਰ ਹੁਕਮਰਾਨਾ ਨੂੰ ਕਦੋਂ ਵਿਹਲ ਮਿਲਦਾ ਹੈ ਕਿ ਉਹ ਉਨ੍ਹਾਂ ਉਪਰ ਗੌਰ ਕਰਨ। ਉਹ ਤਾਂ ਸਿਰਫ਼ ਇਸ ਨੂੰ ਕੁਦਰਤੀ ਕਰੋਪੀ ਕਹਿ ਦਿੰਦੇ ਹਨ। ਹਾਲਾਂਕਿ ਇਹ ਮਨੁੱਖਾਂ ਦੁਆਰਾ ਹੀ ਬਣਾਈ ਗਈ ਹੈ ਕਿਉਂਕਿ ਕੋਈ ਯੋਜਨਾਬੰਦੀ ਨਹੀਂ ਕੀਤੀ ਗਈ ਅਤੇ ਨਾ ਹੀ ਸਮੇਂ ਸਮੇਂ 'ਤੇ ਨਦੀਆਂ ਨਾਲਿਆਂ ਦੀ ਸਫ਼ਾਈ ਅਤੇ ਸਹੀ ਦਿਸ਼ਾ ਤੈਅ ਕੀਤੀ ਜਾਂਦੀ ਹੈ। ਇਹ ਹੜ੍ਹ ਇਕ ਵੱਡਾ ਸੂਚਕ ਪ੍ਰਦਾਨ ਕਰਦੇ ਹਨ ਅਤੇ ਦਰਸਾਉਂਦੇ ਹਨ ਕਿ ਭਵਿੱਖ ਵਿਚ ਵੀ ਕਿਸ ਕਿਸਮ ਦੀ ਕਿੰਨਾ ਖੇਤਰਾਂ ਵਿਚ ਤਬਾਹੀ ਲਿਆਂਦੀ ਜਾ ਸਕਦੀ ਹੈ। ਬਹੁਤ ਪੰਜਾਬ ਦੇ ਸ਼ਹਿਰ ਅਤੇ ਉਨ੍ਹਾਂ ਦੇ ਆਲੇ ਦੁਆਲੇ ਇੰਨੇ ਹਾਈਵੇ ਬਣਾ ਦਿੱਤੇ ਹਨ ਜਿਨ੍ਹਾਂ ਨੂੰ ਸਮੁੱਚੇ ਪੰਜਾਬ ਹੀ ਭਵਿੱਖ ਵਿਚ ਹੜਾਂ ਦੇ ਕੇਂਦਰ ਬਣਾ ਦੇਣਾ ਹੈ। ਇਹ ਹਕੀਕਤ ਵੱਖ ਵੱਖ ਰਿਪੋਰਟਾਂ ਰਾਹੀਂ ਸਾਹਮਣੇ ਆ ਰਹੀ ਹੈ ਪ੍ਰੰਤੂ ਜਿਸ ਕਿਸਮ ਨਾਲ ਕਾਰਪੋਰੇਟ ਘਰਾਣਿਆਂ ਅਤੇ ਰੀਅਲ ਅਸਟੇਟ ਵਾਲੇ ਕਰ ਰਹੇ ਹਨ ਉਹ ਇਸ ਦੇ ਭਾਗੀਦਾਰ ਹਨ ਅਤੇ ਸਰਕਾਰਾਂ ਇਨ੍ਹਾਂ ਪ੍ਰਤੀ ਸੁਚੇਤ ਹੀ ਨਹੀਂ ਬਲਕਿ ਉਨ੍ਹਾਂ ਨਾਲ ਮਿਲੀਆਂ ਹੋਈਆਂ ਹਨ। ਦਹਾਕਿਆਂ ਤੋਂ ਇਹ ਤਸਵੀਰ ਹਰ ਇਕ ਦੀਆਂ ਨਜ਼ਰਾਂ ਵਿਚ ਹੈ। ਭਲਾ ਹੀ ਸੰਕਟ ਵੇਲੇ ਹੁਕਮਰਾਨ ਅਤੇ ਉਨ੍ਹਾਂ ਦੇ ਅਫ਼ਸਰ ਬੜੀ ਤੇਜ਼ੀ ਦਿਖਾਈ ਦੇਣ ਵਾਲੀ ਪ੍ਰਕਿਰਿਆ ਵਿਚ ਰਹਿੰਦੇ ਹਨ ਕਿ ਅਸੀਂ ਬੜੀਆਂ ਕੋਸ਼ਿਸ਼ਾਂ ਕੀਤੀਆਂ ਪ੍ਰੰਤੂ ਇਹ ਕੁਦਰਤੀ ਕਰੋਪੀ ਹੈ। ਪਰ ਜੋ ਵੱਖ ਵੱਖ ਪੱਧਰ 'ਤੇ ਸੋਸ਼ਲ ਮੀਡੀਆ ਰਾਹੀਂ ਲੋਕਾਂ ਨੇ ਨੇਤਾਵਾਂ ਦੀਆਂ ਫੋਟੋਆਂ ਖਿਚਵਾਉਣ ਦੇ ਰੂਪ ਵਿਚ ਦੇਖਿਆ ਹੈ ਉਹ ਦਰਸਾਉਂਦਾ ਹੈ ਕਿ ਸੰਕਟ ਵੇਲੇ ਹੀ ਕਿਵੇਂ ਇਹ ਨੇਤਾ ਰਾਜਨੀਤੀ ਕਰ ਜਾਂਦੇ ਹਨ। ਇਸ ਦੀਆਂ ਦਰਜਨਾਂ ਉਦਾਹਰਣਾਂ ਵੱਖ ਵੱਖ ਅਖ਼ਬਾਰਾਂ ਦੀਆਂ ਸੁਰਖੀਆਂ ਬਣੀਆਂ ਅਤੇ ਫੋਟੋ ਸ਼ੂਟ ਦੇ ਰੂਪ ਵਿਚ ਜੋ ਹੁਕਮਰਾਨਾ ਨੇ ਕਾਰਜ ਕੀਤਾ ਉਹ ਦਰਸਾਉਂਦਾ ਹੈ ਕਿ ਲੋਕਾਂ ਦੇ ਉਜਾੜੇ ਨੂੰ ਵੀ ਕਿਸ ਕਿਸਮ ਨਾਲ ਰਾਜਨੀਤੀ ਲਈ ਵਰਤਿਆ ਜਾ ਸਕਦਾ ਹੈ।

ਪੰਜਾਬ ਹਾਲਾਂਕਿ ਕਈ ਕਿਸਮ ਦੇ ਸੰਘਰਸ਼ਾਂ ਅਤੇ ਲੜਾਈਆਂ ਦੇ ਦੌਰ ਵਿਚੋਂ ਗੁਜ਼ਰਿਆ ਹੈ ਅਤੇ ਭਵਿੱਖ ਵਿਚ ਵੀ ਕਈ ਕਿਸਮ ਦੇ ਸੰਘਰਸ਼ਾਂ ਵਿਚੋਂ ਇਸ ਨੂੰ ਲੰਘਣਾ ਪਵੇਗਾ। ਇਸ ਕਰਕੇ ਲੋੜ ਇਸ ਕੰਮ ਦੀ ਹੈ ਕਿ ਮੁੜ ਪੰਜਾਬ ਦੀ ਬਣਤਰ ਅਤੇ ਇਸ ਦੀਆਂ ਸਮੱਸਿਆਵਾਂ ਸਮੇਤ ਹੜਾਂ ਨੂੰ ਕਿਸ ਕਿਸਮ ਨਾਲ ਕੰਟਰੋਲ ਕਰਨ ਲਈ ਰਣਨੀਤੀ ਬਣਾਈ ਜਾਵੇ ਅਤੇ ਇਸ ਕਾਰਜ ਲਈ ਲੋਕਾਂ ਅੰਦਰ ਇਕ ਵੱਡੀ ਲਹਿਰ ਉਤਪੰਨ ਕੀਤੀ ਜਾਵੇ। ਦੇਖੋ ਸਰਕਾਰ ਕਦੋਂ ਅਤੇ ਕਿਵੇਂ ਲੋਕਾਂ ਦੇ ਉਜਾੜੇ ਦਾ ਮੁਆਵਜ਼ਾ ਪ੍ਰਦਾਨ ਕਰਦੀ ਹੈ। ਅਜੇ ਤਾਂ ਸਿਰਫ਼ ਅਖ਼ਬਾਰੀ ਖ਼ਬਰਾਂ ਹਨ ਅਤੇ ਬਿਆਨਬਾਜ਼ੀ ਹੈ। ਕੇਂਦਰੀ ਹਕੂਮਤ ਆਪਣੀ ਰਾਜਨੀਤੀ ਕਰ ਰਹੀ ਹੈ ਅਤੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਲੋਕਾਂ ਦੀ ਤਰਾਸਦੀ ਉਪਰ ਆਪਣੀ ਵੋਟ ਬੈਂਕ ਇਕੱਠੀ ਕਰਨ ਲੱਗੀਆਂ ਹਨ। ਇਹ ਹੈ ਪੰਜਾਬ ਦੀ ਤਰਾਸਦੀ ਜਿਸ ਨੂੰ ਕੁਦਰਤੀ ਤਰਾਸਦੀ ਕਹਿ ਕੇ ਖੂਹ ਖਾਤੇ ਵਿਚ ਪਾਇਆ ਜਾ ਰਿਹਾ ਹੈ।





ਅਕਸਰ ਕਿਹਾ ਜਾਂਦਾ ਹੈ ਕਿ ਪਟਿਆਲਾ ਸ਼ਹਿਰ ਸਭ ਤੋਂ ਵੱਧ ਸਿੱਖਿਆ ਅਤੇ ਸਿੱਖਿਆ ਦਾ ਕੇਂਦਰ ਹੈ। ਪ੍ਰੰਤੂ ਜਿਸ ਕਿਸਮ ਨਾਲ ਇਸ ਸ਼ਹਿਰ ਵਿਚ ਦਹਾਕਿਆਂ ਤੋਂ ਮਹਾਰਾਜੇ ਪਟਿਆਲੇ ਦੇ ਖਾਨਦਾਨ ਦੀ ਰਾਜਨੀਤੀ ਚੱਲ ਰਹੀ ਹੈ ਉਹ ਹਰੇਕ ਸੋਚਣ ਵਾਲੇ ਲਈ ਸਵਾਲ ਖੜ੍ਹਾ ਕਰਦੀ ਹੈ ਕਿ ਵਾਰ ਵਾਰ ਮੁੱਖ ਮੰਤਰੀ ਤੋਂ ਲੈ ਕੇ ਪਾਰਲੀਮੈਂਟ ਅਤੇ ਇਥੋਂ ਤੱਕ ਕਿ ਕੇਂਦਰੀ ਮੰਤਰੀ ਦਾ ਅਹੁਦਾ ਚਲਾਉਣ ਦੇ ਬਾਵਜੂਦ ਇਕ ਨਦੀ ਅਤੇ ਇਕ ਦਰਿਆ ਨੂੰ ਸਹੀ ਨਹੀਂ ਕਰ ਸਕੇ। ਜੋ ਪਟਿਆਲਾ ਅਤੇ ਉਸ ਦੇ ਨਾਲ ਦੇ ਇਲਾਕਿਆਂ ਲਈ ਉਜਾੜੇ ਦੇ ਕਾਰਨ ਬਣਦਾ ਹੈ ਅਤੇ ਅੱਧਾ ਮਾਲਵਾ ਉਸ ਦੀ ਮਾਰ ਹੇਠ ਆ ਜਾਂਦਾ ਹੈ। ਸਿਰਫ਼ ਇਹ ਕਹਿ ਕੇ ਇਹ ਖਾਨਦਾਨ ਖਹਿੜਾ ਛੁਡਾ ਲੈਂਦਾ ਹੈ ਕਿ ਇਕ ਚੂੜੇ ਦੀ ਮੰਗ ਨਦੀ ਕਰ ਰਹੀ ਹੈ ਅਤੇ ਆਪੇ ਪਾਣੀ ਉਤਰ ਜਾਵੇਗਾ। ਅਜਿਹੀ ਗੈਰ ਵਿਗਿਆਨਕ ਅਤੇ ਗੈਰ ਤਰਕਸ਼ੀਲ ਸੋਚ ਕਿਸ ਕਿਸਮ ਨਾਲ ਲੋਕ ਉਜਾੜੇ ਉਪਰ ਕੀਤੀ ਜਾ ਰਹੀ ਹੈ ਜਿਸ ਦੀ ਹਕੀਕਤ ਪੰਡਤ ਅੱਗੇ ਖੜ੍ਹੀਆਂ ਬੀਬੀਆਂ ਇਕ ਮੌਜੂਦਾ ਐਮ.ਪੀ. ਮਹਾਰਾਣੀ ਪ੍ਰਨੀਤ ਕੌਰ ਅਤੇ ਦੂਸਰੀ ਭਵਿੱਖ ਵਿਚ ਬਣਨ ਵਾਲੀ ਨੇਤਾ ਜੈਇੰਦਰ ਕੌਰ ਦਿਖਾਈ ਦੇ ਰਹੀਆਂ ਅਤੇ ਦੂਸਰੇ ਪਾਸੇ ਇਸ ਕਿਸਮ ਨਾਲ ਚੂੜਾ ਨਦੀ ਵਿਚ ਦਾਨ ਕੀਤਾ ਜਾ ਰਿਹਾ ਹੈ ਅਤੇ ਰਾਜਨੀਤੀ ਦਾ ਇਕ ਪ੍ਰਪੰਚ ਰਚਿਆ ਜਾ ਰਿਹਾ ਹੈ। ਇਹ ਹੈ ਪੰਜਾਬ ਦੀ ਸਿਆਸਤ ਅਤੇ ਇਸ ਦੇ ਹੁਕਮਰਾਨ।



ਕਈ ਦਹਾਕੇ ਪੰਜਾਬ ਨੂੰ ਉਜਾੜਨ ਵਾਲੇ ਮੁੜ ਲੋਕ ਤਰਾਸਦੀ ਵਿਚੋਂ ਵੋਟਾਂ ਭਾਲਣ ਦੀ ਕੋਸ਼ਿਸ਼ ਕਰ ਰਹੇ ਹਨ। ਹਾਲਾਂਕਿ ਪੰਜਾਬ ਦੇ ਲੋਕਾਂ ਨੇ ਇਸ ਤਰ੍ਹਾਂ ਆਪਣੇ ਤੋਂ ਪਰ੍ਹੇ ਕਰ ਦਿੱਤਾ ਹੈ ਜਿਸ ਤਰ੍ਹਾਂ ਇਤਿਹਾਸ ਕਈ ਵਾਰੀ ਲੋਕ ਮਿਟਾ ਦੇਣਾ ਚਾਹੁੰਦੇ ਹੁੰਦੇ ਹਨ। ਲੋਕਾਂ ਨੂੰ ਪਤਾ ਹੈ ਕਿ ਇਹ ਹੀ ਲੋਕ ਹਨ ਜਿਨ੍ਹਾਂ ਨੇ ਸਾਡੇ ਲਈ ਇਹ ਤਰਾਸਦੀਆਂ ਪੈਦਾ ਕੀਤੀਆਂ ਹਨ ਅਤੇ ਸਭ ਕੁਝ ਪੰਜਾਬ ਦਾ ਲੁੱਟ ਕੇ ਆਪਣੇ ਘਰਾਂ ਅਤੇ ਆਪਣੇ ਨਜ਼ਦੀਕੀਆਂ ਦੇ ਹਵਾਲੇ ਕਰ ਦਿੱਤਾ ਹੈ। ਹੁਣ ਰੂੜਿਆ ਮਰੂੜਿਆ ਪੰਜਾਬ ਰੁੜ ਹੀ ਰਿਹਾ ਹੈ। ਜਿਸ ਵਿਚ ਹਰ ਕਿਸਮ ਦੀ ਤਬਾਹੀ ਸ਼ਾਮਲ ਹੈ। ਪ੍ਰੰਤੂ ਸੋਸ਼ਲ ਮੀਡੀਆ ਉਪਰ ਆਪਣੀ ਹਾਜ਼ਰੀ ਲਵਾਉਣ ਲਈ ਹੜਾਂ 'ਤੇ ਗੇੜਾ ਮਾਰਨਾ ਇਹ ਹੁਕਮਰਾਨ ਭੁੱਲੇ ਨਹੀਂ। ਹਾਲਾਂਕਿ ਦਿੱਲੀ ਦੇ ਤਖਤ ਵਿਚ ਦੋਵੇਂ ਬੈਠੇ ਹਨ ਜਿਸ ਵਿਚ ਸੁਖਬੀਰ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਹਨ। ਉਸ ਹੁਕਮਰਾਨ ਨੂੰ ਜਾ ਕੇ ਨਹੀਂ ਕਹਿੰਦੇ ਕਿ ਪੰਜਾਬ ਉਜੜ ਰਿਹਾ ਹੈ ਇਸ ਦੀ ਖੈਰ ਲਾਓ। ਸਿਰਫ਼ ਰਾਜਨੀਤੀ ਲਈ ਹੜਾਂ ਨੂੰ ਵਰਤਿਆ ਜਾ ਰਿਹਾ ਹੈ।

# ਪੰਜਾਬ ਵਿੱਚ ਹੜ੍ਹਾਂ ਦਾ ਕਾਰਨ ਕੁਦਰਤੀ ਆਫਤ ਘੱਟ ਪ੍ਰਬੰਧ ਦੀ ਨਕਾਮੀ ਜ਼ਿਆਦਾ

ਨਵਕਿਰਨ ਸਿੰਘ ਪੱਤੀ
nDnavkiran@gmail.com



***ਮੁੱਖ ਮੰਤਰੀ ਸਮੇਤ ਸਾਰੀ ਕੈਬਨਿਟ ਸਿਰਫ ਲੋਕਾਂ ਵਿੱਚ ਜਾ ਕੇ ਫੋਟੋਆਂ ਕਰਵਾਉਣ ਤੱਕ ਸੀਮਤ ਹੈ । ਇਸ ਸਥਿਤੀ ਵਿੱਚ ਮੀਡੀਆ ਦਾ ਫਰਜ਼ ਬਣਦਾ ਹੈ ਕਿ ਉਹ ਸਰਕਾਰ ਨੂੰ ਸਵਾਲ ਕਰੇ ਕਿ ਪੁਰਾਣੀਆਂ ਸਰਕਾਰਾਂ ਦੇ ਮੁਕਾਬਲੇ ਨਵੀਂ ਸਰਕਾਰ ਨੇ ਕਿੰਨੀਆਂ ਡਰੇਨਾਂ ਦੀ ਸਫਾਈ ਕਰਵਾਈ, ਕਿੰਨੇ ਬੰਨ੍ਹ ਮਜਬੂਤ ਕੀਤੇ, ਦਰਿਆਵਾਂ ਦੇ ਕਿਨਾਰੇ ਮਜਬੂਤ ਕਰਨ ਲਈ ਕਿੰਨੀ ਰਾਸ਼ੀ ਖਰਚ ਕੀਤੀ ਪਰ ਮੀਡੀਆ ਦਾ ਵੱਡਾ ਹਿੱਸਾ ਇਹ ਵਿਖਾ ਰਿਹਾ ਹੈ ਕਿ "ਲੋਕਾਂ ਲਈ ਫਿਕਰਮੰਦ ਮੁੱਖ ਮੰਤਰੀ ਸਾਹਿਬ ਦੇ ਪੈਰ ਗਾਦ ਵਿੱਚ ਲਿੱਬੜੇ ਹੋਏ ਹਨ । ਵਿਰੋਧੀ ਧਿਰਾਂ ਕਾਂਗਰਸ, ਅਕਾਲੀ ਦਲ, ਭਾਜਪਾ ਦੀ ਸਥਿਤੀ ਵੀ ਇਹੋ ਹੈ ਕਿ ਉਹਨਾਂ ਸੱਤਾ ਵਿੱਚ ਰਹਿੰਦਿਆਂ ਪਾਣੀ ਦੀ ਨਿਕਾਸੀ ਵੱਲ ਕੋਈ ਧਿਆਨ ਨਹੀਂ ਦਿੱਤਾ ਤੇ ਹੁਣ ਲੋਕਾਂ ਨਾਲ ਫੋਕਾ ਹੇਜ ਜਤਾ ਰਹੇ ਹਨ । - ਸੰਪਾਦਕ***

ਅੱਜ ਪੰਜਾਬ ਸਮੇਤ ਉੱਤਰੀ ਭਾਰਤ ਦੇ ਕਈ ਸੂਬੇ ਹੜ੍ਹਾਂ ਦੀ ਮਾਰ ਝੱਲ ਰਹੇ ਹਨ।ਹੜ੍ਹ ਸ਼ਬਦ ਦਾ ਜਿਕਰ ਕਰਦਿਆਂ ਹੀ ਸਾਡੇ ਦਿਮਾਗ ਵਿੱਚ ਕੁਦਰਤੀ ਆਫਤਾਂ ਦਾ ਜਿਕਰ ਸ਼ੁਰੂ ਹੋ ਜਾਂਦਾ ਹੈ। ਵੈਸੇ ਤਾਂ ਕੁਦਰਤੀ ਆਫਤਾਂ ਦਾ ਸੇਕ ਪੂਰੀ ਦੁਨੀਆਂ ਝੱਲਦੀ ਆ ਰਹੀ ਹੈ। ਪਰ ਪੰਜਾਬ ਵਿੱਚ ਕੋਈ ਬੱਦਲ ਨਹੀਂ ਫਟਿਆ, ਕੋਈ ਬਹੁਤ ਜਿਆਦਾ ਮੀਂਹ ਪਿਆ ਹੈ ਬਲਕਿ ਪੰਜਾਬ ਵਿੱਚ ਤਾਂ ਜਿਆਦਾਤਰ ਪਾਣੀ ਹਮੇਸ਼ਾਂ ਦੀ ਤਰ੍ਹਾਂ ਹਿਮਾਚਲ ਪ੍ਰਦੇਸ਼ ਵਿੱਚੋਂ ਆਇਆ ਹੈ। ਸਾਡੇ ਲਈ ਇਸਨੂੰ ਕੁਦਰਤੀ ਭਾਣਾ ਮੰਨਣ ਤੋਂ ਅੱਗੇ ਇਹ ਸਮਝਣ ਦਾ ਸਵਾਲ ਹੈ ਕਿ ਕੀ ਇਸ ਪਾਣੀ ਦੀ ਨਿਕਾਸੀ ਦੇ ਠੋਸ ਪ੍ਰਬੰਧ ਕਰਕੇ ਇਸ ਨੁਕਸਾਨ ਤੋਂ ਬਚਿਆ ਜਾ ਸਕਦਾ ਸੀ।

ਜੇ ਦਰਿਆਵਾਂ, ਨਹਿਰਾਂ, ਡਰੇਨਾਂ, ਸੂਏ, ਕੱਸੀਆਂ ਦੇ ਕੰਢੇ ਮਜਬੂਤ ਕੀਤੇ ਹੁੰਦੇ ਤੇ ਇਸ ਪਾਣੀ ਨੂੰ ਸੰਭਾਲਣ ਅਤੇ ਪੰਜਾਬ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਠੋਸ ਪ੍ਰਬੰਧ ਕੀਤੇ ਹੁੰਦੇ ਤਾਂ ਇਹ ਪਾਣੀ ਆਫਤ ਦੀ ਬਜਾਏ ਸਹਾਈ ਸਿੱਧ ਹੋ ਸਕਦਾ ਸੀ। ਪੰਜਾਬ ਦਾ ਨਹਿਰੀ ਪ੍ਰਬੰਧ ਦਰੁੱਸਤ ਨਾ ਹੋਣ ਕਾਰਨ ਇੱਕ ਪਾਸੇ ਪੰਜਾਬ ਦੇ ਰੋਪੜ, ਮੋਹਾਲੀ, ਨਵਾਂ ਸ਼ਹਿਰ, ਪਟਿਆਲਾ, ਜਲੰਧਰ, ਫਤਿਹਗੜ੍ਹ ਸਾਹਿਬ, ਫਿਰੋਜ਼ਪੁਰ, ਮੋਗਾ, ਕਪੂਰਥਲਾ, ਸੰਗਰੂਰ ਦਾ ਮੂਨਕ ਵਾਲਾ ਹਿੱਸਾ, ਤਰਨਤਾਰਨ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਤਾਂ ਦੂਜੇ ਪਾਸੇ ਬਰਨਾਲਾ, ਬਠਿੰਡਾਂ, ਮੋਗਾ ਦਾ ਨਿਹਾਲ ਸਿੰਘ ਵਾਲਾ ਖੇਤਰ, ਧੂਰੀ, ਰਾਏਕੋਟ ਵਰਗੇ ਖੇਤਰਾਂ ਵਿੱਚ ਝੋਨੇ ਦੀ ਫਸਲ ਪਾਲਣ ਲਈ ਧਰਤੀ ਹੇਠੋਂ ਪਾਣੀ ਕੱਢਿਆ ਜਾ ਰਿਹਾ ਹੈ।

ਹਿਮਾਚਲ ਵਰਗੇ ਪਹਾੜਾਂ ਵਿੱਚੋਂ ਮੈਦਾਨੀ ਖੇਤਰਾਂ ਵਿੱਚ ਜਿਆਦਾ ਪਾਣੀ ਆਉਣ ਦਾ ਖਦਸ਼ਾ ਅਪਰੈਲ ਮਹੀਨੇ ਵਿੱਚ ਹੀ ਜਾਹਰ ਹੋ ਗਿਆ ਸੀ ਕਿ ਪੱਛਮੀ ਗੜਬੜ ਕਾਰਨ ਮੌਸਮ ਦਾ ਅਸਰ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਆਦਿ 'ਚ ਭਾਰੀ ਬਾਰਸ਼ਾਂ ਅਤੇ ਬਰਫਬਾਰੀ ਦੇ ਰੂਪ ਵਿੱਚ ਸਾਹਮਣੇ ਆਵੇਗਾ। ਜੂਨ ਦੇ ਸ਼ੁਰੂ ਵਿੱਚ ਬਿਪਰਜੋਆਇ ਚੱਕਰਵਾਤ ਦਾ ਅਸਰ ਪੈਣ ਦਾ ਪਤਾ ਵੀ ਲੱਗ ਗਿਆ ਸੀ। ਸੰਯੁਕਤ ਰਾਸ਼ਟਰ ਹੇਠਲੇ ਮੌਸਮ ਵਿਭਾਗ ਦੀ ਏਸ਼ੀਆਈ ਸ਼ਾਖਾ ਨੇ ਪਹਾੜੀ ਇਲਾਕਿਆਂ ਵਿੱਚ ਪਹਿਲਾਂ ਮੁਕਾਬਲੇ ਤੇਜ਼ ਬਾਰਸ਼ ਦੀ ਸੰਭਾਵਨਾ ਜਤਾਈ ਸੀ ਜਿਸਦੇ ਚੱਲਦਿਆਂ ਪੰਜਾਬ ਸਰਕਾਰ ਦੀ ਤਰਜ਼ੀਹ ਹੋਣੀ ਚਾਹੀਦੀ ਸੀ ਕਿ ਪਹਿਲ ਦੇ ਅਧਾਰ 'ਤੇ ਸਤਲੁਜ, ਬਿਆਸ, ਰਾਵੀ ਅਤੇ ਘੱਗਰ ਸਮੇਤ ਬਾਕੀ ਨਹਿਰਾਂ, ਨਾਲਿਆਂ ਦਾ ਪ੍ਰਬੰਧ ਸੁਚਾਰੂ ਕੀਤਾ ਜਾਂਦਾ। ਪੰਜਾਬ ਨਾਲ ਸਬੰਧਤ ਪੌਂਗ ਡੈਮ, ਰਣਜੀਤ ਸਾਗਰ ਡੈਮ ਅਤੇ ਭਾਖੜਾ ਡੈਮ ਵੱਲ ਧਿਆਨ ਦਿੱਤਾ ਜਾਂਦਾ ਪਰ ਅਜਿਹਾ ਨਹੀਂ ਕੀਤਾ ਗਿਆ। ਡੈਮਾਂ ਦੀ ਨਿਯਮਤ ਦੇਖਭਾਲ ਲਈ ਉਚਿਤ ਧਿਆਨ ਅਤੇ ਫੰਡਾਂ ਦੀ ਲੋੜ ਹੁੰਦੀ ਹੈ। ਸਭ ਨੂੰ ਪਤਾ ਹੈ ਕਿ ਜੇ ਮੌਨਸੂਨ ਸੀਜ਼ਨ ਤੋਂ ਪਹਿਲਾਂ ਹਰ ਸਾਲ ਬੰਨ੍ਹ ਮਜ਼ਬੂਤ ਨਹੀਂ ਹੁੰਦੇ ਹਨ, ਤਾਂ ਇਹ ਟੁੱਟ ਜਾਣਗੇ ਅਤੇ ਹੜ੍ਹਾਂ ਦਾ ਕਾਰਨ ਬਣ ਜਾਣਗੇ ਪਰ ਫਿਰ ਵੀ ਅਣਗਹਿਲੀ ਵਰਤੀ ਜਾਂਦੀ ਹੈ।

ਪਾਣੀ ਸੂਬਿਆਂ ਦਾ ਵਿਸ਼ਾ ਹੋਣ ਕਾਰਨ ਹੜ੍ਹਾਂ ਦੀ ਰੋਕਥਾਮ ਕਰਨ ਵਾਲੀਆਂ ਸਕੀਮਾਂ ਸੂਬਾ ਸਰਕਾਰ ਦੁਆਰਾ ਬਣਾਈਆਂ ਅਤੇ ਲਾਗੂ ਕੀਤੀਆਂ ਜਾਂਦੀਆਂ ਹਨ। ਕੇਂਦਰ ਸਰਕਾਰ ਦੀ ਭੂਮਿਕਾ ਸਿਰਫ ਤਕਨੀਕੀ ਸੇਧ ਅਤੇ ਵਿੱਤੀ ਮੱਦਦ ਤੱਕ ਸੀਮਤ ਹੈ। ਪੰਜਾਬ ਵਿੱਚ ਬਣੀ ਹੜ੍ਹਾਂ ਵਾਲੀ ਸਥਿਤੀ ਲਈ ਕੇਂਦਰ ਤੇ ਸੂਬਾ ਦੋਵੇਂ ਸਰਕਾਰਾਂ ਜਿੰਮੇਬਾਰ ਹਨ।

ਹੜ੍ਹਾਂ ਦੀ ਆਫਤ ਨਾਲ ਨਜਿੱਠਣ ਲਈ ਪੰਜਾਬ ਨੇ ਲੱਗਭੱਗ 6 ਦਹਾਕੇ ਪਹਿਲਾਂ ਡਰੇਨੇਜ ਸਿਸਟਮ ਤਿਆਰ ਕੀਤਾ ਸੀ ਜਿਸ ਤਹਿਤ ਪਾਣੀ ਦੇ ਕੁਦਰਤੀ ਵਹਾਅ ਦੇ ਹਿਸਾਬ ਨਾਲ ਕਾਲਾ ਸੰਘਿਆਂ ਡਰੇਨ, ਬੁੱਢਾ ਨਾਲਾ ਆਦਿ ਡਰੇਨਾ/ਨਾਲੇ ਤਿਆਰ ਕੀਤੇ ਸਨ ਪਰ ਇਹਨਾਂ ਵਿੱਚੋਂ ਜਿਆਦਾਤਰ ਬਰਸਾਤੀ ਨਾਲਿਆਂ ਦੀ ਥਾਂ ਗੰਦੇ ਨਾਲੇ ਬਣ ਗਏ।1988 ਦੇ ਹੜ੍ਹਾਂ ਤੋਂ ਵੀ ਪੰਜਾਬ ਨੇ ਭੋਰਾ ਨਹੀਂ ਸਿੱਖਿਆ ਬਲਕਿ 35 ਸਾਲਾਂ ਬਾਅਦ ਵੀ ਸਥਿਤੀ ਬਦ ਤੋਂ ਬਦਤਰ ਹੋਈ ਹੈ ਕਿਉਂਕਿ ਸਤਲੁਜ ਦਰਿਆ ਦੇ ਬੰਨ੍ਹ 4 ਲੱਖ ਕਿਊਸਿਕ ਪਾਣੀ ਨੂੰ ਨਿਪਟਾਉਣ ਦੀ ਸਮਰੱਥਾ ਵਾਲੀ ਤਜਵੀਜ਼ ਤਹਿਤ ਬਣਾਏ ਗਏ ਸਨ ਪਰ ਹਕੀਕਤ ਇਹ ਹੈ ਕਿ ਸਤਲੁਜ ਦਰਿਆ 2 ਲੱਖ ਕਿਊਸਿਕ ਪਾਣੀ ਨੂੰ ਸੰਭਾਲਣ ਦੇ ਵੀ ਯੋਗ ਨਹੀਂ ਹੈ।

ਡਰੇਨਜ ਸਿਸਟਮ ਕਦੇ ਵੀ ਸਾਡੀਆਂ ਸਰਕਾਰਾਂ ਦੀ ਤਰਜੀਹ ਨਹੀਂ ਰਿਹਾ ਹੈ। ਸਾਡੇ ਸੂਬੇ ਦਾ ਬਹੁਤ ਪੁਰਾਣਾ ਡਰੇਨਜ ਸਿਸਟਮ ਸਟਾਫ ਅਤੇ ਫੰਡਾਂ ਦੀ ਘਾਟ ਨੂੰ ਜੂਝ ਰਿਹਾ ਹੈ।ਇਸ ਲਈ ਇਸਨੂੰ ਨਵੇਂ ਸਿਰੇ ਤੋਂ ਡਿਜ਼ਾਇਨ ਕਰਨ ਦੀ ਲੋੜ ਹੈ।

ਪਿਛਲੀਆਂ ਸਰਕਾਰਾਂ ਦੀ ਸਰਪ੍ਰਸਤੀ ਹੇਠ ਸਰਗਰਮ ਰਹੇ ਦੋ ਤਰ੍ਹਾਂ ਦੇ ਮਾਫੀਆ ਗ੍ਰੋਹ ਵੀ ਹੜ੍ਹਾਂ ਦਾ ਭਾਵੇਂ ਮੁੱਖ ਕਾਰਨ ਨਾ ਸਹੀ, ਅਹਿਮ ਕਾਰਨ ਜ਼ਰੂਰ ਬਣੇ ਹਨ।ਰੇਤ ਮਾਫੀਆ ਵੱਲੋਂ ਕੀਤੀ ਗਈ ਅੰਨ੍ਹੇਵਾਹ ਖੁਦਾਈ ਨੇ ਦਰਿਆਵਾਂ/ਨਹਿਰਾਂ ਦੇ ਕਿਨਾਰਿਆਂ ਅਤੇ ਬੰਨ੍ਹਾਂ ਨੂੰ ਕਮਜ਼ੋਰ ਕੀਤਾ ਹੈ। ਦੂਜਾ ਚੰਡੀਗੜ੍ਹ ਦੇ ਨੇੜਲੇ ਇਲਾਕਿਆਂ ਵਿੱਚ ਕੱਟੀਆਂ ਜਾਇਜ਼, ਨਜਾਇਜ਼ ਕਲੋਨੀਆਂ ਨੇ ਪਾਣੀ ਦੇ ਕੁਦਰਤੀ ਵਹਾਅ ਨੂੰ ਰੋਕ ਕੇ ਰਿਹਾਇਸ਼ੀ ਖੇਤਰਾਂ ਵੱਲ ਧੱਕਿਆ ਹੈ।ਕੁਦਰਤੀ ਨਿਯਮ ਹੈ ਕਿ ਪਾਣੀ ਦਾ ਵਹਾਅ ਜਿੱਥੋਂ ਦੀ ਦਹਾਕੇ ਪਹਿਲਾਂ ਰਿਹਾ ਹੈ ਹੁਣ ਵੀ ਉੱਥੋਂ ਦੀ ਹੀ ਹੋਵੇਗਾ। ਪਰ ਕਲੋਨਾਈਜ਼ਰਾਂ ਨੇ ਸਰਕਾਰ ਨੂੰ ਮੋਟਾ ਪੈਸਾ ਖਵਾ ਕੇ ਸ਼ਿਆਮਲਾਟ ਜ਼ਮੀਨਾਂ ਸਮੇਤ ਨਿੱਜੀ ਜਾਇਦਾਦਾਂ ਵਿੱਚ ਬਗੈਰ ਠੋਸ ਡਰੇਨਜ਼ ਪ੍ਰਬੰਧਾਂ ਅਤੇ ਸੀਵਰੇਜ ਸਿਸਟਮ ਦੇ ਉਸਾਰੀਆਂ ਕਰ ਦਿੱਤੀਆਂ ਹਨ।ਅਜਿਹੀਆਂ ਅੰਨ੍ਹੇਵਾਹ ਉਸਾਰੀਆਂ ਪਾਣੀ ਦੇ ਕੁਦਰਤੀ ਵਹਾਅ ਵਿੱਚ ਰੋੜਾ ਬਣਦੀਆਂ ਹਨ।

2019 ਵਿੱਚ ਜਲੰਧਰ ਦੇ ਗਿੱਦੜਪਿੰਡੀ ਨੇੜੇ ਸਤਲੁਜ ਦਰਿਆ ਵਿੱਚ ਪਾੜ ਪੈਣ ਕਾਰਨ ਸ਼ਾਹਕੋਟ ਅਤੇ ਸੁਲਤਾਨਪੁਰ ਲੋਧੀ ਦੇ ਪਿੰਡ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਸਨ। ਗਿੱਦੜਪਿੰਡੀ ਨੇੜੇ ਸਤਲੁਜ ਦਰਿਆ ਦੇ ਉੱਪਰ ਰੇਲਵੇ ਲਾਈਨ ਹੈ ਅਤੇ ਸਤਲੁਜ ਦਰਿਆ ਅਤੇ ਰੇਲਵੇ ਪੁਲ ਵਿੱਚਕਾਰ ਮਿੱਟੀ ਜਮਾਂ ਹੋਣ ਕਾਰਨ ਪਾੜਾ ਘਟਣ ਨਾਲ ਪਾਣੀ ਦੇ ਵਹਾਅ ਵਿੱਚ ਰੁਕਾਵਟ ਪਾੜ ਪੈਣ ਦਾ ਕਾਰਨ ਬਣਦੀ ਹੈ। ਇਹ ਪਤਾ ਹੋਣ ਦੇ ਬਾਵਜੂਦ ਸਾਡੀਆਂ ਪੁਰਾਣੀਆਂ-ਨਵੀਂ ਸਰਕਾਰ ਨੇ ਇਸ ਮਸਲੇ ਨੂੰ ਹੱਲ ਕਰਨ ਵੱਲ ਧਿਆਨ ਨਹੀਂ ਦਿੱਤਾ ਹੈ।

ਇੱਕ ਪਾਸੇ ਤਾਂ ਤਕਨੀਕ ਚੰਨ 'ਤੇ ਪੈੜਾਂ ਪਾਉਣ ਤੱਕ ਵਿਕਸਤ ਹੋ ਚੁੱਕੀ ਹੈ ਤੇ ਦੂਜੇ ਪਾਸੇ ਹੜ੍ਹ ਆਉਣ ਦੀ ਹਾਲਤ ਵਿੱਚ ਅਸੀਂ ਉਹੀ ਦਹਾਕਿਆਂ ਪੁਰਾਣੇ ਢੰਗ 'ਤੇ ਨਿਰਭਰ ਹਾਂ ਕਿ ਜ਼ਿਆਦਾ ਪਾਣੀ ਆਉਣ 'ਤੇ ਨਹਿਰਾਂ ਵਿੱਚ ਪਾਣੀ ਛੱਡਣਾ ਬੰਦ ਕਰ ਦਿਓ ਕਿਉਂਕਿ ਗਾਦ ਭਰ ਜਾਵੇਗੀ।ਕੀ ਅਸੀਂ ਇਹ ਤਕਨੀਕ ਵਿਕਸਤ ਨਹੀਂ ਕਰ ਸਕਦੇ ਕਿ ਦਰਿਆਈ ਪਾਣੀ ਦੀ ਗਾਦ ਕੋਈ ਝੀਲ ਬਗੈਰਾ ਬਣਾ ਕੇ ਉਸ ਵਿੱਚ ਛੱਡਦਿਆਂ ਇਕੱਲਾ ਪਾਣੀ ਅੱਗੇ ਨਹਿਰਾਂ, ਸੂਇਆਂ, ਰਜਵਾਹਿਆਂ ਵਿੱਚ ਲਿਜਾਇਆ ਜਾਵੇ। ਜੇਕਰ ਵਿਕਸਤ ਤਕਨੀਕ ਨਾਲ ਸਤਲੁਜ, ਰਾਵੀ, ਬਿਆਸ ਅਤੇ ਘੱਗਰ ਵੀ ਸਾਫ਼ ਕਰਨ ਦਾ ਪ੍ਰਬੰਧ ਕੀਤਾ ਜਾਵੇ ਤਾਂ ਮਸਲਾ ਹੱਲ ਹੋਣ ਵੱਲ ਵਧ ਸਕਦਾ ਹੈ।

ਮਸਲੇ ਦੀ ਜੜ੍ਹ ਅਖੌਤੀ ਵਿਕਾਸ ਮਾਡਲ ਹੈ। ਉਦਹਾਰਨ ਵਜੋਂ ਕਿਸੇ ਸਮੇਂ ਛੱਪੜ ਪਿੰਡ ਦੇ ਨਿਕਾਸੀ ਪਾਣੀ ਨੂੰ ਸਾਂਭਣ ਦਾ ਸਾਧਨ ਸਨ ਤੇ ਛੱਪੜਾਂ ਦੇ ਪਾਣੀ ਦੀ ਵੱਖ-ਵੱਖ ਰੂਪਾਂ ਵਿੱਚ ਵਰਤੋਂ ਵੀ ਕੀਤੀ ਜਾਂਦੀ ਸੀ ਪਰ ਹੁਣ ਪੰਜਾਬ ਦੇ ਜ਼ਿਆਦਾਤਰ ਪਿੰਡਾਂ ਵਿੱਚਲੇ ਛੱਪੜ ਪੂਰ ਕੇ ਜਾਂ ਤਾਂ ਪਾਰਕ ਬਣਾ ਦਿੱਤੇ ਗਏ ਹਨ ਜਾਂ ਨਜ਼ਾਇਜ ਕਬਜ਼ੇ ਕੀਤੇ ਜਾ ਚੁੱਕੇ ਹਨ, ਜੇ ਕਿਤੇ ਛੱਪੜ ਹਨ ਵੀ ਤਾਂ ਉਹ ਬਹੁਤ ਛੋਟੇ ਹਨ। ਭਾਵ ਵਿਕਾਸ ਦੇ ਨਾਮ 'ਤੇ ਜੋ ਅਸੀਂ ਕਰ ਰਹੇ ਹਾਂ ਉਹ ਅਸਲ ਵਿੱਚ ਵਿਕਾਸ ਹੈ ਹੀ ਨਹੀਂ। ਸਥਿਤੀ ਇਹ ਬਣੀ ਹੋਈ ਹੈ ਕਿ ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿੱਚ ਸੀਵਰੇਜ ਸਿਸਟਮ ਦਾ ਇਸ ਕਦਰ ਬੁਰਾ ਹਾਲ ਹੈ ਕਿ ਥੋੜ੍ਹਾ ਜਿਹਾ ਮੀਂਹ ਪੈਣ ਨਾਲ ਹੀ ਚਾਰੇ ਪਾਸੇ ਪਾਣੀ-ਪਾਣੀ ਹੋ ਜਾਂਦਾ ਹੈ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਆਫਤ ਪ੍ਰਬੰਧਨ ਸਰਕਾਰਾਂ ਦੀ ਤਰਜੀਹ ਹੋਣੀ ਚਾਹੀਦੀ ਹੈ। ਕਿਸੇ ਆਫਤ ਨਾਲ ਨਜਿੱਠਣ ਦੇ ਦੋ ਢੰਗ ਹੁੰਦੇ ਹਨ; ਇੱਕ ਸਮਾਂ ਰਹਿੰਦਿਆਂ ਤਿਆਰੀ, ਦੂਜਾ ਆਫਤ ਆਉਣ 'ਤੇ ਪੂਰੀ ਸਟੇਟ ਮਸ਼ੀਨਰੀ ਝੋਕ ਦੇਣੀ ਪਰ ਸਾਡੇ ਇੱਥੇ ਜਿਆਦਾ ਪਾਣੀ ਆਉਣ ਦਾ ਅੰਦੇਸ਼ਾ ਹੋਣ ਦੇ ਬਾਵਜੂਦ ਪਹਿਲਾਂ ਤਾਂ ਤਿਆਰੀ ਨਹੀਂ ਕੀਤੀ ਗਈ ਤੇ ਹੁਣ ਬੂਹੇ ਆਈ ਜੰਝ ਵਿੰਨੋਂ ਕੁੜੀ ਦੇ ਕੰਨ ਵਾਲੀ ਕਹਾਵਤ ਨੂੰ ਵੀ ਪਿੱਛੇ ਛੱਡ ਕੇ ਸੱਤਾਧਾਰੀ ਧਿਰ ਸਿਰਫ ਫੋਟੋ ਸ਼ੈਸ਼ਨ ਤੱਕ ਮਹਿਫੂਜ਼ ਹੈ।

ਮੁੱਖ ਮੰਤਰੀ ਸਮੇਤ ਸਾਰੀ ਕੈਬਨਿਟ ਸਿਰਫ ਲੋਕਾਂ ਵਿੱਚ ਜਾ ਕੇ ਫੋਟੋਆਂ ਕਰਵਾਉਣ ਤੱਕ ਸੀਮਤ ਹੈ। ਇਸ ਸਥਿਤੀ ਵਿੱਚ ਮੀਡੀਆ ਦਾ ਫਰਜ਼ ਬਣਦਾ ਹੈ ਕਿ ਉਹ ਸਰਕਾਰ ਨੂੰ ਸਵਾਲ ਕਰੇ ਕਿ ਪੁਰਾਣੀਆਂ ਸਰਕਾਰਾਂ ਦੇ ਮੁਕਾਬਲੇ ਨਵੀਂ ਸਰਕਾਰ ਨੇ ਕਿੰਨੀਆਂ ਡਰੇਨਾਂ ਦੀ ਸਫਾਈ ਕਰਵਾਈ, ਕਿੰਨੇ ਬੰਨ੍ਹ ਮਜਬੂਤ ਕੀਤੇ, ਦਰਿਆਵਾਂ ਦੇ ਕਿਨਾਰੇ ਮਜਬੂਤ ਕਰਨ ਲਈ ਕਿੰਨੀ ਰਾਸ਼ੀ ਖਰਚ ਕੀਤੀ ਪਰ ਮੀਡੀਆ ਦਾ ਵੱਡਾ ਹਿੱਸਾ ਇਹ ਵਿਖਾ ਰਿਹਾ ਹੈ ਕਿ "ਲੋਕਾਂ ਲਈ ਫਿਕਰਮੰਦ ਮੁੱਖ ਮੰਤਰੀ ਸਾਹਿਬ ਦੇ ਪੈਰ ਗਾਦ ਵਿੱਚ ਲਿੱਬੜੇ ਹੋਏ ਹਨ। ਵਿਰੋਧੀ ਧਿਰਾਂ ਕਾਂਗਰਸ, ਅਕਾਲੀ ਦਲ, ਭਾਜਪਾ ਦੀ ਸਥਿਤੀ ਵੀ ਇਹੋ ਹੈ ਕਿ ਉਹਨਾਂ ਸੱਤਾ ਵਿੱਚ ਰਹਿੰਦਿਆਂ ਪਾਣੀ ਦੀ ਨਿਕਾਸੀ ਵੱਲ ਕੋਈ ਧਿਆਨ ਨਹੀਂ ਦਿੱਤਾ ਤੇ ਹੁਣ ਲੋਕਾਂ ਨਾਲ ਫੋਕਾ ਹੇਜ ਜਤਾ ਰਹੇ ਹਨ।

ਮੁੱਖ ਮੰਤਰੀ/ਮੰਤਰੀ ਮੀਂਹਾਂ ਦੇ ਪਾਣੀ ਵਿੱਚ ਵੜ੍ਹਦਾ ਹੈ ਜਾਂ ਨਹੀਂ ਇਹ ਮਾਇਨੇ ਨਹੀਂ ਰੱਖਦਾ ਬਲਕਿ ਮਾਇਨੇ ਇਹ ਰੱਖਦਾ ਹੈ ਕਿ ਪੀੜਤ ਲੋਕਾਂ ਲਈ ਉਹ ਨੀਤੀ ਕੀ ਲੈ ਕੇ ਆ ਰਿਹਾ ਹੈ।ਹੜ੍ਹਾਂ ਤੋਂ ਪੀੜਤ ਪੰਜਾਬੀਆਂ ਨੂੰ ਮੁੜ ਪੈਰਾਂ ਸਿਰ ਕਰਨਾ ਸਰਕਾਰ ਲਈ ਵੱਡੀ ਚੁਣੌਤੀ ਹੈ।

ਇਸ ਸਾਰੀ ਹਾਲਤ ਵਿੱਚ ਪੰਜਾਬੀਆਂ ਵਿੱਚ ਭਾਈਚਾਰਕ ਏਕਤਾ ਦੀ ਜੋ ਮਿਸਾਲ ਮਿਲੀ ਹੈ ਉਹ ਬਹੁਤ ਚੰਗੀ ਗੱਲ ਹੈ।ਲੋਕਾਂ ਤੇ ਸਮਾਜ ਸੇਵੀ ਸੰਸਥਾਵਾਂ ਨੇ ਸਰਕਾਰ ਵੱਲ ਝਾਕਣ ਦੀ ਬਜਾਏ ਪੀੜਤ ਲੋਕਾਂ ਦੀ ਜਿਸ ਤਰ੍ਹਾਂ ਬਾਂਹ ਫੜ੍ਹੀ ਹੈ ਉਸਦੀ ਪੂਰੀ ਦੁਨੀਆਂ ਵਿੱਚ ਸਰਾਇਤਾ ਹੋ ਰਹੀ ਹੈ।ਹੁਣ ਵੀ ਪੰਜਾਬੀ ਹੜ੍ਹ ਪੀੜਤਾਂ ਨੂੰ ਮੁੜ ਪੈਰਾਂ ਸਿਰ ਕਰਨ ਲਈ ਪਿਛੇਤੀ ਪਨੀਰੀ ਦੀ ਬਿਜਾਈ ਕਰਨ ਲੱਗੇ ਹੋਏ ਹਨ।

ਇਸ ਸਾਰੀ ਸਥਿਤੀ ਦਰਮਿਆਨ ਪਾਕਿਸਤਾਨ ਦਾ ਇਹ ਰੋਲ ਹਾਂ ਪੱਖੀ ਹੈ ਕਿ ਉਸਨੇ ਸੁਲੇਮਾਨ ਹੈੱਡਵਰਕਸ ਤੋਂ 10 ਫਲੱਡ ਗੇਟ ਖੋਲ੍ਹ ਦਿੱਤੇ ਜਿਸ ਨਾਲ ਪਾਕਿਸਤਾਨ ਵਾਲੇ ਪਾਸੇ ਨੂੰ ਪਾਣੀ ਦਾ ਵਹਾਅ ਤੇਜ਼ ਹੋ ਗਿਆ ਤੇ ਦੱਖਣੀ ਮਾਲਵੇ ਦਾ ਪਾਣੀ ਦੇ ਕਹਿਰ ਤੋਂ ਬਚਾਅ ਹੋ ਗਿਆ ਹੈ।


ਉਂਝ ਹੜ੍ਹਾਂ ਕਾਰਨ ਹੋਏ ਨੁਕਸਾਨ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਪੰਜਾਬ ਦਾ ਪਾਣੀਆਂ 'ਤੇ ਹੱਕ ਹੈ। ਰਿਪੇਰੀਅਨ ਕਾਨੂੰਨ ਵੀ ਕਹਿੰਦਾ ਹੈ ਕਿ ਜਿਸ ਸੂਬੇ ਨੂੰ ਪਾਣੀ ਦਾ ਨੁਕਸਾਨ ਝੱਲਣਾ ਪੈਂਦਾ ਹੈ ਉਸ ਸੂਬੇ ਨੂੰ ਉਸਦਾ ਹੱਕ ਵੀ ਮਿਲਣਾ ਚਾਹੀਦਾ ਹੈ।

ਪਾਣੀ ਮਨੁੱਖੀ ਜੀਵਨ ਦਾ ਅਧਾਰ ਸੋਮਾ ਹੈ, ਮਨੁੱਖੀ ਸੱਭਿਅਤਾ ਦਰਿਆਵਾਂ, ਨਦੀਆਂ ਦੇ ਕੰਢਿਆਂ 'ਤੇ ਵਿਕਸਤ ਹੋਈ ਹੈ। ਪਾਣੀ ਬਗੈਰ ਜ਼ਿੰਦਗੀ ਚਿਤਵਨੀ ਔਖੀ ਹੈ। ਗਲੋਬਲ ਵਾਰਮਿੰਗ ਕਾਰਨ ਆਉਣ ਵਾਲੇ ਸਮੇਂ ਵਿੱਚ ਪਹਾੜ੍ਹਾਂ ਤੋਂ ਮੈਦਾਨੀ ਖੇਤਰਾਂ ਵਿੱਚ ਹੋਰ ਜਿਆਦਾ ਪਾਣੀ ਆ ਸਕਦਾ ਹੈ ਇਸ ਲਈ ਪਾਣੀ ਦੀ ਨਿਕਾਸੀ ਦਾ ਠੋਸ ਪ੍ਰਬੰਧ ਕਰਨਾ ਬਹੁਤ ਜਰੂਰੀ ਹੈ। ਪੰਜਾਬ ਦੀ ਮੁੱਖ ਨਿਰਭਰਤਾ ਧਰਤੀ ਹੇਠਲੇ ਪਾਣੀ 'ਤੇ ਹੈ, ਪਰ ਧਰਤੀ ਹੇਠਲਾ ਪਾਣੀ ਖਤਮ ਹੋ ਰਿਹਾ ਹੈ ਇਸ ਲਈ ਬਰਸਾਤੀ ਪਾਣੀ ਰੀਚਾਰਜ ਕਰਨ ਦੇ ਟਰੀਟਮੈਂਟ ਪਲਾਂਟ ਲਾਉਣੇ ਬਹੁਤ ਜ਼ਰੂਰੀ ਹਨ।

# ਇਕਸਾਰ ਨਾਗਰਿਕ ਕੋਡ: ਬਹਾਨਾ ਹੋਰ, ਨਿਸ਼ਾਨਾ ਹੋਰ



ਬੂਟਾ ਸਿੰਘ
ਮਹਿਮੂਦਪੁਰ
94634-74342




**ਡਾ. ਬਾਬਾ ਸਾਹਿਬ ਅੰਬੇਡਕਰ ਦਾ ਵਿਚਾਰ ਸੀ ਕਿ ਅਜਿਹਾ ਕੋਡ ਬਣਾਉਣਾ ਮੁਨਾਸਿਬ ਤਾਂ ਹੈ ਪਰ ਇਹ ਪੂਰੀ ਤਰ੍ਹਾਂ ਸਵੈਇੱਛਾ ਨਾਲ ਹੋਣਾ ਚਾਹੀਦਾ ਹੈ। ਸੰਵਿਧਾਨ-ਘੜਨੀ ਸਭਾ ਮੁਲਕ ਦੇ ਨਾਮ ਸਮੇਤ ਬਹੁਤ ਸਾਰੇ ਸਵਾਲਾਂ ਉੱਪਰ ਤਿੱਖੇ ਰੂਪ ’ਚ ਵੰਡੀ ਹੋਈ ਸੀ। ਸੱਜੇਪੱਖੀ ਧੜਾ ਗਊ-ਹੱਤਿਆ ਰੋਕਣ, ਯੂ.ਸੀ.ਸੀ., ਹਿੰਦੀ ਨੂੰ ਰਾਜ-ਭਾਸ਼ਾ ਬਣਾਉਣ ਵਰਗੇ ਮੁੱਦਿਆਂ ਉੱਪਰ ਜ਼ੋਰ ਦੇ ਰਿਹਾ ਸੀ। ਯੂ.ਸੀ.ਸੀ. ਬਣਾਏ ਜਾਣ ਨੂੰ ਲੈ ਕੇ ਸੰਵਿਧਾਨ-ਘੜਨੀ ਸਭਾ ’ਚ ਟਕਰਾਵੇਂ ਵਿਚਾਰਾਂ ਕਾਰਨ ਹੀ ਇਸ ਨੂੰ ਬਹੁਤ ਸਾਰੇ ਹੋਰ ਸਵਾਲਾਂ ਦੇ ਨਾਲ ਰਾਜਕੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਾਲੇ ਹਿੱਸੇ ’ਚ ਰੱਖ ਲਿਆ ਗਿਆ ਸੀ ਅਤੇ ਇਨ੍ਹਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੀ ਸੂਝ ਅਤੇ ਸਮਰੱਥਾ ਉੱਪਰ ਛੱਡ ਦਿੱਤਾ ਗਿਆ ਸੀ।-ਸੰਪਾਦਕ**

ਲੋਕ-ਸਭਾ ਚੋਣਾਂ 2024 ਦੇ ਮੱਦੇਨਜ਼ਰ ਆਰ.ਐੱਸ.ਐੱਸ.-ਭਾਜਪਾ ਨੇ ਚਲਾਕੀ ਨਾਲ ਯੂ.ਸੀ.ਸੀ. (ਇਕਸਾਰ ਨਾਗਰਿਕ ਕੋਡ) ਦੀ ਚਰਚਾ ਮੁੜ ਭਖਾ ਦਿੱਤੀ ਹੈ। ਇਹ ਚੋਣ ਵਾਅਦਾ 1998 ਤੋਂ ਭਾਜਪਾ ਦੇ ਮੈਨੀਫੈਸਟੋ ਵਿਚ ਸ਼ਾਮਿਲ ਹੈ ਅਤੇ 2019 ਦੀਆਂ ਲੋਕ-ਸਭਾ ਚੋਣਾਂ ਤੇ ਉੱਤਰ ਪ੍ਰਦੇਸ਼, ਉੱਤਰਖੰਡ, ਹਰਿਆਣਾ, ਗੁਜਰਾਤ, ਮੱਧ ਪ੍ਰਦੇਸ਼, ਅਸਾਮ ਆਦਿ ਰਾਜਾਂ ਦੀਆਂ ਵਿਧਾਨ-ਸਭਾ ਚੋਣਾਂ ’ਚ ਇਹ ਭਾਜਪਾ ਦੇ ਮੁੱਖ ਵਾਅਦਿਆਂ ’ਚੋਂ ਇਕ ਰਿਹਾ ਹੈ। 21ਵੇਂ ਲਾਅ ਕਮਿਸ਼ਨ ਦਾ ਮੰਨਣਾ ਸੀ ਕਿ ਮੌਜੂਦਾ ਪੜਾਅ ’ਤੇ ਮੁਲਕ ਵਿਚ ਯੂ.ਸੀ.ਸੀ. ਲਾਗੂ ਕਰਨਾ ਨਾ ਤਾਂ ਜ਼ਰੂਰੀ ਹੈ ਅਤੇ ਨਾ ਹੀ ਮੁਨਾਸਿਬ। ਇਸ ਦੇ ਬਾਵਜੂਦ 22ਵੇਂ ਲਾਅ ਕਮਿਸ਼ਨ ਨੇ 14 ਜੂਨ ਨੂੰ 2023 ਨੂੰ ਯੂ.ਸੀ.ਸੀ. ਬਾਰੇ ਧਾਰਮਿਕ ਜਥੇਬੰਦੀਆਂ ਅਤੇ ਜਨਤਾ ਦੀ ਰਾਏ ਮੰਗ ਕੇ ਇਹ ਮੁੱਦਾ ਮੁੜ ਖੜ੍ਹਾ ਕਰ ਦਿੱਤਾ ਹੈ। 2022 ’ਚ ਪਾਰਲੀਮੈਂਟ ਦੇ ਸਰਦ-ਰੁੱਤ ਸੈਸ਼ਨ ਦੌਰਾਨ ਵੀ ਸੰਘ ਨੇ ਇਸੇ ਤਰ੍ਹਾਂ ਚਲਾਕੀ ਨਾਲ ਆਪਣੇ ਇਕ ਸਾਂਸਦ ਕੋਲੋਂ ਪ੍ਰਾਈਵੇਟ ਬਿੱਲ ਪੇਸ਼ ਕਰਵਾਇਆ ਸੀ ਤਾਂ ਜੁ ਇਸ ਮੁੱਦੇ ਨੂੰ ਲੰਮਾ ਸਮਾਂ ਧੁੱਖਦਾ ਰੱਖਕੇ ਇਸ ਦੇ ਨਾਂ ’ਤੇ ਵੋਟ ਸਿਆਸਤ ਕੀਤੀ ਜਾ ਸਕੇ। ਰਿਪੋਰਟਾਂ ਅਨੁਸਾਰ ਇਸ ਮਾਨਸੂਨ ਸੈਸ਼ਨ ਵਿਚ ਕੇਂਦਰ ਸਰਕਾਰ ਯੂ.ਸੀ.ਸੀ. ਦਾ ਖਰੜਾ ਪੇਸ਼ ਕਰ ਸਕਦੀ ਹੈ ਤਾਂ ਜੁ ਚੋਣਾਂ ’ਚ ਇਸ ਦਾ ਰਾਜਨੀਤਕ ਲਾਹਾ ਲੈ ਸਕੇ।

ਪਿਛਲੇ ਦਿਨੀਂ ਮੱਧ ਪ੍ਰਦੇਸ਼ ਵਿਚ ‘ਮੇਰਾ ਬੂਥ, ਸਭ ਸੇ ਮਜ਼ਬੂਤ’ ਸਮਾਗਮ ’ਚ ਮੋਦੀ ਦੇ ਭਾਸ਼ਣ ਨੇ ਵੀ ਇਸ਼ਾਰਾ ਕਰ ਦਿੱਤਾ ਸੀ ਕਿ ਆਮ ਚੋਣਾਂ ’ਚ ਆਰ.ਐੱਸ.ਐੱਸ.-ਭਾਜਪਾ ਇਕਸਾਰ ਨਾਗਰਿਕ ਕੋਡ ਨੂੰ ਵੱਡਾ ਮੁੱਦਾ ਬਣਾਏਗੀ ਅਤੇ ‘ਇਕ ਦੇਸ਼, ਇਕ ਕਾਨੂੰਨ’ ਦੇ ਬਹਾਨੇ ਘੱਟਗਿਣਤੀਆਂ ਅਤੇ ਹੋਰ ਕਮਜ਼ੋਰ ਹਿੱਸਿਆਂ ਵਿਰੁੱਧ ਨਫ਼ਰਤ ਭੜਕਾਏਗੀ। ਮੋਦੀ ਨੇ ਕਿਹਾ ਕਿ ਸੁਪਰੀਮ ਕੋਰਟ ਵੀ ਯੂ.ਸੀ.ਸੀ. ਦੇ ਹੱਕ ’ਚ ਹੈ ਪਰ ਵਿਰੋਧੀ-ਧਿਰ ਮੁਸਲਮਾਨਾਂ ਨੂੰ ਭੜਕਾਕੇ ਇਕ ਜ਼ਰੂਰੀ ਸਮਾਜਿਕ ਅਤੇ ਕਾਨੂੰਨੀ ਸੁਧਾਰ ’ਚ ਅੜਿੱਕਾ ਪਾ ਰਹੀ ਹੈ। ਬਾਬਰੀ ਮਸਜਿਦ ਦੀ ਜਗ੍ਹਾ ’ਤੇ ਰਾਮ ਮੰਦਰ ਬਣਾਉਣ ਅਤੇ ਧਾਰਾ 370 (ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੀ ਵਿਵਸਥਾ) ਨੂੰ ਖ਼ਤਮ ਕਰਨ ਦੇ ਦੋ ਮੁੱਖ ਨਿਸ਼ਾਨੇ ਆਰ.ਐੱਸ.ਐੱਸ.-ਭਾਜਪਾ ਨੇ ਪੂਰੇ ਕਰ ਲਏ ਹਨ। ਰਾਮ ਮੰਦਰ ਬਣਾਇਆ ਜਾ ਰਿਹਾ ਹੈ ਅਤੇ ਕਸ਼ਮੀਰੀ ਲੋਕਾਂ ਦੀ ਖ਼ੁਦਮੁਖਤਿਆਰ ਹੈਸੀਅਤ ਖੋਹ ਲਈ ਗਈ ਹੈ। ਇਨ੍ਹਾਂ ਕੋਲ ‘ਇਕਸਾਰ ਸਿਵਲ ਕੋਡ’ ਦਾ ਤੀਜਾ ਮੁੱਦਾ ਹੈ ਜੋ ਲੰਮੇ ਸਮੇਂ ਤੋਂ ਇਨ੍ਹਾਂ ਦੇ ਏਜੰਡੇ ’ਤੇ ਹੈ ਜਿਸ ਨਾਲ ਇਹ ਫਿਰਕੂ ਪਾਲਾਬੰਦੀ ਕਰ ਸਕਦੇ ਹਨ। ਸੰਸਦ ਦੀ ਨਵੀਂ ਇਮਾਰਤ ਵਿਚ ਸਪੀਕਰ ਦੀ ਕੁਰਸੀ ਲਾਗੇ ਬ੍ਰਾਹਮਣਾਂ ਕੋਲੋਂ ਹਿੰਦੂ ਰਸਮਾਂ ਰਾਹੀਂ ‘ਰਾਜ-ਦੰਡ’ ਰਖਵਾਉਣ ਅਤੇ ਬਹੁਤ ਸਾਰੇ ਸਰਕਾਰੀ ਕੰਮ-ਕਾਜ ਦਾ ਮਹੂਰਤ ਹਿੰਦੂ ਕਰਮ-ਕਾਂਡ ਨਾਲ ਕਰਨ ਵਾਲੀ ਸਰਕਾਰ ਜਦੋਂ ਮੁਸਲਿਮ ਭਾਈਚਾਰੇ ਦੇ ਮਜ਼੍ਹਬੀ ਕੱਟੜਪੁਣੇ ਨੂੰ ਨਿੰਦਦੀ ਹੈ, ਜਦੋਂ ਇਹ ਕੱਟੜਪੰਥੀ ਮੁਸਲਿਮ ਸੰਸਥਾਵਾਂ ਅਤੇ ਆਮ ਮੁਸਲਮਾਨਾਂ ’ਚ ਕੋਈ ਫ਼ਰਕ ਨਹੀਂ ਕਰਨਾ ਚਾਹੁੰਦੀ ਤਾਂ ਕਿਸੇ ਨੂੰ ਵੀ ਉਸ ਦੇ ਅਸਲ ਮਨਸ਼ੇ ਬਾਰੇ ਭੁਲੇਖਾ ਨਹੀਂ ਰਹਿ ਜਾਂਦਾ।

ਸਭ ਤੋਂ ਪਹਿਲਾਂ ਅੰਗਰੇਜ਼ ਹਕੂਮਤ ਨੇ 1835 ’ਚ ਜੁਰਮ, ਸਬੂਤ ਵਰਗੇ ਵਿਸ਼ਿਆਂ ਬਾਰੇ ਇਕਸਾਰ ਨਾਗਰਿਕ ਕੋਡ ਦੀ ਧਾਰਨਾ ਇਕ ਰਿਪੋਰਟ ਦੇ ਰੂਪ ’ਚ ਪੇਸ਼ ਕੀਤੀ ਸੀ। ਹਾਲਾਂਕਿ ਉਸ ਰਿਪੋਰਟ ’ਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਪਰਸਨਲ ਲਾਅ ਉਸ ਇਕਸਾਰਤਾ ਤੋਂ ਬਾਹਰ ਰੱਖਣ ਦੀ ਸਿਫ਼ਾਰਸ਼ ਕੀਤੀ ਗਈ ਸੀ। ਫਿਰ 1941 ’ਚ ਹਿੰਦੂ ਕਾਨੂੰਨ ਕੋਡੀਫਾਈ ਕਰਨ ਲਈ ਇਕ ਕਮੇਟੀ ਬਣਾਈ ਗਈ। ਜਿਸ ਦੀਆਂ ਸਿਫ਼ਾਰਸ਼ਾਂ ਦੇ ਆਧਾਰ ’ਤੇ ਸੋਧਿਆ ਹੋਇਆ ਹਿੰਦੂ ਵਿਰਾਸਤ ਕਾਨੂੰਨ-1956 ਅਪਣਾਇਆ ਗਿਆ। ਪਰ ਮੁਸਲਮਾਨ, ਈਸਾਈ ਅਤੇ ਪਾਰਸੀ ਭਾਈਚਾਰਿਆਂ ਦੇ ਆਪੋ-ਆਪਣੇ ਪਰਸਨਲ ਕਾਨੂੰਨ ਲਾਗੂ ਰਹੇ। ਸੰਵਿਧਾਨ ਬਣਾਏ ਜਾਣ ਸਮੇਂ ਵੀ ਇਹ ਤਿੱਖੇ ਵਿਵਾਦ ਦਾ ਮੁੱਦਾ ਸੀ ਜਿਸ ਉੱਪਰ ਸਹਿਮਤੀ ਨਹੀਂ ਸੀ ਬਣੀ। ਫਿਰ ਇਹ ਮੁੱਦਾ ਸ਼ਾਹ ਬਾਨੋ ਕੇਸ ਨਾਲ ਉੱਠਿਆ ਜਦੋਂ ‘ਤਿੰਨ ਤਲਾਕ’ ਪ੍ਰਥਾ ਰਾਹੀਂ ਘਰੋਂ ਕੱਢੀ ਮੁਸਲਿਮ ਔਰਤ ਸ਼ਾਹ ਬਾਨੋ ਨੂੰ ਸ਼ਰੀਅਤ ਪ੍ਰਥਾ ਤੋਂ ਰਾਹਤ ਦਿੰਦੇ ਹੋਏ 1985 ’ਚ ਸੁਪਰੀਮ ਕੋਰਟ ਨੇ ਉਸ ਦੇ ਪਤੀ ਨੂੰ ਗੁਜ਼ਾਰਾ-ਭੱਤਾ ਦੇਣ ਦਾ ਆਦੇਸ਼ ਦਿੱਤਾ ਅਤੇ ਇਸ ਦੌਰਾਨ ਯੂ.ਸੀ.ਸੀ. ਬਣਾਉਣ ਦੀ ਲੋੜ ਦਾ ਜ਼ਿਕਰ ਕੀਤਾ। ਰਾਜੀਵ ਗਾਂਧੀ ਸਰਕਾਰ ਨੇ 1986 ’ਚ ‘ਮੁਸਲਮਾਨ ਔਰਤਾਂ ਲਈ (ਤਲਾਕ ਦੇ ਹੱਕਾਂ ਦੀ ਸੁਰੱਖਿਆ) ਐਕਟ ਪਾਸ ਕਰਕੇ ਸੁਪਰੀਮ ਕੋਰਟ ਦਾ ਇਹ ਫ਼ੈਸਲਾ ਉਲਟਾ ਦਿੱਤਾ ਅਤੇ ਵਿਆਹ ਦੇ ਮਾਮਲੇ ’ਚ ਸ਼ਰੀਅਤ ਕਾਨੂੰਨ ਬਰਕਰਾਰ ਰਿਹਾ।

ਸਮਾਜੀ-ਸੱਭਿਆਚਾਰਕ ਵੰਨ-ਸੁਵੰਨਤਾ ਵਾਲੇ ਭਾਰਤ ਵਿਚ ਪਰਿਵਾਰਕ ਮਸਲਿਆਂ ਨੂੰ ਸੰਬੰਧਤ ਭਾਈਚਾਰਿਆਂ ਦੇ ਧਰਮ ਜਾਂ ਸਮਾਜੀ ਰਵਾਇਤਾਂ ਤਹਿਤ ਨਜਿੱਠਿਆ ਜਾਂਦਾ ਹੈ। ਇਹ ਤੌਰ-ਤਰੀਕੇ ਉਨ੍ਹਾਂ ਦੇ ਧਰਮ-ਗ੍ਰੰਥਾਂ ਅਤੇ ਧਾਰਮਿਕ ਮਾਨਤਾਵਾਂ ’ਤੇ ਆਧਾਰਤ ਹਨ। ਹਿੰਦੂਆਂ, ਮੁਸਲਮਾਨਾਂ, ਈਸਾਈਆਂ ਅਤੇ ਪਾਰਸੀਆਂ ਦੇ ਆਪੋ ਆਪਣੇ ਕਾਨੂੰਨ ਹਨ। ਹਿੰਦੂ ਮੈਰਿਜ ਐਕਟ 1955, ਹਿੰਦੂ ਵਿਰਾਸਤ ਐਕਟ 1956, ਮੁਸਲਿਮ ਪਰਸਨਲ ਲਾਅ (ਸ਼ਰੀਅਤ) ਐਪਲੀਕੇਸ਼ਨ ਐਕਟ-1937, ਇੰਡੀਅਨ ਕ੍ਰਿਸ਼ਚੀਅਨ ਮੈਰਿਜ ਐਕਟ 1872, ਪਾਰਸੀ ਪਰਸਨਲ ਲਾਅ ਆਦਿ ਪਰਸਨਲ ਕਾਨੂੰਨਾਂ ਦੇ ਤਹਿਤ ਇਨ੍ਹਾਂ ਧਾਰਮਿਕ ਫਿਰਕਿਆਂ ਦੇ ਪਰਿਵਾਰਕ ਮਸਲੇ ਸੁਲਝਾਏ ਜਾਂਦੇ ਹਨ। ਸਿੱਖ, ਬੋਧੀ ਅਤੇ ਜੈਨੀ ਫਿਰਕਿਆਂ ਨੂੰ ਭਾਰਤੀ ਸੰਵਿਧਾਨ ਦੀ ਧਾਰਾ 25(2)ਬੀ ਤਹਿਤ ਹਿੰਦੂ ਧਰਮ ਦਾ ਹਿੱਸਾ ਬਣਾ ਕੇ ਉਨ੍ਹਾਂ ਉੱਪਰ ਹਿੰਦੂ ਪਰਸਨਲ ਕੋਡ ਥੋਪਿਆ ਹੋਇਆ ਹੈ। ਇਸੇ ਕਰਕੇ ਸਿੱਖ ਸੰਸਥਾਵਾਂ ਸਿੱਖ ਪਰਸਨਲ ਲਾਅ ਬਣਾਉਣ ਦੀ ਮੰਗ ਕਰਦੀਆਂ ਹਨ। ਖ਼ੁਦ ਹਿੰਦੂ ਫਿਰਕੇ ਵਿਚ ਵਿਰਾਸਤ ਅਤੇ ਜਾਇਦਾਦ ਦੀ ਵੰਡ ਲਈ ਦੋ ਤਰ੍ਹਾਂ ਦੇ ਕੋਡ - ਮਿਤਾਕਸ਼ਰਾ ਅਤੇ ਦਾਏਭਾਗਾ - ਪ੍ਰਚਲਤ ਹਨ। ਆਦਿਵਾਸੀ ਭਾਈਚਾਰਿਆਂ ਦੀਆਂ ਆਪੋ-ਆਪਣੀਆਂ ਰਵਾਇਤਾਂ ਹਨ। ਇਸੇ ਤਰ੍ਹਾਂ ਨਾਗਾਲੈਂਡ, ਗੋਆ ਦੀਆਂ ਰਵਾਇਤਾਂ ਅਤੇ ਕਾਨੂੰਨ ਹੋਰ ਹਨ। ਇਕਸਾਰ ਸਿਵਲ ਕੋਡ ਬਣਾਉਣ ਦਾ ਮਨੋਰਥ ਸਾਰੇ ਧਾਰਮਿਕ ਅਤੇ ਆਦਿਵਾਸੀ ਭਾਈਚਾਰਿਆਂ ਦੇ ਆਪਣੇ ਵਿਸ਼ੇਸ਼ ਕੋਡ ਖ਼ਤਮ ਕਰਨਾ ਅਤੇ ਸਾਰਿਆਂ ਉੱਪਰ ਇਕ ਹੀ ਸਿਵਲ ਕੋਡ ਲਾਗੂ ਕਰਨਾ ਦੱਸਿਆ ਜਾ ਰਿਹਾ ਹੈ। ਇਸਦਾ ਭਾਵ ਹੈ ਪਰਿਵਾਰਕ ਜ਼ਿੰਦਗੀ ਲਈ ਬਣਾਇਆ ਐਸਾ ਕਾਨੂੰਨ, ਜਿਸ ਨੂੰ ਹਰ ਨਾਗਰਿਕ ਨੂੰ ਬਾਕੀ ਨਾਗਰਿਕਾਂ ਦੀ ਤਰ੍ਹਾਂ ਮੰਨਣਾ ਹੋਵੇਗਾ, ਚਾਹੇ ਉਹ ਕਿਸੇ ਵੀ ਧਰਮ ਜਾਂ ਮਾਨਤਾ ਵਿਚ ਵਿਸ਼ਵਾਸ ਰੱਖਦਾ ਹੋਵੇ। ਇਸ ਵਿਚ ਵਿਆਹ, ਤਲਾਕ, ਮੁਆਵਜ਼ਾ, ਵਿਰਾਸਤ, ਬੱਚਾ ਗੋਦ ਲੈਣ ਅਤੇ ਜਾਇਦਾਦ ਆਦਿ ਨਾਲ ਸੰਬੰਧਤ ਕਾਨੂੰਨ ਆਉਂਦੇ ਹਨ।

ਸਵਾਲ ਇਹ ਹੈ ਕਿ ਕੀ ਐਨੀ ਸਮਾਜੀ-ਸੱਭਿਆਚਾਰਕ ਵੰਨ-ਸੁਵੰਨਤਾ ਵਾਲੇ ਪੂਰੇ ਮੁਲਕ ਲਈ ਇਕਸਾਰ ਸਿਵਲ ਕੋਡ ਬਣਾਉਣਾ ਸਹੀ ਹੈ? ਦਰਅਸਲ, ਮਸਲਾ ਮਹਿਜ਼ ਕਾਨੂੰਨ ਬਦਲਣ ਦਾ ਨਹੀਂ ਹੈ। ਬੁਨਿਆਦੀ ਮਸਲਾ ਲਿੰਗਕ ਵਿਤਕਰੇ ਨੂੰ ਖ਼ਤਮ ਕਰਨ ਦਾ ਹੈ ਨਾ ਕਿ ਇਕਸਾਰ ਸਿਵਲ ਕੋਡ ਦਾ। ਸਾਰੇ ਧਰਮਾਂ ਦੇ ਪਰਸਨਲ ਕਾਨੂੰਨਾਂ ਅੰਦਰ ਬਹੁਤ ਕੁਝ ਅਜਿਹਾ ਹੈ ਜੋ ਰੂੜ੍ਹੀਵਾਦੀ, ਸਮਾਂ ਵਿਹਾ ਚੁੱਕਾ, ਵਿਤਕਰੇਪੂਰਨ ਅਤੇ ਧੱਕੜ ਹੈ। ਪਰ ਹਕੀਕਤ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ ਕਿ ਮੁਸਲਮਾਨ ਭਾਈਚਾਰੇ ’ਚ ਬਹੁਵਿਆਹ ਪ੍ਰਥਾ, ਤਿੰਨ-ਤਲਾਕ ਦਾ ਰਿਵਾਜ ਹੋਣ ਕਾਰਨ ਜੈਂਡਰ ਅਨਿਆਂ ਸਿਰਫ਼ ਮੁਸਲਮਾਨ ਔਰਤਾਂ ਨਾਲ ਹੋ ਰਿਹਾ ਹੈ। ਜਦਕਿ ਲਾਅ ਕਮਿਸ਼ਨ ਦੀ ਰਿਪੋਰਟ ਅਨੁਸਾਰ ਬਹੁਵਿਆਹਾਂ ਦੀ ਦਰ ਮੁਸਲਮਾਨਾਂ ’ਚ ਸਭ ਤੋਂ ਘੱਟ ਹੈ (ਆਦਿਵਾਸੀਆਂ’ਚ 15.25%, ਬੋਧੀਆਂ ’ਚ 9.7%, ਜੈਨੀਆਂ ’ਚ 6.72%, ਹਿੰਦੂਆਂ ’ਚ 5.8% ਅਤੇ ਮੁਸਲਮਾਨਾਂ ’ਚ 5.7%)। ਮੁਸਲਮਾਨ ਭਾਈਚਾਰੇ ਅੰਦਰ ਪਿਛੜੇਵਾਂ ਜ਼ਿਆਦਾ ਹੈ ਪਰ ਇਸ ਦਾ ਕਾਰਨ ਬਹੁਵਿਆਹ ਪ੍ਰਥਾ ਨਹੀਂ ਸਗੋਂ ਹੋਰ ਹੈ। ਹਿੰਦੂ ਔਰਤਾਂ ਦੀ ਦੁਰਦਸ਼ਾ ਮੁਸਲਮਾਨ ਔਰਤਾਂ ਤੋਂ ਵੱਖਰੀ ਨਹੀਂ ਹੈ। ਇੰਞ ਬਹੁਵਿਆਹ ਪ੍ਰਥਾ, ਤਿੰਨ-ਤਲਾਕ, ਜੈਂਡਰ ਅਨਿਆਂ ਆਰ.ਐੱਸ.ਐੱਸ.-ਭਾਜਪਾ ਲਈ ਮੁਸਲਮਾਨਾਂ ਵਿਰੁੱਧ ਨਫ਼ਰਤ ਭੜਕਾਉਣ ਦੇ ਰਾਜਨੀਤਕ ਸੰਦ ਹਨ।

ਸਾਰੇ ਪਰਸਨਲ ਕਾਨੂੰਨਾਂ ਵਿਚ ਲਿੰਗਕ ਬਰਾਬਰੀ ਅਤੇ ਅਗਾਂਹਵਧੂ ਕਦਰਾਂ-ਕੀਮਤਾਂ ਅਨੁਸਾਰ ਵੱਡੇ ਸੁਧਾਰ ਕਰਨੇ ਸਮੇਂ ਦੀ ਲੋੜ ਹੈ। ਸੱਚੀ ਬਰਾਬਰੀ ਅਤੇ ਜੈਂਡਰ ਨਿਆਂ ਯਕੀਨੀਂ ਬਣਾਉਣ ਲਈ ਸਮਾਜੀ-ਆਰਥਕ ਢਾਂਚੇ ਵਿਚ ਬੁਨਿਆਦੀ ਤਬਦੀਲੀ ਜ਼ਰੂਰੀ ਹੈ ਜਿਸ ਨਾਲ ਘੋਰ ਨਾਬਰਾਬਰੀ ਅਤੇ ਆਰਥਕ ਵਸੀਲਿਆਂ ਦੀ ਕਾਣੀ ਵੰਡ ਖ਼ਤਮ ਹੋਵੇ। ਹਾਸ਼ੀਏ ’ਤੇ ਧੱਕੇ ਅਤੇ ਦਬਾਏ ਹਿੱਸਿਆਂ ਨੂੰ ਵਿਕਾਸ ਅਤੇ ਤਰੱਕੀ ਦੇ ਬਰਾਬਰ ਮੌਕੇ ਮਿਲਣ। ਸਟੇਟ ਦਾ ਧਰਮਨਿਰਲੇਪ ਹੋਣਾ ਜ਼ਰੂਰੀ ਹੈ। ਸਮਾਜ ਦਾ ਵਿਗਿਆਨਕ ਨਜ਼ਰੀਆ ਬਣਾ ਕੇ ਅਤੇ ਧਾਰਮਿਕ ਕੋਡਾਂ ਅੰਦਰਲੇ ਰੂੜ੍ਹੀਵਾਦੀ, ਵਿਤਕਰੇਪੂਰਨ ਅਤੇ ਧੱਕੜ ਦਸਤੂਰਾਂ ਵਿਰੁੱਧ ਜਮਹੂਰੀ ਤਰੀਕੇ ਨਾਲ ਸੰਵਾਦ ਚਲਾ ਕੇ ਲੋਕ ਰਾਇ ਪੈਦਾ ਕਰਨੀ ਜ਼ਰੂਰੀ ਹੈ। ਫਿਰ ਹੀ ਐਸੇ ਰੈਡੀਕਲ ਸੁਧਾਰਾਂ ਲਈ ਸਾਜ਼ਗਰ ਮਾਹੌਲ ਬਣਾਇਆ ਜਾ ਸਕਦਾ ਹੈ। ਜਮਹੂਰੀ ਅਮਲ ਅਖ਼ਤਿਆਰ ਕਰਕੇ ਸੱਚੀ ਜਮਹੂਰੀ ਲੋਕ-ਰਾਇ ਦੇ ਆਧਾਰ ’ਤੇ ਹੀ ਵਿਸ਼ੇਸ਼ ਸੱਭਿਆਚਾਰਕ ਸਮੂਹਾਂ ਦੀ ਵੰਨ-ਸੁਵੰਨਤਾ ਅਨੁਸਾਰ ਅਗਾਂਹਵਧੂ ਕੋਡ ਵਿਕਸਤ ਕੀਤੇ ਜਾ ਸਕਦੇ ਹਨ। ਇਨ੍ਹਾਂ ਮਸਲਿਆਂ ਨਾਲ ਨਜਿੱਠਣ ਲਈ ਸਾਰੇ ਧਾਰਮਿਕ-ਨਸਲੀ ਸੱਭਿਆਚਾਰਕ ਸਮੂਹਾਂ ਦੀ ਸਹਿਮਤੀ ਨਾਲ ਘੱਟੋਘੱਟ ਸਾਂਝੇ ਕਦਮ ਵੀ ਚੁੱਕੇ ਜਾ ਸਕਦੇ ਹਨ ਜੋ ਸਾਰਿਆਂ ਨੂੰ ਪ੍ਰਵਾਨ ਹੋਣ। ਇਸੇ ਲਈ ਸੰਵਿਧਾਨ ਬਣਾਉਣ ਸਮੇਂ ਇਹ ਮੁੱਦਾ ਭਵਿੱਖੀ ਪੀੜ੍ਹੀਆਂ ਉੱਪਰ ਛੱਡ ਦਿੱਤਾ ਗਿਆ ਸੀ।

ਡਾ. ਬਾਬਾ ਸਾਹਿਬ ਅੰਬੇਡਕਰ ਦਾ ਵਿਚਾਰ ਸੀ ਕਿ ਅਜਿਹਾ ਕੋਡ ਬਣਾਉਣਾ ਮੁਨਾਸਿਬ ਤਾਂ ਹੈ ਪਰ ਇਹ ਪੂਰੀ ਤਰ੍ਹਾਂ ਸਵੈਇੱਛਾ ਨਾਲ ਹੋਣਾ ਚਾਹੀਦਾ ਹੈ। ਸੰਵਿਧਾਨ-ਘੜਨੀ ਸਭਾ ਮੁਲਕ ਦੇ ਨਾਮ ਸਮੇਤ ਬਹੁਤ ਸਾਰੇ ਸਵਾਲਾਂ ਉੱਪਰ ਤਿੱਖੇ ਰੂਪ ’ਚ ਵੰਡੀ ਹੋਈ ਸੀ। ਸੱਜੇਪੱਖੀ ਧੜਾ ਗਊ-ਹੱਤਿਆ ਰੋਕਣ, ਯੂ.ਸੀ.ਸੀ., ਹਿੰਦੀ ਨੂੰ ਰਾਜ-ਭਾਸ਼ਾ ਬਣਾਉਣ ਵਰਗੇ ਮੁੱਦਿਆਂ ਉੱਪਰ ਜ਼ੋਰ ਦੇ ਰਿਹਾ ਸੀ। ਯੂ.ਸੀ.ਸੀ. ਬਣਾਏ ਜਾਣ ਨੂੰ ਲੈ ਕੇ ਸੰਵਿਧਾਨ-ਘੜਨੀ ਸਭਾ ’ਚ ਟਕਰਾਵੇਂ ਵਿਚਾਰਾਂ ਕਾਰਨ ਹੀ ਇਸ ਨੂੰ ਬਹੁਤ ਸਾਰੇ ਹੋਰ ਸਵਾਲਾਂ ਦੇ ਨਾਲ ਰਾਜਕੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਾਲੇ ਹਿੱਸੇ ’ਚ ਰੱਖ ਲਿਆ ਗਿਆ ਸੀ ਅਤੇ ਇਨ੍ਹਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੀ ਸੂਝ ਅਤੇ ਸਮਰੱਥਾ ਉੱਪਰ ਛੱਡ ਦਿੱਤਾ ਗਿਆ ਸੀ। ਇਸ ਦਾ ਭਾਵ ਸੀ ਕਿ ਇਹ ਸਰਕਾਰੀ ਨੀਤੀਆਂ ਦੇ ਲਈ ਨਿਰਦੇਸ਼ਕ ਸਿਧਾਂਤ ਹਨ ਅਤੇ ਇਹ ਅਦਾਲਤਾਂ ਰਾਹੀਂ ਲਾਗੂ ਨਹੀਂ ਕੀਤੇ ਜਾਣਗੇ। ਸੰਵਿਧਾਨ ’ਚ ਵੀ ਇਹ ਵੀ ਦਰਜ ਕੀਤਾ ਗਿਆ (ਧਾਰਾ 44) ਕਿ “ਰਾਜ ਪੂਰੇ ਦੇਸ਼ ’ਚ ਇਕਸਾਰ ਸਿਵਲ ਕੋਡ ਲਾਗੂ ਕਰਨ ਲਈ ਕੋਸ਼ਿਸ਼ ਕਰੇਗਾ।”

ਇਸ ਤਰ੍ਹਾਂ, ਯੂ.ਸੀ.ਸੀ. ਬੁਨਿਆਦੀ ਹੱਕ ਅਤੇ ਸੰਵਿਧਾਨਕ ਗਾਰੰਟੀ ਨਹੀਂ ਹੈ। ਇਸ ਨੂੰ ਨਿਰਦੇਸ਼ਕ ਸਿਧਾਂਤਾਂ ’ਚ ਰੱਖੇ ਜਾਣ ਪਿੱਛੇ ਭਾਵਨਾ ਇਹ ਸੀ ਕਿ ਪਰਿਵਾਰਕ ਜ਼ਿੰਦਗੀ ਬਾਰੇ ਵੱਖ-ਵੱਖ ਧਰਮਾਂ ਦੇ ਪਰਸਨਲ ਕੋਡ ਬੇਸ਼ੱਕ ਸਮਾਂ ਵਿਹਾ ਚੁੱਕੇ ਹਨ ਇਸ ਦੇ ਬਾਵਜੂਦ ਇਨ੍ਹਾਂ ਨੂੰ ਰੱਦ ਕਰਕੇ ਇਕਸਾਰ ਸਿਵਲ ਕੋਡ ਬਣਾਉਣ ਦੇ ਹਾਲਾਤ ਅਜੇ ਨਹੀਂ ਹਨ। 2016 ’ਚ ਵੀ ਜਦੋਂ 21ਵੇਂ ਲਾਅ ਕਮਿਸ਼ਨ ਨੇ ਸਰਕਾਰ ਦੇ ਆਦੇਸ਼ ’ਤੇ ਇਕਸਾਰ ਸਿਵਲ ਕੋਡ ਬਣਾਉਣ ਲਈ ਰਾਵਾਂ ਅਤੇ ਸੁਝਾਅ ਲਏ ਤਾਂ ਕਮਿਸ਼ਨ ਨੇ ਜੈਂਡਰ ਅਨਿਆਂ ਨੂੰ ਮੁਖ਼ਾਤਬ ਹੋਣ ਦੀ ਸਲਾਹ ਦਿੱਤੀ ਸੀ। ਮਾਰਚ 2018 ’ਚ ਸਰਕਾਰ ਨੂੰ ਪੇਸ਼ ਕੀਤੀ 185 ਪੰਨਿਆਂ ਦੀ ਵਿਸਤਾਰਤ ਰਿਪੋਰਟ ਵਿਚ ਕਮਿਸ਼ਨ ਨੇ ਯੂ.ਸੀ.ਸੀ. ਬਣਾਉਣ ਦੀ ਬਜਾਏ ਵਿਸ਼ੇਸ਼ ਧਰਮਾਂ ਨਾਲ ਸੰਬੰਧਤ ਪਰਸਨਲ ਕਾਨੂੰਨਾਂ ਦੇ ਵਿਤਕਰੇਪੂਰਨ ਅਤੇ ਵੇਲਾ ਵਿਹਾ ਚੁੱਕੇ ਅਮਲਾਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ’ਚ ਸੁਧਾਰ ਕਰਨ ਦੇ ਸੁਝਾਅ ਦਿੱਤੇ ਸਨ। ਕਮਿਸ਼ਨ ਨੇ ਵਿਆਹ ਅਤੇ ਤਲਾਕ ਸੰਬੰਧੀ ਅਜਿਹੇ ਠੋਸ ਕਦਮ ਵੀ ਸੁਝਾਏ ਜੋ ਸਾਰੇ ਧਰਮਾਂ ਦੇ ਪਰਸਨਲ ਕਾਨੂੰਨਾਂ ’ਚ ਇਕਸਾਰ ਲਾਗੂ ਹੋ ਸਕਦੇ ਹਨ। ਪਰ ਆਰ.ਐੱਸ.ਐੱਸ.-ਭਾਜਪਾ ਲਾਅ ਕਮਿਸ਼ਨ ਦੇ ਸੁਝਾਵਾਂ ਨੂੰ ਦਰਕਿਨਾਰ ਕਰਕੇ ਇਸ ਮੁੱਦੇ ਨੂੰ ਆਪਣੀ ਪਾਟਕਪਾਊ ਸਿਆਸਤ ਦਾ ਸੰਦ ਬਣਾਉਣ ਲਈ ਬਜ਼ਿੱਦ ਹੈ। ਇਕ ਪਾਸੇ, ਪਿਛਲੇ ਸਮੇਂ ਇਸ ਹਕੂਮਤ ਵੱਲੋਂ ਤਿੰਨ ਤਲਾਕ ਦੀ ਮੁਸਲਿਮ ਪ੍ਰਥਾ ਨੂੰ ਫ਼ੌਜਦਾਰੀ ਜੁਰਮ ਕਰਾਰ ਦੇਣ, ਫਿਰਕੂ ਨਾਗਰਿਕਤਾ ਸੋਧ ਕਾਨੂੰਨ ਪਾਸ ਕਰਨ, ਰਾਜਾਂ ਵਿਚ ਧਰਮ-ਬਦਲੀ ਕਾਨੂੰਨ ਬਣਾਉਣ ਵਰਗੇ ਬਹੁਤ ਸਾਰੇ ਧੱਕੜ ਫ਼ੈਸਲੇ ਬਹੁਗਿਣਤੀ ਧੌਂਸ ਦੇ ਜ਼ੋਰ ਅਤੇ ਤਾਨਾਸ਼ਾਹ ਤਰੀਕੇ ਨਾਲ ਥੋਪੇ ਗਏ। ਦੂਜੇ ਪਾਸੇ, ਇਹ ਹਕੂਮਤ ਰਾਜ-ਸੰਚਾਲਨ ਦੇ ਮਾਮਲਿਆਂ ’ਚ ਹਿੰਦੂ ਰਹੁ-ਰੀਤਾਂ, ਕਰਮ-ਕਾਂਡਾਂ ਆਦਿ ਨੂੰ



ਬੇਸ਼ਰਮੀ ਨਾਲ ਘੁਸੇੜਕੇ ਬਹੁਗਿਣਤੀ ਹਿੰਦੂ ਧਰਮ ਨੂੰ ਰਾਜ ਧਰਮ ਬਣਾਉਣ ਦੇ ਧੱਕੜ ਸੰਕੇਤ ਦੇ ਰਹੀ ਹੈ। ਇਸ ਸਮੁੱਚੇ ਧੌਂਸਬਾਜ਼ ਰਵੱਈਏ ਦੇ ਮੱਦੇਨਜ਼ਰ ਘੱਟਗਿਣਤੀਆਂ ਅਤੇ ਹੋਰ ਹਾਸ਼ੀਏ 'ਤੇ ਧੱਕੇ ਹਿੱਸਿਆਂ ਅੰਦਰ ਹੁਕਮਰਾਨ ਧਿਰ ਦੀ ਬਦਨੀਅਤ ਨੂੰ ਲੈ ਕੇ ਡੂੰਘੇ ਤੌਖ਼ਲੇ ਹਨ। ਇਸੇ ਕਰਕੇ ਜਦੋਂ ਵੀ ਆਰ.ਐੱਸ.ਐੱਸ.-ਭਾਜਪਾ ਵੱਲੋਂ ਯੂ.ਸੀ.ਸੀ. ਦਾ ਮੁੱਦਾ ਛੇੜਿਆ ਜਾਂਦਾ ਹੈ ਤਾਂ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਦਾ ਇਸ ਨੂੰ ਆਪਣੀ ਹੋਂਦ ਨੂੰ ਖ਼ਤਰੇ ਦੇ ਤੌਰ 'ਤੇ ਲੈਣਾ ਸੁਭਾਵਿਕ ਹੈ ਕਿਉਂਕਿ ਹਿੰਦੂਤਵ ਸਿਆਸਤ ਦੀ ਪੂਰੀ ਟੇਕ ਹੀ ਘੱਟਗਿਣਤੀਆਂ ਨੂੰ ਦਬਾਉਣ ਲਈ ਫਿਰਕੂ ਪਾਲਾਬੰਦੀ ਉੱਪਰ ਹੈ। ਸੰਘੀਆਂ ਵੱਲੋਂ ਇਸ ਮੁੱਦੇ ਦਾ ਫਿਰਕੂਕਰਨ ਘੱਟਗਿਣਤੀ ਧਰਮਾਂ ਦੇ ਮਜ਼ਬੀ ਕੱਟੜਪੰਥੀਆਂ ਦੀ ਜਕੜ ਨੂੰ ਹੀ ਮਜ਼ਬੂਤ ਕਰਦਾ ਹੈ ਜੋ ਕਿਸੇ ਵੀ ਤਰ੍ਹਾਂ ਦਾ ਬਦਲਾਅ ਨਹੀਂ ਹੋਣ ਦੇਣਾ ਚਾਹੁੰਦੇ।

ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ 'ਚ ਮਨੁੱਖੀ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਨਾਲ ਸੰਬੰਧਤ ਬਹੁਤ ਸਾਰੇ ਬੇਹੱਦ ਮਹੱਤਵਪੂਰਨ ਮਸਲੇ ਦਰਜ ਕੀਤੇ ਗਏ ਹਨ ਜੋ ਨਾਬਰਾਬਰੀ ਅਤੇ ਆਰਥਕ ਵਸੀਲਿਆਂ ਦੀ ਕਾਣੀ ਵੰਡ ਨੂੰ ਘਟਾਉਣ ਅਤੇ ਨਾਗਰਿਕਾਂ ਨੂੰ ਮਾਣ-ਸਨਮਾਨ ਵਾਲੀ ਜ਼ਿੰਦਗੀ ਦੇਣ ਅਤੇ ਸਮਾਜੀ ਅਨਿਆਂ ਨੂੰ ਖ਼ਤਮ ਕਰਨ ਲਈ ਤਰਜ਼ੀਹੀ ਆਧਾਰ 'ਤੇ ਹੱਥ ਲੈਣ ਵਾਲੇ ਹਨ। ਸਮਾਜ ਨੂੰ ਜਹਾਲਤ 'ਚੋਂ ਕੱਢਣ ਲਈ ਵਿਗਿਆਨਕ ਸੋਚ ਅਤੇ ਅਗਾਂਹਵਧੂ ਕਦਰਾਂ-ਕੀਮਤਾਂ ਨੂੰ ਪ੍ਰਫੁੱਲਤ ਕਰਨਾ ਵੀ ਨਿਰਦੇਸ਼ਕ ਸਿਧਾਂਤਾਂ 'ਚ ਦਰਜ ਹੈ। ਲੋੜ ਤਾਂ ਆਰਥਕ ਨਾਬਰਾਬਰੀ ਅਤੇ ਲਿੰਗ ਵਿਤਕਰੇ ਨੂੰ ਖ਼ਤਮ ਕਰਨ ਦੀ ਹੈ, ਪਰ ਆਰ.ਐੱਸ.ਐੱਸ.-ਭਾਜਪਾ ਦੀ ਵਿਚਾਰਧਾਰਾ ਅਤੇ ਨੀਤੀਆਂ ਨਾਬਰਾਬਰੀ, ਕਾਣੀ ਵੰਡ, ਸਮਾਜੀ ਅਨਿਆਂ ਨੂੰ ਹੋਰ ਡੂੰਘਾ ਕਰਕੇ ਦੱਬੇ-ਕੁਚਲੇ ਅਤੇ ਵਾਂਝੇ ਹਿੱਸਿਆਂ ਨੂੰ ਹੋਰ ਵਧੇਰੇ ਜ਼ਲਾਲਤ 'ਚ ਧੱਕਣ ਵਾਲੀਆਂ ਹਨ। ਇਹ ਤਾਂ ਸਮਾਜ ਨੂੰ ਪਿਛਲਮੋੜਾ ਦੇ ਕੇ ਮੁੜ ਮਨੂਵਾਦੀ ਦਾਬੇ ਵਾਲਾ ਪ੍ਰਬੰਧ ਲਾਗੂ ਕਰਨਾ ਅਤੇ ਲਿੰਗ ਵਿਤਕਰੇ ਨੂੰ ਹੋਰ ਵੀ ਤਿੱਖਾ ਕਰਨਾ ਚਾਹੁੰਦੇ ਹਨ। ਇਨ੍ਹਾਂ ਨੂੰ ਤਾਂ ਸੰਵਿਧਾਨ 'ਚ ਸਮਾਜਵਾਦ, ਧਰਮਨਿਰਪੱਖ ਵਰਗੇ ਸ਼ਬਦ ਵੀ ਮਨਜ਼ੂਰ ਨਹੀਂ ਹਨ। ਆਰ.ਐੱਸ.ਐੱਸ.-ਭਾਜਪਾ ਬਾਕੀ ਮੁੱਦਿਆਂ ਬਾਰੇ ਚੁੱਪ ਹੈ ਕਿਉਂਕਿ ਉਨ੍ਹਾਂ ਨੂੰ ਫਿਰਕੂ ਫ਼ਸਾਦ ਕਰਾਉਣ ਅਤੇ ਹਾਸ਼ੀਏ 'ਤੇ ਧੱਕੇ ਹਿੱਸਿਆਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਭਾਰਤੀ ਲੋਕਾਂ ਦਾ ਉਨ੍ਹਾਂ ਦੀ ਜ਼ਿੰਦਗੀ ਦੇ ਅਸਲ ਸਰੋਕਾਰਾਂ ਤੇ ਮਸਲਿਆਂ ਤੋਂ ਧਿਆਨ ਭਟਕਾਉਣ ਦਾ ਸੰਦ ਨਹੀਂ ਬਣਾਇਆ ਜਾ ਸਕਦਾ। ਸਿਰਫ਼ ਯੂ.ਸੀ.ਸੀ. ਨੂੰ ਇਸ ਬਹਾਨੇ ਚੁਣ ਲਿਆ ਕਿ ਅਸੀਂ ਤਾਂ ਸੰਵਿਧਾਨ ਵੱਲੋਂ ਦਿੱਤੀ ਜ਼ੁੰਮੇਵਾਰੀ ਹੀ ਨਿਭਾ ਰਹੇ ਹਾਂ। ਇਹ ਇਕ ਅਜਿਹਾ ਮੁੱਦਾ ਹੈ ਜਿਸ ਨੂੰ ਮੁਸਲਮਾਨ ਭਾਈਚਾਰੇ ਨੂੰ ਕੱਟੜਪੰਥੀ ਖ਼ੋਲ 'ਚ ਬੰਦ ਪਿਛਾਂਹਖਿੱਚੂ ਅਤੇ ਔਰਤ ਪ੍ਰਤੀ ਜਮਾਂਦਰੂ ਵਿਤਕਰੇਬਾਜ਼ ਸਮੂਹ ਦਿਖਾ ਕੇ ਮੁਸਲਿਮ ਵਿਰੋਧੀ ਤੁਅੱਸਬ ਭੜਕਾਉਣ ਅਤੇ ਉਨ੍ਹਾਂ ਵਿਰੁੱਧ ਬਹੁਗਿਣਤੀ ਦੀ ਹਿੰਸਾ ਨੂੰ ਜਾਇਜ਼ ਠਹਿਰਾਉਣ ਲਈ ਵਰਤਿਆ ਜਾ ਸਕਦਾ ਹੈ। ਆਰ.ਐੱਸ.ਐੱਸ.-ਭਾਜਪਾ ਜਾਣ-ਬੁੱਝ ਕੇ ਇਹ ਪ੍ਰਭਾਵ ਬਣਾ ਰਹੀ ਹੈ ਕਿ ਮੁਸਲਮਾਨ ਫਿਰਕਾ ਹੀ ਆਪਣੇ ਰੂੜ੍ਹੀਵਾਦ ਕਾਰਨ ਯੂ.ਸੀ.ਸੀ. ਦਾ ਵਿਰੋਧ ਕਰ ਰਿਹਾ ਹੈ। ਜਦਕਿ ਸਚਾਈ ਇਹ ਹੈ ਕਿ ਆਦਿਵਾਸੀ ਅਤੇ ਮਿਜ਼ੋਰਮ ਦੇ ਲੋਕ ਅਜਿਹੀ ਇਕਸਾਰਤਾ ਥੋਪਣ ਵਿਰੁੱਧ ਜ਼ੋਰਦਾਰ ਆਵਾਜ਼ ਉਠਾ ਰਹੇ ਹਨ।

ਯੂ.ਸੀ.ਸੀ. ਨੂੰ ਸਹੀ ਠਹਿਰਾਉਣ ਲਈ ਸੰਘ ਬਰਗੇਡ ਇਹ ਦਾਅਵਾ ਵੀ ਕਰਦਾ ਹੈ ਕਿ ਉਹ ਮਜ਼ਬੀ ਦਾਬੇ ਹੇਠ ਪਿਸ ਰਹੇ ਘੱਟਗਿਣਤੀਆਂ ਦੇ ਨਿਤਾਣੇ ਹਿੱਸਿਆਂ, ਖ਼ਾਸ ਕਰਕੇ ਔਰਤਾਂ ਨੂੰ ਅਨਿਆਂ, ਵਿਤਕਰੇ ਅਤੇ ਜਬਰ ਤੋਂ ਮੁਕਤ ਕਰਾਉਣਾ ਚਾਹੁੰਦੇ ਹਨ। ਮੁਸਲਮਾਨ ਔਰਤਾਂ ਨੂੰ ਜ਼ਲੀਲ ਕਰਨ, ਸਕੂਲਾਂ-ਕਾਲਜਾਂ 'ਚ ਲੜਕੀਆਂ ਦੇ ਹਿਜਾਬ ਧੱਕੇ ਨਾਲ ਲਾਹੁਣ ਤੋਂ ਲੈ ਕੇ ਯੂ.ਸੀ.ਸੀ. ਬਣਾਉਣ ਦੀ ਕਵਾਇਦ ਤੱਕ ਔਰਤਾਂ ਨਾਲ ਆਰ.ਐੱਸ.ਐੱਸ.-ਭਾਜਪਾ ਦਾ ਇਹ ਝੂਠਾ ਹੇਜ ਵਾਰ-ਵਾਰ ਬੇਪਰਦ ਹੋ ਰਿਹਾ ਹੈ। ਗੁਜਰਾਤ ਕਤਲੇਆਮ ਅਤੇ ਹੋਰ ਥਾਵਾਂ 'ਤੇ ਫਿਰਕੂ ਹਿੰਸਾ ਦੌਰਾਨ ਮੁਸਲਮਾਨ ਔਰਤਾਂ ਦੇ ਸਮੂਹਿਕ ਬਲਾਤਕਾਰਾਂ, ਬਲਾਤਕਾਰਾਂ ਦੇ ਸੱਦੇ ਦੇਣ ਵਾਲੀਆਂ 'ਧਰਮ-ਸੰਸਦਾਂ' ਅਤੇ ਬਲਾਤਕਾਰੀਆਂ ਦੀ ਰਾਜਕੀ ਤੇ ਰਾਜਸੀ ਪੁਸ਼ਤਪਨਾਹੀ ਇਸ ਨਕਲੀ ਹੇਜ ਦੀ ਅਸਲੀਅਤ ਨੂੰ ਸਮਝਣ ਲਈ ਕਾਫ਼ੀ ਹੈ। ਆਪਣੇ ਹੱਕਾਂ ਲਈ ਸੜਕਾਂ ਉੱਪਰ ਆਉਣ ਵਾਲੀਆਂ ਜੁਝਾਰੂ ਮੁਸਲਿਮ ਔਰਤਾਂ ਅਤੇ ਹੋਰ ਨਿਧੜਕ ਔਰਤਾਂ ਦਾ ਮਨੋਬਲ ਤੋੜਨ ਲਈ ਉਨ੍ਹਾਂ ਦੀ ਬਿਨਾਂ ਜ਼ਮਾਨਤ ਜੇਲ੍ਹਬੰਦੀ ਅਤੇ ਭਗਵੇ ਆਈ.ਟੀ. ਸੈੱਲ ਵੱਲੋਂ ਉਨ੍ਹਾਂ ਦੀ ਲਗਾਤਾਰ ਕਿਰਦਾਰਕੁਸ਼ੀ ਇਹ ਸੰਦੇਸ਼ ਦੇਣ ਲਈ ਹੈ ਕਿ ਜੈਂਡਰ ਬਰਾਬਰੀ ਦੀ ਗੱਲ ਤਾਂ ਛੱਡੋ, ਸੰਘ ਨੂੰ ਤਾਂ ਉਨ੍ਹਾਂ ਦੀ ਸਧਾਰਨ ਹੱਕ-ਜਤਾਈ ਵੀ ਮਨਜ਼ੂਰ ਨਹੀਂ ਹੈ।

ਇਹ ਭਰਮ ਸਿਰਜਿਆ ਜਾ ਰਿਹਾ ਹੈ




ਕਿ ਸਾਰਿਆਂ ਲਈ ਇਕ ਕਾਨੂੰਨ ਕਿਉਂ ਨਾ ਹੋਵੇ। ਪਰ ਸੰਘ ਦਾ ਮਨੋਰਥ ਨਿਆਂ ਆਧਾਰਤ ਕਾਨੂੰਨੀ ਇਕਸਾਰਤਾ ਲਿਆਉਣਾ ਨਹੀਂ ਹੈ। ਔਰਤਾਂ ਉੱਪਰ ਜਬਰ ਅਤੇ ਅਨਿਆਂ ਦਾ ਭਗਵਾ ਬਿਰਤਾਂਤ ਸਿਰਫ਼ ਮੁਸਲਿਮ ਔਰਤਾਂ ਦੀ ਗੱਲ ਕਰਦਾ ਹੈ ਜਦਕਿ ਹਿੰਦੂ ਔਰਤਾਂ ਦੀ ਸੰਤਾਪੀ ਹਾਲਤ ਇਸ ਬਿਰਤਾਂਤ ਵਿੱਚੋਂ ਹਮੇਸ਼ਾ ਮਨਫ਼ੀ ਹੁੰਦੀ ਹੈ। ਆਰ.ਐੱਸ.ਐੱਸ.-ਭਾਜਪਾ ਦੀ ਬਦਨੀਅਤ ਸਮਾਜਿਕ-ਸੱਭਿਆਚਾਰਕ ਵੰਨ-ਸੁਵੰਨਤਾ ਨੂੰ ਖ਼ਤਮ ਕਰਕੇ ਸਾਰੇ ਲੋਕਾਂ, ਸਾਰੇ ਸਮੂਹਾਂ ਦੀਆਂ ਔਰਤਾਂ ਨੂੰ ਅਧਿਕਾਰਹੀਣ ਪਰਜਾ 'ਚ ਬਦਲਣ ਦੀ ਹੈ। ਲਵ-ਜਹਾਦ ਦਾ ਬਿਰਤਾਂਤ ਸਿਰਜ ਕੇ ਨੌਜਵਾਨ ਜੋੜਿਆਂ ਨੂੰ ਜ਼ਲੀਲ ਕਰਨਾ, ਔਰਤਾਂ ਨੂੰ ਮਨ-ਪਸੰਦ ਕੱਪੜੇ ਪਾਉਣ ਜਾਂ ਮਨ-ਪਸੰਦ ਜੀਵਨ-ਸਾਥੀ ਚੁਣਨ ਤੋਂ ਰੋਕਣਾ ਅਤੇ ਹਿੰਦੂ ਔਰਤਾਂ ਨੂੰ ਸੰਸਕਾਰੀ ਔਰਤਾਂ ਬਣਨ ਤੇ ਵੱਧ ਤੋਂ ਵੱਧ ਬੱਚੇ ਜੰਮਣ ਦੇ ਪਾਠ ਪੜ੍ਹਾਉਣਾ ਭਾਜਪਾ ਦੀਆਂ ਸਰਕਾਰਾਂ ਹੇਠ ਆਮ ਗੱਲ ਬਣ ਚੁੱਕੀ ਹੈ। ਉਹ ਤਾਂ ਮਨੂ ਸਮਰਿਤੀ ਮੁੜ ਲਾਗੂ ਕਰਕੇ ਔਰਤਾਂ ਤੋਂ ਉਹ ਹੱਕ ਵੀ ਖੋਹ ਲੈਣ 'ਤੇ ਤੁਲੇ ਹੋਏ ਹਨ ਜੋ ਸਦੀਆਂ ਲੰਮੇ ਸੰਘਰਸ਼ ਦਾ ਹਾਸਲ ਹਨ।

ਇਹ ਗੱਲ ਵੀ ਗ਼ੌਰ ਕਰਨ ਵਾਲੀ ਹੈ ਕਿ ਭਾਰਤ ਦਾ ਹਰ ਮੁਸਲਮਾਨ (ਜਾਂ ਕਿਸੇ ਵੀ ਹੋਰ ਧਰਮ ਨੂੰ ਮੰਨਣ ਵਾਲਾ ਨਾਗਰਿਕ) ਆਪਣੇ ਧਰਮ ਨਾਲ ਸੰਬੰਧਤ ਪਰਸਨਲ ਕਾਨੂੰਨ ਨਾਲ ਨੂੜਿਆ ਹੋਇਆ ਨਹੀਂ ਹੈ। ਇਕ ਦਹਾਕਾ ਪਹਿਲਾਂ ਸੁਪਰੀਮ ਕੋਰਟ ਨੇ ਭਾਰਤੀ ਨਿਆਂਸ਼ਾਸਤਰ ਵਿਚ ਇਹ ਸਿਧਾਂਤ ਜੋੜਿਆ ਸੀ ਕਿ ਆਪਣੇ ਧਰਮ ਦੇ ਪਰਸਨਲ ਕਾਨੂੰਨ ਨੂੰ ਮੰਨਣਾ ਜਾਂ ਨਾ ਮੰਨਣਾ ਹਰ ਨਾਗਰਿਕ ਦੀ ਸਵੈਇੱਛਾ ਉੱਪਰ ਨਿਰਭਰ ਹੈ। ਸਿਵਲ ਮਾਮਲਿਆਂ 'ਚ ਪਰਸਨਲ ਕਾਨੂੰਨ ਦੁਆਰਾ ਸੰਚਾਲਤ ਹੋਣ ਵਾਲੇ ਧਾਰਮਿਕ ਸਮੂਹ ਦਾ ਕੋਈ ਵਿਅਕਤੀ ਜੇਕਰ ਚਾਹੇ ਤਾਂ ਭਾਰਤ ਦੇ ਧਰਮਨਿਰਪੱਖ ਸਿਵਲ ਕਾਨੂੰਨ ਦੇ ਤਹਿਤ ਆਪਣੀ ਜ਼ਿੰਦਗੀ ਦੇ ਫ਼ੈਸਲੇ ਲੈ ਸਕਦਾ ਹੈ। ਇਹ ਦਿਸ਼ਾ-ਨਿਰਦੇਸ਼ ਸੁਪਰੀਮ ਕੋਰਟ ਨੇ ਇਕ ਮੁਸਲਮਾਨ ਜੋੜੇ ਵੱਲੋਂ ਬੱਚਾ ਗੋਦ ਲਏ ਜਾਣ ਦੇ ਕੇਸ 'ਚ ਦਿੱਤਾ ਸੀ। ਮੁਸਲਿਮ ਪਰਸਨਲ ਲਾਅ ਦੇ ਤਹਿਤ ਬੱਚਾ ਗੋਦ ਲੈਣਾ ਨਜ਼ਾਇਜ਼ ਸਮਝਿਆ ਜਾਂਦਾ ਹੈ ਇਸ ਕਾਰਨ ਜੋੜੇ ਨੂੰ ਸੁਪਰੀਮ ਕੋਰਟ ਜਾਣਾ ਪਿਆ ਸੀ।

ਬਹਿਸ ਪਰਸਨਲ ਕੋਡਾਂ ਦੇ ਜੈਂਡਰ ਵਿਤਕਰੇ ਵਾਲੇ ਪੱਖਾਂ ਉੱਪਰ ਕੇਂਦਰਤ ਹੋਣਾ ਚਾਹੀਦੀ ਹੈ। ਦੱਬੇ-ਕੁਚਲਿਆਂ ਨੂੰ ਮਾਣ-ਸਨਮਾਨ ਵਾਲੀ ਜ਼ਿੰਦਗੀ ਦੇ ਕੇ ਅਤੇ ਉਨ੍ਹਾਂ ਦੀ ਚੇਤਨਾ ਦਾ ਪੱਧਰ ਉੱਚਾ ਚੁੱਕ ਕੇ ਰੂੜ੍ਹੀਵਾਦੀ ਕਦਰਾਂ-ਕੀਮਤਾਂ ਤੋਂ ਮੁਕਤ ਕਰਾਇਆ ਜਾ ਸਕਦਾ ਹੈ। ਅਜਿਹੇ ਸੰਵੇਦਨਸ਼ੀਲ ਸਵਾਲਾਂ ਨੂੰ ਢੁੱਕਵਾਂ ਰਾਜਨੀਤਕ ਮਾਹੌਲ ਸਿਰਜ ਕੇ, ਘੱਟਗਿਣਤੀ ਭਾਈਚਾਰਿਆਂ ਨੂੰ ਜਮਹੂਰੀ, ਨਿਰਪੱਖ ਵਿਚਾਰ-ਚਰਚਾ ਰਾਹੀਂ ਜਮਹੂਰੀ ਅਮਲ ਦਾ ਹਿੱਸਾ ਬਣਾਕੇ, ਉਨ੍ਹਾਂ ਦਾ ਵਿਸ਼ਵਾਸ ਜਿੱਤ ਕੇ ਅਤੇ ਉਨ੍ਹਾਂ ਦੇ ਸੰਸਿਆਂ ਤੇ ਤੌਖਲਿਆਂ ਨੂੰ ਦੂਰ ਕਰਕੇ ਹੀ ਹੱਲ ਕੀਤਾ ਜਾ ਸਕਦਾ ਹੈ।

ਆਰ.ਐੱਸ.ਐੱਸ.-ਭਾਜਪਾ ਦਾ ਮਨੋਰਥ ਮਸਲੇ ਨੂੰ ਹੋਰ ਉਲਝਾਉਣਾ, ਇਸ ਜ਼ਰੀਏ ਫਿਰਕੂ ਪਾੜਾ ਡੂੰਘਾ ਕਰਨਾ ਅਤੇ ਸਟੇਟ ਦੀ ਬੇਕਿਰਕ ਤਾਕਤ ਨਾਲ ਬਹੁਗਿਣਤੀ ਦੀ ਧੌਂਸ ਜਮਾਉਣਾ ਹੈ। ਇਸ ਦਾ ਹਿੰਦੂ ਧਰਮ ਨਾਲ ਵੀ ਕੋਈ ਲੈਣਾ-ਦੇਣਾ ਨਹੀਂ ਹੈ, ਇਹ ਤਾਂ ਆਪਣੀ ਰਾਜਨੀਤਕ ਵਿਚਾਰਧਾਰਾ ਹਿੰਦੂਤਵ ਥੋਪਣਾ ਚਾਹੁੰਦੀ ਹੈ। ਇਸ ਦਾ ਹਰ ਕਦਮ ਫਿਰਕੂ ਰਾਜਨੀਤੀ ਤੋਂ ਪ੍ਰੇਰਿਤ ਹੈ। ਝਾੜੂ ਪਾਰਟੀ ਧਾਰਾ-370 ਨੂੰ ਖ਼ਤਮ ਕਰਨ, ਸੀ.ਏ.ਏ.-ਐੱਨ.ਆਰ.ਸੀ. ਦੇ ਸਵਾਲ ਉੱਪਰ ਚੁੱਪ ਵੱਟਣ ਅਤੇ ਯੂ.ਸੀ.ਸੀ. ਆਦਿ ਸਵਾਲਾਂ ਉੱਪਰ ਆਰ.ਐੱਸ.ਐੱਸ.-ਭਾਜਪਾ ਦੇ ਫਿਰਕੂ ਰਾਸ਼ਟਰਵਾਦ ਦੀ ਬੇਸ਼ਰਮੀ ਨਾਲ ਹਮਾਇਤ ਕਰਕੇ ਵਾਰ-ਵਾਰ ਇਹ ਸਾਬਤ ਕਰ ਰਹੀ ਹੈ ਕਿ ਉਨ੍ਹਾਂ ਦਾ ਵਿਚਾਰਧਾਰਕ ਝੁਕਾਅ ਕਿੱਧਰ ਹੈ। ਇਸ ਲਈ ਸਮੂਹ ਅਗਾਂਹਵਧੂ ਅਤੇ ਜਮਹੂਰੀ ਤਾਕਤਾਂ ਇਨ੍ਹਾਂ ਫਿਰਕੂ ਧੌਂਸਬਾਜ਼ ਚਾਲਾਂ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ ਅਤੇ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਨਾਲ ਖੜ੍ਹਨਾ ਚਾਹੀਦਾ ਹੈ।

# ਹਰ ਆਫ਼ਤ 'ਚ ਸਿਰਫ ਲੋਕ ਹੀ ਲੋਕਾਂ ਦਾ ਸਾਥ ਦਿੰਦੇ ਨੇ

**ਗੁਰਤੇਜ ਸਿੰਘ ਖੋਖਰ**

ਅੱਜਕਲ੍ਹ ਪੰਜਾਬ, ਹਿਮਾਚਲ ਪਰਦੇਸ, ਹਰਿਆਣਾ, ਯੂ. ਪੀ. ਅਤੇ ਦਿੱਲੀ ਦੇ ਲੋਕ ਤਬਾਹਕੁੰਨ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ। ਪੰਜਾਬ ਦੇ ਰੋਪੜ, ਪਟਿਆਲਾ, ਸੰਗਰੂਰ, ਮਾਨਸਾ, ਗੁਰਦਾਸਪੁਰ, ਫਿਰੋਜ਼ਪੁਰ ਜ਼ਿਲਿਆਂ ਦੇ ਸੈਂਕੜੇ ਪਿੰਡਾਂ, ਕਸਬਿਆਂ, ਸ਼ਹਿਰੀ ਇਲਾਕਿਆਂ, ਖੇਤਾਂ ਆਦਿ 'ਚ ਚਾਰ-ਪੰਜ ਫੁੱਟ ਤੋਂ ਉੱਪਰ ਪਾਣੀ ਫਿਰ ਰਿਹਾ ਹੈ। ਫਸਲਾਂ ਤਬਾਹ ਹੋ ਰਹੀਆਂ ਹਨ, ਘਰਾਂ ਦਾ ਸਾਮਾਨ ਬਰਬਾਦ ਹੋ ਰਿਹਾ ਹੈ, ਕਈ ਥਾਈਂ ਲੋਕ ਛੱਤਾਂ 'ਤੇ ਚੜ੍ਹਕੇ ਆਪਣਾ ਬਚਾਅ ਕਰ ਰਹੇ ਹਨ, ਖਾਣ-ਪੀਣ ਲਈ ਕੋਲ ਕੁਛ ਨਹੀਂ ਹੈ, ਡੰਗਰ-ਪਸ਼ੂ ਖਤਰੇ ਮੂੰਹ ਆਏ ਹੋਏ ਹਨ, ਕੁੱਝ ਥਾਵਾਂ 'ਤੇ ਕਈ ਬੰਦਿਆਂ ਅਤੇ ਪਸ਼ੂਆਂ ਦੇ ਪਾਣੀ 'ਚ ਰੁੜ੍ਹ ਜਾਣ ਅਤੇ ਮੌਤ ਦੇ ਮੂੰਹ ਪੈ ਜਾਣ ਦੀਆਂ ਵੀ ਖਬਰਾਂ ਆਈਆਂ ਹਨ। ਗੱਲ ਕੀ ਇਹ ਹੜ੍ਹ ਲੋਕਾਂ ਦੀ ਜਾਨ-ਮਾਲ ਦਾ ਖੌਅ ਬਣਿਆ ਹੋਇਆ ਹੈ।

ਜਦੋਂ ਕਈ ਵੀ ਆਫ਼ਤ ਆਉਂਦੀ ਹੈ, ਤਾਂ ਇਹ ਸਭਨਾਂ ਲੋਕਾਂ, ਸਮੇਂ ਦੀਆਂ ਸਰਕਾਰਾਂ, ਸਿਆਸੀ ਪਾਰਟੀਆਂ ਅਤੇ ਲੋਕਾਂ 'ਚ ਵਿਚਰਦੀਆਂ ਸਭਨਾਂ ਸੰਸਥਾਵਾਂ ਨੂੰ ਇਮਿਤਿਹਾਨ 'ਚ ਪਾਉਂਦੀ ਹੈ। ਹੁਣ ਵੀ ਅਜਿਹਾ ਹੀ ਹੋ ਰਿਹਾ ਹੈ। ਹਿੰਦੂਤਵੀ ਫਿਰਕੂ-ਫਾਸ਼ੀ ਮੋਦੀ ਹਕੂਮਤ ਵਲੋਂ ਪੰਜਾਬ ਅਤੇ ਹੋਰਨਾਂ ਹੜ੍ਹ ਪੀੜਤ ਸੂਬਿਆਂ ਦੇ ਲੋਕਾਂ ਨੂੰ ਕੁਦਰਤ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ ਹੈ। ਪੀੜਤਾਂ ਲਈ ਕਿਸੇ ਕਿਸਮ ਦੀ ਸਹਾਇਤਾ ਤਾਂ ਕੀ ਕਰਨੀ ਸੀ, ਪ੍ਰਧਾਨ ਮੰਤਰੀ ਮੋਦੀ ਵਿਦੇਸ਼ੀ ਦੌਰਿਆਂ 'ਤੇ ਚੜ੍ਹਿਆ ਫਿਰਦਾ ਹੈ। ਮੁਲਕ ਦੇ ਲੋਕ ਹੜ੍ਹਾਂ 'ਚ ਡੁੱਬ ਰਹੇ ਹਨ। ਮਣੀਪੁਰ ਜਲ ਰਿਹਾ ਹੈ। ਮੋਦੀ ਹਕੂਮਤ ਅਤੇ ਆਰ.ਐੱਸ.ਐੱਸ. ਵਲੋਂ ਮਣੀਪੁਰ ਦੇ ਲੋਕਾਂ ਨੂੰ ਭਰਾ-ਮਾਰ ਲੜਾਈ 'ਚ ਉਲਝਾਕੇ ਮੌਤ ਅਤੇ ਉਜਾੜੇ ਦੇ ਮੂੰਹ ਧੱਕਿਆ ਜਾ ਰਿਹਾ ਹੈ।

ਐਧਰ ਪੰਜਾਬ ਅੰਦਰ ਭਗਵੰਤ ਮਾਨ ਸਰਕਾਰ, ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਆਦਿ ਵਲੋਂ ਹੜ੍ਹ-ਪੀੜਤਾਂ ਦੀ ਬਾਂਹ ਤਾਂ ਕੀ ਫੜਨੀ ਸੀ, ਉਲਟਾ ਇਸ ਆਫ਼ਤ ਨੂੰ ਆਪਣਾ ਆਪਣਾ ਵੋਟ ਬੈਂਕ ਬਣਾਉਣ ਲਈ ਇੱਕ ਨਿਆਮਤੀ ਮੌਕਾ ਸਮਝਿਆ ਜਾ ਰਿਹਾ ਹੈ। ਮੁੱਖ ਮੰਤਰੀ, ਉਸਦੇ ਮੰਤਰੀਆਂ ਅਤੇ ਵਿਧਾਇਕਾਂ ਵਲੋਂ ਹੜ੍ਹ-ਪੀੜਤਾਂ ਅਤੇ ਲੋਕਾਂ ਨਾਲ ਪਾਣੀ 'ਚ ਖੜ੍ਹਕੇ ਫੋਟੋਆਂ ਖਿਚਾਉਣ ਦਾ ਨਾਟਕ ਖੇਡਣ 'ਤੇ ਜਿੰਨਾ ਜ਼ੋਰ ਲਾਇਆ ਹੋਇਆ ਹੈ, ਉਨਾਂ ਜ਼ੋਰ ਸਰਕਾਰੀ ਅਮਲੇ-ਫੈਲੇ ਅਤੇ ਠੋਸ ਸਹਾਇਤਾ ਸਮੱਗਰੀ ਜੁਟਾਉਣ ਦੀਆਂ ਕੋਸ਼ਿਸ਼ਾਂ 'ਤੇ ਲੱਗਦਾ ਕਿਤੇ ਦਿਖਾਈ ਨਹੀਂ ਦੇ ਰਿਹਾ। ਅਕਾਲੀ ਦਲੀਏ ਬਾਦਲ ਟੋਲੇ, ਕਾਂਗਰਸੀਆਂ ਅਤੇ ਭਾਜਪਾਈਆਂ ਵਲੋਂ ਹੜ੍ਹ ਵਾਲੀਆਂ ਥਾਵਾਂ 'ਤੇ ਗੇੜਾ ਮਾਰਨ, ਸਰਕਾਰ 'ਤੇ ਆਪਣੀ ਭੜਾਸ ਕੱਢਣ ਅਤੇ ਵੀਡੀਓ ਬਣਾਉਣ ਦੀ ਕਸਰਤ 'ਚ ਗਲਤਾਨ ਹੋਣ ਤੋਂ ਬਿਨਾਂ ਕੁੱਝ ਨਹੀਂ ਕੀਤਾ ਜਾ ਰਿਹਾ। ਬਾਦਲ ਟੋਲੇ ਅਤੇ ਕਾਂਗਰਸੀਆਂ ਨੂੰ ਪੁੱਛਿਆ ਜਾਵੇ ਕਿ 2007 ਤੋਂ 2017 ਤੱਕ ਬਾਦਲ ਟੋਲੇ ਅਤੇ 2017 ਤੋਂ 2022 ਤੱਕ ਕਾਂਗਰਸ ਦੀ ਹਕੂਮਤ ਰਹੀ ਹੈ। ਤੁਸੀਂ ਆਪਦੀ ਹਕੂਮਤ ਦੌਰਾਨ ਹੜ੍ਹਾਂ ਦੀ ਰੋਕਥਾਮ ਲਈ ਪੇਸ਼ਬੰਦੀਆਂ ਕਰਨ ਦੇ ਮਾਮਲੇ 'ਚ ਡੱਕਾ ਵੀ ਦੂਹਰਾ ਨਹੀਂ ਕੀਤਾ। ਉਲਟਾ ਚੰਡੀਗੜ੍ਹ ਦੇ ਆਲੇ-ਦੁਆਲੇ ਬਰਸਾਤੀ ਪਾਣੀ ਦੇ ਕੁਦਰਤੀ ਵਹਾ ਲਈ ਹੋਂਦ 'ਚ ਆਏ ਨਦੀਆਂ, ਨਾਲਿਆਂ ਅਤੇ ਚੋਆਂ ਦੀਆਂ ਥਾਵਾਂ 'ਤੇ ਨਜਾਇਜ਼ ਕਬਜੇ ਅਤੇ ਉਸਾਰੀਆਂ ਕਰਕੇ ਅਰਬਾਂ-ਖਰਬਾਂ ਦੀ





(ਬਾਕੀ ਸਫ਼ਾ 37 'ਤੇ)

*ਹੀਰੋਸ਼ੀਮਾ ਅਤੇ ਨਾਕਾਸਾਕੀ ਦੀ ਤਰਾਸਦੀ ਤੋਂ ਕੁਝ ਨਹੀਂ ਸਿੱਖਿਆ*

# ਜੰਗਾਂ ਦੀਆਂ ਤਰਾਸਦੀਆਂ : ਪਰ ਕੋਈ ਸਬਕ ਨਹੀਂ



## ਸਾਡੇ ਇਰਾਕੀ ਤੇਲ ਦੇ ਭੰਡਾਰ 'ਤੇ ਕਬਜ਼ੇ ਨੇ ਸਾਡੀ ਕੀ ਸਥਿਤੀ ਬਣਾਈ

ਇਰਾਕ ਦੇ ਲੋਕ ਜਿਨ੍ਹਾਂ ਦਾ ਸਿਰਫ਼ ਇਹ ਕਸੂਰ ਸੀ ਕਿ ਉਨ੍ਹਾਂ ਨੂੰ ਕੁਦਰਤ ਨੇ ਤੇਲ ਦੇ ਭੰਡਾਰ ਦਿੱਤੇ ਸੀ ਅਤੇ ਉਨ੍ਹਾਂ ਲਈ ਹਰੇਕ ਕਿਸਮ ਦੀ ਸਹੂਲਤ ਇਸ ਮੁਲਕ ਵਿਚ ਸੀ। ਪ੍ਰੰਤੂ ਇਰਾਕ ਨੂੰ ਇਸ ਕਿਸਮ ਨਾਲ ਅਮਰੀਕੀ ਫੌਜਾਂ ਨੇ ਬਰਬਾਦ ਕਰ ਦਿੱਤਾ ਕਿ ਉਹ ਆਪਣੀ ਧਰਤੀ 'ਤੇ ਹੀ ਅਜਨਵੀ ਹੋ ਗਏ ਅਤੇ ਦੂਰ ਤੱਕ ਟੈਂਕਾਂ ਅਤੇ ਬਰੂਦਾਂ ਨੇ ਉਨ੍ਹਾਂ ਦੀ ਧਰਤੀ ਦਾ ਮਲੀਆਮੇਟ ਕਰ ਦਿੱਤਾ। ਇਹ ਜੰਗ ਜੋ ਮੁੜ ਇਰਾਕੀਆਂ ਨੂੰ ਖੜ੍ਹਾ ਹੋਣ ਤੋਂ ਬਾਅਦ ਅਸਮਰਥ ਕਰ ਗਈ। ਇਹ ਇਤਿਹਾਸਕ ਤਰਾਸਦੀ ਅਜੇ ਰੁਕੀ ਨਹੀਂ।





## ਸਾਡੇ ਜਾਪਾਨੀਆਂ ਦੀ ਤਰਾਸਦੀ ਵੱਲ ਦੇਖੋ

ਸਾਡਾ ਜਾਪਾਨੀਆਂ ਦਾ ਸਿਰਫ਼ ਇਹੀ ਕਸੂਰ ਸੀ ਕਿ ਸਾਡਾ ਦਿਮਾਗ ਬਹੁਤ ਤੇਜ਼ ਤਰਾਰ ਸੀ ਅਤੇ ਅਸੀਂ ਗਿਆਨ ਵਿਗਿਆਨ ਦੀਆਂ ਪਗਡੰਡੀਆਂ ਬਹੁਤ ਉਚੀਆਂ ਕਰ ਲਈਆਂ ਸੀ ਪ੍ਰੰਤੂ ਇਹ ਦੁਨੀਆ 'ਤੇ ਰਾਜ ਕਰਨ ਵਾਲੀ ਤਾਕਤ ਦੇ ਰੂਪ ਵਿਚ ਵਧ ਰਹੀ ਅਮਰੀਕਨ ਸਾਮਰਾਜੀ ਤਾਕਤ ਨੂੰ ਵਾਰਾ ਨਹੀਂ ਸੀ ਖਾਂਦੀ। ਇਸ ਕਰਕੇ ਜਦੋਂ ਦੂਜੀ ਸੰਸਾਰ ਜੰਗ ਖਤਮ ਵੀ ਹੋ ਗਈ ਤਾਂ ਸਾਨੂੰ 6-7 ਅਗਸਤ ਨੂੰ ਸਾਡੇ ਦੋ ਸ਼ਹਿਰ ਹੀਰੋਸੀਮਾ ਅਤੇ ਨਾਕਾਸਾਕੀ ਬੁਰੀ ਤਰ੍ਹਾਂ ਬਰਬਾਦ ਕਰ ਦਿੱਤੇ ਅਤੇ ਸਾਨੂੰ ਜਿਉਂਦਿਆਂ ਹੀ ਸੁਲਾਅ ਦਿੱਤਾ। ਸਾਡਾ ਕਸੂਰ ਸਾਨੂੰ ਅੱਜ ਤੱਕ ਨਹੀਂ ਪਤਾ ਪਰ ਸਾਡੇ ਲਈ ਜੋ ਤਰਾਸਦੀ ਉਤਪੰਨ ਹੋਈ ਸ਼ਾਇਦ ਅੱਜ ਤੱਕ ਅਮਰੀਕਾ ਨੇ ਉਸ ਵਿਚੋਂ ਸਿੱਖਣਾ ਤਾਂ ਕੀ ਸੀ ਬਲਕਿ ਉਸ ਨੇ ਸਮੁੱਚੀ ਦੁਨੀਆ ਨੂੰ ਹੁਣ ਹਥਿਆਰਾਂ ਦੇ ਹੇਠਾਂ ਲਿਆਂਦਾ ਹੈ। ਪਤਾ ਨਹੀਂ ਕਦੋਂ ਕਿਸ ਖਿੱਤੇ ਵਿਚ ਹੀਰੋਸੀਮਾ ਅਤੇ ਨਾਕਾਸਾਕੀ ਬਣ ਜਾਵੇ। ਸ਼ਾਂਤੀ ਨਾਂ ਦੀ ਚੀਜ਼ ਦੁਨੀਆ ਵਿਚੋਂ ਪਰ ਲਾ ਕੇ ਉਡ ਗਈ ਹੈ। ਸਾਡੇ ਚਿਹਰਿਆਂ ਵਲ ਦੇਖੋ ਅਸੀਂ ਕਿਸ ਕਿਸਮ ਦੀਆਂ ਪੀੜਾਂ ਵਿਚੋਂ ਅੱਜ ਵੀ ਗੁਜ਼ਰ ਰਹੀਆਂ ਹਾਂ ਅਤੇ ਦੁਨੀਆ ਇਨ੍ਹਾਂ ਪੀੜਾਂ ਵਿਚ ਸਹਿਕ ਰਹੀ ਹੈ।



## ਸਾਡਾ ਭੋਲੇ ਭਾਲੇ ਅ.ਫਗਾਨੀਆਂ ਦਾ ਕੀ ਕਸੂਰ

ਦੁਨੀਆ ਦੇ ਖੂਬਸੂਰਤ ਮੁਲਕਾਂ ਵਿਚੋਂ ਅਫਗਾਨਿਸਤਾਨ ਸਾਡਾ ਅਜਿਹਾ ਮੁਲਕ ਸੀ ਜਿਥੇ ਚੱਪੇ ਚੱਪੇ 'ਤੇ ਅਮਰੀਕਨਾਂ ਨੇ ਸਾਡੀ ਖੁਸ਼ੀਆਂ ਅਤੇ ਖੇੜਿਆਂ ਵਾਲੀ ਜ਼ਿੰਦਗੀ ਨੂੰ ਤਬਾਹ ਕਰ ਦਿੱਤਾ। ਅਸੀਂ ਅਜੇ ਜਿਨ੍ਹਾਂ ਸਕੂਲਾਂ ਵਿਚ ਜਾਣਾ ਸੀ ਉਹ ਦਹਿਸ਼ਤਗਜ਼ਾ ਹੋ ਗਈਆਂ ਹਨ। ਸਾਡੇ ਅੱਬਾ ਨੂੰ ਮੁੱਲਿਆਂ ਨੇ ਆਪਣੀ ਗ੍ਰਿਫ਼ਤ ਵਿਚ ਲੈ ਲਿਆ ਅਤੇ ਤੁਸੀਂ ਸਾਨੂੰ ਪੈਰਾਂ ਹੇਠ ਮਸਲ ਦਿੱਤਾ। ਇੰਨਾ ਲੰਬਾ ਸਮਾਂ ਜੰਗਾਂ ਵਿਚ ਰਹਿੰਦਿਆਂ ਹੁਣ ਸਾਨੂੰ ਭਲਾ ਡਰ ਨਹੀਂ ਲੱਗਦਾ ਪਰ ਸਾਡਾ ਜੀਵਨ ਵੀ ਕੋਈ ਨਹੀਂ। ਸਾਡਾ ਹੱਸਦਾ ਵਸਦਾ ਮੁਲਕ ਉਹ ਅਫ਼ਗਾਨਿਸਤਾਨ ਨਹੀਂ ਰਿਹਾ। ਜਿਸ ਦੀ ਹਰ ਪੱਧਰ ਦੀ ਪ੍ਰਾਪਤੀ ਅਤੇ ਕੁਦਰਤੀ ਦਾਤ ਦੁਨੀਆ ਵਿਚ ਮਸ਼ਹੂਰ ਸੀ। ਭਲਾ ਹੀ ਅਸੀਂ ਤੁਹਾਨੂੰ ਅਮਰੀਕਨ ਹਥਿਆਰਾਂ ਸਮੇਤ ਇਥੋਂ ਭਜਾ ਦਿੱਤਾ ਹੈ ਕਿਉਂਕਿ ਤੁਸੀਂ ਕਦੀ ਵੀਅਤਨਾਮ ਦੀ ਵਾਰ ਅਤੇ ਹੁਣ ਯੂਕਰੇਨ ਦੀ ਵਾਰ ਵਿਚ ਕਈ ਕਿਸਮ ਨਾਲ ਦਖ਼ਲ ਅੰਦਾਜ਼ੀ ਦੇ ਕੇ ਉਨ੍ਹਾਂ ਨੂੰ ਵੀ ਬਰਬਾਦ ਕੀਤਾ ਹੈ। ਬਰਬਾਦੀ ਹੀ ਤੁਹਾਡੇ ਹਥਿਆਰਾਂ ਦੀਆਂ ਕੀਮਤਾਂ ਲਈ ਜ਼ਰੂਰੀ ਹੈ। ਇਹ ਧਰਤੀ ਜਿਹੜੀ ਪਹਿਲਾਂ ਹੀਰੋਸ਼ੀਮਾ ਅਤੇ ਨਾਕਾਸਾਕੀ ਵਿਚ ਤਬਾਹ ਕੀਤੀ ਗਈ ਸੀ ਹੁਣ ਸਾਡੀ ਧਰਤੀ ਦੇ ਕਈ ਚੱਪੇ ਇਸ ਤਰ੍ਹਾਂ ਦੇ ਹੀ ਹਨ। ਸਾਡੇ ਸਕੂਲ ਤੁਸੀਂ ਪਹਿਲਾਂ ਤਬਾਹ ਕਰ ਦਿੱਤਾ। ਅਸੀਂ ਉਮਰ ਕਿੰਝ ਗੁਜਰਾਂਗੀਆਂ। ਇਹ ਸਵਾਲ ਤੁਹਾਡੇ ਲਈ ਹੈ ਪਰ ਤੁਸੀਂ ਹਰ ਸਵਾਲ ਦਾ ਜਵਾਬ ਜੰਗ ਨਾਲ ਦਿੰਦੇ ਹੋ। ਸਾਡੇ ਅਮਨਾਂ ਨੂੰ ਖਤਰਾ ਹੈ।




ਅਸੀਂ ਤਾਂ ਛੋਟੇ ਜਿਹੇ ਮੁਲਕ ਯੂਕਰੇਨ ਦੇ ਵਾਸੀ ਸਾਂ। ਸਾਨੂੰ ਕੀ ਪਤਾ ਕਿ ਅਮਰੀਕਾ ਅਤੇ ਰੂਸ ਦੀ ਲੜਾਈ ਦਾ ਖਾਮਿਆਜਾ ਸਾਨੂੰ ਭੁਗਤਣਾ ਪਿਆ ਪਵੇਗਾ। ਅਸੀਂ ਤਬਾਹੀ ਦੀ ਕੰਗਾਰ 'ਤੇ ਪਹੁੰਚ ਜਾਵਾਂਗੇ। ਸਾਨੂੰ ਨਿੱਤ ਆਧੁਨਿਕ ਹਥਿਆਰਾਂ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਸਾਡੀ ਧਰਤੀ ਦਾ ਚੱਪਾ ਚੱਪਾ ਜੰਗ ਨੇ ਵਿੰਨ੍ਹ ਦਿੱਤਾ ਹੈ। ਸਾਡੀਆਂ ਨਸਲਾਂ ਤਬਾਹ ਕਰ ਦਿੱਤੀਆਂ ਹਨ। ਅਸੀਂ ਕਿਹੜੇ ਦੁਖੜੇ ਵਿਚ ਨਿੱਕਾ ਜਿਹੀਆਂ ਮੁਲਕ ਫਸ ਗਏ ਹਾਂ। ਸਾਨੂੰ ਤਾਂ ਕਿਸੇ ਕੋਨੇ ਤੋਂ ਕੋਈ ਵੀ ਮਾਨਵੀ ਹਮਦਰਦੀ ਨਹੀਂ ਮਿਲ ਰਹੀ। ਇਸ ਵੇਲੇ ਸ਼ਾਂਤੀ ਦੁਨੀਆ ਵਿਚੋਂ ਪਰ ਲਾ ਕੇ ਉਡ ਗਈ ਹੈ। ਸਾਡੀ ਧਰਤੀ ਸਾਡੇ ਲੋਕ ਜਿਹੜੇ ਕਦੀ ਸਮਾਜਵਾਦ ਦੇ ਰਾਹੀਂ ਨਵਾਂ ਰਸਤਾ ਤਲਾਸ਼ ਰਹੇ ਸੀ ਅਤੇ ਦੁਨੀਆ ਵੱਖਰੇ ਕਿਸਮ ਦੀ ਚਿਤਵ ਰਹੇ ਸੀ ਅਤੇ ਉਸਾਰ ਵੀ ਲਈ ਸੀ। ਸਾਡੀ ਧਰਤੀ ਉਪਰ ਅਜਿਹਾ ਇਨਸਾਨ ਪੈਦਾ ਹੋਏ ਜਿਨ੍ਹਾਂ ਬਾਰੇ ਦੁਨੀਆ ਸੋਚ ਕੇ ਇਹ ਕਿਹਾ ਕਰਦੀ ਸੀ ਕਿ ਸਮੁੱਚੀ ਦੁਨੀਆ 'ਤੇ ਇਸ ਧਰਤੀ ਦੇ ਵਾਸੀਆਂ ਦਾ ਵਾਸਾ ਹੋਵੇਗਾ। ਪਰ ਸਾਨੂੰ ਕੀ ਪਤਾ ਸੀ ਕਿ ਅਸੀਂ ਨਾਟੋ ਅਤੇ ਨਾਟੋ ਤੋਂ ਬਿਨਾ ਦੇ ਚੱਕਰਾਂ ਵਿਚ ਫਸ ਕੇ ਹਥਿਆਰਾਂ ਦੀ ਦੌੜ 'ਚ ਸ਼ਾਮਲ ਹੋ ਗਏ। ਸਾਨੂੰ ਕੋਈ ਵੀ ਬਚਾਉਣ ਵਾਲਾ ਬਚਿਆ ਨਹੀਂ। ਅਸੀਂ ਜੰਗ ਅੰਦਰੋਂ ਹਾਰ ਚੁੱਕੇ ਹਾਂ। ਲੜ ਰਹੇ ਹਾਂ ਕਿਉਂਕਿ ਦੋ ਵੱਡੀਆਂ ਤਾਕਤਾਂ ਸਾਨੂੰ ਲੜਾਉਣ ਤੇ ਤਬਾਹ ਕਰਨ ਦੇ ਚੱਕਰ ਵਿਚ ਹਨ। ਸ਼ਾਂਤੀ ਸਾਡੀ ਧਰਤੀ ਤੋਂ ਖੰਭ ਲਾ ਕੇ ਉਡ ਗਈ ਹੈ।



## ਵੀਅਤਨਾਮ ਦੀ ਜੰਗ ਰਾਹੀਂ ਤਬਾਹੀ

ਮੇਰਾ ਨਾਮ ਤੇਰਾ ਨਾਮ ਵੀਅਤਨਾਮ ਅਮਰੀਕਨ ਜੰਗ ਦੇ ਖਿਲਾਫ਼ ਦੁਨੀਆ ਭਰ ਵਿਚ ਅਹਿਮ ਰਿਹਾ। ਜੰਗਾਂ ਜਿਨ੍ਹਾਂ ਨੇ ਤਬਾਹੀ ਮਚਾਈ। ਵੀਅਤਨਾਮ ਛੋਟਾ ਜਿਹਾ ਮੁਲਕ ਉਸ ਦੇ ਇਤਿਹਾਸ ਵਿਚ ਇਹ ਦਰਜ ਹੈ ਕਿ ਚੱਪੇ ਚੱਪੇ 'ਤੇ ਅਮਰੀਕਨਾ ਨੇ ਬੰਬ ਸੁੱਟੇ ਅਤੇ ਵੀਅਤਨਾਮੀਆਂ ਨੇ ਆਪਣੇ ਖੇਤਾਂ ਵਿਚ ਕੰਮ ਕਰਦਿਆਂ ਬੰਦੂਕਾਂ ਰਾਹੀਂ ਉਨ੍ਹਾਂ ਦੇ ਉਹ ਜਹਾਜ਼ ਸੁੱਟੇ ਜਿਹੜੇ ਕਦੇ ਉਨ੍ਹਾਂ ਚਿਤਵੇ ਨਹੀਂ ਸੀ। ਇੰਨੀ ਵੱਡੀ ਜੰਗ ਜਿਸ ਵਿਚੋਂ ਅਮਰੀਕਾ ਨੂੰ ਵਾਪਸ ਮੁੜਨਾ ਪਿਆ ਪਰ ਜੋ ਤਬਾਹੀ ਉਹ ਕਰ ਗਿਆ ਉਸ ਦੀ ਭਰਪਾਈ ਅੱਜ ਤੱਕ ਵੀ ਨਹੀਂ ਹੋ ਸਕੀ। ਅੱਜ ਵੀ ਵੀਅਤਨਾਮ ਦੇ ਖੇਤਾਂ ਵਿਚ ਅਮਰੀਕਨ ਬੰਬਾਂ ਦੀਆਂ ਬਚੀਆਂ ਖੁਚੀਆਂ ਬਾਰੂਦੀ ਸੁਰੰਗਾਂ ਤਰਾਸਦੀਆਂ ਨੂੰ ਪੈਦਾ ਕਰਦੀਆਂ ਹਨ। ਇਸ ਕਰਕੇ ਜੇ ਕੋਈ ਜੰਗ ਦਾ ਨਾਂ ਲੈਂਦਾ ਹੈ ਤਾਂ ਉਨ੍ਹਾਂ ਨੂੰ ਖ਼ੁਦ ਨੂੰ ਖੌਫ਼ ਆਉਂਦਾ ਹੈ ਕਿ ਅਸੀਂ ਜਿਨ੍ਹਾਂ ਇਕ ਦਹਾਕਾ ਧਰਤੀ ਦੇ ਬੰਕਰਾਂ ਵਿਚ ਸੌਂਹ ਕੇ ਕੱਟਿਆ। ਜੰਗ ਸਾਡੇ ਲਈ ਤਬਾਹੀ ਸੀ। ਸੱਤਿਆਨਾਸ ਸੀ ਅਤੇ ਸਾਡੀਆਂ ਨਸਲਾਂ ਤਬਾਹ ਕਰ ਗਈ। ਸ਼ਾਂਤੀ ਦੇ ਸ਼ਬਦ ਸੁਣ ਕੇ ਸਾਨੂੰ ਕਦੇ ਕਦੇ ਧਰਵਾਸ ਆਉਂਦਾ ਹੈ ਪਰ ਦੁਨੀਆ ਮੁੜ ਹਥਿਆਰਾਂ ਦਾ ਦੌੜ ਵਿਚ ਹੈ। ਕੱਲ੍ਹ ਕੀ ਵਾਪਰੇਗਾ ਕਿਸੇ ਨੂੰ ਕੁਝ ਨਹੀਂ ਪਤਾ। ਪਰ ਸਾਡੀ ਧਰਤੀ 'ਤੇ ਇਤਿਹਾਸ ਦੇ ਕਾਲੇ ਵਰਕੇ ਲਿਖੇ ਹੋਏ ਹਨ।



# ਵਿਰਾਸਤੀ ਬੌਧਿਕ ਚੇਤਨਤਾ ਤੋਂ ਸੱਖਣਾ ਵਿਦਿਆਰਥੀ ਵਰਗ



ਗੁਰਮੇਲ ਸਿੰਘ ਬੌਡੇ

ਵਿਦਿਆਰਥੀ ਹਰ ਸਮਾਜ ਦਾ ਕੀਮਤੀ ਸਰਮਾਇਆ ਹੁੰਦੇ ਹਨ। ਵਿਦਿਆਰਥੀ ਹੀ ਬੌਧਿਕ ਚੇਤਨਤਾ ਨਾਲ ਸਮਾਜ ਲਈ ਨਵੇਂ ਦਿਸਹੱਦੇ ਸਿਰਜਦੇ ਹਨ। ਸਮਾਜ ਨੂੰ ਸੇਧ ਦਿੰਦੇ ਹਨ। ਨਵੀਆਂ ਤਬਦੀਲੀਆਂ ਦੀ ਬੁਨਿਆਦ ਬਣਦੇ ਹਨ। ਸਮਾਜ ਸ਼ਾਸ਼ਤਰੀ ਕਹਿੰਦੇ ਹਨ ਕਿ ਕਿਸੇ ਵੀ ਸਮਾਜ ਦੀ ਤਰੱਕੀ ਕੁਦਰਤੀ ਅਮੀਰੀ ਤੋਂ ਬਾਅਦ ਉਨ੍ਹਾਂ ਦੀ ਮਨੁੱਖਤਾ ਲਈ ਬਿਹਤਰ ਵਰਤੋਂ ਲਈ ਸਿੱਖਿਆ ਉਸਦਾ ਦੂਸਰਾ ਆਧਾਰ ਹੈ। ਕਿਸੇ ਸਮਾਜ ਦਾ ਅਸਲ ਅਮੀਰੀ ਕਰੰਸੀ ਨੋਟ ਨਹੀਂ ਸਗੋਂ ਸਿੱਖਿਅਤ ਸਮਾਜ ਦੀ ਅਸਲੀ ਅਮੀਰ ਅਤੇ ਤਰੱਕੀ ਯਾਫ਼ਤਾ ਹੁੰਦਾ ਹੈ।


ਵਰਤਮਾਨ ਸਮੇਂ ਇਹ ਗੱਲ ਬੜੀ ਸ਼ਿਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ ਕਿ ਵਿਦਿਆਰਥੀ ਵਰਗ ਬੌਧਿਕ ਚੇਤਨਤਾ ਤੋਂ ਸੱਖਣਾ ਹੁੰਦਾ ਜਾ ਰਿਹਾ ਹੈ। ਪੰਜਾਬ ਦਾ ਹੀ ਨਹੀਂ ਸਗੋਂ ਸਮੁੱਚੇ ਦੇਸ਼ ਦਾ ਹਰਿਆਵਲ ਦਸਤਾ ਬੰਜਰ ਵਿਚ, ਇਕ ਮਾਰੂਥਲ ਵਿਚ ਤਬਦੀਲ ਹੋ ਰਿਹਾ ਹੈ। ਇਸ ਦੇ ਦੋ ਕਾਰਨ ਹਨ ਕਿ ਸਮਾਜ ਦਾ ਆਰਥਿਕ ਬਰਾਬਰੀ ਤੋਂ ਸੱਖਣਾ ਹੋਣਾ ਅਤੇ ਸਰਕਾਰਾਂ ਦਾ ਆਪਣੀਆਂ ਬੁਨਿਆਦੀ ਜ਼ਿੰਮੇਵਾਰੀਆਂ ਤੋਂ ਭਗੌੜੇ ਹੋ ਜਾਣਾ ਹੀ ਹੈ। ਅੱਜ ਤੋਂ ਅੱਧੀ ਸਦੀ ਪਿਛਾਂਹ ਬਹੁਤੇ ਵਿਦਿਆਰਥੀ ਗਰੀਬੀ ਕਾਰਨ ਉਚ ਵਿਦਿਆ ਤੋਂ ਵਾਂਝੇ ਰਹਿ ਜਾਂਦੇ ਸਨ। ਵਰਤਮਾਨ ਸਮੇਂ ਦੇਸ਼ ਦੀ ਆਰਥਿਕ ਕੰਗਾਲੀ, ਕਰਜ਼ਾਈ ਹੋਣਾ ਅਤੇ ਹੁਕਮਰਾਨਾ ਦਾ ਮੁਜਰਮ ਬਿਰਤੀ ਨਾਲ ਸ਼ਾਸਨ ਹਥਿਆਉਣਾ ਅਤੇ ਇਕ ਬਹੁਮਤ ਲੋਕਤੰਤਰੀ ਤਾਨਾਸ਼ਾਹੀ ਰਾਹੀਂ ਚੇਤੰਨ ਸਮਾਜ ਦੇ ਵਿਰੋਧੀ ਹੋਣਾ ਹੈ ਜਿਸ ਕਾਰਨ ਵਿਦਿਆਰਥੀ ਵਰਗ ਵਿਚ ਨਿਰਾਸ਼ਤਾ ਫੈਲੀ ਹੈ।

ਅੱਜ ਤੋਂ ਅੱਧੀ ਸਦੀ ਪਿਛਾਂਹ 70ਵੇਂ ਦਹਾਕੇ ਦੌਰਾਨ ਵਿਦਿਆਰਥੀ ਹੀ ਨਹੀਂ ਸਗੋਂ ਪ੍ਰਾਇਮਰੀ ਤੱਕ ਪੜ੍ਹਿਆ ਖੇਤੀਬਾੜੀ ਜਾਂ ਹੋਰ ਕਿਰਤ ਕਰਨ ਵਾਲਾ ਨੌਜਵਾਨ ਵੀ ਪੁਸਤਕਾਂ ਨਾਲ ਜੁੜਿਆ ਹੋਇਆ ਸੀ। ਇਹ ਸਾਹਿਤ, ਇਹ ਪੁਸਤਕਾਂ ਦੇਸ਼ ਵਿਚ ਅਪੂਰਨ ਅਜ਼ਾਦੀ ਨਾਲ ਸਬੰਧਤ ਲਹਿਰਾਂ ਵਿਚੋਂ ਜਾਂ ਉਸ ਸਮੇਂ ਦੇ "ਤਾਹਡੇ ਦਾ ਸੱਤੀਂ ਵੀਹੀਂ ਸੌ' ਦੇ ਧੱਕੜ ਰਵੱਈਏ ਵਿਚੋਂ ਪੁੰਗਰੀਆਂ ਸਨ। ਪੁਸਤਕਾਂ ਮਨੁੱਖੀ ਸ਼ਖਸੀਅਤ ਦਾ ਹਿੱਸਾ ਸਨ ਜੋ ਉਨ੍ਹਾਂ ਵਿਚ ਸਮਾਜਿਕ ਨਾਇਕ ਬਣਨ ਲਈ ਪ੍ਰੇਰਤ ਕਰਦੀਆਂ ਸਨ। ਗਲਤ ਵਰਤਾਰੇ ਖਿਲਾਫ਼ ਲੜਨ ਲਈ ਪ੍ਰੇਰਤ ਕਰਦੀਆਂ ਸਨ ਅਤੇ ਜਥੇਬੰਦ ਹੋ ਕੇ ਇਕ ਤਾਕਤ ਬਣਨ ਦੇ ਰਾਹ ਤੋਰਦੀਆਂ ਸਨ। ਇਸ ਵਿਚ ਵਿਦਿਆਰਥੀ ਜਥੇਬੰਦੀਆਂ ਇਸ ਸਮੇਂ ਦੀ ਉਦਾਹਰਣ ਹਨ ਅਤੇ ਇਸ ਬੌਧਿਕ ਚੇਤਨਤਾ ਵਿਚੋਂ ਨਿਕਲਦੇ ਸਰਕਾਰੀ ਸੇਵਾਵਾਂ ਵਿਚ ਅਧਿਕਾਰੀ ਜਾਂ ਮੁਲਾਜ਼ਮ ਬਣ ਕੇ ਗਏ ਨੌਜਵਾਨਾਂ ਦਾ ਸਮਾਜ ਦੇ ਗਰੀਬ ਅਤੇ ਮੱਧ ਵਰਗ ਦੇ ਲੋਕਾਂ ਪ੍ਰਤੀ ਰਵੱਈਆ ਹਾਂਪੱਖੀ ਹੁੰਦਾ ਸੀ। ਰਾਜਸੀ ਦਬਾਓ ਜਾਂ ਰਿਸ਼ਵਤ ਉਸ ਸਮੇਂ ਐਨੀ ਭਾਰੂ ਨਹੀਂ ਸੀ। ਅਜਿਹੀ ਸਥਿਤੀ ਵਿਚ ਹੁਕਮਰਾਨਾਂ ਨੇ ਸਿੱਖਿਆ ਦੇ ਪਾਠਕ੍ਰਮ ਨੂੰ ਆਪਣੇ ਹੱਥਾਂ ਵਿਚ ਕੇਂਦਰਤ ਕਰਕੇ ਬੌਧਿਕ ਚੇਤਨਤਾ ਨੂੰ ਖੁੰਢਾ ਕਰਕੇ ਆਪਣੇ ਰਾਜਸੀ ਹਿੱਤਾਂ ਲਈ ਢਾਲਣ ਦਾ ਜ਼ਰੀਆ ਬਣਾਉਣਾ ਸ਼ੁਰੂ ਕੀਤਾ ਜਿਸ ਨੇ ਕਿ ਬੌਧਿਕ ਚੇਤਨਤਾ ਰਹਿਤ ਜੀ ਹਜ਼ੂਰੀਏ ਪੈਦਾ ਕੀਤੇ ਜੋ ਕਿ ਸਿਆਸਤਦਾਨਾਂ ਦੀਆਂ ਕਠਪੁਤਲੀਆਂ ਬਣਕੇ ਉਨ੍ਹਾਂ ਮੁਤਾਬਕ ਚੱਲਣਾ ਵਰਤਮਾਨ ਸਮੇਂ ਬੌਧਿਕਤਾ ਦੀ ਬੰਜਰ ਭੂਮੀ ਤੇ ਉਹ ਅਜਿਹੀ ਬੋਹਰਨੁਮਾ ਖੇਤੀ ਕਰ ਰਹੇ ਹਨ। ਅਜਿਹਾ ਵਰਤਾਰਾ ਸਾਮਰਾਜੀ ਸ਼ਕਤੀਆਂ ਦੇ ਹਿੱਤਾਂ ਦੀ ਪੂਰਤੀ ਲਈ ਕੀਤਾ ਗਿਆ ਜੋ ਕਿ ਚਰਮ ਸੀਮਾ 'ਤੇ ਹੈ। ਬੌਧਿਕ ਚੇਤਨਤਾ ਅਤੇ ਸਮਾਜਿਕ ਤਬਦੀਲੀ ਲਈ ਸ਼ਕਤੀ ਬਣਨ ਵਾਲੀ ਵਿਦਿਆਰਥੀ ਤਾਕਤ ਨੂੰ ਖੁੰਢਾ ਕਰਨ ਲਈ ਦੋ ਤਰੀਕੇ ਅੱਜ ਕਾਰਜਸ਼ੀਲ ਹਨ। ਪਹਿਲਾ ਇਹ ਕਿ ਸਿੱਖਿਆ ਐਨੀ ਮਹਿੰਗੀ ਕਰ ਦਿੱਤੀ ਜਾਵੇ ਕਿ ਉਹ ਗਰੀਬ ਵਰਗ ਅਤੇ ਮੱਧ ਵਰਗ ਦੀ ਪਹੁੰਚ ਤੋਂ ਬਾਹਰ ਹੋ ਜਾਵੇ। ਦੂਸਰਾ ਰੁਜ਼ਗਾਰ ਦੇ ਮੌਕੇ ਐਨੇ ਸੀਮਤ ਕਰ ਦਿੱਤੇ ਜਾਣ ਕਿ ਉਚ ਵਿਦਿਆ ਪ੍ਰਾਪਤ ਵਿਦਿਆਰਥੀ ਵੀ ਘੱਟ ਉਜਰਤਾਂ, ਠੇਕਾ ਆਧਾਰਿਤ ਪ੍ਰਣਾਲੀ ਵਿਚ ਕੇਂਦਰਤ ਕਰ ਦਿੱਤੇ ਜਾਣ ਤਾਂ ਜੋ ਉਹ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੇ ਫ਼ਿਕਰ, ਨਿਰਾਸ਼ਤਾ ਵਿਚੋਂ ਬਾਹਰ ਨਾ ਆ ਸਕੇ ਤੇ ਸਮਾਜ ਬਾਰੇ ਸੋਚਣਾ ਜਾਂ ਇਸ ਨੂੰ ਸੁਧਾਰਨਾ ਉਸਦੀ ਬੌਧਿਕਤਾ ਦਾ ਹਿੱਸਾ ਹੀ ਨਾ ਰਹੇ।

ਬੌਧਿਕਤਾ ਤੋਂ ਰਹਿਤ ਕਰਨ ਲਈ, ਨਕਲ ਆਧਾਰਤ ਕਰਨ ਲਈ ਪਹਿਲੀ ਤੋਂ ਲੈ ਕੇ ਅੱਠਵੀਂ ਤੱਕ ਬਿਨਾਂ ਸਕੂਲ ਹਾਜ਼ਰ ਹੋਏ, ਬਿਨਾਂ ਪ੍ਰੀਖਿਆ ਦਿੱਤੇ ਪਾਸ ਕੀਤਾ ਜਾਵੇ ਅਤੇ ਇੰਜ ਉਚ ਵਿਦਿਆ ਦੇ ਰਸਤੇ ਬੰਦ ਹੋ ਸਕਣ। ਇਸ ਦੀਆਂ ਵੀ ਅਗਾਂਹ ਦੋ ਪਰਤਾਂ ਹਨ ਕਿ ਸਿੱਖਿਆ ਨੂੰ ਵਪਾਰਕ ਕੀਤਾ ਜਾਵੇ। ਨਿੱਜੀ ਯੂਨੀਵਰਸਿਟੀਆਂ, ਕਾਨਵੈਂਟ ਸਕੂਲਾਂ ਦਾ ਝਲਕਾਰਾ ਦੇ ਕੇ ਸਿੱਖਿਆ ਨੂੰ ਸਰਕਾਰੀ ਫਰਜ਼ ਤੋਂ ਮੁਕਤ ਕੀਤਾ ਜਾਵੇ। ਉਹ ਸਕੂਲ ਵਿਸ਼ੇਸ਼ ਵਰਦੀ, ਸ਼ਾਨਦਾਰ ਇਮਾਰਤਾਂ, ਪਾਰਕ ਅਤੇ ਝੂਲਿਆਂ ਰਾਹੀਂ ਮਾਪਿਆਂ ਨੂੰ ਖਿੱਚਿਆ ਜਾ ਸਕੇ ਕਿ ਇਹੀ ਸਕੂਲ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਇੱਛਾਵਾਂ ਅਨੁਸਾਰ ਅਫ਼ਸਰ ਬਣ ਸਕਦੇ ਹਨ। ਇੰਜ ਇਨ੍ਹਾਂ ਸਕੂਲਾਂਵਿਚ ਬੱਚੇ ਪੜ੍ਹਾਉਣ ਰੁਤਬਾ ਪ੍ਰਤੀਕ (ਸਟੇਟਸ ਸਿੰਬਲ) ਬਣ ਕੇ ਅਮਰਵੇਲ ਵਾਂਗ ਸਾਹਮਣੇ ਆਇਆ। ਇਸ ਸਭ ਕਾਸੇ ਦੇ ਪਿਛੇ ਸਿਆਸਤਦਾਨਾਂ ਧਨਾਢਾਂ ਅਤੇ ਡੇਰਾਵਾਦੀ ਬਾਬਿਆਂ ਦੇ ਸਕੂਲ ਕਾਲਜ ਕਾਰਜਸ਼ੀਲ ਹੋਏ। ਇਸ ਵਰਤਾਰੇ ਨੇ ਵਿਦਿਆਰਥੀਆਂ ਨੂੰ ਸਾਹਿਤਕ ਚੇਤਨਤਾ ਵਾਲੀਆਂ ਪੁਸਤਕਾਂ ਤੋਂ ਦੂਰ ਕਰ ਦਿੱਤਾ ਅਤੇ ਸਾਹਿਤਕਾਰਾਂ ਦੀ ਸਥਿਤੀ "ਬਾਰੂ ਤਾਂਗੇ ਵਾਲਾ" ਵਿਚ ਲੈ ਕੇ ਆਇਆ ਕਿ ਪੁਸਤਕਾਂ ਛਪਦੀਆਂ ਬਹੁਤ ਹਨ ਪਰ ਖਰੀਦਦਾਰ ਕੋਈ ਨਹੀਂ। ਇੰਝ ਨੌਜਵਾਨਾਂ ਲਈ ਪੁਸਤਕਾਂ ਬੌਧਿਕ ਚੇਤਨਤਾ ਲਈ ਰੋਟੀ ਵਰਗੀ ਲੋੜ ਨਹੀਂ ਰਹੀ।

ਸਿਆਸਤਦਾਨਾਂ ਦੀ ਅਜੇ ਵੀ ਸੰਤੁਸ਼ਟੀ ਨਹੀਂ ਸੀ ਕਿਉਂਕਿ ਸਾਮਰਾਜੀ ਸ਼ਕਤੀਆਂ ਦੇ ਪਸਾਰੇ ਲਈ ਡੀਕਲ ਤਜਵੀਜ਼ਾਂ ਨੂੰ ਅਮਲ ਵਿਚ ਲਿਆਉਣ ਲਈ

(ਬਾਕੀ ਸਫ਼ਾ 29 'ਤੇ)



5 ਮਾਰਚ 1952 ਨੂੰ ਪੰਜਾਬ ਦੀ ਵਿਦਿਆਰਥੀ ਲਹਿਰ ਦੇ ਸਿਰਮੌਰ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਦਾ ਜਨਮ ਹੋਇਆ ਸੀ। ਉਸਨੇ 1970-71 'ਚ ਪੰਜਾਬ ਸਟੂਡੈਂਟਸ ਯੂਨੀਅਨ ਨੂੰ ਜ਼ਮੀਨ ਤੋਂ ਖੜ੍ਹੀ ਕਰਕੇ ਅੰਬਰਾਂ ਤੱਕ ਪਹੁੰਚਾਇਆ ਸੀ। ਪੰਜਾਬ ਦੇ ਲੁਟੇਰੇ ਹਾਕਮਾਂ ਨੇ 18 ਜੁਲਾਈ 1979 ਨੂੰ 27 ਸਾਲ ਦੀ ਭਰ ਜੁਆਨ ਉਮਰ 'ਚ ਉਸਦਾ ਕਤਲ ਕਰਕੇ ਇਹ ਹੀਰਾ ਸਾਡੇ ਕੋਲੋਂ ਖੋਹ ਲਿਆ। ਉਸਦੀ ਸ਼ਹਾਦਤ ਮਗਰੋਂ ਛਪੇ ਪੈਂਫਲਿਟ 'ਇਹੋ ਜਿਹਾ ਸੀ ਸਾਡਾ ਪ੍ਰਿਥੀ' 'ਚ ਬਿਲਕੁਲ ਸਹੀ ਲਿਖਿਆ ਗਿਆ ਸੀ –

'ਵਿਦਿਆਰਥੀ ਹਿੱਤਾਂ ਲਈ ਆਪਣਾ ਸਭ ਕੁਝ ਨਿਛਾਵਰ ਕਰ ਦੇਣ ਵਾਲਾ ਵਿਦਿਆਰਥੀਆਂ ਦਾ ਸੱਚਾ ਸੁੱਚਾ ਰਹਿਨੁਮਾ ਸੀ ਸਾਡਾ ਪ੍ਰਿਥੀ! ਪੰਜਾਬ ਦੇ ਵਿਦਿਆਰਥੀਆਂ ਦੀ ਅਣਖ ਤੇ ਸਵੈਮਾਨ ਦਾ ਜਿਉਂਦਾ ਜਾਗਦਾ ਪ੍ਰਤੀਕ ਸੀ ਸਾਡਾ ਪ੍ਰਿਥੀ। ਉਹਦੀ ਅਗਵਾਈ ਵਿੱਚ ਹੀ ਪੀ. ਐਸ. ਯੂ. ਨੇ ਵਿਦਿਆਰਥੀ ਮੰਗਾਂ ਲਈ ਦਲੇਰਾਨਾ ਸੰਘਰਸ਼ ਲੜੇ ਤੇ ਜਿੱਤੇ। ਹਰ ਤਰ੍ਹਾਂ ਦੀ ਗੁੰਡਾਗਰਦੀ ਦਾ ਮੂੰਹ ਤੋੜ ਜੁਆਬ ਦਿੱਤਾ। ਪੁਲਸੀ ਜਬਰ ਦਾ ਮੂੰਹ ਭੰਨਿਆ। ਹੰਕਾਰੇ ਵਿਦਿਅਕ ਅਧਿਕਾਰੀਆਂ ਦੀਆਂ ਗੋਡਣੀਆਂ ਲੁਆਈਆਂ। ਇਸ ਸਭ ਕਾਸੇ ਕਰਕੇ ਹੀ ਅੱਜ ਅਸੀਂ ਅਣਖ ਤੇ ਸਵੈਮਾਨ ਨਾਲ ਜਿਉਣ ਦੇ ਯੋਗ ਹੋਏ ਹਾਂ। ਕਾਲਜਾਂ ਯੂਨੀਵਰਸਿਟੀਆਂ ਵਿੱਚ ਆਪਣੀ ਆਜ਼ਾਦ ਹਸਤੀ ਬਰਕਰਾਰ ਰੱਖਣ ਦੇ ਯੋਗ ਹੋਏ ਹਾਂ। ਇਸ ਸਭ ਕਾਸੇ ਕਰਕੇ ਹੀ ਅਸੀਂ ਆਪਣੇ ਵਿਦਿਆਰਥੀ ਜੀਵਨ ਨੂੰ ਚੰਗੇਰਾ ਬਣਾਉਣ ਲਈ ਬੇਅੰਤ ਰਿਆਇਤਾਂ ਅਤੇ ਖੁੱਲਾਂ ਹਾਸਲ ਕਰ ਸਕੇ ਹਾਂ।'







HOMELIFE HIGHER STANDARDS
HOMELIFE SILVERCITY REALTY INC.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call Protect your family
Call: 416.209.6363
Hardeep Atwal
Sr. Financial Advisor



DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator




Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਪੁਸਤਕ 'ਦਾਸਤਾਨ-ਏ-ਕੌਮ ਪੰਜਾਬੀ' ਲੋਕ ਅਰਪਣ ਅਤੇ ਵਿਚਾਰ-ਚਰਚਾ ਸਮਾਗਮ














ਟੋਰਾਂਟੋ, (ਸਰੋਕਾਰਾਂ ਦੀ ਆਵਾਜ਼ ਬਿਊਰੋ) ਸਕਾਰਬਰੋ (ਟਾਰਾਂਟੋ) ਵਿਖੇ ਅਗਾਂਹਵਧੂ ਦੋਸਤਾਂ-ਮਿੱਤਰਾਂ ਦੀ ਸੱਥ ਵਲੋਂ ਇੱਕ ਸਮਾਗਮ ਕੀਤਾ ਗਿਆ, ਜਿਸ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਬਕਾ ਆਗੂ ਅਤੇ ਜਾਣੀ-ਪਛਾਣੀ ਇਨਕਲਾਬੀ ਸਖਸ਼ੀਅਤ ਗੁਰਤੇਜ ਸਿੰਘ ਖੋਖਰ ਦੀ ਰਚਨਾ 'ਦਾਸਤਾਨ-ਏ-ਕੌਮ ਪੰਜਾਬੀ' ਲੋਕ ਅਰਪਣ ਕੀਤੀ ਗਈ। ਨਛੱਤਰ ਸਿੰਘ ਬਦੇਸਾ ਵਲੋਂ ਗੁਰਤੇਜ ਸਿੰਘ ਖੋਖਰ ਦੇ ਵਿਦਿਆਰਥੀ ਜੀਵਨ ਤੋਂ ਲੈਕੇ ਅੱਜ ਤੱਕ ਤਹਿ ਕੀਤੇ ਇਨਕਲਾਬੀ ਸਫਰ-ਮਾਰਗ ਸੰਬੰਧੀ ਬਹੁਤ ਹੀ ਸੰਖੇਪ ਸ਼ਬਦਾਂ 'ਚ ਚਾਨਣਾ ਪਾਇਆ ਗਿਆ। ਉਸ ਉਪਰੰਤ ਕਿਤਾਬ ਸਬੰਧੀ ਤਰਕਸ਼ੀਲ ਸੋਸਾਇਟੀ ਕੈਨੇਡਾ ਡਾ. ਬਲਜਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਪੰਜਾਬ ਦੀ ਤਰਾਸਦੀ ਦੇ ਵੱਖ ਵੱਖ ਪਹਿਲੂਆਂ ਨੂੰ ਪੁਸਤਕ ਵਿਚ ਵਿਚਾਰਿਆ ਗਿਆ। ਕੈਨੇਡਾ ਵਿਚ ਪੰਜਾਬੀ ਦੇ ਪ੍ਰਸਿੱਧ ਅਖ਼ਬਾਰ 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ ਸੰਪਾਦਕ ਹਰਬੰਸ ਸਿੰਘ ਵਲੋਂ ਲਿਖਤੀ ਰੂਪ 'ਚ ਪੁਸਤਕ ਸੰਬੰਧੀ ਪੇਪਰ ਪੇਸ਼ ਕੀਤਾ ਗਿਆ ਜਿਸ ਵਿਚ ਉਨ੍ਹਾਂ ਜਿਥੇ ਕਿਤਾਬ ਵਿਚ ਪੰਜਾਬ ਦੀ ਚਾਲੀ ਸਾਲਾਂ ਦੀ ਸਿਆਸੀ ਤਰਾਸਦੀ ਅਤੇ ਅਣਸੁਲਝੇ ਪੰਜਾਬ ਦੇ ਸਵਾਲਾਂ ਨੂੰ ਮੁੜ ਵਿਚਾਰਨ ਲਈ ਇਸ ਪੁਸਤਕ ਨੂੰ ਜੀ ਆਇਆਂ ਕਿਹਾ। ਦੋਵਾਂ ਵਕਤਿਆਂ ਨੇ ਬਹੁਤ ਹੀ ਨੀਝ ਅਤੇ ਸਪਸ਼ਟਤਾ ਨਾਲ ਪੁਸਤਕ ਦੀਆਂ ਵੱਖ ਵੱਖ ਲਿਖਤਾਂ ਦੇ ਵਿਸ਼ਾ-ਵਸਤੂ ਅਤੇ ਉਭਰਵੇਂ ਪੱਖਾਂ ਬਾਰੇ ਆਪਣੇ ਕੀਮਤੀ ਵਿਚਾਰ ਰੱਖੇ ਗਏ। ਤਰਕਸ਼ੀਲ ਆਗੂ ਬਲਵਿੰਦਰ ਸਿੰਘ ਬਰਨਾਲਾ ਨੇ ਪੰਜਾਬ ਦੇ ਪਾਣੀਆਂ ਅਤੇ ਹੋਰ ਅੱਤਵਾਦ ਦੇ ਦੌਰਾਨ ਵਾਪਰੀਆਂ ਦਰਦਨਾਕ ਘਟਨਾਵਾਂ ਦਾ ਜ਼ਿਕਰ ਕੀਤਾ। ਉਸ ਉਪਰੰਤ ਲੇਖਕ ਵਲੋਂ ਤਿੰਨੋਂ ਸੂਝਵਾਨ ਸਾਥੀਆਂ ਵਲੋਂ ਪੇਸ਼ ਕੀਤੀ ਵਿਚਾਰ-ਚਰਚਾ ਦਾ ਦਿਲੋਂ ਸੁਆਗਤ ਕਰਦਿਆਂ, ਵਿਚਾਰ-ਚਰਚਾ ਨੂੰ ਸਮੇਟਿਆ ਗਿਆ।

ਸਟੇਜ ਸਕੱਤਰ ਦੀ ਕਾਰਵਾਈ ਅਮਰਜੀਤ ਸਿੰਘ ਚਾਹਲ ਵਲੋਂ ਬਾਖੂਬੀ ਨਿਭਾਈ ਗਈ। ਪ੍ਰਜ਼ੀਡੀਅਮ ਵਿਚ ਸੁਰਜੀਤ ਸਿੰਘ ਭੁੱਲਰ, ਪਰਮਿੰਦਰ ਸਵੈਚ, ਗੁਰਤੇਜ ਖੋਖਰ, ਹਰਬੰਸ ਸਿੰਘ ਅਤੇ ਡਾ. ਬਲਜਿੰਦਰ ਸੇਖੋਂ ਸਨ। ਸੋਹਣ ਸਿੰਘ ਢੀਂਡਸਾ ਵਲੋਂ ਹਾਜ਼ਰ ਦੋਸਤਾਂ-ਮਿੱਤਰਾਂ ਦਾ ਸਮਾਗਮ 'ਚ ਹਾਜ਼ਰ ਹੋਣ ਲਈ ਧੰਨਵਾਦ ਕੀਤਾ। ਵਿਸ਼ੇਸ਼ ਕਰਕੇ ਸੋਹਣ ਸਿੰਘ ਢੀਂਡਸਾ, ਜਸਬੀਰ ਸਿੰਘ ਚਾਹਲ ਅਤੇ ਨਛੱਤਰ ਸਿੰਘ ਬਧੇਛਾ ਦਾ ਸ਼ੁਕਰੀਆ ਅਦਾ ਕਰਦਿਆਂ, ਸਭਨਾਂ ਹਾਜ਼ਰ ਸ਼ਖਸੀਅਤਾਂ ਧੰਨਵਾਦ ਕੀਤਾ ਗਿਆ। ਸਮਾਗਮ ਵਿਚ ਹੋਰ ਸ਼ਖਸੀਅਤਾਂ ਅਮਰ ਸਹੋਤਾ, ਬਿੱਕਰ ਖੈਰਾ ਅਤੇ ਪ੍ਰੇਮ ਭਾਮਰਾ, ਵੈਨਕੂਵਰ ਤੋਂ ਪਰਮਿੰਦਰ ਸਵੈਚ ਅਤੇ ਵਿੱਨੀਪੈਗ ਤੋਂ ਜਸਬੀਰ ਮੰਗੂਵਾਲ ਨੂੰ ਸਮਾਗਮ 'ਚ ਪੁੱਜਣ ਲਈ ਧੰਨਵਾਦੀ ਸ਼ਬਦ ਕਹੇ ਗਏ। ਸਮਾਗਮ ਨੂੰ ਆਯੋਜਿਤ ਕਰਨ ਵਿਚ ਸੋਹਣ ਸਿੰਘ ਢੀਂਡਸਾ, ਜਸਬੀਰ ਸਿੰਘ ਚਾਹਲ ਅਤੇ ਨਛੱਤਰ ਸਿੰਘ ਬਦੇਸਾ ਦਾ ਵਿਸ਼ੇਸ਼ ਧੰਨਵਾਦ ਕੀਤਾ।













# ਅੱਤਵਾਦੀ ਤੇ ਸੇਵਾ ਭਾਵਨਾ ਵਾਲੇ ਕਿਰਤੀ ਸਿੱਖ !

**ਹਰਚਰਨ ਸਿੰਘ ਪ੍ਰਹਾਰ**

ਪੋਸਟ ਨਾਲ ਸਾਂਝੀ ਕੀਤੀ ਜਾ ਰਹੀ ਫੋਟੋ ਸੋਸ਼ਲ ਮੀਡੀਆ ਤੇ ਵੱਖ-ਵੱਖ ਥਾਵਾਂ ਤੇ ਦੇਖਣ ਨੂੰ ਮਿਲ ਰਹੀ ਹੈ। ਜਿਸ ਵਿੱਚ ਆਮ ਕਿਰਤੀ ਸਿੱਖ ਹੜ੍ਹ ਪੀੜਤਾਂ ਦੀ ਲੰਗਰਾਂ ਨਾਲ ਮੱਦਦ ਕਰ ਰਹੇ ਹਨ।

ਅਜਿਹੀਆਂ ਪੋਸਟਾਂ ਪਾ ਕੇ ਬਹੁਤ ਸਾਰੇ ਸੂਝਵਾਨ ਵਿਅਕਤੀ ਵੀ ਅੱਤਵਾਦੀ, ਵੱਖਵਾਦੀ, ਫਿਰਕੂ, ਕੱਟੜਵਾਦੀ ਲੋਕਾਂ ਨੂੰ ਆਮ ਸਿੱਖਾਂ ਨਾਲ ਰਲਾ ਰਹੇ ਹਨ, ਜੋ ਸ਼ਰਧਾ ਨਾਲ ਹਮੇਸ਼ਾਂ ਮਨੁੱਖਤਾ ਦੀ ਸੇਵਾ ਕਰਦੇ ਹਨ। ਅਜਿਹਾ ਪਹਿਲੀ ਵਾਰ ਨਹੀਂ ਹੋ ਰਿਹਾ। ਇਹ ਜਜ਼ਬਾਤੀ ਰੁਝਾਨ ਅਕਸਰ ਦੇਖਣ ਨੂੰ ਮਿਲਦਾ ਹੈ।

ਜੋ ਅੱਤਵਾਦੀ, ਵੱਖਵਾਦੀ, ਫਿਰਕਾਪ੍ਰਸਤ, ਕੱਟੜਵਾਦੀ, ਜਰਾਇਮਪੇਸ਼ਾ, ਗੁੰਡੇ ਬਦਮਾਸ਼ ਲੋਕ ਹਨ, ਉਨ੍ਹਾਂ ਨੂੰ ਉਹੀ ਕੁਝ ਕਿਹਾ ਜਾਣਾ, ਜੋ ਉਨ੍ਹਾਂ ਦੀਆਂ ਕਰਤੂਤਾਂ ਹਨ।

ਪਰ ਅਜਿਹੀਆਂ ਪੋਸਟਾਂ ਨਾਲ ਅਸੀਂ ਆਮ ਕਿਰਤੀ ਸਿੱਖਾਂ ਦੀ ਸੇਵਾ ਭਾਵਨਾ ਨੂੰ ਵਰਤ ਕੇ ਅੱਤਵਾਦੀਆਂ ਦੇ ਕਾਰਨਾਮਿਆਂ ਨੂੰ ਜਾਇਜ਼ ਠਹਿਰਾਉਣ ਦੀ ਕੁਸ਼ੇਟਤਾ ਕਰਦੇ ਹਾਂ। ਜਿਸਦਾ ਜਰਾਇਮਪੇਸ਼ਾ ਲੋਕ ਗੁਰਦੁਆਰਿਆਂ ਤੇ ਕਬਜ਼ੇ ਕਰਨ ਤੇ ਪ੍ਰਚਾਰਕਾਂ, ਵਿਦਵਾਨਾਂ ਤੇ ਹਮਲੇ ਕਰਨ ਲਈ ਵਰਤਦੇ ਹਨ।

ਸਾਨੂੰ ਅਜਿਹੇ ਮੌਕਿਆਂ ਤੇ ਅਸਲੀ ਕਿਰਤੀ ਸਿੱਖਾਂ ਅਤੇ ਮੌਕਾਪ੍ਰਸਤ ਤੇ ਜਰਾਗਿਮਪੇਸ਼ਾ ਲੋਕਾਂ ਦੇ ਫ਼ਰਕ ਨੂੰ ਨਾ ਸਿਰਫ ਦੁਨੀਆਂ ਅੱਗੇ ਸਪੱਸ਼ਟ ਨਿਖੇੜਾ ਕਰਨਾ ਚਾਹੀਦਾ ਹੈ, ਸਗੋਂ ਆਮ ਲੋਕਾਂ ਵਲੋ ਸਿੱਖਾਂ ਦੇ ਅਕਸ ਸੰਵਾਰਨ ਵਾਲੇ ਕੰਮਾਂ ਨੂੰ ਅਜਿਹੇ ਕਬਜਾਧਾਰੀ ਲੋਕਾਂ ਵਲੋ ਵਰਤੇ ਜਾਣ ਤੋਂ ਰੋਕਣ ਲਈ ਸੁਚੇਤ ਰਹਿਣਾ ਚਾਹੀਦਾ ਹੈ। ਜੇ ਕੋਈ ਵਿਅਕਤੀ ਜਾਂ ਗਰੁੱਪ ਕਿਸੇ ਵੀ ਦੇਸ਼ ਦੇ ਕਨੂੰਨ ਵਿਰੁੱਧ ਗੈਰ ਕਨੂੰਨੀ ਗਤੀਵਿਧੀਆਂ ਕਰਦਾ ਹੈ, ਜਾਂ ਕਿਸੇ ਵਿਅਕਤੀ ਦਾ ਧਰਮ ਦੇ ਨਾਮ ਤੇ ਕਤਲ ਕਰਦਾ ਹੈ ਜਾਂ ਹਮਲਾ ਕਰਦਾ ਹੈ ਤਾਂ ਉਸਨੂੰ ਧਰਮੀ ਜਾਂ ਯੋਧਾ ਨਹੀਂ, ਸਗੋਂ ਮੁਜਰਿਮ ਹੀ ਸਮਝਣਾ ਚਾਹੀਦਾ ਹੈ।

ਜੇ ਕੋਈ ਧਰਮ ਜਾਂ ਰਾਜਨੀਤੀ ਦੀ ਆੜ ਵਿੱਚ ਹਿੰਸਾ ਜਾਂ ਦਹਿਸ਼ਤ ਫੈਲਾਉਂਦਾ ਹੈ ਤਾਂ ਉਸਨੂੰ ਅੱਤਵਾਦੀ ਹੀ ਕਿਹਾ ਜਾਵੇਗਾ। ਅਜਿਹੀਆਂ ਕਾਰਵਾਈਆਂ ਨੂੰ ਆਮ ਸਿੱਖਾਂ ਦੇ ਮਨੁੱਖਤਾਵਾਦੀ ਕੰਮਾਂ ਨਾਲ ਨਹੀ ਜੋੜਿਆ ਜਾਣਾ ਚਾਹੀਦਾ। ਜੇ ਕੋਈ ਜੋੜਦਾ ਹੈ ਤਾਂ ਉਹ ਸਿੱਖ ਕਮਿਊਨਿਟੀ ਦਾ ਹੀ ਨੁਕਸਾਨ ਹੁੰਦਾ ਹੈ।

ਦੇਸ਼-ਵਿਦੇਸ਼ ਦੀਆਂ ਸਰਕਾਰਾਂ ਜਾਂ ਦੂਜੇ ਧਰਮਾਂ ਦੇ ਲੋਕ ਸਿੱਖਾਂ ਦੀ ਬਹਾਦਰੀ, ਸਖ਼ਤ ਮਿਹਨਤ, ਲੰਗਰ ਲਗਾਉਣ, ਸੇਵਾ ਕਰਨ, ਦਾਨ ਕਰਨ ਅਤੇ ਖੁੱਲ੍ਹੇ ਡੁੱਲੇ ਸੁਭਾਅ ਦੇ ਹਮੇਸ਼ਾਂ ਕਾਇਲ ਹੁੰਦੇ ਹਨ ਤੇ ਇਸਦੀ ਹਮੇਸ਼ਾਂ ਸਰਾਹਨਾ ਕਰਦੇ ਹਨ। ਪਰ ਜਦੋਂ ਇਹੀ ਲੋਕ ਜਾਂ ਸਰਕਾਰਾਂ ਕੁਝ ਹਿੰਸਕ, ਕੱਟੜਵਾਦੀ, ਬੁਰਛਾਗਰਦ ਟੋਲਿਆਂ ਦੀਆਂ ਸਮਾਜ ਵਿਰੋਧੀ, ਗੈਰ ਕਨੂੰਨੀ ਤੇ ਮਨੁੱਖਤਾ ਵਿਰੋਧੀ ਕਾਰਵਾਈਆਂ ਦੀ ਨਿਖੇਧੀ ਕਰਦੀਆਂ ਹਨ, ਉਨ੍ਹਾਂ ਤੇ ਕੋਈ ਐਕਸ਼ਨ ਲੈਣ ਦੀ ਕੋਸ਼ਿਸ਼ ਕਰਦੀਆਂ ਹਨ ਤਾਂ ਇਹ ਲੋਕ ਬੜੀ ਉੱਚੀ ਸੁਰ ਵਿੱਚ ਇਸਨੂੰ ਸਿੱਖਾਂ ਵਿਰੁੱਧ ਮਸਲਾ ਬਣਾ ਦਿੰਦੀਆਂ ਹਨ ਅਤੇ ਆਮ ਲੋਕ ਜਾਂ ਤੇ ਚੁੱਪ ਰਹਿ ਜਾਂਦੇ ਹਨ ਅਤੇ ਜਾਂ ਫਿਰ ਜਜ਼ਬਾਤੀ ਹੋ ਕੇ ਇਨ੍ਹਾਂ ਦੀ ਹਾਂ ਵਿੱਚ ਹਾਂ ਮਿਲਾਉਣ ਲੱਗਦੇ ਜਨ, ਜਿਵੇਂ ਨਾਲ ਲਾਈ ਜਾ ਰਹੀ ਤਸਵੀਰ ਰਾਹੀਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਆ ਗਏ ਲੰਗਰ ਲਗਾਉਣ ਵਾਲੇ ਅੱਤਵਾਦੀ। ਜਦਕਿ ਲੰਗਰ ਲਗਾਉਣ, ਸੇਵਾ ਕਰਨ, ਦਾਨ ਕਰਨ ਵਾਲੀਆਂ ਦਾ ਇਨ੍ਹਾਂ ਨਾਲ ਕੋਈ ਸਬੰਧ ਨਹੀ ਹੁੰਦਾ। ਸਾਨੂੰ ਅਜਿਹੇ ਮੌਕਿਆਂ ਤੇ ਗੁੰਮਰਾਹ ਹੋਣ ਦੀ ਥਾਂ ਕੀ ਸੱਚ ਪਹਿਚਾਨਣ ਦੀ ਲੋੜ ਨਹੀਂ ।

















ਸਾਡੇ ਸਮਿਆਂ ਦੀ ਤਰਾਸਦੀ

# ਗੈਰ ਮਾਨਵੀ ਦੌਰ ’ਚ



ਨਵਸ਼ਰਨ
98101-71808

“ਇਥੇ ਅਜਿਹੀਆਂ ਸੌ ਐਫਆਈਆਰ ਹਨ। ਅਸੀਂ ਕੋਈ ਇਲਜ਼ਾਮ ਸੁਣਨਾ ਨਹੀਂ ਚਾਹੁੰਦੇ। ਇਸ ਤਰ੍ਹਾਂ ਦੇ ਸੈਂਕੜੇ ਮਾਮਲੇ ਸਾਹਮਣੇ ਆਏ ਹਨ, ਇਸੇ ਲਈ ਅਸੀਂ ਇੰਟਰਨੈੱਟ ’ਤੇ ਪਾਬੰਦੀ ਲਗਾਈ ਹੋਈ ਹੈ।” ਮਨੀਪੁਰ ਦੇ ਮੁੱਖ ਮੰਤਰੀ ਬੀਰੇਨ ਸਿੰਘ ਨੇ ਕੁਕੀ ਔਰਤਾਂ ਨੂੰ ਨਿਰਵਸਤਰ ਕਰ ਕੇ ਘਸੀਟਣ ਦੀ ਵੀਡੀਓ ਟੀਵੀ ਚੈਨਲਾਂ ’ਤੇ ਆਉਣ ਦੇ ਜਵਾਬ ਵਿਚ ਇਹ ਸ਼ਬਦ ਕਹੇ। ਇਹ ਘਟਨਾ 4 ਮਈ 2023 ਨੂੰ ਮਨੀਪੁਰ ਵਿਚ ਹੋਈ। ਇਨ੍ਹਾਂ ਔਰਤਾਂ ਵਿਚੋਂ ਸਭ ਤੋਂ ਛੋਟੀ 21 ਸਾਲਾ ਔਰਤ ਨਾਲ ਸਮੂਹਿਕ ਜਬਰ ਜਨਾਹ ਕੀਤਾ ਗਿਆ। ਉਸ ਦੇ ਪਿਤਾ ਅਤੇ 19 ਸਾਲਾ ਭਰਾ ਦੀ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਕਾਂਗਪੋਕਪੀ ਜਿ ?ਲ੍ਹੇ ਵਿਚ ਵਾਪਰੀ ਜਦੋਂ ਇਹ ਕੁਕੀ ਘੱਟਗਿਣਤੀ ਫਿ ?ਰਕੇ ਦੇ ਲੋਕ ਭੀੜ ਤੋਂ ਬਚਣ ਲਈ ਪੁਲੀਸ ਦੀ ਹਾਜ਼ਰੀ ਵਿਚ ਸੁਰੱਖਿਅਤ ਥਾਂ ’ਤੇ ਜਾਣ ਦੀ ਕੋਸ਼ਿਸ਼ ਕਰ ਰਹੇ ਸਨ।

ਇਸ ਵੀਡੀਓ ਦੇ ਆਉਣ ਤੋਂ ਬਾਅਦ ਔਰਤਾਂ ਨਾਲ ਜਿਨਸੀ ਸ਼ੋਸ਼ਣ ਦੀਆਂ ਹੋਰ ਘਟਨਾਵਾਂ ਵੀ ਸਾਹਮਣੇ ਆ ਰਹੀਆਂ ਹਨ। ਕੁਝ ਸੰਵੇਦਨਸ਼ੀਲ ਪੱਤਰਕਾਰਾਂ ਨੇ ਮਨੀਪੁਰ ਜਾ ਕੇ ਪੀੜਤ ਔਰਤਾਂ ਨਾਲ ਮੁਲਾਕਾਤਾਂ ਕੀਤੀਆਂ। ਵਾਇਰਲ ਹੋਈ ਵੀਡੀਓ ਵਿਚ ਮਰਦ ਔਰਤਾਂ ਨੂੰ ਘੇਰਦੇ ਹੋਏ ਦਿਖਾਈ ਦਿੱਤੇ ਅਤੇ ਉਨ੍ਹਾਂ ਦੇ ਆਲੇ-ਦੁਆਲੇ ਕੁਝ ਰਾਹਗੀਰ ਵੀ ਭੀੜ ਦਾ ਹਿੱਸਾ ਸਨ। ਪੀੜਤ ਔਰਤਾਂ ਨਾਲ ਗੱਲਬਾਤ ’ਤੇ ਆਧਾਰਿਤ ਨਵੀਆਂ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਹਿੰਸਕ ਭੀੜ ਵਿਚ ਦੂਸਰੇ ਫਿਰਕੇ ਦੀਆਂ ਔਰਤਾਂ ਵੀ ਸ਼ਾਮਿਲ ਸਨ। ਰਾਜ ਦੀ ਪੁਲੀਸ ਇਸ ਜਿਨਸੀ ਹਿੰਸਾ ਨੂੰ ਅੰਜਾਮ ਦੇਣ ਵਾਲੀ ਸਿਰਫ਼ ਭੀੜ ਦੇ ਨਾਲ ਨਾਲ ਸੀ। ਵਾਇਰਲ ਵੀਡੀਓ ਵਿਚਲੀਆਂ ਪੀੜਤ ਔਰਤਾਂ ਨੇ ਦੱਸਿਆ ਹੈ ਕਿ ਉਨ੍ਹਾਂ ਨੂੰ ਭੀੜ ਨੇ ਜ਼ਬਰਦਸਤੀ ਨਹੀਂ ਖੋਹਿਆ ਸੀ ਜਿਵੇਂ ਕੁਝ ਲੋਕ ਦਾਅਵਾ ਕਰ ਰਹੇ ਹਨ ਸਗੋਂ ਪੁਲੀਸ ਨੇ ਔਰਤਾਂ ਨੂੰ ਭੀੜ ਦੇ ਹਵਾਲੇ ਕੀਤਾ।

ਖੁਲਾਸਿਆਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਜਬਰ ਜਨਾਹ ਦੀਆਂ ਪੀੜਤ ਔਰਤਾਂ ਹਸਪਤਾਲਾਂ ਵਿਚ ਇਲਾਜ ਲਈ ਵੀ ਗਈਆਂ ਅਤੇ ਉਨ੍ਹਾਂ ਦੀਆਂ ਮੈਡੀਕਲ ਰਿਪੋਰਟਾਂ ਮੌਜੂਦ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੁਲੀਸ, ਸੂਬਾ ਅਤੇ ਕੇਂਦਰ ਸਰਕਾਰ ਤੇ ਪ੍ਰਸ਼ਾਸਨ ਨੂੰ ਪੂਰੀ ਜਾਣਕਾਰੀ ਸੀ ਕਿ ਪਿਛਲੇ ਦੋ ਮਹੀਨਿਆਂ ਵਿਚ ਬਹੁਤ ਸਾਰੀਆਂ ਔਰਤਾਂ ਨਾਲ ਜਿਨਸੀ ਸ਼ੋਸ਼ਣ ਤੇ ਜਬਰ ਜਨਾਹ ਹੋਇਆ ਹੈ। ਇਸ ਤੋਂ ਇਲਾਵਾ ਜੂਨ 2023 ਦੇ ਅੱਧ ਵਿਚ ਮਨੀਪੁਰ ਦੇ 550 ਚਿੰਤਤ ਨਾਗਰਿਕਾਂ ਨੇ ਬਿਆਨ ਜਾਰੀ ਕਰ ਕੇ ਜਿਨਸੀ ਹਿੰਸਾ ਦੀਆਂ ਵਾਰਦਾਤਾਂ ਦੀ




ਜਾਂਚ ਕਰਨ ਲਈ ਕਿਹਾ ਸੀ। ਦਿੱਲੀ ਤੋਂ ਔਰਤਾਂ ਦੀ ਤੱਥ-ਖੋਜ ਟੀਮ ਨੇ ਜੂਨ 2023 ਦੇ ਅੰਤ ਵਿਚ ਮਨੀਪੁਰ ਦਾ ਦੌਰਾ ਕੀਤਾ ਅਤੇ ਹਿੰਸਾ ਬਾਰੇ ਜਾਣਕਾਰੀ ਦਿੱਤੀ। ਅਪਰਾਧਾਂ ਦੇ ਦੋਸ਼ੀਆਂ ਦੀ ਜਾਂਚ ਕਰਨ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਦੀ ਬਜਾਇ ਮਨੀਪੁਰ ਪੁਲੀਸ ਨੇ ਔਰਤਾਂ ਦੀ ਉਸ ਟੀਮ ਦੇ ਖਿਲਾਫ਼ ਹੀ ਐਫਆਈਆਰ ਦਰਜ ਕਰ ਦਿੱਤੀ ਅਤੇ ਦੋਸ਼ ਲਾਇਆ ਕਿ ਇਹ ਰਾਜ ਤੇ ਰਾਸ਼ਟਰ ਦੇ ਹਿੱਤਾਂ ਦੇ ਵਿਰੁੱਧ ਕੰਮ ਕਰ ਰਹੀ ਹੈ।

3 ਮਈ ਤੋਂ ਸ਼ੁਰੂ ਹੋਈ ਹਿੰਸਾ ਦੇ 80 ਦਿਨਾਂ ਦੇ ਹਾਲਾਤ ਦੌਰਾਨ ਸਰਕਾਰ ਨੇ ਪੂਰੀ ਬੇਰੁਖ਼ੀ ਦਿਖਾਈ। ਮਨੀਪੁਰ ਭਾਂਬੜ ਬਣ ਕੇ ਬਲ ਰਿਹਾ ਸੀ ਪਰ ਪ੍ਰਧਾਨ ਮੰਤਰੀ ਨੇ 80 ਦਿਨਾਂ ਤੱਕ ਇਕ ਸ਼ਬਦ ਵੀ ਨਾ ਬੋਲਿਆ। ਗ੍ਰਹਿ ਮੰਤਰੀ ਨੇ ਮਨੀਪੁਰ ਜਾ ਕੇ ਅਮਨ ਕਾਇਮ ਕਰਨ ਅਤੇ ਵਾਪਸ ਪਰਤਣ ਦਾ ਵਾਅਦਾ ਕੀਤਾ। ਮਨੀਪੁਰ ਵਿਚ ਨਾ ਅਮਨ ਪਰਤਿਆ ਅਤੇ ਨਾ ਹੀ ਗ੍ਰਹਿ ਮੰਤਰੀ। ਸੁਪਰੀਮ ਕੋਰਟ ਨੇ ਮਨੀਪੁਰ ਟਰਾਈਬਲ ਫੋਰਮ ਦੀ ਪਟੀਸ਼ਨ ਜਿਸ ਵਿਚ ਮਨੀਪੁਰ ਆਦਿਵਾਸੀਆਂ ਦੀ ਰੱਖਿਆ ਲਈ ਨਿਰਦੇਸ਼ ਮੰਗੇ ਗਏ ਸਨ, ਨੂੰ ਤੁਰੰਤ ਸੂਚੀਬੱਧ ਕਰਨ ਤੋਂ ਇਹ ਕਹਿੰਦੇ ਹੋਏ ਇਨਕਾਰ ਕਰ ਦਿੱਤਾ ਕਿ ਇਹ ਅਮਨ-ਕਾਨੂੰਨ ਦੀ ਸਥਿਤੀ ਹੈ ਅਤੇ ਅਦਾਲਤ ਨੂੰ ਫ਼ੌਜ ਦੇ ਦਖ਼ਲ ਲਈ ਹੁਕਮ ਦੇਣ ਦੀ ਲੋੜ ਨਹੀਂ ਹੈ। ਸਥਾਨਕ ਔਰਤਾਂ ਦੇ ਸਮੂਹਾਂ ਨੇ ਕੌਮੀ ਮਹਿਲਾ ਕਮਿਸ਼ਨ ਨੂੰ ਕਈ ਦਰਖਾਸਤਾਂ ਦਿੱਤੀਆਂ ਪਰ ਕੋਈ ਜਵਾਬ ਨਾ ਮਿਲਿਆ। ਇੰਟਰਨੈੱਟ ਪਾਬੰਦੀ ਕਾਰਨ ਹਿੰਸਕ ਘਟਨਾਵਾਂ ਦੀਆਂ ਖ਼ਬਰਾਂ ਦੱਬੀਆਂ ਰਹੀਆਂ ਤੇ ‘ਸਥਿਤੀ ਕਾਬੂ ਵਿਚ ਹੈ’ ਦਾ ਬਿਰਤਾਂਤ ਚੱਲਦਾ ਰਿਹਾ।

4 ਮਈ ਨੂੰ ਵਾਪਰੀ ਘਟਨਾ ਦਾ ਵੀਡੀਓ 19 ਜੁਲਾਈ ਨੂੰ ਸਾਹਮਣੇ ਆਇਆ ਤੇ ਦੇਖਦੇ ਹੀ ਦੇਖਦੇ ਦੇਸ ਪਰਦੇਸ ਵਿਚ ਫ਼ੈਲ ਗਿਆ। ਔਰਤਾਂ ’ਤੇ ਅਵਿਸ਼ਵਾਸਯੋਗ ਬੇਰਹਿਮੀ ਅਤੇ ਖੁੱਲ੍ਹੇਆਮ ਤਸ਼ੱਦਦ ਦੀ ਗਵਾਹੀ ਨੇ ਲੋਕਾਂ ਦੀ ਸਮੂਹਿਕ ਜ਼ਮੀਰ ਨੂੰ ਵਲੂੰਧਰ ਦਿੱਤਾ। ਇਹ ਸਿਰਫ਼ ਦੋ ਔਰਤਾਂ ’ਤੇ ਹੋਇਆ ਤਸ਼ੱਦਦ ਨਹੀਂ, ਮਨੁੱਖਤਾ ’ਤੇ ਵਾਰ ਸੀ। ਜਿਨਸੀ ਹਿੰਸਾ ਦਾ ਇਹ ਰੂਪ ਨਫ਼ਰਤ ਵਿਚ ਪਰੁੱਚੇ ਸਾਰੇ ਸਮਾਜ ਦਾ ਅਕਸ ਹੈ ਜਿੱਥੇ ਔਰਤਾਂ ਦੇ ਸਰੀਰਾਂ ਨੂੰ ਜੰਗ ਦਾ ਮੈਦਾਨ ਬਣਾ ਕੇ ਸਮਾਜਿਕ ਅਤੇ ਸਿਆਸੀ ਪ੍ਰਭੂਸੱਤਾ ਦੀ ਇਬਾਰਤ ਲਿਖੀ ਜਾ ਰਹੀ ਸੀ। ਅਪਰਾਧੀਆਂ ਨੇ ਸਾਰੀ ਘਟਨਾ ਨੂੰ ਫਿਲਮਾਇਆ ਅਤੇ ਆਪਣੇ ਜੁਰਮ ਨੂੰ ਟਰਾਫੀ ਦੇ ਰੂਪ ਵਿਚ ਪ੍ਰਦਰਸ਼ਤ ਕੀਤਾ। ਵੀਡੀਓ ਦੇਖ ਕੇ ਭਾਰਤ ਦੇ ਚੀਫ ਜਸਟਿਸ, ਪ੍ਰਧਾਨ ਮੰਤਰੀ, ਰਾਸ਼ਟਰੀ ਮਹਿਲਾ ਕਮਿਸ਼ਨ, ਮੁੱਖ ਮੰਤਰੀ ਅਤੇ ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ, ਹਰ ਕੋਈ ਬੋਲ ਉਠਿਆ ਕਿ ਮਨੁੱਖਤਾ ਸ਼ਰਮਸਾਰ ਹੋਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮਨੀਪੁਰ ਵਿਚ ਔਰਤਾਂ ਦੀ ਨੰਗੀ ਪਰੇਡ ਦੀ ਘਟਨਾ ਨੇ 140 ਕਰੋੜ ਭਾਰਤੀਆਂ ਨੂੰ ਸ਼ਰਮਿੰਦਾ ਕੀਤਾ ਹੈ; ਉਨ੍ਹਾਂ ਕਿਹਾ, “ਮੇਰਾ ਦਿਲ ਦਰਦ ਅਤੇ ਗੁੱਸੇ ਨਾਲ ਭਰਿਆ ਹੋਇਆ ਹੈ। ਮੈਂ ਦੇਸ਼ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਮਨੀਪੁਰ ਦੀਆਂ ਧੀਆਂ ਨਾਲ ਜੋ ਹੋਇਆ ਹੈ, ਉਸ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ।

ਠੀਕ ਉਸੇ ਹੀ ਦਿਨ ਦਿੱਲੀ ਦੀ ਇਕ ਅਦਾਲਤ ਨੇ ਭਾਰਤੀ ਕੁਸ਼ਤੀ ਮਹਾਸੰਘ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਜ਼ਮਾਨਤ ਦੇ ਦਿੱਤੀ। ਇਹ ਮਾਮਲਾ ਦੇਸ ਦੀਆਂ ਚੋਟੀ ਦੀਆਂ ਪਹਿਲਵਾਨ ਧੀਆਂ ਨੇ ਦਾਇਰ ਕੀਤਾ ਸੀ। ਪਹਿਲਵਾਨ ਧੀਆਂ ਹਫ਼ਤਿਆਂ ਬੱਧੀ ਸੜਕਾਂ ’ਤੇ ਰੁਲ ?ਿਆਂ ਸਨ, ਇਹ ਕਹਿੰਦੇ ਹੋਏ ਕਿ ਨਿਆਂ ਦਿਓ। ਉਸੇ ਹੀ ਦਿਨ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਜੋ ਡੇਰੇ ਦੀਆਂ ਦੋ ਔਰਤਾਂ ਨਾਲ ਜਬਰ ਜਨਾਹ ਦੇ ਦੋਸ਼ ਵਿਚ 20 ਸਾਲ ਦੀ ਕੈਦ ਦੀ ਸਜ਼ਾ ਕੱਟ ਰਿਹਾ ਹੈ, ਇਸ ਸਾਲ ਦੂਜੀ ਵਾਰ, 30 ਦਿਨਾਂ ਦੀ ਪੈਰੋਲ ’ਤੇ ਬਾਹਰ ਆਇਆ। ਇਸੇ ਹੀ ਦਿਨ ਸੁਪਰੀਮ ਕੋਰਟ ਨੇ ਬਿਲਕੀਸ ਬਾਨੋ ਦੀ ਅਪੀਲ ਜੋ ਉਸ ਨਾਲ ਹੋਏ ਜਬਰ ਜਨਾਹ ਤੇ ਉਸ ਦੀ ਧੀ ਤੇ ਪਰਿਵਾਰ ਦੇ ਜੀਆਂ ਦੇ ਕਤਲ ਦੇ 11 ਦੋਸ਼ੀਆਂ ਨੂੰ ਸਜ਼ਾ ਪੂਰੀ ਕੀਤੇ ਬਿਨਾਂ ਰਿਹਾਅ ਕੀਤੇ ਜਾਣ ਨੂੰ ਚੁਣੌਤੀ ਦਿੰਦੀ ਸੀ, ਨੂੰ ਹੋਰ ਅੱਗੇ ਪਾ ਦਿੱਤਾ।

ਮਨੀਪੁਰ ਵਿਚ ਸਮੂਹਿਕ ਹਿੰਸਾ ਹੋ ਰਹੀ ਹੈ। ਅਜਿਹੀ ਹਿੰਸਾ ਵਿਚ ਨਿਆਂ ਦੇ ਕੀ ਅਰਥ ਹਨ ? ਮਨੀਪੁਰ ਅਤੇ ਉੱਤਰ-ਪੂਰਬ ਦੇ ਕਈ ਦੂਜੇ ਸੂਬੇ ਇਕ ਖ਼ਾਸ ਤਰ੍ਹਾਂ ਦੇ ਹਾਲਾਤ ਹਨ ਜਿਨ੍ਹਾਂ ਦੇ ਅੰਦਰਲੇ ਟਕਰਾਅ ਨੂੰ ਸਰਕਾਰਾਂ ਨੇ ਵਰਤਿਆ ਹੈ ਪਰ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਖੇਤਰ ਦਾ ਫ਼ੌਜੀਕਰਨ ਕੀਤਾ ਗਿਆ ਹੈ। ਮਨੀਪੁਰ ਦਾ ਪੂਰਾ ਰਾਜ ਲੰਮੇ ਸਮੇਂ ਤੋਂ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ (ਅਫਸਪਾ) ਦੇ ਅਧੀਨ ਸੀ। ਪਿਛਲੇ ਸਾਲ ਕੇਂਦਰ ਸਰਕਾਰ ਨੇ ‘ਸੁਰੱਖਿਆ ਸਥਿਤੀ ਵਿਚ ਸੁਧਾਰ’ ਦਾ ਦਾਅਵਾ ਕਰਦੇ ਹੋਏ ਹਥਿਆਰਬੰਦ ਬਲਾਂ ਦੇ ਵਿਸ਼ੇਸ਼ ਅਧਿਕਾਰ ਐਕਟ ਦੇ ਤਹਿਤ ‘ਅਸ਼ਾਂਤ ਖੇਤਰ’ ਦਾ ਦਰਜਾ ਇੰਫ਼ਾਲ ਦੇ ਛੇ ਜਿ ?ਲ੍ਹਿਆਂ ਦੇ 15 ਥਾਣਿਆਂ ਤੋਂ ਵਾਪਸ ਲੈ ਲਿਆ ਸੀ। ਜਿ ?ਕਰਯੋਗ ਹੈ ਕਿ ਜਿਨ੍ਹਾਂ ਥਾਣਿਆਂ ਤੋਂ ਅਫਸਪਾ ਵਾਪਸ ਲਿਆ ਗਿਆ ਸੀ, ਉਹ ਸਾਰੇ ਥਾਣੇ ਘਾਟੀ ਵਿਚ ਸਥਿਤ ਹਨ ਜਿੱਥੇ ਪ੍ਰਮੁੱਖ ਬਹੁਗਿਣਤੀ ਮੈਤੇਈ ਆਬਾਦੀ ਰਹਿੰਦੀ ਹੈ।

ਮਨੀਪੁਰ ਦਾ ਮੌਜੂਦਾ ਟਕਰਾਅ ਜ਼ਮੀਨ ਦੇ ਸਵਾਲ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਇਸ ਸਾਲ ਦੇ ਸ਼ੁਰੂ ਵਿਚ ਸਰਕਾਰ ਵਲੋਂ ਕਈ ਪਹਾੜੀ ਖੇਤਰਾਂ ਨੂੰ ‘ਰਾਖਵੇਂ ਜੰਗਲ’, ‘ਸੁਰੱਖਿਅਤ ਜੰਗਲ’ ਐਲਾਨ ਦਿੱਤਾ ਗਿਆ। ਸੈਂਕੜੇ ਕੁਕੀ ਆਦਿਵਾਸੀਆਂ ਨੂੰ ਉਨ੍ਹਾਂ ਦੀ ਵਸੋਂ ਵਾਲੀ ਰਵਾਇਤ ਭੋਂਇੰ-ਟੋਟਿਆਂ ਤੋਂ ਹਟਾਉਣ ਦੇ ਖ਼ਦਸ਼ੇ ਪੈਦਾ ਹੋਏ। ਸਰਕਾਰ ਨੇ ਕਈ ਹੋਰ ਆਦੇਸ਼ ਦਿੱਤੇ ਜਿਨ੍ਹਾਂ ਦਾ ਸਾਫ਼ ਮਕਸਦ ਕੁਕੀ ਆਦਿਵਾਸੀਆਂ ਦਾ ਉਨ੍ਹਾਂ ਦੀ ਜ਼ਮੀਨ ’ਤੇ ਹੱਕ ਘਟਾਉਣਾ ਸੀ। ਕੁਕੀ ਲੋਕ ਜ਼ਿਆਦਾਤਰ ਪਹਾੜੀਆਂ ਵਿਚ ਰਹਿੰਦੇ ਹਨ। ਇਨ੍ਹਾਂ ਪਹਾੜੀਆਂ ਤੇ ਜੰਗਲਾਂ ਨੂੰ ਕਬਾਇਲੀ ਲੋਕਾਂ (ਮਨੀਪੁਰ ਵਿਚ ਕੁਕੀ ਤੇ ਨਾਗਾ) ਦੀਆਂ ਸਮੂਹਿਕ-ਸਮਾਜਿਕ ਜ਼ਮੀਨਾਂ ਮੰਨਿਆ ਜਾਂਦਾ ਹੈ ਜਿਹੜੀਆਂ ਸਰਕਾਰ ਦੇ ਅਧਿਕਾਰ ਖੇਤਰ ਵਿਚ ਵੀ ਨਹੀਂ ਹਨ। ਸਰਕਾਰ ਨੇ ‘ਰਾਖਵੇਂ ਜੰਗਲ’ ਖੇਤਰਾਂ ਦੇ ਮਨਮਰਜ਼ੀ ਦੇ ਐਲਾਨਾਂ ਅਤੇ ਮੈਤੇਈ ਭਾਈਚਾਰੇ ਨੂੰ ਆਦਿਵਾਸੀ ਦਰਜਾ ਦੇਣ ਦੀ ਪੇਸ਼ਬੰਦੀ ਨਾਲ ਕੁਕੀ/ਆਦਿਵਾਸੀਆਂ ਵਿਚ ਬੇਚੈਨੀ ਵਧੀ। ਅਪਰੈਲ ਤੇ ਮਈ ਦੇ ਸ਼ੁਰੂਆਤੀ ਦਿਨਾਂ ਵਿਚ ਉਨ੍ਹਾਂ ਮੁੱਖ ਮੰਤਰੀ ਨੂੰ ਮੰਗ ਪੱਤਰ ਦਿੱਤੇ ਅਤੇ ਕਈ ਥਾਵਾਂ ’ਤੇ ਇਨ੍ਹਾਂ ਤਰਕੀਬਾਂ ਦਾ ਵਿਰੋਧ ਕੀਤਾ।

ਬਹੁਗਿਣਤੀਵਾਦ ਦਾ ਏਜੰਡਾ ਇੱਥੇ ਵੀ ਵਰਤਿਆ ਗਿਆ ਹੈ। ਅਸਾਮ ਵਿਚ ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਘੁਸਪੈਠ ਦੇ ਨਾਂ ਥੱਲੇ ਮੁਸਲਿਮ ਘੱਟਗਿਣਤੀ ਫਿ ?ਰਕੇ ਵਿਰੁੱਧ ਨਫਰਤੀ ਪ੍ਰਚਾਰ ਹੋਇਆ ਹੈ, ਉਸੇ ਤਰ੍ਹਾਂ ਕੁਕੀ ਲੋਕਾਂ ਨੂੰ ਬਰਮੀ ਘੁਸਪੈਠੀਏ ਅਤੇ ਅਫ਼ੀਮ ਦੀ ਗ਼ੈਰ-ਕਾਨੂੰਨੀ ਖੇਤੀ ਕਰਨ ਵਾਲੇ ਐਲਾਨ ਕੇ ਵੱਡੇ ਪੱਧਰ ’ਤੇ ਭੰਡੀ ਪ੍ਰਚਾਰ ਹੋਇਆ ਹੈ। ਪਿਛਲੇ ਕੁਝ ਸਾਲਾਂ ਵਿਚ ਹਿੰਸਕ ਬਹੁਗਿਣਤੀਵਾਦੀ ਭੀੜਾਂ ਦਾ ਵਰਤਾਰਾ ਉਭਰਿਆ ਹੈ। ਇਹ ਭੀੜ ਕਿਸੇ ਅਪਰਾਧ, ਅਪਰਾਧੀ ਅਤੇ ਸਜ਼ਾ ਨੂੰ ਪਰਿਭਾਸਿ ?ਤ ਕਰਨ ਲਈ ਪੂਰੀ ਤਰ੍ਹਾਂ ਸੁਤੰਤਰ ਹੈ। ਇਸ ਹਿੰਸਕ ਭੀੜ ਵਿਚ ਹੁਣ ਮਰਦ ਹੀ ਨਹੀਂ, ਔਰਤਾਂ ਵੀ ਸ਼ਾਮਿਲ ਹਨ। ਇਹੀ ਉਹ ਭੀੜ ਹੈ ਜਿਸ ਨੇ ਮਨੀਪੁਰੀ ਔਰਤਾਂ ਦਾ ਜਿਨਸੀ ਸ਼ੋਸ਼ਣ ਕੀਤਾ ਤੇ ਤਸੀਹੇ ਦਿੱਤੇ। ਜੇ ਅਸੀਂ ਆਪਣੀ ਮਨੁੱਖਤਾ ਨੂੰ ਜਿਊਂਦਿਆਂ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਸਵਾਲ ਪੁੱਛਣੇ ਚਾਹੀਦੇ ਹਨ, ਸਰਕਾਰ ਤੋਂ ਜਵਾਬਦੇਹੀ ਦੀ ਮੰਗ ਕਰਨੀ ਚਾਹਦਿੀ ਹੈ ਅਤੇ ਨਫ਼ਰਤੀ ਹਿੰਸਾ ਦਾ ਮੁਕਾਬਲਾ ਕਰਨ ਲਈ ਬਹੁਗਿਣਤੀਵਾਦ ਦੇ ਏਜੰਡੇ ਨੂੰ ਸਮਝਣਾ ਪਵੇਗਾ। ਜੇ ਅਸੀਂ ਵਿਰੋਧ ਨਾ ਕੀਤਾ ਤਾਂ ਨਫ਼ਰਤੀ ਭੀੜ ਦੀ ਅੱਗ ਘੱਟਗਿਣਤੀ ਫਿਰਕਿਆਂ, ਆਦਿਵਾਸੀਆਂ ਜਾਂ ਦਲਿਤ ਔਰਤਾਂ ਤਕ ਹੀ ਸੀਮਤ ਨਹੀਂ ਰਹੇਗੀ, ਇਹ ਸਾਡੇ ਸਮਾਜ ਦਾ ਉਹ ਸਭ ਕੁਝ ਖੋਹ ਲਵੇਗੀ ਜਿਸ ਨੂੰ ਅਸੀਂ ਪਿਆਰ ਕਰਦੇ ਹਾਂ।

TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan (Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.
Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK M.A., LLB
Barrister, Solicitor & Notary Public
80 Maritime Ontario Blvd, Unit# 60, Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

KRAFTSMAN ELECTRIC LTD.
K ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

# ...ਸਾਨੂੰ ਚੁੱਪ ਨਹੀਂ ਰਹਿਣਾ ਚਾਹੀਦਾ



ਰਵੀਸ਼ ਕੁਮਾਰ




ਭਾਰਤ ਦੇ ਦਰਸ਼ਕੋ ਅਤੇ ਪਾਠਕੋ,

ਸੰਭਵ ਹੈ ਕਿ ਤੁਹਾਡੇ ਵਿੱਚੋਂ ਬਹੁਤਿਆਂ ਨੇ ਮਣੀਪੁਰ ਦਾ ਉਹ ਵੀਡੀਓ ਨਹੀਂ ਵੇਖਿਆ ਹੋਵੇਗਾ, ਜਿਸ ਵਿੱਚ ਬਹੁਤ ਸਾਰੇ ਮਰਦ ਕੁੱਝ ਔਰਤਾਂ ਨੂੰ ਨੰਗਾ ਕਰਕੇ ਉਨ੍ਹਾਂ ਦੇ ਅੰਗਾਂ ਨੂੰ ਦਬੋਚ ਰਹੇ ਹਨ। ਮਰਦਾਂ ਦੀ ਭੀੜ ਨਿਰਵਸਤਰ ਕਰ ਦਿੱਤੀਆਂ ਗਈਆਂ ਔਰਤਾਂ ਨੂੰ ਫੜ ਕੇ ਲੈ ਜਾ ਰਹੀ ਹੈ। ਭੀੜ ਦੇ ਕਾਤਲ ਹੱਥ ਉਨ੍ਹਾਂ ਔਰਤਾਂ ਦੇ ਜਿਸਮ ਨਾਲ ਖੇਡ ਰਹੇ ਹਨ। ਬੇਬਸ ਔਰਤਾਂ ਰੋਈ ਜਾ ਰਹੀਆਂ ਹਨ। ਮਰਦਾਂ ਦੀ ਭੀੜ ਆਨੰਦ ਲੈ ਰਹੀ ਹੈ। ਸ਼ਾਲੀਨਤਾ ਦੇ ਸਮੂਹਿਕ ਨਿਯਮਾਂ ਦੇ ਤਹਿਤ ਸੋਸ਼ਲ ਮੀਡਿਆ ਦੀਆਂ ਸਾਈਟਾਂ ਜਲਦੀ ਹੀ ਇਸ ਵੀਡੀਓ ਨੂੰ ਰੋਕ ਦੇਣਗੀਆਂ, ਲੇਕਿਨ ਜੋ ਘਟਨਾ ਹੈ ਉਹ ਤਾਂ ਅਸਲੀ ਹੈ। ਉਸਦਾ ਵਿਸਥਾਰ ਤਾਂ ਇਹੀ ਹੈ ਜੋ ਲਿਖਿਆ ਹੈ। ਅਸੀ ਜੋ ਨਹੀਂ ਜਾਣਦੇ ਉਹ ਇਹ ਕਿ ਇਸ ਵੀਡੀਓ ਦੇ ਬਾਅਦ ਉਨ੍ਹਾਂ ਔਰਤਾਂ ਦੇ ਨਾਲ ਕੀ ਹੋਇਆ ਹੋਵੇਗਾ? ਭੀੜ ਉਨ੍ਹਾਂ ਨੂੰ ਕਿੱਥੋਂ ਲੈ ਕੇ ਆ ਰਹੀ ਸੀ, ਕਿੱਥੇ ਲੈ ਕੇ ਜਾ ਰਹੀ ਸੀ। ਉਸ ਵੀਡੀਓ ਵਿੱਚ ਸ਼ੁਰੂ ਅਤੇ ਅੰਤ ਨਹੀਂ ਹੈ, ਥੋੜ੍ਹਾ ਜਿਹਾ ਹਿੱਸਾ ਹੈ, ਉਹ ਵੇਖਿਆ ਨਹੀਂ ਗਿਆ ਲੇਕਿਨ ਕੋਈ ਵੀ ਉਸ ਵੀਡੀਓ ਤੋਂ ਮੂੰਹ ਨਹੀਂ ਮੋੜ ਸਕਦਾ ਹੈ। ਅੱਜ ਤੁਸੀ ਚੁੱਪ ਨਹੀਂ ਰਹਿ ਸਕਦੇ ਹੋ।

ਮਰਦਾਂ ਦੀ ਭੀੜ ਨਾਲ ਘਿਰੀ ਉਨ੍ਹਾਂ ਨਿਰਵਸਤਰ ਔਰਤਾਂ ਲਈ ਅੱਜ ਬੋਲਣਾ ਹੋਵੇਗਾ। ਤੁਸੀ ਜਿੱਥੇ ਵੀ ਹੋ, ਬੋਲੋ। ਬਾਜ਼ਾਰ ਗਏ ਹੋ ਤਾਂ ਉੱਥੇ ਦੁਕਾਨਦਾਰ ਨੂੰ ਬੋਲੋ। ਰਿਕਸ਼ਾ ਵਾਲੇ ਨੂੰ ਬੋਲੋ। ਓਲਾ-ਉਬਰ ਦੇ ਚਾਲਕਾਂ ਨੂੰ ਬੋਲੋ। ਪਿਤਾ ਨੂੰ ਫੋਨ ਕੀਤਾ ਹੈ ਤਾਂ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਇਹੀ ਦੱਸੋ । ਪ੍ਰੇਮਿਕਾ ਦਾ ਫੋਨ ਆਇਆ ਹੈ ਤਾਂ ਸਭ ਤੋਂ ਪਹਿਲਾਂ ਇਹੀ ਦੱਸੋ। ਕਲਾਸ ਰੂਮ ਵਿੱਚ ਹੋ ਤਾਂ ਉੱਥੇ ਖੜੇ ਹੋਕੇ ਆਪਣੇ ਟੀਚਰ ਦੇ ਸਾਹਮਣੇ ਬੋਲੋ, ਕਿਸੇ ਰੇਸਤਰਾਂ ਵਿੱਚ ਦੋਸਤਾਂ ਦੇ ਨਾਲ ਮਸਤੀ ਕਰ ਰਹੇ ਹਨ ਤਾਂ ਉੱਥੇ ਖਾਣਾ ਰੋਕਕੇ ਇਨ੍ਹਾਂ ਔਰਤਾਂ ਲਈ ਬੋਲੋ। ਬੱਸ ਵਿੱਚ ਹੋ, ਟਰੇਨ ਵਿੱਚ ਹੋ, ਏਅਰਪੋਰਟ ਉੱਤੇ ਹੋ ਤਾਂ ਉੱਥੇ ਬੋਲੋ ਕਿ ਮਣੀਪੁਰ ਤੋਂ ਇੱਕ ਅਜਿਹਾ ਵੀਡੀਓ ਵਾਇਰਲ ਹੋਇਆ ਹੈ, ਜਿਸ ਵਿੱਚ ਭੀੜ ਔਰਤਾਂ ਨੂੰ ਨੰਗਾ ਕਰ ਉਨ੍ਹਾਂ ਦੇ ਜਿਸਮ ਨਾਲ ਖੇਡ ਰਹੀ ਹੈ। ਇਹ ਘਟਨਾ ਉਸ ਦੇਸ਼ ਵਿੱਚ ਹੋਈ ਹੈ, ਜੋ ਹਰ ਦਿਨ ਇਹ ਝੂਠ ਦੁਹਰਾਉਂਦਾ ਹੈ ਕਿ ਇੱਥੇ ਨਾਰੀ ਦੀ ਪੂਜਾ ਦੇਵੀ ਦੀ ਤਰ੍ਹਾਂ ਹੁੰਦੀ ਹੈ। ਫਿਰ ਆਪਣੀ ਹੀ ਗੱਡੀ ਦੇ ਪਿੱਛੇ ਧੀ ਬਚਾਓ ਲਿਖਵਾਉਂਦਾ ਹੈ। ਜੇਕਰ ਅੱਜ ਤੁਸੀ ਉਸ ਭੀੜ ਦੇ ਖਿਲਾਫ ਨਹੀਂ ਬੋਲੋਗੇ ਤਾਂ ਉਨ੍ਹਾਂ ਦਾ ਸਰੀਰ, ਉਨ੍ਹਾਂ ਦਾ ਮਨ ਹਮੇਸ਼ਾ ਹਮੇਸ਼ਾ ਲਈ ਨਿਰਵਸਤਰ ਹੋ ਜਾਵੇਗਾ। ਤੁਹਾਡਾ ਨਹੀਂ ਬੋਲਣਾ, ਉਸੇ ਭੀੜ ਵਿੱਚ ਸ਼ਾਮਿਲ ਕਰਦਾ ਹੈ। ਉਸੇ ਭੀੜ ਦੀ ਤਰ੍ਹਾਂ ਤੁਹਾਨੂੰ ਹੈਵਾਨ ਬਣਾਉਂਦਾ ਹੈ, ਜੋ ਉਨ੍ਹਾਂ ਔਰਤਾਂ ਨੂੰ ਨੰਗਾ ਕਰਕੇ ਉਨ੍ਹਾਂ ਦੇ ਜਿਸਮ ਨਾਲ ਖੇਡ ਰਹੀ ਹੈ। ਇਸ ਲਈ ਫੋਨ ਉਠਾਓ, ਬੋਲੋ, ਲਿਖੋ ਅਤੇ ਸਾਰਿਆਂ ਨੂੰ ਦੱਸੋ ਕਿ ਮਣੀਪੁਰ ਦੀਆਂ ਔਰਤਾਂ ਦੇ ਨਾਲ ਅਜਿਹਾ ਹੋਇਆ ਹੈ। ਅਸੀ ਇਸਦਾ ਵਿਰੋਧ ਕਰਦੇ ਹਾਂ। ਸਾਡਾ ਸਰਸ਼ਰਮ ਨਾਲ ਝੁਕਦਾ ਹੈ। ਤੁਸੀਂ ਆਪਣੀ ਮਨੁੱਖਤਾ ਬਚਾ ਲਓ। ਮਣੀਪੁਰ ਦੀ ਘਟਨਾ ਦੇ ਖਿਲਾਫ ਬੋਲੋ। ਕੋਈ ਨਹੀਂ ਸੁਣ ਰਿਹਾ ਹੈ ਤਾਂ ਇਕੱਲੇ ਬੰਦ ਕਮਰੇ ਵਿੱਚ ਉਨ੍ਹਾਂ ਔਰਤਾਂ ਲਈ ਰੋ ਲਓ ।

ਮੈਂ ਜਾਣਦਾ ਹਾਂ ਕਿ ਮਣੀਪੁਰ ਦੀਆਂ ਉਨ੍ਹਾਂ ਔਰਤਾਂ ਦੀ ਬੇਬਸੀ ਤੁਹਾਡੇ ਤੱਕ ਨਹੀਂ ਪੁੱਜੇਗੀ ਕਿਉਂਕਿ ਤੁਸੀ ਉਨ੍ਹਾਂ ਦੀ ਪੁਕਾਰ ਸੁਣਨ ਦੇ ਲਾਇਕ ਨਹੀਂ ਬਚੇ ਹੋ। ਕਿਉਂਕਿ ਤੁਸੀ ਜਿਸ ਅਖ਼ਬਾਰ ਨੂੰ ਪੜ੍ਹਦੇ ਹਾਂ, ਜਿਸ ਚੈਨਲ ਨੂੰ ਵੇਖਦੇ ਹੋ, ਉਸਨੇ ਤੁਹਾਡੀਆਂ ਸੰਵੇਦਨਾਵਾਂ ਨੂੰ ਮਾਰ ਦਿੱਤਾ ਹੈ। ਤੁਹਾਡੇ ਅੰਦਰ ਦੀਆਂ ਚੰਗਿਆਈਆਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਮੈਨੂੰ ਨਹੀਂ ਪਤਾ ਕਿ ਗੋਦੀ ਮੀਡਿਆ ਵਿੱਚ ਉਨ੍ਹਾਂ ਔਰਤਾਂ ਦੀ ਅਵਾਜ ਉੱਠੇਗੀ ਜਾਂ ਨਹੀਂ, ਮੈਨੂੰ ਨਹੀਂ ਪਤਾ ਕਿ ਪ੍ਰਧਾਨ ਮੰਤਰੀ ਇਸ ਦ੍ਰਿਸ਼ ਨੂੰ ਵੇਖਕੇ ਦਹਾੜ ਮਾਰ ਕੇ ਰੋਏਗਾ ਜਾਂ ਨਹੀਂ ,ਮੈਨੂੰ ਨਹੀਂ ਪਤਾ ਤੀਵੀਂ ਵਿਕਾਸ ਮੰਤਰੀ ਸਿਮਰਤੀ ਈਰਾਨੀ ਦਿਖਾਵੇ ਲਈ ਹੀ ਠੀਕ, ਰੋਏਗੀ ਜਾਂ ਨਹੀਂ ,ਮਗਰ ਮੈਨੂੰ ਇਹ ਪਤਾ ਹੈ ਕਿ ਇਸ ਭੀੜ ਨੂੰ ਕਿਸਨੇ ਬਣਾਇਆ ਹੈ, ਕਿਸ ਤਰ੍ਹਾਂ ਦੀ ਰਾਜਨੀਤੀ ਨੇ ਬਣਾਇਆ ਹੈ। ਤੁਹਾਨੂੰ ਇਸ ਰਾਜਨੀਤੀ ਨੇ ਹੈਵਾਨ ਬਣਾ ਦਿੱਤਾ ਹੈ। ਗੋਦੀ ਮੀਡਿਆ ਨੇ ਆਪਣੇ ਦਰਸ਼ਕਾਂ ਅਤੇ ਪਾਠਕਾਂ ਨੂੰ ਆਦਮਖੋਰ ਬਣਾ ਦਿੱਤਾ ਹੈ।

ਜਾਤੀ, ਧਰਮ, ਭਾਸ਼ਾ, ਭੂਗੋਲ ਦੇ ਨਾਮ ਉੱਤੇ ਪਹਿਚਾਣ ਦੀ ਰਾਜਨੀਤੀ ਨੇ ਆਦਮੀ ਨੂੰ ਹੀ ਆਦਮਖੋਰ ਬਣਾ ਦਿੱਤਾ ਹੈ। ਮਣੀਪੁਰ ਦੀਆਂ ਔਰਤਾਂ ਨੂੰ ਘੇਰ ਕਰ ਨੱਚ ਰਹੀ ਮਰਦਾਂ ਦੀ ਭੀੜ ਤੁਹਾਡੇ ਆਲੇ ਦੁਆਲੇ ਵੀ ਬੰਨ ਗਈ ਹੈ। ਹਾਊਸਿੰਗ ਸੋਸਾਇਟੀ ਦੇ ਅੰਕਲਾਂ ਤੋਂ ਸੁਚੇਤ ਰਹੋ। ਆਪਣੇ ਘਰਾਂ ਵਿੱਚ ਦਿਨ ਰਾਤ ਜਹਿਰ ਬੀਜਣ ਵਾਲੇ ਰਿਸ਼ਤੇਦਾਰਾਂ ਤੋਂ ਸੁਚੇਤ ਰਹੋ। ਉਨ੍ਹਾਂ ਸਾਰੀਆਂ ਨੂੰ ਜਾਕੇ ਦੱਸੋ ਕਿ ਨਫਰਤ ਅਤੇ ਪਹਿਚਾਣ ਦੀ ਰਾਜਨੀਤੀ ਨੇ ਜਨਤਾ ਨੂੰ ਕਿਸ ਤਰ੍ਹਾਂ ਦੀ ਭੀੜ ਵਿੱਚ ਬਦਲ ਦਿੱਤਾ ਹੈ। ਉਹ ਔਰਤਾਂ ਮਣੀਪੁਰ ਦੀਆਂ ਨਹੀਂ ਹਨ। ਉਹ ਕੁਕੀ ਨਹੀਂ ਹੈ। ਉਹ ਕੁੱਝ ਅਤੇ ਨਹੀਂ ਹੈ। ਉਹ ਕੇਵਲ ਔਰਤਾਂ ਹਨ। ਜੇਕਰ ਇਹ ਘਟਨਾ ਤੁਹਾਨੂੰ ਬੇਚੈਨ ਨਹੀਂ ਕਰਦੀ ਹੈ, ਇਸਤੋਂ ਤੁਹਾਡੀ ਹੱਡੀਆਂ ਵਿੱਚ ਸਿਹਰਨ ਪੈਦਾ ਨਹੀਂ ਹੁੰਦੀ ਹੈ ਤਾਂ ਤੁਸੀ ਆਪਣੇ ਆਪ ਨੂੰ ਮੋਇਆ ਘੋਸ਼ਿਤ ਕਰ ਦਿਓ।

ਮਗਰ ਆਖਰੀ ਸਾਹ ਲੈਣ ਤੋਂ ਪਹਿਲਾਂ ਉਨ੍ਹਾਂ ਔਰਤਾਂ ਲਈ ਬੋਲ ਦਿਓ। ਲਿਖ ਦਿਓ। ਕਿਸੇ ਨੂੰ ਦੱਸ ਦਿਓ ਕਿ ਅਜਿਹਾ ਹੋਇਆ ਹੈ। ਇਸ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਢਾਈ ਮਹੀਨੇ ਤੋਂ ਸ਼ਾਂਤੀ ਦੀ ਅਪੀਲ ਨਹੀਂ ਕੀਤੀ। ਉੱਥੇ ਜਾਕੇ ਨਫਰਤ ਅਤੇ ਹਿੰਸਾ ਨੂੰ ਰੋਕਣ ਦੀ ਅਪੀਲ ਨਹੀਂ ਕੀਤੀ । ਰਾਜ ਨੇ ਆਪਣਾ ਫਰਜ ਨਹੀਂ ਨਿਭਾਇਆ। ਉਨ੍ਹਾਂ ਦੇ ਜਾਣ ਜਾਂ ਅਪੀਲ ਕਰਨ ਤੋਂ ਹਿੰਸਾ ਰੁਕ ਜਾਂਦੀ, ਇਸਦੀ ਕੋਈ ਗਾਰੰਟੀ ਨਹੀਂ ਹੈ ਮਗਰ ਇਸ ਚੁੱਪੀ ਦਾ ਕੀ ਮਤਲਬ ਹੈ ? ਕੀ ਇਹ ਚੁੱਪੀ ਜਾਇਜ ਕਹੀ ਜਾ ਸਕਦੀ ਹੈ ? ਛੱਡੀਏ, ਪ੍ਰਧਾਨ ਮੰਤਰੀ ਦੀ ਚੁੱਪੀ ਨੂੰ, ਤੁਸੀ ਆਪਣੀ ਚੁੱਪੀ ਨੂੰ ਤੋੜੋ । ਬੋਲੋ ।

---

# ਹਕੂਮਤਾਂ ਸੱਤਾ 'ਚ ਬੈਠ ਕੇ ਪੈਦਾ ਕਰਦੀਆਂ ਲੋਕ ਤਰਾਸਦੀਆਂ

(ਸਫ਼ਾ 2 ਦੀ ਬਾਕੀ)

ਕਾਰਵਾਈ ਕਰਨ ਲਈ ਥੋੜ੍ਹਾ ਸਮਾਂ ਦਿਆਂਗੇ ਨਹੀਂ ਤਾਂ ਅਸੀਂ ਦਖ਼ਲਅੰਦਾਜ਼ੀ ਕਰਾਂਗੇ। ਕੌਣ ਜਾਣਦਾ ਹੈ ਕਿ ਇਹ ਅਲੱਗ-ਥਲੱਗ ਸੀ ਜਾਂ ਕੋਈ ਪੈਟਰਨ ਹੈ?"

ਸੁਪਰੀਮ ਕੋਰਟ ਦੀਆਂ ਇਹ ਕਥਿਤ 'ਸਖ਼ਤ' ਟਿੱਪਣੀਆਂ ਮਨੀਪੁਰ ਦੀਆਂ ਹੌਲਨਾਕ ਘਟਨਾਵਾਂ ਵਿਰੁੱਧ ਉੱਠ ਰਹੇ ਲੋਕ ਰੋਹ ਉੱਪਰ ਠੰਡਾ ਛਿੜਕਣ ਲਈ ਹਨ। ਸੁਪਰੀਮ ਕੋਰਟ ਦੇ ਜੱਜ ਸਾਹਿਬਾਨ ਇਹ ਭਲੀਭਾਂਤ ਜਾਣਦੇ ਹਨ ਕਿ ਆਰ.ਐੱਸ.ਐੱਸ.-ਭਾਜਪਾ ਦਾ ਏਜੰਡਾ ਕੀ ਹੈ, ਹਿੰਦੂਤਵ ਦੀ ਵਿਚਾਰਧਾਰਾ ਔਰਤਾਂ ਵਿਰੁੱਧ ਜਿਨਸੀ ਹਿੰਸਾ ਨੂੰ ਕਿਵੇਂ ਜਾਇਜ਼ ਠਹਿਰਾਉਂਦੀ ਹੈ ਅਤੇ ਭਗਵੀਂ ਹਕੂਮਤ ਘੱਟਗਿਣਤੀਆਂ ਸਮੇਤ ਸਮੂਹ ਦੱਬੇਕੁਚਲੇ ਹਿੱਸਿਆਂ ਦੀ ਹੱਕ-ਜਤਾਈ ਨੂੰ ਦਬਾਉਣ ਲਈ ਔਰਤਾਂ ਦੇ ਜਿਸਮਾਂ ਨੂੰ ਕਿਵੇਂ ਜੰਗ ਦਾ ਮੈਦਾਨ ਬਣਾ ਕੇ ਵਰਤਦੀ ਹੈ? ਇਹ ਵੀ ਕਿ ਸੱਤਾਧਾਰੀ ਪਾਰਟੀ ਦੇ ਇਸ਼ਾਰੇ 'ਤੇ ਮਜ਼ਲੂਮ ਹਿੱਸਿਆਂ ਵਿਰੁੱਧ ਹਰ ਤਰ੍ਹਾਂ ਦੀ ਹਿੰਸਾ ਵਿਚ ਰਾਜ-ਮਸ਼ੀਨਰੀ ਦੀ ਕਿਸ ਕਦਰ ਮਿਲੀਭੁਗਤ ਹੁੰਦੀ ਹੈ ਅਤੇ ਅਦਾਲਤਾਂ 'ਚ ਸਰਕਾਰ ਦੀ ਨੁਮਾਇੰਦਗੀ ਕਰਨ ਵਾਲਿਆਂ ਦੀਆਂ ਯਕੀਨ-ਦਹਾਨੀਆਂ ਕਿੰਨੀਆਂ ਕੁ ਸੱਚੀਆਂ ਹੁੰਦੀਆਂ ਹਨ। ਕਸ਼ਮੀਰ, ਉੱਤਰ-ਪੂਰਬ ਦੀਆਂ ਕੌਮੀਅਤ ਲਹਿਰਾਂ, ਮਾਓਵਾਦੀ ਲਹਿਰ ਦੇ ਜ਼ੋਰ ਵਾਲੇ ਖੇਤਰਾਂ ਦੇ ਆਦਿਵਾਸੀਆਂ, ਸਿੱਖ ਅਤੇ ਮੁਸਲਮਾਨ ਘੱਟਗਿਣਤੀਆਂ ਦੇ ਕਤਲੇਆਮਾਂ 'ਚ ਔਰਤਾਂ ਵਿਰੁੱਧ ਜਿਨਸੀ ਹਿੰਸਾ ਦੀਆਂ ਕਿੰਨੀਆਂ ਦਿਲ-ਦਹਿਲਾਉਣ ਵਾਲੀਆਂ ਰਿਪੋਰਟਾਂ ਵਾਰ-ਵਾਰ ਸਾਹਮਣੇ ਆ ਚੁੱਕੀਆਂ ਹਨ ਜਿਨ੍ਹਾਂ ਵਿਚ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਬੇਵਸ ਮਜ਼ਲੂਮਾਂ ਦੀ ਸੁਰੱਖਿਆ ਦੀ ਸੰਵਿਧਾਨਕ ਡਿਊਟੀ ਨਿਭਾਉਣ ਦੀ ਬਜਾਏ ਹਮਲਾਵਰ ਦਹਿਸ਼ਤਵਾਦੀ ਭੀੜਾਂ ਦਾ ਸਾਥ ਦਿੰਦਾ ਅਤੇ ਉਨ੍ਹਾਂ ਦੀ ਸੁਰੱਖਿਆ ਟੁਕੜੀ ਬਣ ਕੇ ਕੰਮ ਕਰਦਾ ਦੇਖਿਆ ਗਿਆ। ਇਸ ਦੇ ਬਾਵਜੂਦ ਜੇ ਸੁਪਰੀਮ ਕੋਰਟ ਸਰਕਾਰ ਦੀ ਝੂਠੀ ਯਕੀਨ-ਦਹਾਨੀ ਦੇ ਆਧਾਰ 'ਤੇ ਮਈ ਮਹੀਨੇ 'ਚ ਹਿੰਸਾ ਰੋਕਣ ਲਈ ਜਨਹਿਤ ਪਟੀਸ਼ਨ ਨੂੰ ਰੱਦ ਕਰਦੀ ਹੈ ਤਾਂ ਇਹ ਅਜਿਹੇ ਸੰਕਟ ਦੇ ਸਮਿਆਂ 'ਚ ਸਰਗਰਮ ਦਖ਼ਲਅੰਦਾਜ਼ੀ ਤੋਂ ਟਾਲਾ ਵੱਟਣ ਅਤੇ ਖ਼ਾਮੋਸ਼ ਦਰਸ਼ਕ ਬਣੇ ਰਹਿਣ ਤੋਂ ਸਿਵਾਏ ਹੋਰ ਕੁਝ ਨਹੀਂ ਹੈ। ਅਜੇ ਵੀ ਸੁਪਰੀਮ ਕੋਰਟ ਦਾ ਸਰਕਾਰ ਤੋਂ ਕਾਰਵਾਈ ਦੀ ਉਮੀਦ ਰੱਖਣਾ ਕੀ ਇਹ ਸਾਬਤ ਨਹੀਂ ਕਰਦਾ ਕਿ ਬੇਹੱਦ ਗੰਭੀਰ ਹਾਲਾਤ ਦੇ ਬਾਵਜੂਦ ਸਰਗਰਮ ਜੁਡੀਸ਼ੀਅਲ ਦਖ਼ਲਅੰਦਾਜ਼ੀ ਨੂੰ ਟਾਲਿਆ ਜਾ ਰਿਹਾ ਹੈ?

ਮਨੀਪੁਰ ਵਿਚ ਔਰਤਾਂ ਦੇ ਬਲਾਤਕਾਰਾਂ ਅਤੇ ਹੋਰ ਰੂਪਾਂ 'ਚ ਜਿਨਸੀ ਹਿੰਸਾ ਨੂੰ ਅੰਜਾਮ ਦੇਣ ਵਾਲਿਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਮੁਲਕ ਦੇ ਕੋਨੇ ਕੋਨੇ 'ਚੋਂ ਉੱਠ ਰਹੀ ਇਹ ਮੰਗ ਬਿਲਕੁਲ ਜਾਇਜ਼ ਹੈ ਪਰ ਇਹ ਮੰਗ ਕਾਫ਼ੀ ਨਹੀਂ ਹੈ। ਪਹਿਲੀ ਗੱਲ ਤਾਂ ਇਹ ਕਿ ਅਜਿਹੇ ਹੌਲਨਾਕ ਕਾਂਡਾਂ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਜਾਂ ਹਜੂਮਾਂ ਦੀ ਅਗਵਾਈ ਕਰਨ ਵਾਲੇ ਮੁਜਰਿਮ ਤਾਂ ਹਨ ਪਰ ਉਹ ਕਿਸੇ ਰੁਸੂਖਵਾਨ ਤਾਕਤ ਦੇ ਗਿਣੇ-ਮਿੱਥੇ ਗੁਪਤ ਏਜੰਡੇ ਨੂੰ ਲਾਗੂ ਕਰਨ ਵਾਲੇ ਕਾਰਿੰਦੇ ਜਾਂ ਇਓਂ ਕਹਿ ਲਓ ਉਹ ਕਿਸੇ ਡੂੰਘੀ ਸਾਜ਼ਿਸ਼ ਦੇ ਮੋਹਰੇ ਹੁੰਦੇ ਹਨ। ਉਹ ਐਸੀ ਤਾਕਤ ਵੱਲੋਂ ਬਾਰੀਕੀ 'ਚ ਬਣਾਈ ਯੋਜਨਾ, ਭੜਕਾਏ ਮਾਹੌਲ, ਫੈਲਾਈਆਂ ਅਫ਼ਵਾਹਾਂ, ਭੀੜਾਂ ਨੂੰ ਸ਼ਿਸ਼ਕੇਰਨ ਅਤੇ ਜਥੇਬੰਦ ਕਰਕੇ ਲਿਆਉਣ ਅਤੇ ਮੁਕੰਮਲ ਪੁਸ਼ਤਪਨਾਹੀ ਦੇ ਸਿਲਸਿਲੇ ਤਹਿਤ ਅਜਿਹਾ ਕਰਦੇ ਹਨ। ਮਿਸਾਲ ਵਜੋਂ, ਦਿੱਲੀ ਵਿਚ 1984 ਦੀ ਸਿੱਖ ਨਸਲਕੁਸ਼ੀ, 2002 'ਚ ਗੁਜਰਾਤ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ, 2005 'ਚ ਛੱਤੀਸਗੜ੍ਹ ਵਿਚ ਸਲਵਾ ਜੁਡਮ ਤੇ ਅਪਰੇਸ਼ਨ ਗ੍ਰੀਨ ਹੰਟ ਸਮੇਂ ਘਰਾਂ ਤੇ ਕਾਰੋਬਾਰਾਂ ਦੀ ਸਾੜਫੂਕ ਅਤੇ ਔਰਤਾਂ ਦੇ ਸਮੂਹਿਕ ਬਲਾਤਕਾਰਾਂ ਸਮੇਤ ਵਿਆਪਕ ਪੈਮਾਨੇ 'ਤੇ ਜਿਨਸੀ ਹਿੰਸਾ ਦੇ ਅਸਲ ਸੂਤਰਧਾਰ ਤੱਤਕਾਲੀ ਸਰਕਾਰਾਂ ਅਤੇ ਸੱਤਾਧਾਰੀ ਪਾਰਟੀਆਂ ਦੇ ਸਿਖ਼ਰਲੇਸ ਆਗੂ ਸਨ। ਦਿੱਲੀ ਕਤਲੇਆਮ ਵਾਲੇ ਕਾਂਗਰਸੀ ਆਗੂ ਸੱਜਣ ਕੁਮਾਰ ਤੇ ਐੱਚ.ਕੇ.ਐੱਲ. ਭਗਤ, ਗੁਜਰਾਤ ਕਤਲੇਆਮ ਵਾਲਾ ਬਾਬੂ ਬਜਰੰਗੀ ਤੇ ਮਾਇਆ ਕੋਡਨਾਨੀ, ਸ਼ਾਹੀਨ ਬਾਗ਼ ਮੋਰਚੇ ਅਤੇ ਯੂਨੀਵਰਸਿਟੀ ਵਿਦਿਆਰਥੀਆਂ ਉੱਪਰ ਹਮਲੇ ਕਰਨ ਵਾਲੇ ਹਿੰਸਕ ਗਰੋਹਾਂ 'ਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਆਗੂ ਕਾਂਗਰਸ ਅਤੇ ਆਰ.ਐੱਸ.ਐੱਸ-ਭਾਜਪਾ ਦੀਆਂ ਸਰਕਾਰਾਂ ਦੇ ਦਿਸ਼ਾ-ਨਿਰਦੇਸ਼ਾਂ ਨੂੰ ਅਮਲ 'ਚ ਲਿਆ ਰਹੇ ਸਨ।

ਦੂਜੀ ਗੱਲ, ਸੰਘਰਸ਼ਸ਼ੀਲ ਸਮਾਜੀ ਸਮੂਹਾਂ/ਭਾਈਚਾਰਿਆਂ ਦੀਆਂ ਔਰਤਾਂ ਵਿਰੁੱਧ ਪੁਲਿਸ ਅਤੇ ਫ਼ੌਜ ਵੱਲੋਂ ਯੋਜਨਾਬੱਧ ਜਿਨਸੀ ਹਿੰਸਾ ਤਾਂ ਹੋਰ ਵੀ ਕਰੂਰ ਰੂਪ 'ਚ ਸਾਹਮਣੇ ਆਉਂਦੀ ਹੈ। ਕਿਉਂਕਿ ਰਾਜਸੀ ਪੁਸ਼ਤਪਨਾਹੀ ਕਾਰਨ ਪੁਲਿਸ-ਫ਼ੌਜ ਨੂੰ ਤਾਂ ਕਥਿਤ 'ਟਕਰਾਅ ਦੇ ਖੇਤਰਾਂ' ਵਿਚ ਅਫਸਪਾ ਅਤੇ ਹੋਰ ਵਿਸ਼ੇਸ਼ ਕਾਨੂੰਨਾਂ ਰਾਹੀਂ ਕਾਨੂੰਨੀ ਕਾਰਵਾਈ ਤੋਂ ਹੀ ਮੁਕੰਮਲ ਛੋਟ ਹੈ। ਕਸ਼ਮੀਰ ਵਿਚ ਕੁਨਨ-ਪੋਸ਼ਪੁਰਾ ਵਰਗੇ ਸਮੂਹਿਕ ਬਲਾਤਕਾਰ ਕਾਂਡਾਂ ਅਤੇ ਮਨੀਪੁਰ ਦੀਆਂ ਔਰਤਾਂ ਵੱਲੋਂ ਇੰਫਾਲ ਵਿਚ ਭਾਰਤੀ ਫ਼ੌਜ ਦੇ ਸਦਰ-ਮੁਕਾਮ ਅੱਗੇ ਨਿਰਵਸਤਰ ਹੋ ਕੇ ਪ੍ਰਦਰਸ਼ਨ ਕਰਨ ਨੇ ਫ਼ੌਜ ਵੱਲੋਂ ਉੱਥੋਂ ਦੇ ਸੰਘਰਸ਼ਸ਼ੀਲ ਅਵਾਮ ਦਾ ਮਨੋਬਲ ਤੋੜਨ ਲਈ ਔਰਤਾਂ ਦੇ ਜਿਸਮਾਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਸਰਕਾਰੀ ਨੀਤੀ ਦਾ ਪਰਦਾਫਾਸ਼ ਕੀਤਾ ਸੀ। ਮਨੀਪੁਰੀ ਔਰਤਾਂ ਨੇ ਬੈਨਰ ਲੈ ਕੇ ਮੁਜ਼ਾਹਰਾ ਕੀਤਾ ਸੀ ਜਿਸ ਉੱਪਰ ਲਿਖਿਆ ਸੀ: ਭਾਰਤੀ ਫ਼ੌਜ ਸਾਡੇ ਨਾਲ ਬਲਾਤਕਾਰ ਕਰਦੀ ਹੈ। ਇਸ ਮੁਜ਼ਾਹਰੇ ਨੇ ਮਨੀਪੁਰ ਵਿਚ ਔਰਤਾਂ ਉੱਪਰ ਅਤੇ ਆਮ ਮਨੀਪੁਰੀ ਲੋਕਾਂ ਉੱਪਰ ਫ਼ੌਜ ਵੱਲੋਂ ਕੀਤੀ ਜਾ ਰਹੀ ਭਿਆਨਕ ਹਿੰਸਾ ਵੱਲ ਦੁਨੀਆ ਦਾ ਧਿਆਨ ਖਿੱਚਿਆ ਸੀ। ਆਖ਼ਿਰਕਾਰ ਸੁਪਰੀਮ ਕੋਰਟ ਨੂੰ 1500 ਦੇ ਕਰੀਬ ਝੂਠੇ ਮੁਕਾਬਲਿਆਂ ਦੀ ਜਾਂਚ ਕਰਾਉਣ ਦਾ ਆਦੇਸ਼ ਦੇਣਾ ਪਿਆ ਸੀ। ਇਹ ਵੱਖਰਾ ਸਵਾਲ ਹੈ ਕਿ ਉਹ ਜਾਂਚ ਅਜੇ ਵੀ ਕਿਸੇ ਤਣ-ਪੱਤਣ ਨਹੀਂ ਲੱਗੀ। ਸਲਵਾ ਜੁਡਮ ਸਮੇਂ ਛੱਤੀਸਗੜ੍ਹ ਵਿਚ ਭਾਜਪਾ ਦੀ ਅਤੇ ਕੇਂਦਰ 'ਚ ਕਾਂਗਰਸ ਦੀ ਸਰਕਾਰ ਸੀ। ਕੇਂਦਰ ਤੇ ਰਾਜ ਸਰਕਾਰਾਂ ਨੇ ਮਿਲ ਕੇ ਦਹਿਸ਼ਤੀ ਗਰੋਹ ਜਥੇਬੰਦ ਕਰਕੇ ਆਦਿਵਾਸੀਆਂ ਨੂੰ ਉਜਾੜਨ ਦੀ ਯੋਜਨਾ ਬਣਾਈ, ਕਾਂਗਰਸੀ ਆਗੂ ਮਹੇਂਦਰ ਕਰਮਾ ਦੀ ਅਗਵਾਈ 'ਚ ਜਰਾਇਮਪੇਸ਼ਾ ਅਨਸਰਾਂ ਦੇ ਗੈਂਗ ਬਣਾਏ ਗਏ। ਉਨ੍ਹਾਂ ਨੂੰ ਸਰਕਾਰ ਵੱਲੋਂ ਪੁਲਿਸ ਤੇ ਨੀਮ-ਫ਼ੌਜੀ ਦਸਤਿਆਂ ਦੀ ਸੁਰੱਖਿਆ ਅਤੇ ਹਥਿਆਰ ਦਿੱਤੇ। ਜਦਕਿ ਇਸ 'ਮੁਹਿੰਮ' ਲਈ ਫੰਡ ਟਾਟਾ ਅਤੇ ਐੱਸ.ਆਰ. ਕੰਪਨੀਆਂ ਨੇ ਦਿੱਤੇ। ਸਤੰਬਰ 2011 'ਚ ਸੁਪਰੀਮ ਕੋਰਟ ਨੇ ਇਨ੍ਹਾਂ ਗਰੋਹਾਂ ਨੂੰ ਗ਼ੈਰਕਾਨੂੰਨੀ ਕਰਾਰ ਦੇ ਕੇ ਤੋੜਨ ਦੇ ਆਦੇਸ਼ ਤਾਂ ਦੇ ਦਿੱਤੇ ਪਰ ਜਿਨ੍ਹਾਂ ਹੁਕਮਰਾਨਾਂ ਅਤੇ ਅਧਿਕਾਰੀਆਂ ਨੇ ਇਹ ਗਰੋਹ ਜਥੇਬੰਦ ਕਰਕੇ ਵਿਆਪਕ ਹਿੰਸਾ ਅਤੇ ਸਾੜਫੂਕ ਕਰਵਾਈ ਉਨ੍ਹਾਂ ਨੂੰ ਕਿਸੇ ਜਵਾਬਦੇਹੀ ਦਾ ਸਾਹਮਣਾ ਨਹੀਂ ਕਰਨਾ ਪਿਆ।

ਅਪਰੇਸ਼ਨ ਗ੍ਰੀਨ ਹੰਟ ਦੌਰਾਨ ਪੁਲਿਸ ਅਤੇ ਨੀਮ-ਫ਼ੌਜੀ ਦਸਤਿਆਂ ਵੱਲੋਂ ਕੀਤੇ ਜਾ ਰਹੇ ਸਮੂਹਿਕ ਬਲਾਤਕਾਰਾਂ ਸਮੇਤ ਵਿਆਪਕ ਪੈਮਾਨੇ 'ਤੇ ਔਰਤ ਵਿਰੋਧੀ ਹਿੰਸਾ ਨੂੰ ਨਾ ਸਿਰਫ਼ ਸਰਕਾਰ ਵੱਲੋਂ ਦਬਾਇਆ ਗਿਆ ਸਗੋਂ ਆਦਿਵਾਸੀ ਕਾਰਕੁਨ ਸੋਨੀ ਸੋਰੀ ਦੇ ਗੁਪਤ ਅੰਗਾਂ ਵਿਚ ਪੱਥਰ ਧੱਕਣ ਵਾਲੇ ਆਈ.ਜੀ. ਕਲੂਰੀ ਵਰਗੇ ਅਧਿਕਾਰੀਆਂ ਨੂੰ ਰਾਜਕੀ ਥਾਪੀ ਤੇ ਤਰੱਕੀਆਂ ਦੇ ਕੇ ਅਤੇ ਐੱਸ.ਪੀ. ਅੰਕਿਤ ਗਰਗ ਨੂੰ ਗਣਤੰਤਰ ਦਿਵਸ ਉੱਪਰ ਪੁਲਿਸ ਬਹਾਦਰੀ ਮੈਡਲ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਰਕਾਰ ਵੱਲੋਂ ਸਨਮਾਨ ਤੇ ਤਰੱਕੀਆਂ ਅਤੇ ਘਿਣਾਉਣੇ ਜੁਰਮਾਂ ਲਈ ਜ਼ਿੰਮੇਵਾਰ ਮੁਜਰਮਾਂ ਨੂੰ ਇਕ ਵੀ ਕੇਸ ਵਿਚ ਮਿਸਾਲੀ ਸਜ਼ਾ ਨਾ ਹੋਣਾ ਇਹ ਸਾਫ਼ ਸੰਦੇਸ਼ ਹੈ ਕਿ ਔਰਤਾਂ ਵਿਰੁੱਧ ਜਿਨਸੀ ਹਿੰਸਾ ਬਕਾਇਦਾ ਸਰਕਾਰੀ ਨੀਤੀ ਹੈ ਜਿਸ ਨੂੰ ਸਰਕਾਰ ਕਿਸੇ ਵੀ ਸੂਰਤ 'ਚ ਬੰਦ ਨਹੀਂ ਕਰਨਾ ਚਾਹੁੰਦੀ, ਇਸ ਲਈ ਮਜ਼ਲੂਮਾਂ ਦੀ ਕਿਤੇ ਸੁਣਵਾਈ ਨਹੀਂ ਹੋਵੇਗੀ। ਸਗੋਂ ਉਹ ਬੁੱਧੀਜੀਵੀ ਅਤੇ ਜਮਹੂਰੀ ਹੱਕਾਂ ਦੇ ਕਾਰਕੁਨ ਹੀ ਜੇਲ੍ਹਾਂ ਵਿਚ ਡੱਕ ਦਿੱਤੇ ਗਏ ਜੋ ਇਸ ਨੀਤੀ ਉੱਪਰ ਸਵਾਲ ਕਰਦੇ ਸਨ ਅਤੇ ਮਜ਼ਲੂਮਾਂ ਦੀ ਧਿਰ ਬਣਦੇ ਸਨ।

ਔਰਤਾਂ ਵਿਰੁੱਧ ਜਿਨਸੀ ਹਿੰਸਾ ਹਜੂਮ ਦੇ ਰੂਪ 'ਚ ਹੋਵੇ ਜਾਂ ਪੁਲਿਸ-ਫ਼ੌਜ ਦੁਆਰਾ, ਅਜਿਹੇ ਪੈਮਾਨੇ ਦੇ ਹੌਲਨਾਕ ਕਾਂਡ ਹਕੂਮਤ ਦੇ ਪੱਧਰ 'ਤੇ ਯੋਜਨਾਬੰਦੀ ਅਤੇ ਰਾਜਕੀ ਪੁਸ਼ਤਪਨਾਹੀ ਤੋਂ ਬਿਨਾਂ ਸੰਭਵ ਨਹੀਂ ਹੁੰਦੇ। ਪੁਲਿਸ ਅਤੇ ਸਿਵਲ ਪ੍ਰਸ਼ਾਸਨ ਸਰਕਾਰ ਦੇ ਆਦੇਸ਼ 'ਤੇ ਸੰਵਿਧਾਨਕ ਫ਼ਰਜ਼ ਨਿਭਾਉਣ ਤੋਂ ਕਿਨਾਰਾ ਕਰਦੇ ਹੋਏ ਹਿੰਸਾ ਕਰ ਰਹੇ ਹਜੂਮਾਂ ਨੂੰ ਸੁਰੱਖਿਆ ਛੱਤਰੀ ਮੁਹੱਈਆ ਕਰਦੇ ਹਨ ਅਤੇ ਕਈ ਥਾਵਾਂ ਉੱਪਰ ਤਾਂ ਹਮਲਾਵਰ ਹਜੂਮ ਦਾ ਸਾਥ ਦਿੰਦੇ ਵੀ ਦੇਖੇ ਜਾ ਸਕਦੇ ਹਨ। ਬਾਦ ਵਿਚ ਹਾਹਾਕਾਰ ਮਚਣ 'ਤੇ ਕੇਸ ਦਰਜ ਦੀ ਖ਼ਾਨਾਪੂਰਤੀ ਕਰਨਾ, ਵਿਸ਼ੇਸ਼ ਜਾਂਚ ਕਮਿਸ਼ਨ ਬਣਾਉਣਾ, ਕਮਿਸ਼ਨਾਂ ਵੱਲੋਂ ਘਿਣਾਉਣੇ ਜੁਰਮਾਂ ਦੇ ਸਬੂਤਾਂ ਨੂੰ ਮਿਟਾਉਣਾ, ਪੁਲਿਸ ਵੱਲੋਂ ਚਸ਼ਮਦੀਦ ਗਵਾਹਾਂ ਨੂੰ ਡਰਾ-ਧਮਕਾ ਕੇ ਚੁੱਪ ਕਰਾਉਣਾ, ਅਦਾਲਤਾਂ 'ਚ ਦਹਾਕਿਆਂ ਤੱਕ ਮੁਕੱਦਮੇ ਚਲਾਕੇ ਨਿਆਂ ਲੈਣ ਲਈ ਯਤਨਸ਼ੀਲ ਮਜ਼ਲੂਮ ਧਿਰ ਨੂੰ ਹੰਭਾਉਣਾ-ਥਕਾਉਣਾ, ਅਖ਼ੀਰ 'ਚ ਇੱਕਾ-ਦੁੱਕਾ ਦੋਇਮ ਦਰਜੇ ਦੇ ਮੁਜਰਿਮਾਂ ਨੂੰ ਕੁਝ ਸਜ਼ਾਵਾਂ ਦੇ ਕੇ ਮੁੱਖ ਮੁਜਰਿਮਾਂ ਨੂੰ ਬਚਾਉਣਾ ਅਤੇ ਉੱਚ ਅਦਾਲਤਾਂ 'ਚ ਸਜ਼ਾਯਾਫ਼ਤਾ ਵਿਅਕਤੀਆਂ ਨੂੰ ਬਰੀ ਕਰਾਉਣਾ ਜਾਂ ਸਰਕਾਰ ਵੱਲੋਂ ਉਨ੍ਹਾਂ ਦੀਆਂ ਸਜ਼ਾਵਾਂ ਵੀ ਮਾਫ਼ ਕਰ ਦੇਣਾ, ਇਹ ਇਕ ਆਮ ਪੈਟਰਨ ਹੈ ਜੋ ਘੱਟਗਿਣਤੀ ਜਾਂ ਹਾਸ਼ੀਏ 'ਤੇ ਧੱਕੇ ਹਿੱਸਿਆਂ ਦੇ ਕੇਸਾਂ ਵਿਚ ਅਕਸਰ ਦੇਖਿਆ ਜਾ ਸਕਦਾ ਹੈ। ਭਾਜਪਾ ਦੀਆਂ ਕੇਂਦਰ ਅਤੇ ਸਰਕਾਰਾਂ ਤਾਂ ਭਗਵੇ ਦਹਿਸ਼ਤੀਆਂ ਅਤੇ ਪੁਲਿਸ ਅਧਿਕਾਰੀਆਂ ਵਿਰੁੱਧ ਦਰਜ ਬਹੁਤ ਸਾਰੇ ਕੇਸ ਹੀ ਵਾਪਸ ਲੈ ਰਹੀਆਂ ਹਨ। ਹਿਟਲਰ, ਮੁਸੋਲਿਨੀ ਨੂੰ ਆਦਰਸ਼ ਮੰਨਣ ਵਾਲੀ ਆਰ.ਐੱਸ.ਐੱਸ.-ਭਾਜਪਾ ਨੇ ਤਾਂ ਇਸ ਨੂੰ ਨਿਆਂਪਸੰਦਾਂ ਦੀ ਜ਼ੁਬਾਨਬੰਦੀ ਦੀ ਤਕਨੀਕ ਦੇ ਰੂਪ 'ਚ ਵਿਕਸਤ ਕਰ ਲਿਆ ਹੈ ਅਤੇ ਨਿਆਂ ਦਿਵਾਉਣ ਲਈ ਮਜ਼ਲੂਮਾਂ ਦੀ ਕਾਨੂੰਨੀ ਸਹਾਇਤਾ ਦੇਣ ਵਾਲਿਆਂ ਨੂੰ ਜੇਲ੍ਹਾਂ 'ਚ ਡੱਕਿਆ ਜਾ ਰਿਹਾ ਹੈ। ਇਸ ਹਕੂਮਤ ਵੱਲੋਂ ਫ਼ੌਜ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਜਾਂ ਸਰਕਾਰ ਦੀਆਂ ਨੀਤੀਆਂ ਤੇ ਨੀਅਤ ਉੱਪਰ ਸਵਾਲ ਉਠਾਉਣਾ ਹੀ ਦੇਸ਼ ਵਿਰੋਧੀ ਕਾਰਵਾਈ ਬਣਾ ਦਿੱਤਾ ਗਿਆ ਹੈ।

ਮਨੀਪੁਰ 'ਚ ਕੁਕੀ ਔਰਤਾਂ ਉੱਪਰ ਹੌਲਨਾਕ ਜਿਨਸੀ ਜ਼ੁਲਮਾਂ ਪਿੱਛੇ ਕੰਮ ਕਰਦੀ ਹਕੂਮਤੀ ਨੀਤੀ ਅਤੇ ਮਨਸ਼ੇ ਬਾਰੇ ਸਪਸ਼ਟ ਸਮਝ ਬਣਾ ਕੇ ਹੀ ਭਵਿੱਖ 'ਚ ਐਸੀ ਹਿੰਸਾ ਨੂੰ ਰੋਕਣ ਲਈ ਪੇਸ਼ਬੰਦੀ ਕੀਤੀ ਜਾ ਸਕਦੀ ਹੈ। ਸਿਰਫ਼ ਇਕ-ਦੋ ਵੀਡੀਓ ਸਾਹਮਣੇ ਆਉਣ 'ਤੇ ਜਜ਼ਬਾਤੀ ਵਿਰੋਧ ਪ੍ਰਦਰਸ਼ਨਾਂ ਦਾ ਵਕਤੀ ਉਬਾਲ ਕੋਈ ਬਹੁਤੀ ਸਾਰਥਕ ਭੂਮਿਕਾ ਨਹੀਂ ਨਿਭਾ ਸਕਦਾ ਜੇ ਇਸ ਵਿਰੋਧ ਨੂੰ ਜਿਨਸੀ ਹਿੰਸਾ ਨੂੰ ਜਬਰ ਦਾ ਸੰਦ ਬਣਾ ਕੇ ਵਰਤਣ ਵਿਰੁੱਧ ਲਗਾਤਾਰਤਾ ਨਾਲ ਅਤੇ ਸਪਸ਼ਟ ਸਮਝ ਨਾਲ ਅਵਾਮ ਦੀ ਜਾਗਰੂਕਤਾ ਬਣਾਉਣ ਲਈ ਬਰਕਰਾਰ ਨਹੀਂ ਰੱਖਿਆ ਜਾਂਦਾ। ਹਿੰਸਾ ਦਾ ਸੰਦ ਬਣੇ ਸ਼ਖ਼ਸਾਂ ਨੂੰ ਸਜ਼ਾਵਾਂ ਦਿਵਾਉਣਾ ਮਹੱਤਵਪੂਰਨ ਹੈ, ਨਾਲ ਹੀ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਹੈ ਮੁੱਖ ਜ਼ਿੰਮੇਵਾਰ ਹੁਕਮਰਾਨਾਂ ਅਤੇ ਰਾਜ-ਮਸ਼ੀਨਰੀ ਨੂੰ ਲੋਕ ਕਟਹਿਰੇ ਵਿਚ ਜਵਾਬਦੇਹ ਬਣਾਉਣਾ ਅਤੇ ਸਰਕਾਰੀ ਤੇ ਗ਼ੈਰਸਰਕਾਰੀ ਗਰੋਹਾਂ ਵੱਲੋਂ ਸਰਕਾਰੀ ਪੁਸ਼ਤਪਨਾਹੀ ਨਾਲ ਜਿਨਸੀ ਹਿੰਸਾ ਨੂੰ ਹਥਿਆਰ ਬਣਾ ਕੇ ਭਾਈਚਾਰਿਆਂ ਨੂੰ ਜ਼ਲੀਲ ਕਰਨ ਤੇ ਉਨ੍ਹਾਂ ਦਾ ਮਨੋਬਲ ਤੋੜਨ ਦੀ ਨੀਤੀ ਵਿਰੁੱਧ ਵਿਆਪਕ ਲੋਕ ਰਾਇ ਖੜ੍ਹੀ ਕਰਨਾ।

ਕੁਲਦੀਪ ਸਿੰਘ ਦੀਪ (ਡਾ.)
9876820600

# ਸਰਾਪੇ ਮਨੀਪੁਰ ਦੀ ਮੁਕੰਮਲ ਦਾਸਤਾਨ....




ਉਹ ਮਨਹੂਸ ਵੀਡਿਓ ਸਾਹਮਣੇ ਆਈ ਨੂੰ ਲਗਭਗ ਹਫ਼ਤਾ ਹੋ ਗਿਆ ਹੈ...

ਅੰਦਰ ਭੂਚਾਲ ਹੈ

ਪਰ ਪਤਾ ਨਹੀਂ ਕਿਉਂ ਕੁਝ ਲਿਖਣ ਦਾ ਮਨ ਹੀ ਨਹੀਂ ਕਰ ਰਿਹਾ ਸੀ...

ਕੁਝ ਹਾਦਸੇ ਏਨਾ ਤੋੜ ਦਿੰਦੇ ਨੇ ਕਿ ਤੁਸੀਂ ਬੋਲ ਹੀ ਨਹੀਂ ਸਕਦੇ...ਅਹਿਸਾਸ ਦੀ ਸੰਘੀ ਏਨੀ ਜੋਰ ਦੀ ਘੁੱਟੀ ਜਾਂਦੀ ਹੈ ਕਿ ਬੋਲ ਸੰਘ ਵਿਚ ਫਸ ਜਾਂਦੇ ਨੇ..

ਉਦਾਸੀ, ਚਿੰਤਾ, ਕ੍ਰੋਧ, ਬੇਬਸੀ, ਖਿਝ ਦਾ ਗੁਬਾਰ ਏਨਾ ਵੱਡਾ ਹੋ ਜਾਂਦਾ ਹੈ ਕਿ ਜ਼ੁਬਾਨ ਦੇ ਮੋਘੇ ਵਿੱਚ ਇੱਟ ਵਾਂਗ ਫਸ ਜਾਂਦਾ ਹੈ ਕੁਝ...

ਪਿਛਲੇ 80 ਦਿਨਾਂ ਤੋਂ ਵਤਨ ਦੇ ਜਿਸਮ ਦਾ ਇਕ ਟੋਟਾ ਸਰਾਪਿਆ ਪਿਆ ਹੈ..ਪੌਣਾਂ ਵਿਚ ਜ਼ਹਿਰ ਘੁੱਲ ਚੁੱਕਿਆ ਹੈ, ਖੇਤ ਸਰਾਪੇ ਜਾ ਚੁੱਕੇ ਹਨ, ਬੇਜ਼ੁਬਾਨ ਪਸ਼ੂ ਮਨੁੱਖ ਦੇ ਪਸ਼ੂਪੁਣੇ ਤੇ ਹੈਰਾਨ ਹਨ, ਸਕੂਲ ਨਿਆਣਿਆਂ ਨੂੰ ਤਰਸ ਰਹੇ ਹਨ ਅਤੇ ਨਿਆਣੇ ਸਿਆਣਿਆਂ ਦੀ ਸਿਆਣਪਾਂ ਦੇਖ ਦੇਖ ਸਹਿਮੇ ਹੋਏ ਮਾਵਾਂ ਦੀਆਂ ਗੋਦੀਆਂ ਨਾਲ ਚਿਪਕ ਰਹੇ ਹਨ। 60000 ਐੱਫ ਆਈ ਆਰਾਂ ਖੱਸੀ ਹੋ ਹੋ ਦਮ ਤੋੜ ਰਹੀਆਂ ਹਨ। ਡਬਲ ਇੰਜਣ ਸਰਕਾਰ ਦੇ ਡਬਲ ਕਿਰਦਾਰ ਦੀ ਸਾਜ਼ਿਸ਼ ਦੇ ਤਹਿਤ ਮਨੀਪੁਰ ਦੇ ਘੱਟ ਗਿਣਤੀ ਫਿਰਕੇ ਡਬਲ-ਟਰਿਪਲ ਅੱਤਿਆਚਾਰ ਦੀ ਮਾਰ ਹੇਠ ਹਨ।

ਪਰ ਇੱਥੇ ਸਵਾਲ ਇਹ ਹੈ ਕਿ ਤੁਹਾਨੂੰ ਕੀ ਲਗਦਾ ਹੈ ਕਿ ਇਹ ਦਰਿੰਦਗੀ ਕਿਸੇ ਪੁਰਸ਼ ਨੇ ਕੀਤੀ ਹੈ ? ਨਹੀਂ

– ਇਹ ਫਿਰਕਾਪ੍ਰਸਤੀ, ਖੇਤਰਪ੍ਰਸਤੀ, ਜ਼ੁਬਾਨਪ੍ਰਸਤੀ ਦੇ ਜਨੂੰਨ ਵਿਚ ਸੜ ਰਹੇ ਅੰਨ੍ਹੇ ਲੋਕਾਂ ਨੇ ਕੀਤੀ ਹੈ।

– ਇਹਨਾਂ ਦੀ ਪਿੱਠ ਤੇ ਖੜ੍ਹੀ ਸੱਤਾ ਨੇ ਕੀਤੀ ਹੈ।

– ਪੁਰਸ਼ਾਂ ਨੇ ਤਾਂ ਕੀਤੀ ਹੀ ਹੈ, ਭੀੜ ਵਿੱਚ ਸ਼ਾਮਲ ਔਰਤਾਂ ਨੇ ਵੀ ਕੀਤੀ ਹੈ।

– ਸਮਝਣਾ ਇਹ ਜ਼ਰੂਰੀ ਹੈ ਕਿ ਸੱਤਾ, ਸ਼ਾਤਿਰ ਅਤੇ ਸਾਜ਼ਿਸੀ ਦਾ ਕੋਈ ਲਿੰਗ ਨਹੀਂ ਹੁੰਦਾ।

ਅਸਲ ਵਿੱਚ ਇਹ ਕੋਈ ਸੈਕਸੁਅਲ ਹਵਸ ਦੀ ਇੰਤਹਾ ਵਿਚੋਂ ਪੈਦਾ ਹੋਇਆ ਰੇਪ ਨਹੀਂ, ਉਸ ਰੇਪ ਤੋਂ ਬਹੁਤ ਕੁਝ ਵੱਧ ਹੈ। ਉਂਝ ਤਾਂ ਭਾਵੇਂ ਰੇਪ ਮਨੁੱਖ ਦੁਆਰਾ ਮਨੁੱਖ ਨਾਲ ਕੀਤੀ ਸਭ ਤੋਂ ਦਰਿੰਦਾ ਕਰਤੂਤ ਹੁੰਦੀ ਹੈ, ਪਰ ਫੇਰ ਵੀ ਰੇਪ ਰੇਪ ਵਿਚ ਫਰਕ ਹੁੰਦਾ ਹੈ। ਇਕ ਰੇਪ ਸੈਕਸੂਲ ਭੁੱਖ ਦੀ ਐਕਸਟਰੀਮ ਵਿੱਚੋਂ ਪੈਦਾ ਹੁੰਦਾ ਹੈ ਜਿਸ ਵਿਚ ਆਦਮੀ ਕਿਸੇ ਵਿਰੋਧੀ ਲਿੰਗ ਨੂੰ ਵਰਗਲਾਕੇ, ਫੁਸਲਾਕੇ ਜਾਂ ਜ਼ਬਰੀ ਉਸ ਨਾਲ ਰੇਪ ਕਰਦਾ ਹੈ ਅਤੇ ਉਸ ਨੂੰ ਜਲਾਲਤ ਭਰੀ ਜ਼ਿੰਦਗੀ ਜਿਉਣ ਲਈ ਛੱਡ ਦਿੰਦਾ ਹੈ। ਅਜਿਹੇ ਕੇਸਾਂ ਵਿਚ ਹੁਣ ਇੰਤਹਾ ਇਹ ਹੋਈ ਹੈ ਕਿ ਅਜਿਹੇ ਦਰਿੰਦੇ ਸਬੂਤ ਖੁਰਦ-ਬੁਰਦ ਦੇ ਕੋਸ਼ਿਸ਼ ਵਿਚ ਰੇਪ ਕਰਨ ਤੋਂ ਬਾਅਦ ਕਿਸੇ ਵੀ ਤਰੀਕੇ ਨਾਲ ਉਸ ਦਾ ਕਤਲ ਵੀ ਕਰ ਦਿੰਦੇ ਹਨ। ਪਰ ਮਨੀਪੁਰ ਵਿਚ 4 ਮਈ ਨੂੰ ਵਾਪਰੀਆਂ ਘਟਨਾਵਾਂ ਨੂੰ ਇਸ ਸ਼੍ਰੇਣੀ ਵਿਚ ਨਹੀਂ ਰੱਖਿਆ ਜਾ ਸਕਦਾ। ਸਗੋਂ ਇਹ ਘਟਨਾਵਾਂ ਇਸ ਤੋਂ ਕਿਤੇ ਵੱਧ ਭਿਆਨਕ ਅਤੇ ਦਰਿੰਦਗੀ ਭਰਪੂਰ ਹਨ।

ਦੋਸਤੋ ! ਇਸ ਕਾਰੇ ਦੇ ਮਨੋਵਿਗਿਆਨ ਅਤੇ ਸੁਭਾਅ ਨੂੰ ਸਮਝੋ... ਇਤਿਹਾਸ ਦੀ ਯਾਤਰਾ ਕਰੋ.. ਇਹ ਸਾਰਾ ਕੁਝ ਕੁਝ ਸਮਾਂ ਪਹਿਲਾਂ ਗੁਜਰਾਤ ਵਿਚ ਵੀ ਹੋਇਆ ਸੀ। ਬਿਲਕਿਸ ਬਾਨੋ ਉਸ ਦਾ ਜਿਉਂਦਾ ਜਾਗਦਾ ਸਬੂਤ ਹੈ...

ਇਹ ਸਾਰਾ ਕੁਝ ਉਸ ਤੋ ਹੋਰ ਪਹਿਲਾਂ 1984 ਵਿਚ ਦਿੱਲੀ ਵਿਚ ਵੀ ਹੋਇਆ ਸੀ, ਜਦ ਬਹੁਤ ਸਾਰੇ ਪਾਪੀਆਂ ਦੀਆਂ ਕਰਤੂਤਾਂ ਦੀ ਬਦੌਲਤ ਧਰਤੀ ਹਿੱਲੀ ਸੀ।

ਇਹੀ ਕਾਰਾ ਉਸ ਤੋਂ ਵੀ ਬਹੁਤ ਪਹਿਲਾਂ ਸੰਤਾਲੀ ਦੀ ਵੰਡ ਸਮੇਂ ਅਸੀਂ ਆਪ ਵੀ ਕੀਤਾ ਸੀ, ਜਦ ਅੰਮ੍ਰਿਤਾ ਦੁਆਰਾ ਵਾਰਿਸ ਸ਼ਾਹ ਨੂੰ ਇਹ ਕਹਿ ਕੇ ਹਾਕਾਂ ਮਾਰੀਆਂ ਗਈਆਂ ਕਿ ਇਕ ਰੋਈ ਸੀ ਧੀ ਪੰਜਾਬ ਦੀ, ਅਸੀਂ ਲਿਖ ਲਿਖ ਮਾਰੇ ਵੈਣ...ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।

ਇਸ ਦੇ ਪਿੱਛੇ ਸਿਰਫ਼ ਜਿਣਸੀ ਹਵਸ ਨਹੀਂ ਹੁੰਦੀ, ਬਲਕਿ ਇਹ ਇਕ ਫਿਰਕੇ ਦੇ ਜਨੂੰਨੀ ਮਰਦ-ਔਰਤਾਂ ਦੁਆਰਾ ਦੂਜੇ ਫਿਰਕੇ ਉੱਪਰ ਆਪਣੀ ਦਬਿਸ਼ ਪਾਉਣ ਲਈ ਕੀਤਾ ਗਿਆ ਭਿਆਨਕ ਕਾਰਾ ਹੁੰਦਾ ਹੈ। ਇਸ ਦੇ ਪਿੱਛੇ ਮਨੋਵਿਗਿਆਨ ਇਹ ਪਿਆ ਹੁੰਦਾ ਹੈ ਕਿ:

– ਸਾਡਾ ਸਮਾਜ ਕਿਸ ਗੱਲ ਤੋਂ ਸਭ ਤੋਂ ਵੱਧ ਜਲੀਲ ਹੁੰਦਾ ਹੈ, ਪੀੜਤ ਹੁੰਦਾ ਹੈ, ਦੁਖੀ ਹੁੰਦਾ ਹੈ ?

– ਇਸੇ ਲਈ ਅਜਿਹੇ ਕੇਸਾਂ ਵਿਚ ਕਈ ਵਾਰ ਧਾੜਵੀਆਂ ਵੱਲੋਂ ਆਰਥਿਕ ਲੁੱਟ ਕੀਤੀ ਜਾਂਦੀ ਹੈ..

– ਇਸੇ ਲਈ ਅਜਿਹੇ ਕੇਸਾਂ ਵਿਚ ਕਈ ਵਾਰ ਧਾੜਵੀਆਂ ਵੱਲੋਂ ਦਹਿਸ਼ਤ ਫੈਲਾਉਣ ਲਈ ਸਮੂਹਕ ਕਤਲ ਕੀਤੇ ਜਾਂਦੇ ਹਨ..

– ਇਸੇ ਲਈ ਅਜਿਹੇ ਕੇਸਾਂ ਵਿਚ ਕਈ ਵਾਰ ਧਾੜਵੀਆਂ ਵੱਲੋਂ ਔਰਤਾਂ ਨੂੰ ਨੰਗੇ ਕਰਕੇ ਘੁਮਾਇਆ ਜਾਂਦਾ ਹੈ, ਉਸ ਦੇ ਅੰਗਾਂ ਨਾਲ ਛੇੜਛਾੜ ਕੀਤੀ ਜਾਂਦੀ ਹੈ, ਉਸ ਤੇ ਭੱਦੀਆਂ ਟਿੱਪਣੀਆਂ ਕੀਤੀਆਂ ਜਾਂਦੀਆਂ ਹਨ ਅਤੇ ਉਸ ਦਾ ਸਮੂਹਕ ਰੇਪ ਕੀਤਾ ਜਾਂਦਾ ਹੈ।

ਸਦੀਆਂ ਤੋਂ ਔਰਤ ਨੂੰ ਮਨੁੱਖ ਨੇ ਆਪਣੀ ਪਰਸਨਲ ਪਰਾਪਰਟੀ ਬਣਾ ਕੇ ਨਿਰਜੀਵ ਵਸਤ ਵਾਲਾ ਵਿਹਾਰ ਕੀਤਾ ਹੈ। ਸਾਡੇ ਸਮਾਜ ਨੂੰ ਪਤਾ ਹੈ ਕਿ ਇਸ 'ਪਰਸਨਲ ਪ੍ਰਾਪਰਟੀ' ਨਾਲ ਕੀਤੀ ਛੇੜਛਾੜ, ਕੁੱਟ ਮਾਰ, ਸ਼ਬਦੀ ਅਤੇ ਸ਼ਰੀਰਕ ਰੇਪ ਕਰਨ ਨਾਲ ਸਾਡਾ ਸਮਾਜ ਸਭ ਤੋਂ ਵੱਧ ਬੇਇੱਜ਼ਤ ਮਹਿਸੂਸ ਕਰਦਾ ਹੈ ਇਸ ਲਈ ਕਿਸੇ ਇਕ ਧੜਵੈਲ ਸਮੂਹ ਵੱਲੋਂ ਦੂਜੇ ਸਮੂਹ ਨੂੰ ਅਪਮਾਨਿਤ ਕਰਕੇ ਉਸ ਦੇ ਆਪਣੀ ਦਹਿਸ਼ਤ ਪਾਉਣ ਲਈ ਅਜਿਹੇ ਅਮਾਨਵੀ ਕਾਰੇ ਕੀਤੇ ਜਾਂਦੇ ਹਨ। ਖ਼ੁਦ ਨੂੰ 'ਮਰਦ' ਸਾਬਤ ਕਰਦੇ ਹੋਏ ਦੂਜਿਆਂ ਨੂੰ 'ਨਾਮਰਦ' ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਦੇ ਕਈ ਪੜਾਅ ਹਨ :

– ਔਰਤ ਨੂੰ ਅਗਵਾ ਕਰਕੇ ਲੈ ਜਾਣਾ ਜਾਂ ਉਸ ਨਾਲ ਜਬਰੀ ਵਿਆਹ ਕਰ ਲੈਣਾ ਹੀ ਸਬੰਧਤ ਧਿਰ ਨੂੰ ਸ਼ਰਮਸ਼ਾਰ ਅਤੇ ਖ਼ੌਫਜ਼ਦਾ ਕਰਨ ਲਈ ਕਾਫੀ ਹੁੰਦਾ ਹੈ।

– ਦੂਜੇ ਪੜਾਅ ਤੇ ਉਸ ਤੇ ਭੱਦੇ ਫਿਕਰੇ ਕਸੇ ਜਾਂਦੇ ਹਨ।

– ਤੀਜੇ ਪੜਾਅ ਤੇ ਉਸ ਨੂੰ ਨੰਗਾ ਕੀਤਾ ਜਾਂਦਾ ਹੈ।

–ਚੌਥੇ ਪੜਾਅ ਤੇ ਉਸ ਦੇ ਜਿਸਮ ਨਾਲ ਛੇੜਛਾੜ ਕੀਤੀ ਜਾਂਦੀ ਹੈ। ਕੁੱਟ ਮਾਰ ਕੀਤੀ ਜਾਂਦੀ ਹੈ।

– ਇਸ ਨੂੰ ਹੋਰ ਭਿਆਨਕ ਕਰਨ ਲਈ ਇਸ ਨੂੰ ਜਨਤਕ ਤੌਰ ਤੇ ਲੋਕਾਂ ਦੇ ਸਾਮ ?ਹਣੇ ਕੀਤਾ ਜਾਂਦਾ ਹੈ।

– ਹੋਰ ਦਰਿੰਦਗੀ ਦਿਖਾਉਣ ਲਈ ਉਸ ਨਾਲ ਸਮੂਹਕ ਰੇਪ ਕੀਤਾ ਜਾਂਦਾ ਹੈ ਅਤੇ ਮਾਰ ਦਿੱਤਾ ਜਾਂਦਾ ਹੈ...

– ਹੋਰ ਭਿਆਨਕ ਕਰਨ ਲਈ ਅੱਜ ਕੱਲ੍ਹ ਇਸ ਦੀ ਆਪ ਹੀ ਵੀਡੀਓ ਬਣਾ ਕੇ ਪਬਲਿਕ ਡੋਮੇਨ ਵਿਚ ਭੇਜ ਦਿੱਤੀ ਜਾਂਦੀ ਹੈ।

ਮਨੀਪੁਰ ਕੇਸ ਵਿਚ ਇਹੋ ਸਾਰਾ ਕੁਝ ਹੋਇਆ ਹੈ। ਇਸ ਵਿਚ 'ਸਿਰਫ਼ ਸੈਕਸੂਅਲਟੀ' ਕਾਰਨ ਨਹੀਂ ਹੈ। ਪਰ ਸੱਤਾ ਦੀ ਖੇਡ ਬਹੁਤ ਸਾਜ਼ਿਸ਼ੀ ਹੈ। ਇਸ ਨੂੰ ਸਿਰਫ਼ ਸੈਕਸੂਅਲਟੀ ਨਾਲ ਜੋੜ ਕੇ ਕੁਝ ਵਿਅਕਤੀਆਂ ਦੁਆਰਾ ਕੀਤਾ ਗਿਆ ਕਾਰਾ ਬਣਾ ਦਿੰਦੀ ਹੈ ਅਤੇ ਬਾਅਦ ਵਿਚ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਦਾ ਡਰਾਮਾ ਕਰਕੇ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੀ ਹੈ।

ਪ੍ਰਧਾਨਮੰਤਰੀ ਦਾ 79 ਦਿਨ ਬਾਅਦ ਆਏ ਬਿਆਨ ਦਾ ਸ਼ਬਦ ਸ਼ਬਦ ਪੜ੍ਹੋ ਅਤੇ ਸਮਝੋ :

ਮੇਰਾ ਦਿਲ ਅੱਜ ਪੀੜ ਨਾਲ ਭਰਿਆ ਹੈ, ਕਰੋਧ ਨਾਲ ਭਰਿਆ ਹੈ। ਮਣੀਪੁਰ ਦੀ ਘਟਨਾ ਕਿਸੇ ਵੀ ਸਭਿਅਕ ਸਮਾਜ ਲਈ ਸ਼ਰਮਸਾਰ ਕਰਨ ਵਾਲੀ ਘਟਨਾ ਹੈ। ਪਾਪ ਕਰਨ ਵਾਲੇ ਕੀਨੇ ਹਨ ਅਤੇ ਕੌਣ ਹਨ, ਇਹ ਆਪਣੀ ਜਗ੍ਹਾ ਹੈ, ਪਰ ਬੇਇੱਜ਼ਤੀ ਪੂਰੀ ਦੇਸ਼ ਦੀ ਹੋ ਰਹੀ ਹੈ। 140 ਕਰੋੜ ਦੇਸ਼ਵਾਸੀਆਂ ਨੂੰ ਸ਼ਰਮਸਾਰ ਹੋਣਾ ਪੈ ਰਿਹਾ ਹੈ।

ਹੁਣ ਇਸ ਬਿਆਨ ਦਾ ਧਿਆਨ ਨਾਲ ਵਿਸ਼ਲੇਸ਼ਣ ਕਰੋ :

ਇਸ ਵਿਚ ਕਿਤੇ ਵੀ ਪਿਛਲੇ ਤਿੰਨ ਮਹੀਨਿਆਂ ਤੋਂ ਹੁੰਦੀ ਆ ਰਹੀ ਦਹਿਸ਼ਤ ਅਤੇ ਗੁੰਡਾਗਰਦੀ ਦਾ ਜ਼ਿਕਰ ਨਹੀਂ ਜਿਸ ਦੇ ਤਹਿਤ ਹਜ਼ਾਰਾਂ ਐਫ ਆਈ ਆਰਾਂ ਹੋਈਆਂ...ਅੱਗਾਂ ਲਗੀਆਂ....ਕਤਲ ਹੋਏ.....ਲੋਕ ਬੇਘਰ ਹੋਏ..ਸਿਰਫ਼ ਤੇ ਸਿਰਫ ਇਕ ਘਟਨਾ ਦਾ ਜ਼ਿਕਰ ਹੈ। ਇਹ ਘਟਨਾ ਦਹਾਕਿਆਂ ਤੋਂ ਧੁਖਦੀ ਅੱਗ ਦਾ ਅਸਮਾਨਾਂ ਵਿਚ ਦਿਸਿਆ ਭਾਂਬੜ ਹੈ। ਅੱਗ ਨੇ ਕੀ ਕੁਝ ਫੂਕਿਆ ਹੈ, ਇਸ ਦੀ ਨਿਸ਼ਾਨਦੇਹੀ ਨਹੀਂ। ਮਨੀਪੁਰ ਜਲ ਰਿਹਾ ਹੈ ਅਤੇ ਡਬਲ ਇੰਜਨ ਸਰਕਾਰ ਬਸ ਏਨਾ ਹੀ ਕਰੇਗੀ ਕਿ ਬਹੁਗਿਣਤੀ ਫਿਰਕੇ ਦੀ ਪੁਸ਼ਤਪਨਾਹੀ ਕਰਨ ਲਈ ਇਸ ਸਾਰੇ ਸਿਲਸਿਲੇਵਾਰ ਘਟਨਾਕ੍ਰਮ ਨੂੰ ਕੁਝ ਕੁ ਰੇਪਿਸਟਾਂ ਦੁਆਰਾ ਕੀਤਾ ਗਿਆ ਕਾਰਾ ਦਸ ਕੇ ਇਹਨਾਂ ਨੂੰ ਗ੍ਰਿਫਤਾਰ ਕਰੇਗੀ... ਆਪਣੇ ਗੁਪਤ ਏਜੰਡਿਆਂ ਦੇ ਤਹਿਤ ਇਹਨਾਂ ਰੇਪਿਸਟਾਂ ਨੂੰ ਅੰਦਰਖਾਤੇ 'ਜੰਗਜੂਆਂ' ਦਾ ਦਰਜਾ ਦੇਵੇਗੀ...ਇਹਨਾਂ ਦੇ ਪਰਿਵਾਰਾਂ ਨੂੰ ਨਿਆਮਤਾਂ ਨਾਲ ਨਿਵਾਜ਼ੇਗੀ...ਤੇ ਇੰਤਜਾਰ ਕਰਿਓ ਕਿ ਬਿਲਕਿਸ ਬਾਨੋ ਦੇ ਕੇਸ ਵਾਂਗ ਕਿਸੇ 15 ਅਗਸਤ ਜਾਂ 26 ਜਨਵਰੀ ਦੇ ਰਾਸ਼ਟਰੀ ਤਿਉਹਾਰ ਦੇ ਮੌਕੇ ਕੈਦੀਆਂ ਦੀ ਸਜ਼ਾ ਮੁਆਫ ਕਰਨ ਦੇ ਬਹਾਨੇ ਇਹਨਾਂ ਨੂੰ ਛੱਡ ਦਿੱਤਾ ਜਾਵੇਗਾ ਅਤੇ ਕੋਈ ਸੱਤਾ ਦਾ ਕਰਿੰਦਾ ਉਸ ਦੇ ਗਲ ਵਿਚ ਹਾਰ ਪਾ ਕੇ ਉਸ ਦਾ ਸੁਆਗਤ ਕਰ ਰਿਹਾ ਹੋਵੇਗਾ।

ਅਜੰਤਾ ਦੇਵ ਦੀ ਕਵਿਤਾ 'ਦੋ ਨਗਨ ਇਸਤਰੀਆਂ' ਇਸੇ ਸੱਚ ਦੀ ਤਰਜਮਾਨੀ ਕਰਦੀ ਹੈ :

ਇਹ ਸਰੀਰ ਓਸੇ ਤਰ੍ਹਾਂ ਦੇ ਹੀ ਸਨ
ਜਿਸ ਤਰ੍ਹਾਂ ਦੇ ਕਰੋੜਾਂ ਭਾਰਤੀ ਇਸਤਰੀਆਂ ਦੇ

ਇਹ ਭੀੜ ਵੀ ਉਸ ਤਰ੍ਹਾਂ ਦੀ ਹੀ ਸੀ
ਜਿਸ ਤਰ੍ਹਾਂ ਬਾਕੀ ਬਚੀ ਆਦਮ ਦੀ ਅਬਾਦੀ

ਇਹ ਉਤੇਜਨਾ ਠੀਕ ਓਸੇ ਤਰ੍ਹਾਂ ਦੀ ਸੀ
ਜਿਸ ਤਰ੍ਹਾਂ ਸ਼ਿਕਾਰ ਨੂੰ ਲਟਕਾ ਕੇ ਲਿਜਾਂਦੇ ਸ਼ਿਕਾਰੀ

ਇਹ ਭਾਸ਼ਣ ਵੀ ਓਸੇ ਤਰ੍ਹਾਂ ਦਾ ਹੀ ਸੀ
ਜਿਸ ਤਰ੍ਹਾਂ ਦਾ ਉੱਨੀ ਸੌ ਚਾਲੀ ਦੇ
ਰੇਡੀਓ ਤੇ ਆਇਆ ਸੀ

ਹੁਣ ਪਿਛਾਂਹ ਨੂੰ ਚਲਦੇ ਹਾਂ...ਅਜ ਤੋਂ 19 ਸਾਲ ਪਹਿਲਾਂ ਮਨੀਪੁਰ ਦੀਆਂ ਕੁਝ ਮਾਵਾਂ ਤੇ ਦਾਦੀਆਂ ਨੇ ਅਲਫ਼ ਨੰਗੇ ਹੋ ਕੇ ਰੋਸ-ਪ੍ਰਦਰਸ਼ਨ ਕੀਤਾ ਸੀ ਅਤੇ ਮਨੀਪੁਰ ਸਮਾਜ ਦੀਆਂ ਸਾਰੀਆਂ ਰੂੜ੍ਹੀਆਂ ਨੂੰ ਤੋੜਦੇ ਹੋਏ 12 ਔਰਤਾਂ ਨੇ ਭਾਰਤੀ ਸੁਰਖਿਆ ਫੋਰਸਾਂ ਦੇ ਰੇਪਿਸਟ ਕਿਰਦਾਰ ਨੂੰ ਨੰਗਾ ਕੀਤਾ ਸੀ।

ਕਿਹਾ ਜਾਂਦਾ ਹੈ ਕਿ 2004 ਵਿਚ ਅਖੌਤੀ ਕੱਟੜਪੰਥੀਆਂ ਨੂੰ ਸਬਕ ਸਿਖਾਉਣ ਲਈ ਮਨੀਪੁਰ ਵਿਚ ਤੈਨਾਤ ਅਸਾਮ ਰਾਈਫਲਜ਼ ਦੇ ਜਵਾਨਾਂ ਨੇ 11 ਜੁਲਾਈ ਦੀ ਅੱਧੀ ਰਾਤ ਨੂੰ ਮਨੀਪੁਰੀ ਔਰਤ ਮਨੋਰਮਾ ਨੂੰ ਉਸ ਦੇ ਘਰ ਤੋਂ ਚੁੱਕਿਆ। ਉਸ ਨਾਲ ਗੈਂਗਰੇਪ ਹੋਇਆ ਅਤੇ ਉਸ ਤੋਂ ਬਾਅਦ ਉਸ ਦਾ ਕਤਲ ਕਰ ਦਿੱਤਾ ਗਿਆ।

ਉਸ ਤੋਂ ਕੁਝ ਘੰਟਿਆਂ ਬਾਅਦ ਇਕ ਸੜਕ ਦੇ ਕਿਨਾਰੇ ਉਸ ਦਾ ਕਟਿਆ-ਫਟਿਆ ਅਤੇ ਗੁਪਤ ਅੰਗਾਂ ਤੇ ਗੋਲੀਆਂ ਦੇ ਨਿਸ਼ਾਨਾਂ ਵਾਲੀ ਲਾਸ਼ ਮਿਲੀ। ਉਸ ਦੇ ਸਰੀਰ ਤੇ ਲੱਗੇ ਇਹ ਨਿਸ਼ਾਨ ਹੀ ਉਸ ਦੇ ਟਾਰਚਰ ਹੋਣ ਅਤੇ ਬਲਾਤਕਾਰ ਹੋਣ ਦੀ ਗਵਾਹੀ ਦੇ ਰਹੇ ਸਨ। ਬੇਸ਼ਕ ਅਸਾਮ ਰਾਈਫਲਜ਼ ਨੇ ਆਪਣੀ ਭੂਮਿਕਾ ਤੋਂ ਇਨਕਾਰ ਕੀਤਾ ਪਰ ਰਾਜ 'ਚ ਲੋਕਾਂ ਦਾ ਹੱਦ ਦਰਜੇ ਦਾ ਗੁੱਸਾ ਫੁੱਟਿਆ ਅਤੇ ਕੇਂਦਰ ਦੇ ਖਿਲਾਫ਼ ਇਹ ਚਰਚਿਤ ਮਦਰ ਪ੍ਰੋਟੈਸਟ ਹੋਇਆ।

ਸੋਚੋ ਕੀ ਲੋੜ ਪਈ ਪੁੱਤ-ਪੋਤਿਆਂ ਵਾਲੀਆਂ ਇਹਨਾਂ ਬੀਬੀਆਂ ਨੂੰ ਕਿ ਇਹ ਆਪਣੀ ਪੌਣੀ ਸਦੀ ਉਮਰ ਦੇ ਵਿਚ ਧਰਨੇ ਪ੍ਰਦਰਸ਼ਨ ਲਾਉਣ। ਇਹਨਾਂ ਵਿਚ ਸਭ ਤੋਂ ਬਜ਼ੁਰਗ ਪ੍ਰਦਰਸ਼ਨਕਾਰੀ 73 ਸਾਲ ਦੀ ਸੀ ਅਤੇ ਇਹਨਾਂ ਸਾਰੀਆਂ ਔਰਤਾਂ ਕੁਲ 46 ਬੱਚੇ ਅਤੇ 74 ਨਾਤੀ ਦੋਹਤੇ ਵੀ ਸਨ। ਇਹਨਾਂ ਮਾਵਾਂ ਦੀ ਨਾਰਾਜ਼ਗੀ ਅਜੇ ਵੀ ਬਰਕਰਾਰ ਹੈ। ਇਹਨਾਂ ਵਿੱਚੋਂ ਇਕ ਲੈਸ਼ਰਾਮ ਗਿਆਨੇਸ਼ਵਰੀ ਨੇ ਕਿਹਾ, 'ਅਸੀਂ ਅਜੇ ਵੀ ਨੰਗੇ ਹਾਂ। ਜਿਸ ਦਿਨ ਪੂਰੇ ਸੂਬੇ ਤੋਂ ਅਫਸਪਾ ਹਟਾ ਦਿੱਤਾ ਜਾਵੇਗਾ, ਅਸੀਂ ਸਮਝਾਂਗੇ ਕਿ ਸਰਕਾਰ ਨੇ ਸਾਡੇ ਕੱਪੜੇ ਵਾਪਸ ਕਰ ਦਿੱਤੇ ਹਨ।'

ਇੱਥੇ ਹੀ ਇਸ ਧਰਤੀ ਦੀ ਬਾਹਦਰ ਜਰਨੈਲ ਇਰੋਮ ਸ਼ਰਮੀਲਾ ਨੂੰ ਯਾਦ ਕਰਨਾ ਬਣਦਾ ਹੈ। ਇਰੋਮ ਸ਼ਰਮੀਲਾ ਮਨੀਪੁਰ ਵਿਚ ਜਬਰੀ ਤੌਰ 'ਤੇ ਲਾਗੂ ਹੋਣ ਵਾਲੇ ਕਨੂੰਨ 'ਅਫਸਪਾ' ਅਤੇ ਇਸ ਰਾਹੀਂ ਢਾਹੇ ਸਿਆਸਤੀ ਜਬਰ ਦਾ ਡੱਟ ਕੇ ਸਾਹਮਣਾ ਕਰਨ ਵਾਲੀ ਅਜਿਹੀ ਔਰਤ ਹੈ ਜਿਸ ਨੇ ਪੂਰੇ ਵਿਸ਼ਵ ਵਿਚ ਸਭ ਤੋਂ ਲੰਮੀ ਭੁੱਖ ਹੜਤਾਲ (16 ਸਾਲ) ਕਰਕੇ ਮਿਸਾਲ ਕਾਇਮ ਕੀਤੀ। ਪ੍ਰਸਿੱਧ ਚਿੰਤਕ ਡਾ. ਅਨੂਪ ਸਿੰਘ ਲਿਖਦੇ ਹਨ ਕਿ 'ਇਰੋਮ ਸ਼ਰਮੀਲਾ ਦਾ "ਰਾਸ਼ਟਰ' ਵਿਰੁੱਧ "ਗੁਨਾਹ ਇਹ ਹੈ ਕਿ ਉਸ 'ਆਪਣੀਆਂ ਅੱਖਾਂ ਸਾਹਵੇਂ ਦਸ ਬੇਗੁਨਾਹ ਲੋਕਾਂ ਨੂੰ ਸੁਰੱਖਿਆ ਬਲਾਂ ਦੀਆਂ ਗੋਲੀਆਂ ਨਾਲ ਮਰਦਿਆਂ ਵੇਖਿਆ ਹੈ ਜਿਨ੍ਹਾਂ 'ਚ "ਬਹਾਦਰੀ ਪੁਰਸਕਾਰ" ਨਾਲ ਸਨਮਾਨਿਤ ਇਕ ਲੜਕਾ ਵੀ ਸੀ। ਇਹ ਘਟਨਾ ਦੀਆਂ ਤਸਵੀਰਾਂ ਅਖ਼ਬਾਰਾਂ 'ਚ ਵੇਖ ਕੇ ਇਰੋਮ ਨੇ 4 ਨਵੰਬਰ 2000 ਤੋਂ ਅਫਸਪਾ (AFSPA) ਹਟਾਉਣ ਦੀ ਮੰਗ ਨੂੰ ਲੈ ਕੇ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਸੀ। ਉਸ ਦੀ ਭੁੱਖ ਹੜਤਾਲ ਲੱਗਭਗ ਪੌਣੇ ਸੋਲ੍ਹਾਂ ਸਾਲ (4 ਨਵੰਬਰ 2000 ਤੋਂ 9 ਅਗਸਤ 2016 ਤੱਕ) ਚੱਲੀ। 26 ਜੁਲਾਈ 2016 ਨੂੰ ਇਰੋਮ ਨੇ ਭੁੱਖ ਹੜਤਾਲ ਖਤਮ ਕਰਨ ਦਾ ਐਲਾਨ ਕੀਤਾ ਸੀ। ਉਸ ਨੇ ਮੂੰਹ ਰਾਹੀਂ ਨਾ ਕੁਝ ਖਾਧਾ ਤੇ ਨਾ ਪੀਤਾ। ਉਸ ਨੂੰ ਜੇਲ੍ਹ 'ਚ ਬੰਦ ਰੱਖਿਆ ਗਿਆ। ਉਸ ਦੇ ਮੂੰਹ ਦੀਆਂ ਸਵਾਦ ਗ੍ਰੰਥੀਆਂ ਖਤਮ ਹੋ ਚੁੱਕੀਆਂ ਸਨ। ਉਸ ਦਾ ਭਾਰ 37 ਕਿਲੋ ਰਹਿ ਗਿਆ ਸੀ। ਉਸ ਦਾ ਮਨ-ਮਸਤਕ ਸਮਤੋਲ ਨਹੀਂ ਰਹਿ ਸਕਿਆ। ਉਹ ਆਪਣੇ ਲੋਕਾਂ ਉੱਪਰ ਹੋ ਰਹੇ ਜਬਰ ਵਿਰੁੱਧ ਆਪਣੇ ਢੰਗ ਨਾਲ ਸੰਘਰਸ਼ ਕਰਦੀ ਰਹੀ। ਉਸ ਨੇ ਸੁਰੱਖਿਆ ਬਲਾਂ ਦੇ ਵਹਿਸ਼ੀ ਕਾਰੇ ਆਪਣੇ ਕੰਨਾਂ ਨਾਲ ਸੁਣੇ ਅਤੇ ਅੱਖਾਂ ਨਾਲ ਵੇਖੇ ਸਨ। ਉਸ ਦਾ ਮਨ-ਮਸਤਕ ਉਸ ਵੇਲੇ ਵਲੂੰਧਰਿਆ ਗਿਆ ਜਦੋਂ ਉਸ ਨੇ ਆਪਣੀਆਂ ਹੀ ਮਾਵਾਂ-ਭੈਣਾਂ ਨਾਲ ਬਲਾਤਕਾਰ ਦੀਆਂ ਖ਼ਬਰਾਂ ਪੜ੍ਹੀਆਂ-ਸੁਣੀਆਂ। ਫਿਰ ਉਸ ਨੇ ਇਹ ਵੀ ਪੜਿਆ-ਸੁਣਿਆ ਕਿ ਉਸ ਦੀਆਂ ਮਾਵਾਂ-ਭੈਣਾਂ ਨੇ ਆਪਣੇ ਕੱਪੜੇ ਉਤਾਰ ਕੇ ਸੁਰੱਖਿਆ ਬਲਾਂ ਨੂੰ ਲਿਖ ਕੇ ਤਖ਼ਤੀਆਂ ਵਿਖਾਈਆਂ ਕਿ "ਸਾਡੇ ਨਾਲ ਵੀ ਬਲਾਤਕਾਰ ਕਰੋ"। ਚਾਲੀ ਤੋਂ 60 ਸਾਲਾਂ ਦੀਆਂ 30 ਔਰਤਾਂ ਨੇ 15 ਜੁਲਾਈ 2004 ਨੂੰ ਨਗਨ ਹੋ ਕੇ ਅਸਾਮ ਰਾਈਫਲਜ਼ ਦੇ ਮੁੱਖ ਦਫ਼ਤਰ ਕਾਂਗਲਾ ਫੋਰਟ ਦੇ ਸਾਹਮਣੇ ਰੋਸ ਮੁਜ਼ਾਹਰਾ ਕੀਤਾ। ਉਨ੍ਹਾਂ ਬਹਾਦਰ ਔਰਤਾਂ ਨੇ ਚੀਕ-ਚੀਕ ਕੇ ਭਾਰਤ ਸਰਕਾਰ ਤੇ ਫੌਜ ਨੂੰ ਸ਼ਰਮਸਾਰ ਕਰਦਿਆਂ ਨਾਰ ਤੇ ਲਾਏ, "ਭਾਰਤੀ ਸੈਨਿਕੋ ! ਸਾਡਾ ਬਲਾਤਕਾਰ ਕਰੋ।" ਪਰ ਹਾਕਮ ਬੇਜ਼ਮੀਰੇ ਤੇ ਅਸੰਵੇਦਨਸ਼ੀਲ ਸਨ। ਹਨ। 42 ਸਾਲਾ ਸ਼ਰਮੀਲਾ ਉਸ ਕਾਨੂੰਨ ਨੂੰ ਖਤਮ ਕਰਨ ਲਈ ਭੁੱਖ-ਹੜਤਾਲ 'ਤੇ ਸੀ ਜੋ ਸੁਰੱਖਿਆ ਬਲਾਂ ਨੂੰ ਕਿਸੇ ਵੀ ਥਾਂ ਦੀ ਕਦੇ ਵੀ ਤਲਾਸ਼ੀ ਲੈਣ ਦੀ ਆਗਿਆ ਦਿੰਦਾ ਹੈ; ਕਿਸੇ ਨੂੰ ਵੀ ਜਦੋਂ ਚਾਹੇ ਅਗਵਾ ਕਰ ਸਕਦਾ ਹੈ; ਉਸ ਨਾਲ ਬਲਾਤਕਾਰ ਕਰ ਸਕਦਾ ਹੈ; ਉਸ ਨਾਲ ਬਲਾਤਕਾਰ ਸਮੇਤ ਹਰ ਜਬਰ ਕਰ ਸਕਦਾ ਹੈ; ਉਸ ਨੂੰ ਕਤਲ ਕਰ ਸਕਦਾ ਹੈ ਅਤੇ ਕਿਸੇ ਵੀ ਦੋਸ਼ ਤਹਿਤ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ 'ਚ ਸੜਨ ਲਈ ਸੁੱਟ ਸਕਦਾ ਹੈ। ਅਫਸਪਾ, ਟਾਡਾ, ਪੋਟਾ, ਐਸਮਾ ਅਤੇ ਡੀ ਆਈ ਆਰ ਵਰਗੇ ਕਾਲੇ ਕਨੂੰਨਾਂ ਦੀ ਦੁਰਵਰਤੋਂ ਇਸੇ ਤਰ੍ਹਾਂ ਹੁੰਦੀ ਹੈ।

ਹੁਣ ਇਕ ਅਹਿਮ ਸਵਾਲ ਤੇ ਗੌਰ ਕਰਨਾ...

– 78 ਦਿਨਾਂ ਵਿਚ ਪ੍ਰਧਾਨਮੰਤਰੀ ਨੇ ਅਮਰੀਕਾ ਅਤੇ ਫਰਾਂਸ ਦੀ ਆਓਭਗਤ ਦਾ ਅਨੰਦ ਮਾਣਿਆ ਅਤੇ ਉਹਨਾਂ ਨਾਲ ਮਹਾਂਭੋਜ ਕੀਤੇ..

– ਵੰਦੇ ਭਾਰਤ ਨੂੰ ਹਰੀ ਝੰਡੀ ਦਿਖਾਈ...

–2000 ਦਾ ਨੋਟ ਬੰਦ ਕਰਵਾਇਆ...

– ਕਰਨਾਟਕ ਵਿਚ ਧੜਾਧੜ ਚੋਣ ਰੈਲੀਆਂ ਕੀਤੀਆਂ....

– 'ਯੂਨੀਫਾਰਮ ਸਿਵਲ ਕੋਡ' ਨਾਂ ਦੇ ਨਵੇਂ ਚੋਣ ਬੰਬ ਦਾ ਨਿਰੀਖਣ ਕੀਤਾ...

–ਮਹਾਰਾਂਸਟਰ ਵਿਚ ਸ਼ਰਦ ਪਵਾਰ ਦੇ ਬੰਦੇ ਤੋੜ ਕੇ ਨਵੀਂ ਕਿਸਮ ਦੀ ਸਿਆਸਤ ਨੂੰ ਸਿਖਰ ਤੇ ਪਹੁੰਚਾਇਆ...

ਜੇ ਕੁਝ ਨਹੀਂ ਕੀਤਾ ਤਾਂ ਬਸ ਇਹ ਨਹੀਂ ਕੀਤਾ ਕਿ ਤਿੰਨ ਮਹੀਨਿਆਂ ਤੋਂ ਧੂ ਧੂ ਕਰਕੇ ਸੜ ਰਹੇ ਮਨੀਪੁਰੀਆਂ ਲਈ ਹਮਦਰਦੀ ਦੇ ਦੋ ਬੋਲ ਨਹੀਂ ਬੋਲੇ...

ਹੁਣ ਜਦ ਚੁੱਪ ਰਹਿਣ ਲਈ ਕੋਈ ਆਪਸ਼ਨ ਹੀ ਨਹੀਂ ਬਚਿਆ ਸੀ ਤਾਂ ਆਪਣੇ ਹਮਲਾਵਰ ਸਟਾਈਲ ਵਿਚ ਏਨਾ ਹੀ ਕਿਹਾ ਕਿ ਇਸ ਘਟਨਾ ਤੇ ਦੇਸ਼ ਸ਼ਰਮਸ਼ਾਰ ਹੈ...

ਮਤਲਬ ਸਿਰਫ਼ ਇਸ ਘਟਨਾ ਤੇ....ਪਿਛਲੇ 90 ਦਿਨਾਂ ਵਿਚ ਵਾਪਰੀਆਂ ਘਟਨਾਵਾਂ ਤੇ ਨਹੀਂ..ਜਿਨ੍ਹਾਂ ਵਿਚ ਇਸ ਨਗਨ ਪਰੇਡ ਤੋਂ ਪਹਿਲਾਂ...

– ਇਕ ਐਂਬੂਲੈਂਸ ਵਿਚ ਇਕ ਹੀ ਪਰਿਵਾਰ ਦੇ ਤਿੰਨ ਜੀਆਂ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ...ਕਿਉਂਕਿ ਉਹਨਾਂ ਵਿਚ ਇਕ ਮੈਤੇਈ ਔਰਤ ਨੇ ਕੁਕੀ ਨੌਜਵਾਨ ਨਾਲ ਵਿਆਹ ਕਰਵਾ ਲਿਆ ਸੀ...

– ਆਪਣੀ ਹੀ ਸਰਕਾਰ ਵਿਚ ਸ਼ਾਮਿਲ ਦੋ ਮੰਤਰੀਆਂ ਤੇ ਹੋਏ ਹਮਲਿਆਂ ਤੇ ਇਕ ਸ਼ਬਦ ਨਹੀਂ ਬੋਲਿਆ ਕਿਉਂਕਿ ਉਹ ਦੋਵੇਂ ਮੰਤਰੀ ਕੂਕੀ ਸਮੁਦਾਇ ਨਾਲ ਸਬੰਧਤ ਸਨ..

– ਮੈਤੇਈ ਔਰਤਾਂ ਦੀਆਂ ਲਗਭਗ 1200 ਔਰਤਾਂ ਨੇ ਇੰਫਾਲ ਪੂਰਬੀ ਜ਼ਿਲੇ 'ਚ ਫੌਜ ਦੇ ਕਾਫ਼ਲੇ ਨੂੰ ਰੋਕਿਆ ਅਤੇ ਉਨ੍ਹਾਂ ਨੂੰ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਕੇਵਾਈਕੇਐੱਲ ਦੇ 12 ਖਤਰਨਾਕ ਅੱਤਵਾਦੀਆਂ ਨੂੰ ਛੱਡਣ ਲਈ ਮਜ਼ਬੂਰ ਕੀਤਾ। ਉਨ੍ਹਾਂ ਵਿੱਚੋਂ ਇੱਕ ਸਵੈ-ਘੋਸ਼ਿਤ ਲੈਫਟੀਨੈਂਟ ਕਰਨਲ ਮੋਇਰੰਗਥਮ ਟਾਂਬਾ ਉਰਫ਼ ਉਤਮ ਸੀ। ਇਹ ਉਹੀ ਅੱਤਵਾਦੀ ਸੀ ਜਿਸ ਨੇ 2015 'ਚ ਫੌਜ ਦੀ ਡੋਗਰਾ ਰੈਜੀਮੈਂਟ 'ਤੇ ਹਮਲਾ ਕਰਕੇ 20 ਜਵਾਨਾਂ ਨੂੰ ਮਾਰ ਦਿੱਤਾ ਸੀ। ਇਸ ਤੋਂ ਬਾਅਦ ਫੌਜ ਨੇ ਮਨੀਪੁਰ 'ਚ ਦਾਖਲ ਹੋ ਕੇ ਸਰਜੀਕਲ ਸਟ੍ਰਾਈਕ ਕੀਤੀ। ਘਟਨਾ ਦਾ ਮਾਸਟਰ ਮਾਈਂਡ ਫੌਜ ਕੋਲ ਸੀ ਪਰ ਔਰਤਾਂ ਨੇ ਉਸ ਨੂੰ ਛੁਡਵਾ ਲਿਆ। ਇਹ ਮੈਤੇਈ ਔਰਤਾਂ ਦਾ ਸਮੂਹ ਸੀ, ਜਿਸ ਨੂੰ ਮੀਰਾ ਪਾਈਬੀ ਕਿਹਾ ਜਾਂਦਾ ਹੈ।

ਪ੍ਰਸਿੱਧ ਸੋਸਲਮੀਡੀਆ ਸਾਈਟ 'ਲਲਨਟਾਪ' ਦੀ ਖੋਜ ਰਿਪੋਰਟ ਦੇ ਮੁਤਾਬਕ :

ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਪਿੰਡ ਦੇ ਮੁਖੀ ਨੇ ਘਟਨਾ ਦੀ ਪੂਰੀ ਜਾਣਕਾਰੀ ਦਿੱਤੀ

ਹੈ। ਉਸ ਨੇ ਦੱਸਿਆ ਕਿ 4 ਮਈ ਨੂੰ ਬਾਅਦ ਦੁਪਹਿਰ 3 ਵਜੇ ਦੇ ਕਰੀਬ 900-1000 ਮੈਤੇਈ ਲੋਕਾਂ ਦੀ ਭੀੜ ਨੇ ਪਿੰਡ ਬੀ. ਫਿਨੋਮ ਵਿਚ ਇਹ ਕਾਰਾ ਕੀਤਾ। ਉਹਨਾਂ ਕੋਲ ਵੱਡੀ ਮਾਤਰਾ ਵਿੱਚ ਆਟੋਮੈਟਿਕ ਹਥਿਆਰ ਸਨ। ਉਨ੍ਹਾਂ ਨੇ ਪਿੰਡ ਦੇ ਘਰਾਂ ਦੀ ਭੰਨਤੋੜ ਕੀਤੀ ਅਤੇ ਲੁੱਟਮਾਰ ਕੀਤੀ। ਘਰਾਂ ਨੂੰ ਅੱਗ ਲਾ ਦਿੱਤੀ ਗਈ।

ਭੀੜ ਤੋਂ ਆਪਣੀ ਜਾਨ ਬਚਾਉਣ ਲਈ 3 ਔਰਤਾਂ ਅਤੇ 2 ਪੁਰਸ਼ ਜੰਗਲਾਂ ਵੱਲ ਭੱਜੇ। ਉਨ੍ਹਾਂ ਨੂੰ ਇੱਕ ਪੁਲਿਸ ਟੀਮ ਮਿਲੀ, ਜਿਸ ਨੇ ਉਨ੍ਹਾਂ ਨੂੰ ਛੁਡਾਉਣਾ ਸ਼ੁਰੂ ਕਰ ਦਿੱਤਾ ਅਤੇ ਥਾਣੇ ਲੈ ਗਏ। ਪਰ ਭੀੜ ਨੇ ਉਨ੍ਹਾਂ ਦਾ ਰਾਹ ਰੋਕ ਦਿੱਤਾ। ਹਿੰਸਕ ਭੀੜ ਨੇ ਇਨ੍ਹਾਂ ਪੰਜਾਂ ਲੋਕਾਂ ਨੂੰ ਪੁਲਿਸ ਤੋਂ ਜ਼ਬਰਦਸਤੀ ਛੁਡਵਾਇਆ।

ਹਾਲਾਂਕਿ, ਬਚੇ ਹੋਏ ਲੋਕਾਂ ਵਿੱਚੋਂ ਇੱਕ ਨੇ ਇੰਡੀਅਨ ਐਕਸਪ੍ਰੈਸ ਦੀ ਸੁਕ੍ਰਿਤਾ ਬਰੂਆ ਨੂੰ ਦੱਸਿਆ ਕਿ ਭੀੜ ਨੇ ਉਨ੍ਹਾਂ ਨੂੰ ਜ਼ਬਰਦਸਤੀ ਪੁਲਿਸ ਤੋਂ ਦੂਰ ਨਹੀਂ ਕੀਤਾ। ਪੁਲਿਸ ਨੇ ਆਪ ਹੀ ਉਨ੍ਹਾਂ ਨੂੰ ਭੀੜ ਦੇ ਹਵਾਲੇ ਕਰ ਦਿੱਤਾ।

ਇਸ ਵਿੱਚ ਇੱਕ ਹੋਰ ਮਾਮਲਾ ਹੈ, ਜਿਸ ਬਾਰੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ। 'ਦਿ ਪ੍ਰਿੰਟ' ਦੀ ਸੋਨਲ ਮਠਾਰੂ ਦੀ ਰਿਪੋਰਟ ਦੇ ਅਨੁਸਾਰ, ਚੁਰਾਚੰਦਪੁਰ ਵਿੱਚ 3 ਮਈ ਨੂੰ ਇੱਕ ਫੋਟੋ ਵਾਇਰਲ ਹੋਈ ਸੀ। ਫੋਟੋ ਵਿੱਚ ਪੋਲੀਥੀਨ ਵਿੱਚ ਲਪੇਟੀ ਇੱਕ ਔਰਤ ਦੀ ਲਾਸ਼ ਸੀ। ਵਾਇਰਲ ਫੋਟੋ ਦੇ ਨਾਲ ਹੀ ਇੱਕ ਮੈਸੇਜ ਵੀ ਵਾਇਰਲ ਹੋਇਆ ਸੀ।

ਸੁਨੇਹਾ ਇਹ ਹੈ ਕਿ ਮੈਡੀਕਲ ਕਾਲਜ ਵਿੱਚ ਕੁਕੀ ਮੁੰਡਿਆਂ ਦੁਆਰਾ ਇੱਕ ਮੈਤੇਈ ਔਰਤ ਨਾਲ ਬਲਾਤਕਾਰ ਅਤੇ ਕਤਲ ਕਰ ਦਿੱਤਾ ਗਿਆ ਸੀ। ਇਸ ਦੇ ਵਾਇਰਲ ਹੁੰਦੇ ਹੀ ਮੈਤੇਈ ਭਾਈਚਾਰੇ 'ਚ ਹੰਗਾਮਾ ਮਚ ਗਿਆ। ਹਿੰਸਾ ਭੜਕ ਗਈ। ਕੁਝ ਹੀ ਸਮੇਂ ਵਿੱਚ, ਪੁਲਿਸ ਨੇ ਕਿਹਾ ਕਿ ਇਹ ਝੂਠੀ ਖ਼ਬਰ ਹੈ। ਪੁਲਿਸ ਨੇ ਇਹ ਵੀ ਦੱਸਿਆ ਕਿ ਜਿਸ ਲੜਕੀ ਦੀ ਫੋਟੋ ਵਾਇਰਲ ਹੋ ਰਹੀ ਹੈ, ਉਹ ਦਿੱਲੀ ਦੀ ਰਹਿਣ ਵਾਲੀ ਹੈ। ਉਸ ਨੂੰ ਕਿਸੇ ਹੋਰ ਕਾਰਨ ਕਰਕੇ ਮਾਰਿਆ ਗਿਆ ਸੀ। ਘਟਨਾ 2022 ਦੀ ਹੈ। ਮਨੀਪੁਰ ਨਾਲ ਕੋਈ ਲੈਣਾ-ਦੇਣਾ ਨਹੀਂ।

ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਪੁਲਿਸ ਦੇ ਸਮਝਾਉਣ ਨਾਲ ਕੋਈ ਫਰਕ ਨਹੀਂ ਪਿਆ।

ਇੱਕ ਭਾਈਚਾਰਾ ਦੂਜੇ ਨੂੰ ਪਹਿਲਾਂ ਨਾਲੋਂ ਵੱਧ ਨਫ਼ਰਤ ਨਾਲ ਦੇਖ ਰਿਹਾ ਸੀ। ਜਦੋਂ ਹਿੰਸਾ ਹੋਈ ਤਾਂ ਕੁੱਕੀ ਔਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ। ਅਤੇ ਹੁਣ ਜੋ ਵੀਡੀਓ ਵਾਇਰਲ ਹੋ ਰਿਹਾ ਹੈ, ਉਹ ਇਸੇ ਨਫ਼ਰਤ ਦਾ ਨਤੀਜਾ ਹੈ। ਆਈ ਟੀ ਸੈਲਾਂ ਰਾਹੀਂ ਇਸ ਤਰ੍ਹਾਂ ਦੀਆਂ ਕਈ ਵੀਡੀਓ ਜਾਰੀ ਕੀਤੀਆਂ ਜਾਂਦੀਆਂ ਹਨ ਤਾਂ ਜੋ ਘੱਟ ਗਿਣਤੀ ਈਸਾਈ ਭਾਈਚਾਰੇ ਕੁੱਕੀ ਨੂੰ ਬਦਨਾਮ ਕੀਤਾ ਜਾ ਸਕੇ।

ਹੁਣ ਇਸ ਅਹਿਮ ਘਟਨਾਕ੍ਰਮ ਦੀ ਟਾਈਮਲਾਈਨ ਦੇਖੋ...

4 ਮਈ 2023 ਦੀ ਘਟਨਾ ਹੈ...ਥਾਬੋਲ ਜ਼ਿਲ੍ਹੇ ਵਿਚ..

18 ਮਈ, 2023 ਨੂੰ ਕਾਂਗਪੋਕਪੀ ਜ਼ਿਲ੍ਹੇ ਵਿਚ ਜ਼ੀਰੋ ਐਫ ਆਈ ਆਰ ਦਰਜ ਹੋਈ...

21 ਜੂਨ ਨੂੰ ਥਾਬੋਲ ਵਿਚ ਅਸਲ ਐਫ ਆਈ ਆਰ ਦਰਜ ਹੋਈ ...ਮਤਲਬ 65 ਕਿਲੋਮੀਟਰ ਦੀ ਦੂਰੀ ਤੈਅ ਕਰਨ ਤੇ ਐਫ ਆਈ ਆਰ ਨੂੰ ਲਗਭਗ 32 ਦਿਨ ਲੱਗੇ।

ਉਸ ਤੋਂ ਲਗਭਗ ਇਕ ਮਹੀਨੇ ਬਾਅਦ 19 ਜੁਲਾਈ ਨੂੰ ਟਵਿੱਟਰ ਰਾਹੀਂ ਇਹ ਵੀਡੀਓ ਵਾਇਰਲ ਹੋਈ।

ਅਤੇ 20 ਜੁਲਾਈ ਨੂੰ ਮੁੱਖਮੰਤਰੀ ਤੇ ਪ੍ਰਧਾਨਮੰਤਰੀ ਦਾ ਬਿਆਨ ਆਇਆ..ਮਤਲਬ ਘਟਨਾ ਵਾਪਰਨ ਤੋਂ ਪੂਰੇ 78 ਦਿਨ ਬਾਅਦ...ਵਾਹ ਡਬਲ ਇੰਜਨ ਸਰਕਾਰ ਦੀ ਫੁਰਤੀ ਦੇ ਕਿਆ ਕਹਿਣੇ...

ਘਟਨਾ ਵੇਲੇ ਨੌਂ ਸੌ ਤੋਂ 1000 ਬੰਦਾ ਸ਼ਾਮਿਲ ਸੀ...ਤੇ ਐਫ ਆਈ ਆਰ ਦਰਜ ਹੋਈ ਛੇ ਤੇ...

ਜਾਂਦੇ ਜਾਂਦੇ ਇਹ ਵੀ ਜਾਣ ਲਉ..

ਸਾਧਵੀ ਬਲਾਤਕਾਰ ਵਿਚ ਸਜ਼ਾ ਯਾਫਤਾ ਬਾਬਾ ਕੁਝ ਦਿਨਾਂ ਦੀ 'ਜੇਲ੍ਹ ਪਿਕਨਿਕ ਯਾਤਰਾ' ਪੂਰੀ ਕਰਕੇ ਫਿਰ ਇਕ ਮਹੀਨੇ ਲਈ ਬਾਹਰ ਹੈ। ਚੇਤੇ ਰਹੇ ਕਿ ਹਰਿਆਣਾ ਵਿਚ ਮਨੀਪੁਰ ਵਾਂਗ ਡਬਲ ਇੰਜਣ ਸਰਕਾਰ ਹੈ...ਇਸੇ ਲਈ ਤਾਂ ਬਾਬਾ ਬਾਹਰ ਹੈ..

ਖਿਡਾਰਨ ਕੁੜੀਆਂ ਨਾਲ ਹਵਸ ਦੀ ਗੰਦੀ ਖੇਡ ਖੇਡਣ ਵਾਲਾ ਯੂਪੀ ਵਾਲਾ ਬ੍ਰਿਜ ਭੂਸ਼ਣ ਤੇ ਪਾਕਸੋ ਐਕਟ ਦਾ ਭੂਤ ਹੁਣ ਉੱਤਰ ਚੁੱਕਿਆ ਹੈ ਅਤੇ ਉਹ ਪੱਕੀ ਜਮਾਨਤ ਤੇ ਬਾਹਰ ਹੈ... ਚੇਤੇ ਰੱਖਣਾ..ਯੂਪੀ ਵਿਚ ਵੀ ਡਬਲ ਇੰਜਣ ਸਰਕਾਰ ਹੈ..

ਬਿਲਕਿਸ ਬਾਨੋ ਦਾ ਕੇਸ ਸੁਪਰੀਮ ਕੋਰਟ ਨੇ ਦੋਬਾਰਾ ਖੋਲ੍ਹਿਆ ਹੈ ਅਤੇ ਉਸ ਦੇ ਬਲਾਤਕਾਰੀਆਂ ਨੂੰ ਕਿਸ ਆਧਾਰ ਤੇ ਮੁਆਫੀ ਦਿੱਤੀ ਗਈ..ਇਹ ਵੀ ਪੜਚੋਲ ਚਲ ਰਹੀ ਹੈ..ਪਰ ਫਿਲਹਾਲ ਇਹਨਾਂ ਬਲਾਤਕਾਰੀਆਂ ਦੇ ਗਲ ਵਿਚ ਵੀ ਹਾਰ ਹੈ...ਕਿਉਂਕਿ ਗੁਜਰਾਤ ਵਿਚ ਵੀ ਡਬਲ ਇੰਜਣ ਸਰਕਾਰ ਹੈ..

ਹੁਣ ਤੈਨੂੰ ਕੀ ਆਖਾਂ...

ਇਹ ਉਹੀ ਪ੍ਰਧਾਨ ਮੰਤਰੀ ਹੈ, ਜਿਸ ਨੇ 'ਪਹਿਲਾਂ' ਉੱਤਰ-ਪੂਰਬ ਬਾਰੇ ਬਹੁਤ ਚਿੰਤਾ ਪ੍ਰਗਟ ਕੀਤੀ ਹੈ। ਬਹਰਾ ਨੇ ਕਿਹਾ ਹੈ ਕਿ ਉੱਤਰ-ਪੂਰਬ ਨੂੰ ਪਿਛਲੀਆਂ ਸਰਕਾਰਾਂ ਦੁਆਰਾ ਅਲੱਗ-ਥਲੱਗ ਕਰ ਦਿੱਤਾ ਗਿਆ ਸੀ ਅਤੇ ਉੱਤਰ-ਪੂਰਬ ਮੋਦੀ ਸਰਕਾਰ ਲਈ 'ਫੋਕਸ ਏਰੀਆ' ਹੈ। ਇਹ ਉਹੀ ਪ੍ਰਧਾਨ ਮੰਤਰੀ ਹੈ ਜਿਸ ਨੇ 25 ਫਰਵਰੀ 2017 ਨੂੰ ਟਵੀਟ ਕੀਤਾ ਸੀ - ਜੋ ਲੋਕ ਰਾਜ ਵਿੱਚ ਸ਼ਾਂਤੀ ਯਕੀਨੀ ਨਹੀਂ ਬਣਾ ਸਕਦੇ ਉਨ੍ਹਾਂ ਨੂੰ ਮਨੀਪੁਰ 'ਤੇ ਰਾਜ ਕਰਨ ਦਾ ਕੋਈ ਅਧਿਕਾਰ ਨਹੀਂ ਹੈ।


---



ਡਾ. ਬਲਜਿੰਦਰ
94170-79720
singh.drbaljinder@gmail.com

### ਉੜੀਸਾ ਰੇਲ ਹਾਦਸਾ

# ਕਾਰਪੋਰੇਟ ਲੁੱਟ ਨੀਤੀਆਂ ਦਾ ਨਤੀਜਾ



2 ਜੂਨ 2023 ਦੀ ਸ਼ਾਮ ਦੇ ਸੱਤ ਵਜੇ ਉੜੀਸਾ ਸੂਬੇ ਅੰਦਰ ਵਾਪਰਿਆ ਰੇਲ ਹਾਦਸਾ ਹੁਣ ਤੱਕ ਦੇ ਰੇਲਵੇ ਦੇ ਇਤਿਹਾਸ ਅੰਦਰ ਵਾਪਰਿਆ ਸੱਭ ਤੋਂ ਵੱਡਾ ਰੇਲ ਹਾਦਸਾ ਹੈ। ਇਹ ਰੇਲ ਹਾਦਸਾ ਕਈ ਸਾਰੇ ਸੁਆਲ ਖੜ੍ਹੇ ਕਰ ਜਾਂਦਾ ਹੈ। ਸਾਡੇ ਮੁਲਕ ਅੰਦਰ ਰੇਲਗੱਡੀ ਯਾਤਾਯਾਤ ਦਾ ਇੱਕ ਬਹੁਤ ਹੀ ਪ੍ਰਚੱਲਤ ਤੇ ਸਸਤਾ ਜ਼ਰੀਆ ਹੋਣ ਕਰਕੇ ਇਹ ਦੇਖਣ ਦੀ ਜ਼ਰੂਰਤ ਹੈ ਕਿ ਕੀ ਇਹ ਹਾਦਸਾ ਕਿਸੇ ਇਨਸਾਨੀ ਅਣਗਹਿਲੀ ਦਾ ਸਿੱਟਾ ਹੈ? ਕੀ ਇਹ ਕੋਈ ਭੰਨਤੋੜ ਹੈ? ਜਾਂ ਫਿਰ ਇਸ ਜ਼ਾਹਰਾ ਦੀਹਦੇ ਕਾਰਨਾਂ ਤੋਂ ਬਿਨਾਂ ਵੀ ਕੋਈ ਹੋਰ ਕਾਰਕ ਹਨ ਜੋ ਅਜਿਹੇ ਭਿਆਨਕ ਹਾਦਸਿਆਂ ਲਈ ਜ਼ਿੰਮੇਵਾਰ ਹਨ? ਅਮੂਮਨ ਕਈ ਤਰ੍ਹਾਂ ਦੇ ਹਾਦਸੇ ਵਾਪਰਦੇ ਰਹਿੰਦੇ ਹਨ ਜਿਹਨਾਂ ਦਾ ਜ਼ਿਕਰ ਤੱਕ ਕਰਨ ਦੀ ਵੀ ਲੋੜ ਨਹੀਂ ਸਮਝੀ ਜਾਂਦੀ। ਅਤੇ ਉਹ ਹੁੰਦੇ ਵੀ ਬਹੁਤ ਹੀ ਘੱਟ ਤ੍ਰਾਸਦੀਆਂ ਵਾਲੇ ਹਨ ਜਿਹੜੇ ਕਿ ਕੁੱਝ ਕੁ ਸੁਝਾਵਾਂ ਜਾਂ ਫਿਰ ਕੁੱਝ ਕੁ ਪਾਬੰਦੀਆਂ ਆਦਿ ਆਇਦ ਕਰਨ ਨਾਲ ਹੀ ਸਾਰੇ ਜਾ ਸਕਦੇ ਹਨ।

ਪਿਛਲੇ ਸਮਿਆਂ 'ਚ ਵਾਪਰੇ ਰੇਲ ਐਕਸੀਡੈਂਟਾਂ ਦੇ ਅੰਕੜਿਆਂ 'ਤੇ ਝਾਤ ਮਾਰਿਆਂ ਦੇਖਦੇ ਹਾਂ ਕਿ ਭਾਵੇਂ 1960ਵਿਆਂ 'ਚ ਵਾਪਰਣ ਵਾਲੇ ਰੇਲ ਹਾਦਸਿਆਂ ਦੀ ਗਿਣਤੀ 1390 ਸਾਲਾਨਾ ਸੀ ਜਿਹੜੀ ਕਿ ਪਿਛਲੇ ਸਾਲਾਂ ਦੌਰਾਨ ਘਟਕੇ 80 ਪ੍ਰਤੀ ਸਾਲ ਰਹਿ ਗਈ ਹੈ। ਅਤੇ ਨਾਲ ਹੀ ਇਹ ਕਿ ਰੇਲ ਦੇ ਲੀਹੋਂ ਲਹਿ ਜਾਣ ਨਾਲ ਵਾਪਰਣ ਵਾਲੇ ਹਾਦਸਿਆਂ ਦੀ ਗਿਣਤੀ 1990-91 ਤੋਂ 70% ਹੀ ਰਹਿ ਰਹੀ ਹੈ। 2020 'ਚ ਨੀਤੀ ਆਯੋਗ ਨੇ ਜਦੋਂ ਰੇਲ ਹਾਦਸਿਆਂ 'ਚ ਮਰਨ ਵਾਲੇ 30000 ਲੋਕਾਂ ਬਾਰੇ ਜਾਨਣਾ ਚਾਹਿਆ ਤਾਂ ਰੇਲ ਵਜ਼ਾਰਤ ਦਾ ਕਹਿਣਾ ਸੀ ਕਿ ਆਮ ਜਨਤਾ ਵੱਲੋਂ ਪਾਬੰਦੀ ਲਾਏ ਗਏ ਰਾਹਾਂ ਯਾਨੀ ਕਿ ਰੇਲ ਪਟੜੀ ਤੋਂ ਦੀ ਗੁਜ਼ਰਣ, ਅਣਗਹਿਲੀ ਨਾਲ ਲੈਵਲ ਰੇਲਵੇ ਕਰਾਸਿੰਗ ਨੂੰ ਪਾਰ ਕਰਨ, ਅਣਗਹਿਲੀ ਵਰਤਣ, ਰੇਲਵੇ ਸਟੇਸ਼ਨ 'ਤੇ ਲਾਪਰਵਾਹੀ ਨਾਲ ਚੱਲਣ ਕਰਕੇ ਵਧੇਰੇ ਹਾਦਸੇ ਵਾਪਰੇ ਹਨ ਜੀਹਦੇ ਕਰਕੇ ਜਨਤਾ ਨੂੰ ਇਹਨਾਂ ਪ੍ਰਤੀ ਸਿੱਖਿਅਤ ਕਰਨ ਦੀ ਲੋੜ ਹੈ। ਪਰ ਰੇਲ ਅਧਿਕਾਰੀਆਂ ਨੇ ਇਹ ਕਦੀ ਵੀ ਨਹੀਂ ਸੁਝਾਇਆ ਕਿ ਹੋਰਨਾਂ ਕਿਸਮਾਂ ਦੇ ਹਾਦਸਿਆਂ ਤੋਂ ਲੋਕਾਂ ਦੀ ਸੁਰੱਖਿਆ ਕਿਵੇਂ ਕਰਨੀ ਹੈ ਅਤੇ ਰੇਲ ਦੀ ਸਵਾਰੀ ਨੂੰ ਸੁਰੱਖਿਅਤ ਕਿਵੇਂ ਬਣਾਉਣਾ ਹੈ।

ਰੇਲ ਹਾਦਸਿਆਂ ਦਾ ਇੱਕ ਉੱਭਰਵਾਂ ਕਾਰਨ ਸਿਗਨਲ ਸਿਸਟਮ 'ਚ ਖਰਾਬੀ ਆਉਣਾ ਹੈ। ਰੇਲਵੇ ਦੇ ਆਪਣੇ ਖੁਦ ਦੇ ਖੁਲਾਸੇ 'ਚੋਂ ਹੀ ਉੱਭਰਕੇ ਸਾਹਮਣੇ ਆਈ ਇੱਕ ਗੱਲ ਧਿਆਨ ਦੀ ਮੰਗ ਕਰਦੀ ਹੈ ਕਿ ਪਿਛਲੇ ਸਾਲ 2023 'ਚ 51238 ਵਾਰ ਸਿਗਨਲ ਸਿਸਟਮ ਫੇਲ੍ਹ ਹੋਇਆ। ਇੰਡੀਅਨ ਰੇਲਵੇਜ਼ ਇੰਸਟੀਟਿਊਟ ਆਫ ਸਿਗਨਲ ਇੰਜੀਨੀਅਰਿੰਗ ਐਂਡ ਟੈਲੀਕਮਿਊਨੀਕੇਸ਼ਨਜ਼ ਦੇ ਸਾਬਕਾ ਡਾਇਰੈਕਟਰ ਜਨਰਲ ਸ਼ੈਲੇਂਦਰ ਕੁਮਾਰ ਗੋਇਲ ਅਨੁਸਾਰ ਉੜੀਸਾ 'ਚ ਵਾਪਰਿਆ ਇਹ ਰੇਲ ਹਾਦਸਾ ਭਾਰਤੀ ਰੇਲਵੇ ਦੇ ਸੱਭ ਤੋਂ ਵੱਧ ਬਿਜ਼ੀ ਰੂਟ 'ਤੇ ਵਾਪਰਿਆ ਹੈ ਜਿੱਥੇ ਕਿ ਰੇਲ ਟਰੈਕ ਦੀ ਸਮਰੱਥਾ ਤੋਂ ਵੀ ਵਧੇਰੇ ਰੇਲਗੱਡੀਆਂ ਦੀ ਆਵਾਜਾਈ ਬੇਰੋਕ ਚੱਲਦੀ ਰਹਿੰਦੀ ਹੈ ਅਤੇ ਅਜਿਹੀ ਜਗ੍ਹਾ 'ਤੇ ਟਰੈਕ ਦੀ ਦੇਖਭਾਲ ਅਤੇ ਉਹਦੀ ਮੁਰੰਮਤ ਮੇਨਟੈਨੇਸ ਲਈ ਕੋਈ ਵੀ ਸਮਾਂ ਨਹੀਂ ਹੈ। ਅਜਿਹੀ ਕੋਈ ਗੁੰਜਾਇਸ਼ ਹੀ ਨਹੀਂ ਹੈ ਕਿ ਤੁਸੀਂ ਕਿਸੇ ਟਰੈਕ ਨੂੰ ਕੁੱਝ ਕੁ ਸਮੇਂ ਲਈ ਬਲਾਕ ਕਰਕੇ ਕੰਮ ਕਰ ਸਕਦੇ ਹੋਵੋ। ਇਹ ਗੱਲ ਅਸੀਂ ਇਸ ਕਰਕੇ ਕਰ ਰਹੇ ਹਾਂ ਕਿਉਂਕਿ ਇਸ ਹਾਦਸੇ ਦਾ ਕਾਰਨ ਵੀ ਸਿਗਨਲ ਸਿਸਟਮ ਦਾ ਫੇਲ੍ਹ ਹੋਣਾ ਮੰਨਿਆ ਜਾਂਦਾ ਹੈ। ਇੱਥੇ ਇੱਕ ਹੋਰ ਗੱਲ ਵੀ ਸਾਡਾ ਧਿਆਨ ਮੰਗਦੀ ਹੈ ਕਿ ਪਹਿਲਾਂ ਰੇਲਵੇ ਬਜ਼ਟ ਆਮ ਬਜ਼ਟ ਨਾਲੋਂ ਅਲਹਿਦਾ ਪੇਸ਼ ਕੀਤਾ ਜਾਂਦਾ ਹੁੰਦਾ ਸੀ ਪਰ ਪਿਛਲੇ ਕੁੱਝ ਕੁ ਸਾਲਾਂ ਤੋਂ ਰੇਲ ਬਜ਼ਟ ਆਮ ਬਜਟ ਦਾ ਹੀ ਇੱਕ ਹਿੱਸਾ ਬਣਾਇਆ ਜਾਣ ਲੱਗਿਆ ਹੈ। ਇੱਥੇ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਪਿਛਲੇ ਕੁੱਝ ਸਾਲਾਂ ਤੋਂ ਰੇਲਵੇ ਲਈ ਰੱਖੀ ਰਾਸ਼ੀ ਜਾਂ ਤਾਂ ਘਟਾਈ ਗਈ ਹੈ ਅਤੇ ਜਾਂ ਫਿਰ ਇਹ ਖੜੋਤ ਵਾਲੀ ਹਾਲਤ 'ਚ ਹੈ। ਜਿਵੇਂ ਕਿ ਟਰੈਕ ਨਵਿਆਉਣ ਵਾਲੀ ਰਾਸ਼ੀ ਦੀ ਹਾਲਤ 7.2% ਦੇ ਆਸ-ਪਾਸ ਰਹਿ ਰਹੀ ਹੈ ਜਦਕਿ ਸਿਗਨਲਿੰਗ ਸਿਸਟਮ ਲਈ ਰਾਸ਼ੀ 1.7% 'ਤੇ ਅਟਕੀ ਹੋਈ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਦਾ ਰੇਲਵੇ ਪ੍ਰਤੀ ਲਗਾਅ ਕਿਹੋ ਜਿਹਾ ਹੈ। 2023-24 ਦੇ ਆਮ ਬਜ਼ਟ 'ਚ ਰੇਲਵੇ ਲਈ 2.40 ਲੱਖ ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਜੀਹਦੇ 'ਚ ਰੇਲ ਟਰੈਕ ਨੂੰ ਨਵਿਆਉਣਾ, ਸਿਗਨਲ ਸਿਸਟਮ ਅਤੇ ਦੂਰ ਸੰਚਾਰ ਪ੍ਰਣਾਲੀ ਨੂੰ ਸੁਧਾਰਨਾ ਸ਼ਾਮਲ ਹੈ।

ਰੇਲ ਹਾਦਸਿਆਂ ਦਾ ਇੱਕ ਹੋਰ ਕਾਰਨ ਰੇਲ ਦਾ ਪਟੜੀ ਤੋਂ ਲਹਿਣਾ ਹੈ। ਇਸ ਦੇ ਮੁੱਖ ਰੂਪ 'ਚ ਕਾਰਨ- ਰੇਲ ਪਟੜੀ 'ਚ ਤਰੇੜਾਂ ਆਉਣੀਆਂ, ਵੈਲਡਿੰਗ ਕੀਤੀ ਪਟੜੀ ਦਾ ਅਲੱਗ ਹੋ ਜਾਣਾ ਆਦਿ ਹਨ। ਹੋਰਨਾਂ ਕਾਰਨਾਂ 'ਚ ਟਰੈਕ 'ਚ ਨੁਕਸ ਪੈਣਾ ਅਤੇ ਪਟੜੀ 'ਤੇ ਚੱਲ ਰਹੀਆਂ ਗੱਡੀਆਂ 'ਚ ਨੁਕਸਾਂ ਦਾ ਪੈਣਾ ਹੁੰਦੇ ਹਨ। ਇਹਨਾਂ ਸਾਰਿਆਂ 'ਚੋਂ ਰੇਲ ਟਰੈਕ ਵਾਲਾ ਨੁਕਸ ਅਹਿਮ ਹੈ ਕਿਉਂਕਿ ਰੇਲ ਟਰੈਕ ਰੇਲ ਆਵਾਜਾਈ ਦੀ ਰੀੜ੍ਹ ਦੀ ਹੱਡੀ ਹੈ। ਇਸ ਲਈ ਇਹ ਮੁਕੰਮਲ ਰੂਪ 'ਚ ਹੀ ਸੁਰੱਖਿਅਤ ਹੋਣਾ ਚਾਹੀਦਾ ਹੈ। ਪਰ ਇੱਥੇ ਵੀ ਘਾਲਾਮਾਲਾ ਹੈ। ਰੇਲਵੇ ਵਿਭਾਗ ਦੇ ਆਪਣੇ ਹੀ ਇੱਕ ਪੇਪਰ 'ਚ ਇਹ ਦੱਸਿਆ ਗਿਆ ਹੈ ਕਿ ਹਰ ਸਾਲ 4500 ਕਿਮੀ ਟਰੈਕ ਨੂੰ ਨਵਿਆਇਆ ਜਾਣਾ ਮਿਥਿਆ ਗਿਆ ਹੈ ਪਰ ਅੰਕੜੇ ਬਿਆਨ ਕਰਦੇ ਹਨ ਕਿ ਨਵਿਆਏ ਜਾਣ ਵਾਲੇ ਟਰੈਕ ਦੀ ਲੰਬਾਈ ਇਸ ਤੋਂ ਕਿਤੇ ਘੱਟ ਹੈ। ਇੱਕ ਹੋਰ ਬਹੁਤ ਹੀ ਅਹਿਮ ਨੁਕਤਾ ਇਸ ਰੇਲ ਹਾਦਸੇ ਨਾਲ ਜੁੜਿਆ ਹੋਇਆ ਹੈ। ਈਡੀ, ਸੀਬੀਆਈ, ਪੀਐੱਮਓ ਆਦਿ ਦੀ ਦੁਰਵਰਤੋਂ ਆਮ ਰੂਪ 'ਚ ਥੋਕ 'ਚ ਹੀ ਕਰਨ ਕਰਕੇ ਮੋਦੀ ਸਰਕਾਰ ਨੇ ਇਸ ਹਾਦਸੇ ਦੀ ਜਾਂਚ ਵੀ ਸੀਬੀਆਈ ਨੂੰ ਸੌਂਪ ਦਿੱਤੀ ਹੈ। ਸੁਆਲ ਖੜ੍ਹੇ ਹੋਣੇ ਸੁਭਾਵਕ ਹੀ ਹਨ ਕਿ ਕੀ ਸੀਬੀਆਈ ਹੁਣ ਇਸ ਮਾਮਲੇ 'ਚ ਕਿਹੜੀਆਂ ਗੱਲਾਂ ਨੂੰ ਵਿਚਾਰ ਅਧੀਨ ਲਿਆਏਗੀ ਜਿਹੜੀਆਂ ਇਸ ਹਾਦਸੇ ਦੀ ਪੂਰਨ ਵਿਆਖਿਆ ਕਰ ਸਕਦੀਆਂ ਹੋਣ।

ਦੇਖਣਾ ਬਣਦਾ ਹੈ ਕਿ ਕੀ ਸੀਬੀਆਈ ਇਸ ਗੱਲ ਨੂੰ ਜਾਂਚ ਅਧੀਨ ਲਿਆਏਗੀ ਕਿ 2018-19 'ਚ ਜੋ ਬਜਟ 8607 ਰੁਪਏ ਸੀ ਉਹ 2019-20 'ਚ ਘਟਕੇ ਹੁਣ 7417 ਕਰੋੜ ਕਿਓਂ ਰਹਿ ਗਿਆ ਹੈ?

ਕੀ ਸੀਬੀਆਈ ਇਹ ਵੀ ਜਾਂਚ ਕਰੇਗੀ ਕਿ ਕੈਗ ਰਿਪੋਰਟ 'ਚ 2017-21 ਦੇ ਅਰਸੇ ਦਰਮਿਆਨ ਈਸਟ ਕੋਸਟ ਯਾਨੀ ਕਿ ਪੂਰਬੀ ਤੱਟ (ਜਿਸ ਖੇਤਰ 'ਚ ਇਹ ਹਾਦਸਾ ਵਾਪਰਿਆ ਹੈ) ਦਸਾਂ 'ਚੋਂ ਸੱਤ ਰੇਲ ਹਾਦਸੇ ਪਟੜੀ ਤੋਂ ਰੇਲ ਡੱਬਿਆਂ ਦੇ ਲਹਿ ਜਾਣ ਕਾਰਨ ਹੀ ਵਾਪਰੇ ਹਨ। ਪਰ ਇਸ ਦੇ ਬਾਵਜੂਦ ਵੀ ਰੇਲ ਵਿਭਾਗ ਨੂੰ ਰੇਲ ਟਰੈਕ ਦੀ ਮੇਂਟੇਨੈਸ ਕਰਨ ਦਾ ਖਿਆਲ ਕਿਓਂ ਨਹੀਂ ਆਇਆ?

ਕੀ ਸੀਬੀਆਈ ਇਸ ਗੱਲ ਦੀ ਵੀ ਜਾਂਚ ਕਰੇਗੀ ਕਿ ਰੇਲ ਟਰੈਕ ਸੁਰੱਖਿਆ ਦੀ ਰਾਸ਼ੀ 'ਚ 79% ਕਟੌਤੀ ਕਿਓਂ ਕੀਤੀ ਗਈ ਹੈ?

ਰੇਲ ਟਰੈਕ ਦੇ ਰੱਖ-ਰਖਾਅ ਲਈ 2017 'ਚ ਰਾਸ਼ਟਰੀ ਰੇਲ ਸੰਰਕਸ਼ਾ ਕੋਸ਼ ਅਧੀਨ ਰੱਖੀ ਗਈ 20,000 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਿਓਂ ਨਹੀਂ ਕੀਤੀ ਗਈ? ਇਸ ਮਾਮਲੇ 'ਚ ਕੈਗ ਦੀ ਇੱਕ ਰਿਪੋਰਟ 'ਚ ਜ਼ਬਰਦਸਤ ਖੁਲਾਸਾ ਕੀਤਾ ਗਿਆ ਹੈ ਕਿ 4 ਸਾਲਾਂ 'ਚ ਦਿੱਤੀ ਜਾਣ ਵਾਲੀ ਵੀਹ ਕਰੋੜ ਦੀ ਰਾਸ਼ੀ 'ਚੋਂ ਸਿਰਫ 4225 ਕਰੋੜ ਹੀ ਜਾਰੀ ਕੀਤੇ ਗਏ। ਜਦਕਿ ਬਾਕੀ ਦੀ ਰਾਸ਼ੀ ਹੱਥਾਂ-ਪੈਰਾਂ ਦੀ ਮਾਲਿਸ਼ ਕਰਨ, ਕਰਾਕਰੀ, ਬਿਜਲੀ ਉਪਕਰਨ, ਫਰਨੀਚਰ, ਸਰਦੀਆਂ ਦੀਆਂ ਜੈਕਟਾਂ ਖ਼ਰੀਦਣ, ਕੰਪਿਊਟਰ ਤੇ ਸਵੈਚਾਲਤ ਪੌੜੀਆਂ ਨੂੰ ਸਥਾਪਤ ਕਰਨ, ਬਾਗ-ਬਗੀਚੇ ਵਿਕਸਤ ਕਰਨ, ਟਾਇਲਟਾਂ ਬਣਾਉਣ, ਤਨਖਾਹਾਂ ਤੇ ਭੱਤੇ ਅਦਾ ਕਰਨ ਅਤੇ ਉੱਚਾ-ਸਾਰਾ ਕੌਮੀ ਝੰਡਾ ਖੜ੍ਹਾ ਕਰਨ ਲਈ ਖਰਚ ਕੀਤੀਆਂ ਗਈਆਂ। ਇਸ ਮਸਲੇ ਬਾਰੇ ਕੈਗ ਰਿਪੋਰਟਾਂ ਦਾ ਕਹਿਣਾ ਹੈ ਕਿ ਇਓਂ ਕਰਨ ਨਾਲ ਇਸ ਰਾਸ਼ੀ ਨੂੰ ਰਾਖਵਾਂ ਰੱਖਣ ਦਾ ਮਕਸਦ ਹੀ ਸਰਾਪਿਆ ਗਿਆ ਹੈ ਅਤੇ ਇਹ ਵੀ ਕੋਈ ਘੱਟ ਦਿਲਚਸਪ ਗੱਲ ਨਹੀਂ ਹੈ ਕਿ ਐਨੇ ਕੁ ਇਹ ਇੰਕਸ਼ਾਫ਼ਾਂ ਨੇ ਵੀ ਲੋਕਾਂ ਸਾਹਮਣੇ ਨਹੀਂ ਆਉਣਾ ਸੀ ਅਗਰ ਅਜਿਹਾ ਮੰਦਭਾਗਾ ਭਿਆਨਕ ਹਾਦਸਾ ਨਾ ਵਾਪਰਿਆ ਹੁੰਦਾ।

ਕੀ ਸੀਬੀਆਈ ਇਹ ਦੇਖਣ ਦਾ ਵੀ ਯਤਨ ਕਰੇਗੀ ਕਿ ਟਰੈਕ ਨਵਿਆਉਣ ਲਈ 2018-19 'ਚ ਰਾਖਵੀਂ ਰੱਖੀ ਗਈ 9607.65 ਕਰੋੜ ਦੀ ਰਾਸ਼ੀ 2019-20 'ਚ ਘਟਕੇ 7417 ਕਰੋੜ ਕਿਓਂ ਰਹਿ ਗਈ ਹੈ?

ਅੱਗੇ ਇਸ ਹਾਦਸੇ ਨਾਲ ਜੁੜੇ ਇੱਕ ਹੋਰ ਮੁੱਦੇ ਨੂੰ ਵੀ ਵਿਚਾਰਦੇ ਹਾਂ। ਰੇਲ ਆਵਾਜਾਈ ਨੂੰ ਸਹੀ ਰੁਖ ਨਾਲ ਚਲਾਉਣ ਲਈ ਬੰਦਿਆਂ ਦੀ ਜ਼ਰੂਰਤ ਤਾਂ ਪੈਂਦੀ ਹੀ ਹੈ। ਪਰ ਐਥੇ ਵੀ ਕੋਈ ਬਹੁਤੀ ਵਧੀਆ ਕਾਰਗੁਜ਼ਾਰੀ ਨਹੀਂ ਹੈ। ਇਹ ਗੱਲ ਸਮਝੋਂ ਪਰ੍ਹੇ ਹੈ ਅਤੇ ਕੀ ਸੀਬੀਆਈ ਇਹ ਵੀ ਜਾਂਚੇਗੀ ਕਿ ਅਜਿਹੇ ਪ੍ਰੀਦ੍ਰਿਸ਼ ਦੇ ਹੁੰਦਿਆਂ ਰੇਲਵੇ 'ਚ ਤਿੰਨ ਲੱਖ ਤੋਂ ਵੱਧ ਖਾਲੀ ਪਈਆਂ ਅਸਾਮੀਆਂ ਨੂੰ ਕਿਓਂ ਨਹੀਂ ਭਰਿਆ ਜਾ ਰਿਹਾ? ਇੱਥੇ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਲੋਕੋ ਪਾਇਲਟਾਂ ਤੋਂ 12-12 ਘੰਟਿਆਂ ਤੋਂ ਵਧੇਰੇ ਸਮੇਂ ਤੱਕ ਕੰਮ ਲਿਆ ਜਾ ਰਿਹਾ ਹੈ?

ਰੇਲਵੇ ਦੀ ਅਜਿਹੀ ਹਾਲਤ ਮਾੜੀ ਹਾਲਤ ਲਈ ਅਤੇ ਮੋੜਵੇਂ ਰੂਪ 'ਚ ਇਸ ਭਿਅੰਕਰ ਮਨੁੱਖਾ ਤ੍ਰਾਸਦੀ ਜ਼ੁੰਮੇਵਾਰ ਉਹ ਢਾਂਚਾ ਹੈ ਜਿਹੜਾ ਕਿ ਅਜੋਕੀਆਂ ਹਾਲਤਾਂ 'ਚ ਜ਼ਿੰਦਗੀ ਦੇ ਹਰ ਮਰਹੱਲੇ 'ਤੇ ਕੰਮ ਕਰ ਰਿਹਾ ਹੈ। ਉਹ ਢਾਂਚਾ ਹੈ ਸਰਕਾਰ ਵੱਲੋਂ ਨਿੱਜੀਕਰਣ, ਉਦਾਰੀਕਰਣ ਦੀਆਂ ਨੀਤੀਆਂ ਨੂੰ ਅਪਣਾਏ ਜਾਣਾ। ਕਾਰਪੋਰੇਟ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੇ ਲਾਲਚ ਵੱਸ ਅਜਿਹੇ ਢੰਗਾਂ ਨਾਲ ਆਪਣੇ ਮੁਨਾਫ਼ਿਆਂ ਨੂੰ ਸੁਰੱਖਿਅਤ ਕਰਦੇਹਨ ਕਿ ਆਮ ਜਨ ਦੀ ਸੁਰੱਖਿਆ ਪਾਸੇ ਕਰ ਦਿੱਤੀ ਜਾਂਦੀ ਹੈ। ਇਸ ਨਾਲ ਕੰਪਰੋਮਾਈਜ਼ ਕਰ ਲਿਆ ਜਾਂਦਾ ਹੈ। ਅਗਲੀ ਗੱਲ ਇਹ ਕਿ ਸਰਕਾਰ ਵੱਲੋਂ ਲਾਗੂ ਕੀਤੀਆਂ ਗਈਆਂ ਇਹਨਾਂ ਨੀਤੀਆਂ ਤਹਿਤ ਕਿਸੇ ਵੀ ਕਿਸਮ ਦੀ ਟਰਾਂਸਪੇਰਸੀ ਲਈ ਕੋਈ ਵੀ ਗੁੰਜਾਇਸ਼ ਹੀ ਨਹੀਂ ਹੈ। ਜੋ ਵੀ ਕੋਰਪੋਰੇਟ ਕਰ ਰਹੇ ਹਨ ਉਹਨਾਂ 'ਤੇ ਕਿੰਤੂ-ਪਰੰਤੂ ਨਹੀਂ ਕੀਤਾ ਜਾ ਸਕਦਾ। ਇਹੀ ਕਾਰਨ ਹੈ ਕਿ ਉੱਪਰ ਜਿਸ ਗੱਲ ਦਾ ਕਿ ਸੀਬੀਆਈ ਜਾਂਚ ਦਾ ਜੋ ਜ਼ਿਕਰ ਅਸੀਂ ਕਰ ਆਏ ਹਾਂ ਉਹ ਇਹੀ ਦਿਖਾਉਂਦਾ ਹੈ ਕਿ ਸਰਕਾਰ ਨੇ ਇਸ ਭਿਅੰਕਰ ਤ੍ਰਾਸਦੀ ਦੀ ਤਹਿ ਤੱਕ ਜਾਣ ਦੀ ਜ਼ਿਹਮਤ ਨਹੀਂ ਉਠਾਈ, ਉਲਟਾ ਇਸ ਨੂੰ ਹੋਰ ਹੀ ਸਤੱਹੀ ਕਾਰਨਾਂ ਅਤੇ ਭਟਕਾਊ ਕਾਰਨਾਂ ਵੱਲ ਨੂੰ ਜਨਤਾ ਦਾ ਧਿਆਨ ਲਿਜਾਣ ਦੀ ਕੋਸ਼ਿਸ਼ ਕੀਤੀ ਹੈ। ਇੱਥੇ ਇਹ ਗੱਲ ਵੀ ਕਾਬਿਲੇ-ਜ਼ਿਕਰ ਹੈ ਕਿ ਸੋਸ਼ਲ ਮੀਡੀਆ 'ਤੇ ਪਹਿਲਾਂ ਇਹ ਵੀ ਗੱਲ ਆਈ ਸੀ ਕਿ ਇਸ ਰੇਲ ਹਾਦਸੇ ਵਾਲੀ ਥਾਂ 'ਤੇ ਟਰੈਕ ਦੇ ਨਾਲ ਹੀ ਇੱਕ ਮਸਜਿਦ ਵੀ ਸਥਿਤ ਹੈ ਇਸ ਰਾਹੀਂ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗੋਕਿਆਂ ਮੁਸਲਮਾਨ ਹੀ ਇਸ ਹਾਦਸੇ ਲਈ ਜ਼ੁੰਮੇਵਾਰ ਹਨ। ਪਰ ਅਸਲ 'ਚ ਉਹ 'ਮਸਜਿਦ' ਇੱਕ ਨਿਰਮਾਣ ਅਧੀਨ ਕ੍ਰਿਸ਼ਨ ਟੈਂਪਲ ਹੈ ਜਿਸ ਦੇ ਪ੍ਰਬੰਧਕਾਂ ਨੇ ਸੱਭ ਤੋਂ ਪਹਿਲਾਂ ਹਾਦਸਾ ਪੀੜਤਾਂ ਦੀ ਮੱਦਦ ਕੀਤੀ ਸੀ। ਸੀਬੀਆਈ ਜਾਂਚ ਵੀ ਇਹ ਦੇਖਣ ਲਈ ਬਿਠਾਈ ਹਾ ਕਿ ਇਹ ਕੋਈ ਤੋੜ-ਫੋੜ ਦਾ ਤਾਂ ਨਤੀਜਾ ਨਹੀ ਹੈ। ਐਥੇ ਵੀ ਮੁਸਲਿਮ ਐਂਗਲ ਹੀ ਹੈ।

ਸੋ ਸਰਕਾਰ ਦੀਆਂ ਚਾਲਾਂ ਨੂੰ ਸਮਝਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਇਹ ਹਾਦਸਾ ਸਿਗਨਲ ਸਿਸਟਮ ਦੀ ਨਾਕਾਮੀ ਦਾ ਨਤੀਜਾ ਹੈ, ਜੋ ਕਿ ਸਰਕਾਰ ਦੇ ਰੇਲ ਵਿਭਾਗ ਵੱਲ ਦਿਖਾਏ ਜਾਂਦੇ ਸੌਤੇਲੇ ਵਤੀਰੇ ਕਰਕੇ ਮਾੜੀਆਂ ਹਾਲਤਾਂ ਵੱਲ ਨੂੰ ਜਾ ਰਿਹਾ ਹੈ। ਸਰਕਾਰ ਇੱਕ ਪਾਸੇ ਤਾਂ ਦਾਅਵਾ ਬੁਲੇਟ ਟਰੇਨਾਂ ਨੂੰ ਚਲਾਉਣ ਦਾ ਕਰਦੀ ਹੈ ਪਰ ਦੂਜੇ ਪਾਸੇ ਇਸ ਸਾਰੇ ਲਈ ਲੋੜੀਂਦੇ ਉਸਾਰ ਢਾਂਚੇ ਵੱਲੋਂ ਅਣਦੇਖੀ ਕਰਕੇ ਕਾਰਪੋਰੇਟਾਂ ਦੇ ਢਿੱਡ ਪੂਰ ਰਹੀ ਹੈ। ਸੋ ਸਰਕਾਰ ਦੀਆਂ ਇਹਨਾਂ ਚਾਲਾਂ ਨੂੰ ਸਮਝਣ ਅਤੇ ਇਹਦੇ ਖ਼ਿਲਾਫ਼ ਵਿਸ਼ਾਲ ਲੋਕਾਈ ਦਾ ਏਕਾ ਉਸਾਰਣ ਦੀ ਅਣਸਰਦੀ ਲੋੜ ਹੈ।

# ਪਰਵਾਸੀ ਮਜ਼ਦੂਰਾਂ ਖਿਲਾਫ਼ ਜ਼ਹਿਰ ਉਗਲਦੀ ਪਰਚਾਰ ਮੁਹਿੰਮ



ਨਰਾਇਣ ਦੱਤ




ਪੰਜਾਬ ਦੇ ਪਿੰਡਾਂ ਅੰਦਰ ਸੀਜਨਲ ਕੰਮਾਂ ਲਈ ਮਜਦੂਰ ਖੇਤੀਬਾੜੀ ਦੇ ਕੰਮ ਧੰਦਿਆਂ ਲਈ ਆਉਂਦੇ ਹਨ। ਅਖੌਤੀ ਹਰੇ ਇਨਕਲਾਬ ਖਿੱਤਿਆਂ ਦੀ ਉਸਾਰੀ ਵਜੋਂ ਪੰਜਾਬ ਨੂੰ ਮਾਡਲ ਵਜੋਂ ਵਿਕਸਤ ਕੀਤਾ ਗਿਆ। ਇਸੇ ਸਮੇਂ ਖੇਤੀਬਾੜੀ ਵਿੱਚ ਪੁਰਾਣੇ ਰਵਾਇਤੀ ਢੰਗ ਤਰੀਕਿਆਂ (ਹੱਥੀਂ ਵਾਢੀ, ਗੋਡੀ, ਕਟਾਈ) ਦੀ ਥਾਂ ਸਾਮਰਾਜੀ ਖੇਤੀ ਮਾਡਲ ਰਾਹੀਂ ਮਸ਼ੀਨੀਕਰਨ ਦਾ ਦੌਰ ਸ਼ੁਰੂ ਹੋਇਆ। ਫਸਲਾਂ ਦੀ ਪੈਦਾਵਾਰ ਨੂੰ ਮਨੁੱਖੀ ਲੋੜ ਦੀ ਥਾਂ ਮੰਡੀ ਦੀਆਂ ਲੋੜਾਂ ਅਤੇ ਤਰਜੀਹਾਂ ਤੈਅ ਕਰਨ ਲੱਗੀਆਂ। ਇਸ ਤੋਂ ਪਹਿਲਾਂ ਪਿੰਡਾਂ ਵਿੱਚ ਪਰਵਾਸੀ ਮਜਦੂਰ ਨਾ ਮਾਤਰ ਹੀ ਸਨ। 80 ਵਿਆਂ ਦੇ ਦਹਾਕੇ ’ਚ ਪਰਵਾਸੀ ਮਜਦੂਰਾਂ ਦੇ ਪੰਜਾਬ ਦੇ ਪਿੰਡਾਂ ਵਿੱਚ ਆਉਣ ਦਾ ਦੌਰ ਸਰਕਾਰ ਵੱਲੋਂ ਝੋਨੇ ਦੀ ਫਸਲ ਦਾ ਪ੍ਰਚਾਰ ਕੀਤੇ ਜਾਣ ਨਾਲ ਝੋਨਾ ਪੰਜਾਬ ਦੀ ਸਾਉਣੀ ਦੀ ਮੁੱਖ ਫਸਲ ਵਜੋਂ ਹੋਂਦ ’ਚ ਆਉਣ ਸ਼ੁਰੂ ਹੋਇਆ। ਹਾਲਾਂ ਕਿ ਸ਼ਹਿਰਾਂ ਵਿੱਚ ਵੀ ਵੱਡੀਆਂ ਸਨਅਤਾਂ ਵਿੱਚ ਪਹਿਲਾਂ ਹੀ ਮੌਜੂਦ ਸਨ। ਹੁਣ ਪਰਵਾਸੀ ਮਜਦੂਰਾਂ ਦੇ ਪੰਜਾਬ ਵਿੱਚ ਆਉਣ ਦਾ ਵਰਤਾਰਾ ਵੱਡੀਆਂ ਸਨਅਤਾਂ ਅਤੇ ਖੇਤੀਬਾੜੀ ਦੇ ਨਾਲ-ਨਾਲ ਰੇੜੀ/ ਫੜੀ/ ਰਿਕਸ਼ਾ/ ਆਟੋ ਰਿਕਸ਼ਾ ਚਾਲਕਾਂ/ਉਸਾਰੀ ਮਜਦੂਰਾਂ/ ਚੌਕੀਦਾਰਾ/ ਸਫਾਈ ਸੇਵਕਾਂ/ ਵੇਟਰ/ ਦੁਕਾਨਾਂ ਉੱਪਰ ਸੇਲਜਮੈਨ, ਛੋਟੀਆਂ ਨੌਕਰੀਆਂ ਸਮੇਤ ਹੋਰਨਾਂ ਛੋਟੇ ਮੋਟੇ ਅਨੇਕਾਂ ਕਿਸਮ ਦੇ ਕੰਮਾਂ ਧੰਦਿਆਂ ਤੱਕ ਫੈਲਿਆ ਗਿਆ ਹੈ। ਇਨ੍ਹਾਂ ਨੂੰ ਆਮ ਕਰਕੇ ਭਈਆਂ ਵਜੋਂ ਪ੍ਰਚਾਰਿਆ ਜਾਂਦਾ ਹੈ। ਹਾਲਾਂ ਕਿ ਬਿਹਾਰ/ਯੂਪੀ ਅੰਦਰ ਇਹ ਸ਼ਬਦ ਭਈਆ ਸਤਿਕਾਰਤ ਸ਼ਬਦ ਵਜੋਂ ਵਰਤੇ ਜਾਂਦੇ ਸ਼ਬਦ ਦਾ ਵਿਗਾੜਿਆ ਹੋਇਆ ਰੂਪ ਹੈ। ਸਭ ਤੋਂ ਵੱਧ ਬਿਹਾਰ ਸੂਬੇ ਦੇ ਮਜਦੂਰ ਮੁਲਕ ਦੇ ਵੱਖ-ਵੱਖ ਰਾਜਾਂ ਵੱਲ ਪ੍ਰਵਾਸ ਕਰਦੇ ਹਨ। ਅਜਿਹਾ ਨਹੀਂ ਕਿ ਹੋਰਨਾਂ ਰਾਜਾਂ ਦੇ ਮਜਦੂਰ ਮੁਲਕ ਦੇ ਵੱਖ-ਵੱਖ ਰਾਜਾਂ ਵਿੱਚ ਪਰਵਾਸ ਨਹੀਂ ਕਰਦੇ, ਜਰੂਰ ਕਰਦੇ ਹਨ। ਗਿਣਤੀ ਪੱਖੋਂ ਹੋਰਨਾਂ ਰਾਜਾਂ ਦੇ ਮਜਦੂਰਾਂ ਦੇ ਪ੍ਰਵਾਸ ਕਰਨ ਦੀ ਗਿਣਤੀ ਕਾਫੀ ਘੱਟ ਹੈ।

ਪਰਵਾਸ ਕਰਨ ਵਾਲਾ ਵਿਅਕਤੀ/ ਸਮੂਹ ਘਰ ਦੀਆਂ ਤੰਗੀਆਂ ਤੁਰਸ਼ੀਆਂ ਅਤੇ ਰੁਜਗਾਰ ਦੀ ਅਹਣੋਂਦ ਕਾਰਨ ਘਰਬਾਰ, ਆਲਾ ਦੁਆਲਾ ਛੱਡਣ ਲਈ ਮਜਬੂਰ ਹੁੰਦਾ ਹੈ। ਜਦ ਉਹ ਸੈਕੜੇ/ਹਜਾਰਾਂ ਕਿਲੋਮੀਟਰ ਦੂਰ ਕਿਸੇ ਥਾਂ ਆਉਂਦਾ ਹੈ ਤਾਂ ਉੱਥੇ ਉਸ ਦਾ ਆਪਣਾ ਕੋਈ ਨਹੀਂ ਹੁੰਦਾ। ਬੇਹੱਦ ਔਖੀਆਂ ਹਾਲਤਾਂ ਵਿੱਚ ਰਹਿਣ ਲਈ ਮਜਬੂਰ ਹੁੰਦਾ ਹੈ। ਉਹ ਮੁਲਕ ਦੇ ਕਿਸੇ ਵੀ ਹਿੱਸੇ ’ਚ ਪਰਵਾਸ ਕਰੇ, ਬੇਰੁਜ਼ਗਾਰਾਂ ਦੀ ਮੰਡੀ ਵਿੱਚ ਆਪਣੇ ਆਪ ਨੂੰ ਸ਼ਾਮਲ ਕਰਦਾ ਹੈ। ਪੂਰੇ ਮੁਲਕ ਅੰਦਰ ਬੇਰੁਜਗਾਰੀ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਹੈ। ਸੰਸਾਰ ਅੰਦਰ ਸਾਵਾਂ ਵਿਕਾਸ ਨਹੀਂ ਹੋ ਰਿਹਾ। ਸਾਮਰਾਜੀ ਮਾਡਲ ਰਾਹੀ ਅਗੜਾ-ਦੁਗੜਾ ( ਰੁੰਡ-ਮਰੁੰਡ) ਵਿਕਾਸ ਹੋ ਰਿਹਾ ਹੈ। ਵਿਕਸਤ ਮੁਲਕਾਂ ਅਤੇ ਵਿਕਾਸ਼ਸ਼ੀਲ ਮੁਲਕਾਂ ਅੰਦਰ ਵੱਡਾ ਪਾੜਾ ਮੌਜੂਦ ਹੈ। ਭਾਰਤ ਵਰਗੇ ਮੁਲਕ ਵਿੱਚ ਪ੍ਰਤੀ ਵਿਅਕਤੀ ਔਸਤ ਆਮਦਨ 46861 ਰੁ. ਦੇ ਮੁਕਾਬਲੇ ਕਨੇਡਾ, ਅਮਰੀਕਾ, ਆਸਟਰੇਲੀਆ ਵਰਗੇ ਮੁਲਕ ਵਿੱਚ ਕਿਤੇ ਉੱਚੀ ਦਰ 2,77,332 ਰੁ. ਤੋਂ 4,98,567 ਰੁ. ਤੱਕ ਹੈ। ਸੰਸਾਰ ਪੱਧਰੇ ਅੰਕਿੜਿਆਂ ਅਨੁਸਾਰ ਭਾਰਤ ਪ੍ਰਤੀ ਵਿਅਕਤੀ ਆਮਦਨ ਵਿੱਚ 65 ਵੇਂ ਸਥਾਨ ਤੇ ਹੈ। ਇਹ ਅਸਮਾਨ ਜਿੱਡਾ ਪਾੜਾ ਹੈ। ਇਹੀ ਨਹੀਂ ਇੱਕ ਮੁਲਕ ਅੰਦਰ ਆਮਦਨ ’ਚ ਵੀ ਬਹੁਤ ਵੱਡਾ ਪਾੜਾ ਹੈ। ਗੋਆ ਵਿੱਚ ਸਭ ਤੋਂ ਵੱਧ 4,31,351 ਰੁ. ਅਤੇ ਪੰਜਾਬ ’ਚ ਸਲਾਨਾ ਆਮਦਨ 1,48,894 ਰੁ.ਦੇ ਮੁਕਾਬਲੇ ਬਿਹਾਰ ਵਿੱਚ ਇਹੀ ਆਮਦਨ ਮਹਿਜ 43605 ਰੁ. ਅਤੇ ਯੂ.ਪੀ ਵਿੱਚ 61.666 ਰੁ. ਹੈ। ਇਹੀ ਪਾੜਾ ਪਿੰਡਾਂ ਅਤੇ ਸ਼ਹਿਰਾਂ ਅੰਦਰ ਵੀ ਮੌਜੂਦ ਹੈ। ਸ਼ਹਿਰਾਂ ਅਤੇ ਮਹਾਂ ਨਗਰਾਂ ਵਿੱਚ ਵੀ ਇਹ ਪਾੜਾ ਮੌਜੂਦ ਹੈ।

ਸੰਸਾਰ ਪੱਧਰ ’ਤੇ ਐਨਾ ਵੱਡਾ ਆਰਥਿਕ ਪਾੜਾ ਹੀ ਪਰਵਾਸ ਦੇ ਦਰਵਾਜੇ ਖੋਲ੍ਹਦਾ ਹੈ। ਪ੍ਰਵਾਸ ਦੀ ਇਹ ਲੜੀ ਪਿੰਡਾਂ ਤੋਂ ਸ਼ਹਿਰਾਂ ਵੱਲ, ਸ਼ਹਿਰਾਂ ਤੋਂ ਮਹਾਂ ਨਗਰਾਂ ਵੱਲ, ਪਛੜੇ ਰਾਜਾਂ ਤੋਂ ਵੱਧ ਆਮਦਨ ਵਾਲੇ ਰਾਜਾਂ ਵੱਲ ਅਤੇ ਇਸ ਤੋਂ ਵੀ ਅੱਗੇ ਵਿਕਾਸਸ਼ੀਲ ਮੁਲਕਾਂ ਤੋਂ ਵਿਕਸਤ ਮੁਲਕਾਂ (ਅਮਰੀਕਾ, ਕਨੇਡਾ, ਆਸਟਰੇਲੀਆ, ਨਿਊਜੀਲੈਂਡ ਇੰਗਲੈਂਡ, ਫਰਾਂਸ) ਵੱਲ ਪ੍ਰਵਾਸ ਲਈ ਰਾਹ ਖੋਲ੍ਹਦੀ ਹੈ। ਉਂਝ ਆਖਣ ਨੂੰ ਬੇਸ਼ੱਕ ਇਸ ਗੱਲ ਦਾ ਪ੍ਰਚਾਰ ਬੜੇ ਜੋਰ ਸ਼ੋਰ ਨਾਲ ਕੀਤਾ ਜਾਂਦਾ ਹੈ ਕਿ ਸੰਸਾਰ ਗਲੋਬਲ ਪਿੰਡ ਬਣ ਚੁੱਕਾ ਹੈ, ਪਰ ਹਕੀਕਤ ਵਿੱਚ ਉਪਰੋਕਤ ਅੰਕੜੇ ਹਾਕਮਾਂ ਦੇ ਇਸ ਪ੍ਰਚਾਰ ਦਾ ਮੂੰਹ ਚਿੜਾਉਂਦੇ ਹਨ ਕਿ ਹਾਕਮਾਂ ਵੱਲੋਂ ਪ੍ਰਚਾਰੇ ਜਾਂਦੇ ਗਲੋਬਲ ਪਿੰਡ ਬਨਣ ਨਾਲ ਜਿੱਥੇ ਪਰਵਾਸ ਦਾ ਦੌਰ ਬਹੁਤ ਤੇਜੀ ਨਾਲ ਵਧ ਰਿਹਾ ਹੈ ਅਤੇ ਨਵੇਂ ਨਸਲੀ ਸੰਕਟ ਨੂੰ ਵੀ ਜਨਮ ਦੇ ਰਿਹਾ ਹੈ। ਪਰਵਾਸ ਦਾ ਇਹ ਦੌਰ ਸਦੀਆਂ ਤੋਂ ਚੱਲ ਰਿਹਾ ਹੈ। ਜਦ ਸੋਹਣੇ ਭਵਿੱਖ ਦੀ ਕਾਮਨਾ ਲੈਕੇ ਭਾਰਤੀ ਕਾਮੇ ਅਮਰੀਕਾ, ਕੈਨੇਡਾ ਵਰਗੇ ਮੁਲਕਾਂ ਵਿੱਚ ਪਰਵਾਸ ਕਰਕੇ ਗਏ ਸਨ ਤਾਂ ‘ਪਰਵਾਸੀ ਅਤੇ ਕੁੱਤੇ ਇਸ ਥਾਂ ਦਾਖਲ ਨਹੀਂ ਹੋ ਸਕਦੇ’ ਵਰਗੇ ਨਸਲੀ ਵਿਤਕਰੇ ਵਾਲੀਆਂ ਟਿੱਪਣੀਆਂ ਦਾ ਸਾਹਮਣਾ ਕਰਨਾ ਪਿਆ ਸੀ। ਅਜਿਹਾ ਵਰਤਾਰੇ ਦਾ ਨਵੀਆਂ ਸ਼ਕਲਾਂ ’ਚ ਅੱਜ ਵੀ ਹਰ ਥਾਂ ਤੋਂ ਪਰਵਾਸ ਕਰਨ ਵਾਲੇ ਕਾਮਿਆਂ ਨੂੰ ਸਹਿਣਾ ਕਰਨਾ ਪੈ ਰਿਹਾ ਹੈ।

ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿੱਚ ਵੱਖ-ਵੱਖ ਰਾਜਾਂ ਦੇ ਪਰਵਾਸੀ ਮਜਦੂਰਾਂ ਦੀ ਵੱਡੀ ਗਿਣਤੀ ਰਹਿ ਰਹੀ ਹੈ। ਵੱਡੀਆਂ ਸਨਅਤਾਂ ਅਤੇ ਸ਼ਹਿਰਾਂ ਵਿੱਚ ਛੋਟਾ ਮੋਟਾ ਕੰਮ ਕਰਨ ਵਾਲੇ ( ਰੇਹੜੀ, ਫੜੀ) ਵਾਲੇ ਪਰਵਾਸੀ ਮਜਦੂਰ ਹੌਲੀ- ਹੌਲੀ ਪੱਕੇ ਤੌਰ ’ਤੇ ਵਸ ਗਏ ਹਨ। ਪਿੰਡਾਂ ਵਿੱਚ ਰਹਿਣ ਵਾਲੇ ਮਜਦੂਰ ਹਾਲੇ ਵੀ ਸੀਜਨ ਵਿੱਚ ਹੀ ਆਉਂਦੇ ਹਨ। ਝੋਨੇ ਦੀ ਲਵਾਈ, ਮੰਡੀਆਂ ਦੇ ਸੀਜਨ ਵਿੱਚ ਜਿਆਦਾਤਰ ਮਜਦੂਰ ਆਉਂਦੇ ਹਨ, ਕੰਮ ਖਤਮ ਹੁੰਦੇ ਸਾਰ ਹੀ ਵਾਪਸ ਪਰਤ ਜਾਂਦੇ ਹਨ। ਸਮੁੱਚੇ ਤੌਰ ’ਤੇ ਇਹ ਪਰਵਾਸੀ ਅਸੰਗਿਠਤ ਖੇਤਰ ਵਿੱਚ ਕੰਮ ਕਰਦੇ ਹਨ। ਬੇਰੁਜਗਾਰੀ ਜਿੱਥੇ ਮਜਦੂਰਾਂ ਲਈ ਵੱਡੇ ਸੰਕਟ ਨੂੰ ਜਨਮ ਦੇ ਰਹੀ ਹੈ। ਉੱਥੇ ਹੀ ਇਹ ਵਧ ਰਹੀ ਬੇਲਗਾਮ ਬੇਰੁਜਗਾਰੀ ਇਨ੍ਹਾਂ ਕਿਰਤੀਆਂ ਦੀ ਅੰਨ੍ਹੀ ਲੁੱਟ ਕਰਨ ਲਈ ਮਾਲਕ ਜਮਾਤਾਂ ਲਈ ਨਿਆਮਤ ਬਣਕੇ ਬਹੁੜ ਰਹੀ ਹੈ। ਇਹਨਾਂ ਪਰਵਾਸੀ ਕਾਮਿਆਂ ਨੂੰ ਆਰਥਿਕ ਲੁੱਟ ਦੇ ਨਾਲ-ਨਾਲ ਜਬਰ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਪ੍ਰਵਾਸੀ ਅਤੇ ਅਸੰਗਠਿਤ ਹੋਣ ਕਰਕੇ ਇਨ੍ਹਾਂ ਦੀ ਥਾਣਿਆਂ ਕਚਿਹਰੀਆਂ ਸਰਕਾਰੀ ਦਰਬਾਰੇ ਵਿੱਚ ਕੋਈ ਪੁੱਛ ਪ੍ਰਤੀਤ ਨਹੀਂ ਹੁੰਦੀ। ਇਸ ਤਰ੍ਹਾਂ ਇਹ ਪ੍ਰਵਾਸੀ ਕਾਮੇ ਅਤਿ ਦੀ ਜਲਾਲਤ ਭਰੀ ਨਰਕੀ ਜਿੰਦਗੀ ਜਿਉਣ ਲਈ ਸਰਾਪੇ ਹੋਏ ਹਨ।

ਪ੍ਰਵਾਸ ਦੇ ਇਨ੍ਹਾਂ ਅਸਲ ਕਾਰਨ ਤੋਂ ਅਣਜਾਣ ਜਾਂ ਜਾਣਬੁੱਝ ਕੇ ਅੱਖਾਂ ਮੀਟੀ ਬੈਠੇ ਪੰਜਾਬ ਦੇ ਕੁੱਝ ਫੇਸਬੁੱਕੀਏ ਵਿਦਵਾਨ, ਪੰਜਾਬੀ ਭਾਈਚਾਰੇ ਦਾ ਅਖੌਤੀ ਪਹਿਰੇਦਾਰ ਸ਼ੋਸ਼ਲ ਮੀਡੀਆ ਤੇ ਸਰਗਰਮ ਸਿੱਖ ਫਿਰਕਾਪ੍ਰਸਤ ਲਾਬੀ, ਬੁਰਜੂਆ ਸਿਆਸਤਦਾਨਾਂ ਨੇ ਬਹੁਤ ਅੱਤ ਚੁੱਕੀ ਹੋਈ ਹੈ ਕਿ ਇਹ ਭਈਏ ਸਾਡੇ ਪੰਜਾਬ ਦੇ ਅਰਥਚਾਰੇ ਅਤੇ ਸਿਆਸਤ ਉੱਤੇ ਕਾਬਜ ਹੋ ਜਾਣਗੇ। ਇਹੀ ਅਖੌਤੀ ਪੰਜਾਬੀਅਤ ਦੇ ਪਹਿਰੇਦਾਰ ਕਨੇਡਾ, ਅਮਰੀਕਾ, ਇੰਗਲੈਂਡ, ਨਿਊਜੀਲੈਂਡ, ਇੰਗਲੈਂਡ, ਫਰਾਂਸ ਆਦਿ ਮੁਲਕਾਂ ਵਿੱਚ ਰਿਸ਼ੀ ਸੂਨਕ, ਰੂਬੀ ਢੱਲਾ, ਗਰੇਵਾਲ, ਗਿੱਲ, ਬੈਂਸ ਆਦਿ ਦੇ ਉਨ੍ਹਾਂ ਮੁਲਕਾਂ ਦੇ ਐਮਪੀ, ਮੇਅਰ ਆਦਿ ਚੁਣੇ ਜਾਣ ’ਤੇ ਚਾਂਗੜਾਂ ਉੱਚੀ-ਉੱਚੀ ਮਾਰਦੇ ਹਨ। ਇਨ੍ਹਾਂ ਮੁਲਕਾਂ ਵਿੱਚ ਭਾਰਤ ਵਰਗੇ ਵਿਕਾਸਸ਼ੀਲ ਮੁਲਕਾਂ ਉੱਪਰ ਕੁੱਝ ਕੁ ਕਾਰੋਬਾਰਾਂ ਤੇ ਕੀਤੇ ਕਬਜੇ ਨੂੰ ਪ੍ਰਾਪਤੀ ਵਜੋਂ ਉਚਿਆਉਂਦੇ ਹਨ। ਪਰ ਸੱਚਾਈ ਤੋਂ ਅੱਖਾਂ ਮੀਟੀ ਰੱਖਦੇ ਹਨ ਕਿ ਜਿਵੇਂ ਪੰਜਾਬ ਵਿੱਚ ਆਕੇ ਕੰਮ ਕਰਨ ਵਾਲੇ ਪਰਵਾਸੀ ਮਜਦੂਰ ਹਰ ਔਖਾ ਅਤੇ ਨੀਵੇਂ ਦਰਜੇ ਦਾ ਕੰਮ ਕਰਦੇ ਹਨ ਬਿਲਕੁਲ ਉਸੇ ਤਰ੍ਹਾਂ ਬਾਹਰਲੇ ਮੁਲਕਾਂ ਵਿੱਚ ਪਰਵਾਸ ਕਰਕੇ ਗਏ ਲੋਕ ਇਨ੍ਹਾਂ ਪਰਵਾਸੀ ਮਜਦੂਰਾਂ ਵਾਂਗ ਸਨਅਤਾਂ, ਸਫਾਈ, ਚੌਕੀਦਾਰ, ਵੇਅਰ ਹਾਊਸ, ਖੇਤਾਂ, ਰੈਸਟੋਰੈਂਟਾਂ, ਮਾਲਜ ਆਦਿ ਵਿੱਚ ਲੇਬਰ ਵਜੋਂ ਕੰਮ ਕਰਦੇ ਹਨ। ਇਨ੍ਹਾਂ ਅਖੌਤੀ ਪੰਜਾਬੀਅਤ ਦੇ ਹਿੱਤਾਂ ਦੇ ਪਹਿਰੇਦਾਰ ਅਖਵਾਉਣ ਵਾਲੇ ਬੁੱਧੀਜੀਵੀਆਂ, ਫੇਸਬੁੱਕੀ ਵਿਦਵਾਨਾਂ ਅਤੇ ਸਿਆਸਤਦਾਨਾਂ ਦਾ ਪਰਵਾਸ ਦੀਆਂ ਬੁਨਿਆਦੀ ਸਮੱਸਿਆ ਦੀ ਜੜ੍ਹ ਨੂੰ ਜਾਨਣ ਅਤੇ ਅਜਿਹੇ ਪਾੜੇ ਨੂੰ ਖਤਮ ਕਰਨ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਇਨ੍ਹਾਂ ਭੱਦਰ ਪੁਰਸ਼ਾਂ ਦੀ ਪਾੜਾ ਪਾਊ ਰਾਜਨੀਤੀ ਜੋ ਨਵੀਂ ਕਿਸਮ ਦੀ ਫਿਰਕਾਪ੍ਰਸਤੀ ਨੂੰ ਜਨਮ ਦਿੰਦੀ ਹੈ, ਹਾਕਮਾਂ ਨੂੰ ਖੂਬ ਰਾਸ ਬੈਠਦੀ ਹੈ।

ਸਮਾਜ ਨੂੰ ਦਰਪੇਸ਼ ਬੁਨਿਆਦੀ ਮੁਸ਼ਕਲਾਂ ਮਹਿੰਗਾਈ, ਬੇਰੁਜਗਾਰੀ, ਭੁੱਖਮਰੀ, ਭ੍ਰਿਸ਼ਟਾਚਾਰ, ਕਿਸਾਨਾਂ-ਮਜਦੂਰਾਂ ਅਤੇ ਬੇਰੁਜਗਾਰਾਂ ਵੱਲੋਂ ਕੀਤੀਆਂ ਜਾਂਦੀਆਂ ਖੁਦਕਸ਼ੀਆਂ, ਔਰਤਾਂ ਉੱਤੇ ਹੁੰਦੇ ਜਬਰ ਵੱਲ ਵੇਖਣ ਤੋਂ ਸ਼ਾਇਦ ਇਨ੍ਹਾਂ ਲੋਕਾਂ ਦੀ ਕਲਮ/ਅਕਲ ਨੂੰ ਲਕਵਾ ਮਾਰ ਜਾਂਦਾ ਹੈ। ਇਨ੍ਹਾਂ ਪਰਵਾਸੀ ਮਜਦੂਰਾਂ ਨੂੰ ਇਨ੍ਹਾਂ ਦੇ ਛੋਟੇ ਮੋਟੇ ਜੁਰਮਾਂ ਨੂੰ ਬਹੁਤ ਜਿਆਦਾ ਵਧਾ ਚੜ੍ਹਾਕੇ ਸਮਾਜ ਦੇ ਸਭ ਤੋਂ ਵੱਡੇ ਮੁਜਰਮ ਵਜੋਂ ਪੇਸ਼ ਕੀਤਾ ਜਾਂਦਾ ਹੈ। ਪੈਰ-ਪੈਰ ਤੇ ਹੁੰਦੀ ਇਨ੍ਹਾਂ ਪਰਵਾਸੀ ਮਜਦੂਰਾਂ ਸਮੇਤ ਮਿਹਨਤਕਸ਼ ਲੋਕਾਈ ਨਾਲ ਧੱਕੇਸ਼ਾਹੀ ਦੇ ਅਸਲ ਮੁਜਰਮਾਂ ਵੱਲ ਅਕਸਰ ਹੀ ਅਜਿਹੇ ਜਿਆਦਾ ਸੂਝ ਸਿਆਣਪ ਦੇ ਮਾਲਕ ਅਖਵਾਉਂਦੇ ਲੋਕਾਂ ਦੀ ਨਜਰ ਸਵੱਲੀ ਹੀ ਰਹਿੰਦੀ ਹੈ। ਇਹੀ ਨਹੀਂ ਭਾਰਤੀ ਲੋਕਾਂ ਦੇ ਦੁਸ਼ਮਣ ਸਾਮਰਾਜੀਏ ਅਤੇ ਉਨ੍ਹਾਂ ਦੇ ਦਲਾਲ ਭਾਰਤੀ ਹਾਕਮਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਲੋਕ ਵਿਰੋਧੀ ਨੀਤੀਆਂ, ਉਹ ਭਾਵੇਂ ਕਿਰਤ ਕਾਨੂੰਨਾਂ ਦਾ ਭੋਗ ਪਾਕੇ ਚਾਰ ਲੇਬਰ ਕੋਡਾਂ ਵਿੱਚ ਬਦਲਣ ਦਾ ਮਸਲਾ ਹੋਵੇ ਜਾਂ ਖੇਤੀ ਵਿਰੋਧੀ ਤਿੰਨ ਕਾਲੇ ਲਾਗੂ ਕਰਨ ਦਾ ਮਸਲਾ ਹੋਵੇ ਜਾਂ ਰਾਜਾਂ ਦੇ ਹੱਕਾਂ ਉੱਪਰ ਮਾਰੇ ਜਾ ਰਹੇ ਡਾਕਿਆਂ ਦਾ ਮਸਲਾ ਹੋਵੇ, ਇਹ ਭੱਦਰ ਪੁਰਸ਼ ਮੌਨ ਰਹਿਣ ਵਿੱਚ ਹੀ ਭਲਾ ਸਮਝਦੇ ਹਨ। ਇਹੀ ਨਹੀਂ ਵਿਜੇ ਮਾਲ ? ?ਆ, ਨੀਰਵ ਮੋਦੀ, ਮੋਹਲ ਚੌਕਸੀ, ਲਲਿਤ ਮੋਦੀ, ਨੀਸ਼ਲ ਮੋਦੀ ਵਰਗੇ ਲੁਟੇਰੇ ਬੈਂਕਾਂ ਨਾਲ ਹਜਾਰਾਂ ਕਰੋੜਾਂ ਰੁ. ਦੀਆਂ ਠੱਗੀਆਂ ਮਾਰਕੇ ਬਾਹਰਲੇ ਮੁਲਕਾਂ ਨੂੰ ਉਡਾਰੀਆਂ ਮਾਰ ਜਾਂਦੇ ਹਨ, ਤਾਂ ਵੀ ਇਹ ਲੋਕ ਚੁੱਪ ਰਹਿਣ ਵਿੱਚ ਹੀ ਭਲੀ ਸਮਝਦੇ ਹਨ। ਰਿਆਸਤ/ਸਟੇਟ ਦੀਆਂ ਨੀਤੀਆਂ ਖਿਲਾਫ ਲੋਕ ਸੰਘਰਸ਼ਾਂ ਦੀ ਆਵਾਜ ਬਨਣ ਵਾਲੇ ਬੁੱਧੀਜੀਵੀਆਂ, ਲੇਖਕਾਂ, ਦਲਿਤ ਚਿੰਤਕਾਂ, ਪੱਤਰਕਾਰਾਂ, ਸਮਾਜਿਕ ਕਾਰਕੁਨਾਂ, ਵਿਦਿਆਰਥੀਆਂ, ਵਕੀਲਾਂ ਨੂੰ ਮੋਦੀ ਹਕੂਮਤ ਚੁਣ-ਚੁਣ ਕੇ ਨਿਸ਼ਾਨਾ ਬਣਾ ਰਹੀ ਹੈ ਅਤੇ ਦੇਸ਼ ਧ੍ਰੋਹ ਵਰਗੇ ਸੰਗੀਨ ਮੁਕੱਦਮਿਆਂ ਵਿੱਚ ਸਾਲਾਂ ਬੱਧੀ ਸਮੇਂ ਤੋਂ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਬੰਦ ਰੱਖਣ ਵੇਲੇ ਵੀ ਇਹ ਸ਼੍ਰੀਮਾਨ ਘੁਰਨਿਆਂ ਵਿੱਚ ਵੜੇ ਰਹਿੰਦੇ ਹਨ। ਦਿੱਲੀ ਵਿੱਚ ਸਿੱਖਾਂ ਅਤੇ ਗੁਜਰਾਤ ਵਿੱਚ ਮੁਸਲਮਾਨਾਂ ਦੇ ਰਚਾਏ ਗਏ ਸਮੂਹਿਕ ਕਤਲੇਆਮ, ਕਸ਼ਮੀਰੀ ਲੋਕਾਂ ਦੇ ਹੱਕ ਹਕੂਕ ਦਰੜਨ ਵਾਲੇ ਹਕੂਮਤਾਂ ਦੇ ਲੋਕ ਵਿਰੋਧੀ ਕਾਰਨਾਮਿਆਂ ਨੂੰ ਲੋਕ ਸੱਥਾਂ ਵਿੱਚ ਬੇਪਰਦ ਕਰਨਾ ਇਨ੍ਹਾਂ ਲੋਕਾਂ ਨੇ ਕਦੇ ਵੀ ਆਪਣਾ ਫਰਜ ਨਹੀਂ ਸਮਝਿਆ। ਸਗੋਂ ਮਸਲੇ ਨੂੰ ਫਿਰਕੂ ਪੁੱਠ ਚਾੜ੍ਹਨ ’ਚ ਗਲਤਾਨ ਰਹੇ ਹਨ। ਗੈਰ ਬੁਨਿਆਦੀ ਮੁੱਦਿਆਂ ਫਰਾਂਸ ਵਿੱਚ ਪੱਗ ਦੀ ਬੇਅਦਬੀ ਦਾ ਮਸਲਾ ਹੋ ਜਾਵੇ ਤਾਂ ਉਸ ਨੂੰ ਧਰਮ ਦੀ ਪੁੱਠ ਚਾੜ੍ਹਕੇ ਖੂਬ ਉਛਾਲਿਆ ਜਾਂਦਾ ਹੈ। ਗੁਰਦਵਾਰਿਆਂ ਅੰਦਰ ਕਬਜੇ ਦੀ ਹੋੜ ਸਮੇਂ ਪੱਗੋ-ਪੱਗੀ ਹੁੰਦੇ ਖਾਲਸੇ ਇਨ੍ਹਾਂ ਦੇ ਨਜਰੀਂ ਨਹੀਂ ਪੈਂਦੇ। ਅਕਾਲੀਆਂ, ਕਾਂਗਰਸੀਆਂ ਅਤੇ ਹੁਣ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਬੇਰੁਜਗਾਰਾਂ, ਕਿਸਾਨਾਂ, ਮਜਦੂਰਾਂ ਸਮੇਤ ਹੋਰ ਮਿਹਨਤਕਸ਼ ਤਬਕਿਆਂ ਦੇ ਹੱਕੀ ਸੰਘਰਸ਼ਾਂ ਮੌਕੇ ਹਰ ਆਏ ਦਿਨ ਰੁਲਦੀਆਂ ਪੱਗਾਂ, ਚੁੰਨੀਆਂ ਅਤੇ ਡਾਂਗਾਂ ਦੀ ਬੁਛਾੜ ਮੌਕੇ ਇਨ੍ਹਾਂ ਲੋਕਾਂ ਨੂੰ ਸੱਪ ਸੁੰਘ ਜਾਂਦਾ ਹੈ। ਇਹੀ ਨਹੀਂ ਇਸ ਲੋਕ ਵਿਰੋਧੀ ਮਾਨਸਿਕਤਾ ਦਾ ਸ਼ੁੱਧ ਨਮੂਨਾ ਉਸ ਵਕਤ ਵੇਖਣ ਨੂੰ ਮਿਲਦਾ ਹੈ, ਜਦ ਲੋਕਾਂ ਦੇ ਹੱਕੀ ਸੰਘਰਸ਼ ਤਿੱਖ ਅਖਤਿਆਰ ਕਰ ਜਾਂਦੇ ਹਨ ਤਾਂ ਹਾਕਮ ਧਾਰਮਿਕ ਸਮੇਤ ਹੋਰ ਗੈਰ ਬੁਨਿਆਦੀ ਮੁੱਦੇ ਉਛਾਲਣ ਵਿੱਚ ਰਤੀ ਭਰ ਵੀ ਦੇਰੀ ਨਹੀਂ ਲਾਉਂਦੇ। ਇਹ ਲੋਕ ਉਸ ਸਮੇਂ ਹਾਕਮਾਂ ਦੇ ਇਸ ਦੰਭ ਨੂੰ ਲੋਕ ਪੱਖੀ ਨਜਰੀਏ ਤੋਂ ਸਹੀ ਸੰਦਰਭ ਵਿੱਚ ਪੇਸ਼ ਨਹੀਂ ਕਰਦੇ। ਅਜਿਹਾ ਵਰਤਾਰਾ ਮੁਲਕ ਦੀਆਂ ਹੱਦਾਂ ਬੰਨ੍ਹੇ ਪਾਰ ਕਰਕੇ ਸੰਸਾਰ ਦੇ ਕੋਨੇ-ਕੋਨੇ ਵਿੱਚ ਵਸੇ ਹੋਏ ਪੰਜਾਬੀਆਂ ਲਈ ਵੱਡੀ ਮੁਸੀਬਤ ਦੇ ਉਜਾੜੇ ਦਾ ਸਾਧਨ ਬਣ ਸਕਦਾ ਹੈ।

ਅਖੀਰ ਗੱਲ ਇਹ ਹੈ ਕਿ ਪਰਵਾਸ ਦਾ ਮਸਲਾ ਸਾਮਰਾਜੀ ਰੁੰਡ ਮਰੁੰਡ ਅਣਸਾਵੇਂ ਵਿਕਾਸ ਨਾਲ ਜੁੜਿਆ ਹੋਇਆ ਸੰਸਾਰ ਪੱਧਰਾ ਵਰਤਾਰਾ ਹੈ। ਇੱਕ ਉਦਾਹਰਣ ਬਹੁਤ ਜਰੂਰੀ ਹੈ ਕਿ ਪੰਜਾਬ ?ਵਿੱਚ ਜਾਂ ਹੋਰਨਾਂ ਰਾਜਾਂ ਵਿੱਚ ਪਰਵਾਸ ਕਰਨ ਲਈ ਮਜਬੂਰ ਜਾਂ ਸਾਡੇ ਮੁਲਕ ਵਿੱਚੋਂ ਵਿਦੇਸ਼ਾਂ ’ਚ ਪਰਵਾਸ ਕਰਨ ਵਾਲੇ ਲੋਕ ਆਮ ਤੌਰ ’ਤੇ ਤਿੱਖੀ ਲੁੱਟ ਦਾ ਸ਼ਿਕਾਰ ਹੁੰਦੇ ਹਨ। ਜੇਕਰ ਪੰਜਾਬ ਵਿੱਚ ਪਰਵਾਸੀ ਮਜਦੂਰ ਸ਼ਹਿਰਾਂ ਅੰਦਰ ਛੋਟੇ-ਛੋਟੇ ਕਮਰਿਆਂ ਜਾਂ ਖੇਤਾਂ ਵਿੱਚ ਮੋਟਰਾਂ ਵਾਲੇ ਕੋਠਿਆਂ ਵਿੱਚ 5-5 ਜਾਂ ਵੱਡੀ ਗਿਣਤੀ ਵਿੱਚ ਸੜਕਾਂ, ਫੁੱਟਪਾਥਾਂ ਅਤੇ ਰੇਹੜੀਆਂ, ਰਿਕਸ਼ਿਆਂ ਉੱਪਰ ਨੀਲੀ ਛੱਤ ਥੱਲੇ ਦਿਨ ਕਟੀ ਕਰਨ ਲਈ ਮਜਬੂਰ ਹਨ ਤਾਂ ਅਮਰੀਕਾ, ਕਨੇਡਾ, ਆਸਟਰੇਲੀਆ ਵਰਗੇ ਮੁਲਕਾਂ ਵਿੱਚ 5-5 ਵਿਅਕਤੀ ਇਕੱਠੇ ਬੇਸਮੈਂਟਾਂ ਵਿੱਚ ਰਹਿਣ ਲਈ ਮਜਬੂਰ ਹਨ ਜਾਂ ਵੱਡੇ ਫਾਰਮਰਾਂ ਨੇ ਖੇਤਾਂ ਦੇ ਨੇੜੇ ਰਹਿਣ ਲਈ ਛੋਟੇ-ਛੋਟੇ ਕਮਰੇ ਬਣਾਕੇ ਦਿੱਤੇ ਹੋਏ ਹਨ। ਹਾਂ ਮੰਡੀ ਦੀ ਮੰਗ ਅਨੁਸਾਰ ਸੀਜਨ ਵਿੱਚ ਅਡਵਾਂਸ ਕਿਰਾਇਆ ਜਾਂ ਥੋੜੇ ਬਹੁਤੇ ਰੁਪਏ ਪੈਸੇ ਵੀ ਭੇਜੇ ਜਾਂਦੇ ਹਨ ਤਾਂ ਇਹ ਵਰਤਾਰਾ ਹਰ ਥਾਂ ਦਾ ਹੈ। ਅਮਰੀਕਾ ਵਰਗੇ ਸਾਮਰਾਜੀ ਮੁਲਕ ਵਿੱਚ ਖੇਤਾਂ ਵਿੱਚ ਕੰਮ ਕਰਨ ਵਾਲੇ ਮਰਦ-ਔਰਤਾਂ ਨੂੰ ਵੀ ਸੀਜਨ ਕੰਮ ਲਈ ਅਡਵਾਂਸ ਵਿੱਚ ਟਿਕਟਾਂ ਭੇਜਕੇ ਸੱਦਦੇ ਹਨ। ਕਿਰਤੀ ਕਾਮੇ ਦੋਵੇਂ ਥਾਵਾਂ ’ਤੇ ਵੱਧ ਘੱਟ ਰੂਪ ਵਿੱਚ ਬੇਰੁਜਗਾਰੀ ਅਤੇ ਲੁੱਟ ਦਾ ਸੰਤਾਪ ਹੰਢਾਉਂਦੇ ਹਨ। ਬਿਹਾਰੀ ਜਾਂ ਹੋਰਨਾਂ ਰਾਜਾਂ ਤੋਂ ਆਏ ਪਰਵਾਸੀ ਮਜਦੂਰ ਪੰਜਾਬੀ ਕਿਸਾਨੀ-ਮਜਦੂਰਾਂ ਦੇ ਦੁਸ਼ਮਣ ਨਹੀਂ ਹਨ, ਸਗੋਂ ਤਿੱਖੀ ਲੁੱਟ ਅਤੇ ਜਬਰ ਦਾ ਸ਼ਿਕਾਰ ਹਨ। ਇਸ ਦੀ ਤਾਜਾ ਇੱਕ ਮਿਸਾਲ ਹੀ ਕਾਫੀ ਹੈ ਕਿ ਤਾਮਿਲਨਾਡੂ ਵਿੱਚ ਬਿਹਾਰ ਦੇ ਪਰਵਾਸੀ ਮਜਦੂਰਾਂ ਖਿਲਾਫ ਬੀਜੇਪੀ ਦੇ ਇੱਕ ਬਲੌਗਰ ਵੱਲੋਂ ਝੂਠੀ ਪੋਸਟ ਪਾਕੇ ਬਿਹਾਰੀ ਮਜਦੂਰਾਂ ਨੂੰ ਮੁਜਰਮ ਬਣਾਕੇ ਪੇਸ਼ ਕਰਨ ਨਾਲ ਹਜਾਰਾਂ ਮਜਦੂਰਾਂ ਨੂੰ ਉਜਾੜੇ ਦੇ ਮੂੰਹ ਧੱਕ ਦਿੱਤਾ। ਜਦਕਿ ਹਕੀਕਤ ਵਿੱਚ ਅਜਿਹਾ ਕੁੱਝ ਵੀ ਨਹੀਂ ਵਾਪਰਿਆ। ਪੰਜਾਬ ਵਿੱਚ ਵੀ ਅਕਾਲ ਤਖਤ ਦੇ ਜਥੇਦਾਰ ਨੇ ਬਿਆਨ ਦਿੱਤਾ ਹੈ ਕਿ ਪੰਜਾਬੀ ਮਜਦੂਰਾਂ ਲਈ ਪੰਜ ਹਜਾਰ ਮਹੀਨੇ ਦਾ ਰੁਜਗਾਰ ਨਹੀਂ ਪਰ ਬਿਹਾਰੀ ਭਈਏ ਡੇਢ ਲੱਖ ਰੁ. ਕਮਾਉਂਦੇ ਹਨ। ਵੈਸੇ ਸੋਨ ਮੰਦਰਾਂ ਵਿੱਚ ਬਿਰਾਜਮਾਨ ਭੈਂਗੇ ਟੀਰ ਵਾਲੇ ਜਥੇਦਾਰਾਂ ਕੋਲੋਂ ਅਜਿਹੀ ਹੀ ਉਮੀਦ ਕੀਤੀ ਜਾ ਸਕਦੀ ਹੈ। ਖੁੱਲੇ ਅਸਮਾਨ ਥੱਲੇ ਰੇਲਵੇ ਲਾਈਨਾਂ, ਫੁੱਟਪਾਥਾਂ ਅਤੇ ਝੁੱਗੀਆਂ ਵਿੱਚ ਨਰਕੀ ਜਿੰਦਗੀ ਜਿਉਣ ਲਈ ਮਜਬੂਰ ਲੱਖਾਂ ਮਜਦੂਰ ਭੈਂਗੀ ਨਜਰ ਵਾਲੇ ਇਨ੍ਹਾਂ ਭੱਦਰਪੁਰਸ਼ਾਂ ਦੀ ਨਿਗਾਹ ਨਹੀਂ ਪੈਂਦੇ। ਇਸੇ ਤਰ੍ਹਾਂ ਹੀ ਬਹੁਤ ਸਾਰੀਆਂ ਸਰਕਾਰਾਂ ਵੀ ਵੋਟਾਂ ਦੀ ਫਸਲ ਦੀ ਰਾਜਨੀਤੀ ਤਹਿਤ ਸਥਾਨਕ ਬਨਾਮ ਪਰਵਾਸੀ ਦੇ ਅਜਿਹੇ ਮਸਲਿਆਂ ਨੂੰ ਉਭਾਰਨ ਵਿੱਚ ਸ਼ਹਿ ਦਿੰਦੀਆਂ ਹਨ।

ਅਜਿਹਾ ਨਹੀਂ ਕਿ ਪਰਵਾਸੀ ਮਜਦੂਰਾਂ ਦਾ ਕੋਈ ਮਸਲਾ ਨਹੀਂ ਹੈ ਸਗੋਂ ਇੱਕ ਵੱਡਾ ਮਸਲਾ ਹੈ ਕਿ ਰੁਜਗਾਰ ਵਿਹੂਣੇ ਮਸ਼ੀਨੀਕਰਨ ਦੇ ਤੇਜੀ ਨਾਲ ਪੈਰ ਪਸਾਰਨ ਕਰਕੇ ਬੇਰੁਜਗਾਰੀ ਵਿੱਚ ਅਥਾਹ ਵਾਧਾ ਹੋ ਰਿਹਾ ਹੈ। ਹੁਣ ਤਾਂ ਬਨਾਵਟੀ ਬੌਧਿਕਤਾ (ਆਰਟੀਫੀਸ਼ਲ ਇਨਟੈਲੀਜੈਂਸ) ਕਾਰਨ ਬੇਰੁਜਗਾਰੀ ਦੇ ਸੰਕਟ ਹੋਰ ਦਾ ਵੀ ਵਿਕਰਾਲ ਰੂਪ ਸਾਹਮਣੇ ਆਵੇਗਾ। ਜਿਸ ਕਾਰਨ ਪੰਜਾਬ ਦੇ ਮਜਦੂਰਾਂ ਦੇ ਗੈਰ ਜਥੇਬੰਦ ਅਤੇ ਚੇਤਨਾ ਦਾ ਪੱਧਰ ਨੀਵਾਂ ਹੋਣ ਕਰਕੇ ਉਹ ਇਸ ਬਿਮਾਰੀ ਦੀ ਜੜ੍ਹ ਨੂੰ ਸਮਝਣ ਤੋਂ ਅਸਮਰੱਥ ਹਨ। ਉਨ੍ਹਾਂ ਦੀ ਨਫਰਤ ਦੀ ਸਾਣ ਨੂੰ ਪਰਵਾਸੀ ਮਜਦੂਰਾਂ ਪ੍ਰਤੀ ਨਫਰਤ ਦੀ ਥਾਂ ਪਰਵਾਸ ਦੀ ਅਸਲ ਜੜ੍ਹ ਦੇ ਜਿੰਮੇਵਾਰ ਇਸ ਜਾਬਰ ਅਤੇ ਲੁਟੇਰੇ ਰਾਜ ਪ੍ਰਬੰਧ ਦੇ ਖਾਤਮੇ ਵੱਲ ਸੇਧਤ ਕਰਨ ਦੀ ਚੇਤੰਨ ਕੋਸ਼ਿਸ਼ਾਂ ਕਰਨ ਦੀ ਵੱਡੀ ਲੋੜ ਹੈ।

# ਇੱਕੋ ਜਿਹਾ ਸਿਵਲ ਕੋਡ ਹੈ ਕੀ ਬਲਾ ?




ਡਾ. ਅਜੀਤਪਾਲ ਸਿੰਘ
ਬਠਿੰਡਾ
98156-29301


***ਨਿੱਜੀ ਤੇ ਜਨਤਕ ਜੀਵਨ ਦਾ ਕੋਈ ਵੀ ਅਜਿਹਾ ਖੇਤਰ ਨਹੀਂ ਹੈ ਜਿਸ ਬਾਰੇ ਕੁਰਾਨ ਵਿੱਚ ਨਿਰਦੇਸ਼ ਨਾ ਹੋਣ । ਪੂੰਜੀਵਾਦ ਦੇ ਪਹਿਲੇ ਨਿੱਜੀ ਜੀਵਨ ਅਤੇ ਜਨਤਕ ਜੀਵਨ ਇਹ ਅਲਗਾਅ ਨਹੀਂ ਸੀ ਜੋ ਪੂੰਜੀਵਾਦ ਵਿੱਚ ਕ੍ਰਮਵਾਰ ਪੈਦਾ ਹੋਇਆ । ਉਹਨਾਂ ਸਮਾਜਾਂ ਵਿੱਚ ਨਿਜੀ ਤੇ ਜਨਤਕ ਘੁਲੇ ਮਿਲੇ ਸਨ ।***





ਪਿਛਲੇ ਅਰਸੇ ਦੌਰਾਨ ਹਿੰਦੂ ਫਾਸ਼ੀਵਾਦੀਆਂ ਵਲੋਂ ਸਭ ਲਈ ਇੱਕੋ ਜਿਹੇ ਸਿਵਲ ਕੋਡ ਦੀਆਂ ਗੱਲਾਂ ਇੱਕ ਵਾਰੀ ਫਿਰ ਬਹੁਤ ਜੋਰਸ਼ੋਰ ਨਾਲ ਹੋਣ ਲੱਗੀਆਂ ਹਨ। ਕਈ ਭਾਜਪਾ ਦੀ ਹਕੂਮਤ ਵਾਲੇ ਸੂਬਿਆਂ ਚ ਇਸ ਬਾਰੇ ਬਿਲ ਲਿਆਉਣ ਦੀ ਗੱਲ ਹੋ ਰਹੀ ਹੈ। ਗੁਜਰਾਤ ਚ ਪਿਛੇ ਜਿਹੇ ਹੋਈਆਂ ਚੋਣਾਂ ਵਿੱਚ ਭਾਜਪਾ ਦੀ ਚੋਟੀ ਦੀ ਲੀਡਰਸਿਪ ਵਲੋਂ ਇਸ ਮਕਸਦ ਦੀ ਗੱਲ ਕੀਤੀ ਵੀ ਗਈ ਹੈ। ਰਾਜ ਸਭਾ ਵਿੱਚ ਇੱਕ ਮੈਂਬਰ ਨੇ ਇਸ ਸਬੰਧੀ ਆਪਣਾ ਇੱਕ ਨਿਜੀ ਬਿੱਲ ਵੀ ਪੇਸ਼ ਕੀਤਾ। ਇੱਕ ਸਮਾਨ ਸਿਵਲ ਕੋਡ ਹਿੰਦੂ ਫਾਸ਼ੀਵਾਦੀਆਂ ਦੇ ਉਹਨਾਂ ਤਿੰਨ ਪ੍ਰਮੁੱਖ ਮੁੱਦਿਆਂ ਵਿੱਚੋਂ ਇੱਕ ਰਿਹਾ ਹੈ,ਜਿਸ ਦੁਆਲੇ ਉਹਨਾਂ ਨੇ ਪਿਛਲੇ ਤਿੰਨ ਚਾਰ ਦਹਾਕਿਆਂ ਚ ਕਤਾਰਬੰਦੀ ਵੀ ਕੀਤੀ ਹੈ। ਅਯੁੱਧਿਆ ਵਿੱਚ ਰਾਮ ਮੰਦਰ ਤੇ ਜੰਮੂ-ਕਸ਼ਮੀਰ ਨਾਲ ਸਬੰਧਤ ਸੰਵਿਧਾਨ ਦੀ ਧਾਰਾ-370 ਰੱਦ ਕਰਨਾ ਹੋਰ ਦੋ ਮੁੱਦੇ ਸਨ, ਜਿਹਨਾਂ ਨੂੰ ਉਹਨਾਂ ਨੇ ਲਾਗੂ ਕਰ ਦਿੱਤਾ ਹੈ। ਇੱਕ ਬਰਾਬਰ ਸਿਵਲ ਕੋਡ ਬਾਰੇ ਹਿੰਦੂ ਫਾਸ਼ੀਵਾਦੀਆਂ ਦਾ ਤਰਕ ਇਹ ਰਿਹਾ ਹੈ ਕਿ ਦੇਸ਼ ਦੀ ਏਕਤਾ ਅਖੰਡਤਾ ਲਈ ਇਹ ਜਰੂਰੀ ਹੈ। ਦੇਸ਼ ਦੇ ਵੱਖ ਵੱਖ ਨਾਗਰਿਕਾਂ ਲਈ ਵੱਖ ਵੱਖ ਨਾਗਰਿਕ ਕੋਡ ਫੁੱਟ ਨੂੰ ਜਨਮ ਦਿੰਦੇ ਹਨ। ਇਸ ਵਜਾ ਕਰਕੇ ਉਹ ਦੇਸ਼ ਦੇ ਵਿਕਾਸ ਵਿੱਚ ਅੜਿਕਾ ਹਨ। ਇੱਕ ਬਰਾਬਰ ਸਿਵਲ ਕੋਡ ਦੀਆਂ ਗੱਲਾਂ ਹਿੰਦੂ ਫਾਸ਼ੀਵਾਦੀ ਇਸ ਦਾਅਵੇ ਨਾਲ ਕਰਦੇ ਹਨ ਕਿ ਧਰਮ ਦੀ ਰਾਜਨੀਤੀ ਤੇ ਜਨਤਕ ਜੀਵਨ ਵਿੱਚ ਭੂਮਿਕਾ ਹੋਣੀ ਚਾਹੀਦੀ ਹੈ। ਬਿਨਾ ਧਾਰਮਿਕ ਅਗਵਾਈ ਦੇ ਉਹ ਸਹੀ ਦਿਸ਼ਾ ਵਿੱਚ ਨਹੀਂ ਚਲ ਸਕਦੇ। ਨਾਲ ਹੀ ਉਹ ਇਹ ਵੀ ਕਹਿੰਦੇ ਰਹੇ ਹਨ ਕਿ ਹਿੰਦੂ ਧਰਮ ਹੀ ਨਹੀਂ ਬਲਕਿ ਇੱਕ ਜੀਵਨ ਜਾਂਚ ਹੈ। ਇਹਨਾਂ ਸਾਰੀਆਂ ਗੱਲਾਂ ਦਾ ਕੁੱਲ ਮਿਲਾ ਕੇ ਸਿੱਟਾ ਇਹ ਨਿਕਲਦਾ ਹੈ ਕਿ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਹਿੰਦੂਆਂ ਦੇ ਸਮਾਜਿਕ-ਧਾਰਮਿਕ ਵਿਸਵਾਸ਼ਾਂ ਮੁਤਾਬਕ ਚਲਣਾ ਚਾਹੀਦਾ ਹੈ। ਇਸ ਲਈ ਹਿੰਦੂ ਫਾਸ਼ੀਵਾਦੀਆਂ ਦੇ ਇੱਕੋ ਜਿਹੇ ਬਰਾਬਰ ਸਿਵਲ ਕੋਡ ਸਾਰੇ ਨਾਗਰਿਕਾਂ ਨੂੰ ਆਪਣੇ ਧਾਰਮਿਕ ਵਿਸਵਾਸ਼ਾਂ ਤੋਂ ਇਲਾਵਾ ਇੱਕ ਧਰਮ ਨਿਰਪੱਖ ਸਿਵਲ ਕੋਡ ਦਾ ਪਾਲਣ ਕਰਨ ਵੱਲ ਨਹੀਂ ਲੈ ਜਾਂਦਾ, ਬਲਕਿ ਇਸ ਦੇ ਉਲਟ ਉਹ ਸਾਰਿਆਂ ਤੇ ਹੁੰਦੀ ਰੀਤੀ ਰਿਵਾਜ ਠੋਸਣ ਵੱਲ ਲੈ ਜਾਂਦਾ ਹੈ। ਮਿਸਾਲ ਵਜੋਂ ਜਿੰਦਗੀ ਦੀ ਇੱਕ ਆਮ ਪੀ ?ਘਟਨਾ ਨੂੰ ਲਈਏ। ਸਾਰੇ ਸਮਾਜਾਂ ਵਿੱਚ ਇਹ ਜਗੀਰੂ ਜਮਾਨੇ ਵਿੱਚ ਧਾਰਮਿਕ ਜੀਵਨ ਨਾਲ ਜੁੜੀ ਚੀਜ਼ ਸੀ। ਸ਼ਾਦੀ-ਵਿਆਹ ਤੇ ਤਲਾਕ ਬਾਰੇ ਧਾਰਨਾ ਇਹਨਾਂ ਬਾਰੇ ਰੀਤੀ ਰਿਵਾਜ਼ ਸਭ ਧਰਮ ਨਾਲ ਜੁੜੇ ਹੋਏ ਸਨ। ਇਸ ਲਈ ਉਹ ਸਾਰੇ ਸਮਾਜਾਂ ਵਿੱਚ ਧਰਮ ਦੇ ਹਿਸਾਬ ਨਾਲ ਵੱਖ ਵੱਖ ਸਨ। ਪੂੰਜੀਵਾਦੀ ਸਮਾਜਾਂ ਵਿੱਚ ਜਦ ਧਰਮ ਨਿਰਪੱਖਤਾ ਦੀ ਧਾਰਨਾ ਤਹਿਤ ਨਾਗਰਿਕ ਕੋਡ ਬਣੇ ਤਾਂ ਸ਼ਾਦੀ-ਵਿਆਹ ਤੇ ਤਲਾਕ ਨੂੰ ਧਰਮ ਤੋਂ ਵੱਖ ਕਰ ਦਿੱਤਾ ਗਿਆ। ਇਸ ਸਬੰਧ ਵਿੱਚ ਧਾਰਮਿਕ ਰਿਵਾਜ ਵਿਅਕਤੀ ਦੇ ਨਿਜੀ ਵਿਸ਼ਵਾਸ ਦਾ ਮਾਮਲਾ ਬਣ ਗਏ। ਉਹਨਾਂ ਨੂੰ ਇਹ ਕਿਵੇਂ ਠੀਕ ਬੈਠਦਾ ਹੈ, ਉਹ ਉਹਨਾਂ ਦਾ ਨਿਜੀ ਮਾਮਲਾ ਬਣ ਗਿਆ। ਪਰ ਸੰਵਿਧਾਨਕ- ਕਨੂੰਨੀ ਪ੍ਰਕਿਰਿਆਵਾਂ ਦਾ ਨਿਰਵਾਹ ਲਾਜ਼ਮੀ ਹੋ ਗਿਆ, ਜੋ ਨਾਗਰਿਕਾਂ ਲਈ ਬਰਾਬਰ ਸਨ। ਮਿਸਾਲ ਵਜੋਂ ਸਭ ਨੂੰ ਸ਼ਾਦੀ-ਵਿਆਹ ਦੀ ਰਜਿਸਟ੍ਰੇਸ਼ਨ ਕਰਵਾਉਣੀ ਲਾਜਮੀ ਹੋ ਗਈ। ਇਸ ਤਰ੍ਹਾਂ ਤਲਾਕ ਵੀ ਕਨੂੰਨੀ ਕਾਰਵਾਈ ਜ਼ਰੀਏ ਹੀ ਮਿਲ ਸਕਦਾ ਸੀ। ਅਜੇਹੇ ਵਿੱਚ ਵਿਅਕਤੀ ਨੀਜੀ ਤੌਰ ਜਿਹੜੇ ਮਰਜ਼ੀ ਨਿੱਜੀ ਰਿਵਾਜਾਂ ਦੀ ਪਾਲਣਾ ਕਰਦਾ ਰਹਿ ਸਕਦਾ ਸੀ,ਪਰ ਕਨੂੰਨੀ ਤੌਰ ਤੇ ਉਹਨਾਂ ਦਾ ਕੋਈ ਮਤਲਬ ਨਹੀਂ ਸੀ। ਭਾਰਤ ਵਿੱਚ ਇਸ ਨੇ ਅਜੀਬ ਜਿਹਾ ਰੂਪ ਧਾਰਣ ਕੀਤਾ। ਭਾਰਤ ਵਿੱਚ ਧਰਮਨਿਰਪੱਖਤਾ ਨੂੰ ਧਰਮਾਂ ਤੋਂ ਉਪਰ ਜਾਂ ਧਰਮਾਂ ਤੋਂ ਪਰੇ ਲੈਣ ਦੀ ਬਜਾਏ ਇਸ ਨੂੰ 'ਸਰਭ ਧਰਮ ਸਦਭਾਵਨਾ' ਤੱਕ ਸੀਮਤ ਕਰ ਦਿੱਤਾ ਗਿਆ। ਯਾਨੀ ਨਾਗਰਿਕ ਜੀਵਨ ਨੂੰ ਧਰਮਾਂ ਤੋਂ ਪਾਸੇ ਮੰਨਣ ਦੀ ਬਜਾਏ ਇਸ ਵਿੱਚ ਸਾਰੇ ਧਰਮਾਂ ਨੂੰ ਬਰਾਬਰ ਮੰਨਣ ਦਾ ਐਲਾਨ ਕਰ ਦਿੱਤਾ ਗਿਆ। ਸ਼ਾਦੀ-ਵਿਆਹ ਤੇ ਤਲਾਕ ਦੇ ਮਾਮਲੇ ਵਿੱਚ ਇਸ ਦਾ ਵਿਹਾਰਕ ਤੌਰ ਤੇ ਮਤਲਬ ਸੀ ਕਿ ਸਾਰੇ ਧਰਮਾਂ ਦੇ ਲੋਕ ਇਹਨਾਂ ਮਾਮਲਿਆਂ ਵਿੱਚ ਆਪਣੇ ਆਪਣੇ ਧਾਰਮਿਕ ਵਿਸ਼ਵਾਸਾਂ ਤੇ ਰੀਤੀ-ਰਿਵਾਜਾਂ ਦੇ ਹਿਸਾਬ ਨਾਲ ਚਲਦੇ ਰਹਿ ਸਕਦੇ ਸਨ ਅਤੇ ਕਨੂੰਨਣ ਸਭ ਨੂੰ ਮਾਨਤਾ ਪਾ ?ਪਤ ਸੀ। ਜੇ ਕੋਈ ਇਹਨਾਂ ਨੂੰ ਨਹੀਂ ਮੰਨਣਾ ਚਾਹੁੰਦਾ ਸੀ ਤਾਂ ਉਸ ਦੇ ਲਈ 'ਵਿਸੇਸ਼ ਵਿਆਹ ਕਨੂੰਨ' ਸੀ। ਸੰਵਿਧਾਨ ਬਣਨ ਤੋਂ ਲੈ ਕੇ ਹੁਣ ਤੱਕ ਇਹੀ ਚਲਦਾ ਰਿਹਾ ਹੈ ਤੇ ਹਿੰਦੂ ਫਾਸ਼ੀਵਾਦੀ ਵੀ ਇਸ ਹਿਸਾਬ ਨਾਲ ਚਲਦੇ ਰਹੇ ਹਨ। ਉਹਨਾਂ ਦਾ ਨਿੱਜੀ ਜੀਵਨ ਵੀ ਇਸ ਹਿਸਾਬ ਨਾਲ ਚਲਦਾ ਰਿਹਾ। ਜਦੋਂ 1950 ਦੇ ਦਹਾਕੇ ਵਿੱਚ ਹਿੰਦੂਆਂ ਲਈ ਕਨੂੰਨ ਬਣਾਏ ਗਏ, ਉਦੋਂ ਵੀ ਹਿੰਦੂ ਧਰਮ ਦੀਆਂ ਮਾਨਤਾਵਾਂ ਦਾ ਪੂਰਾ ਖਿਆਲ ਰੱਖਿਆ ਗਿਆ ਅਤੇ ਅੱਜ ਵੀ ਅਦਾਲਤਾਂ ਵਿੱਚ ਉਹਨਾਂ ਦਾ ਹਵਾਲਾ ਦਿੱਤਾ ਜਾਂਦਾ ਹੈ। ਭਾਰਤ ਵਿੱਚ ਧਰਮਨਿਰਪੱਖਤਾ ਦੀ ਇਹ ਨੁਕਸਦਾਰ ਧਾਰਨਾ ਹਿੰਦੂ ਫਾਸ਼ੀਵਾਦੀਆਂ ਨੂੰ ਮਨਜ਼ੂਰ ਸੀ। ਬੱਸ ਉਹ ਇਸ ਨੂੰ ਅੱਗੇ ਵਧਾ ਲੈਣਾ ਚਾਹੁੰਦੇ ਸਨ, ਜਿਥੇ ਬਾਕੀ ਧਰਮਾਂ ਨੂੰ ਮੰਨਣ ਵਾਲੇ ਵੀ ਹਿੰਦੂ ਮਾਨਤਾਵਾਂ ਮੁਤਾਬਕ ਚਲਣ। ਮੁਸਲਮਾਨਾਂ ਨੂੰ ਆਪਣਾ ਨਿਸ਼ਾਨਾਂ ਬਣਾਉਣ ਲਈ ਉਹਨਾਂ ਨੇ ਉਹਨਾਂ ਵਿੱਚ ਧਾਰਮਿਕ ਤੌਰ ਤੇ ਮਾਨਤਾ ਪ੍ਰਾਪਤ ਮਰਦਾਂ ਲਈ ਚਾਰ ਵਿਆਹਾਂ ਦੀ ਛੋਟ ਤੇ ਮਰਦਾਂ ਵਲੋਂ 'ਤਿੰਨ ਤਲਾਕ' ਨੂੰ ਆਪਣਾ ਮੁੱਦਾ ਬਣਾਇਆ। ਅੱਜ ਵੀ ਬਹੁਤੇ ਹਿੰਦੂ ਫਾਸ਼ੀਵਾਦੀ ਲਈ 'ਇੱਕੋ ਜਿਹੇ ਸਿਵਲ ਕੋਡ' ਦਾ ਇਹੀ ਮਤਲਬ ਹੈ। 'ਇੱਕੋ ਜਿਹੇ ਸਿਵਲ ਕੋਡ' ਦਾ ਅਸਲ ਮਤਲਬ ਨਾਗਰਿਕ ਅਤੇ ਇਸ ਲਈ ਸਰਵਜਨਕ ਜੀਵਨ ਦਾ ਧਰਮ ਤੋ ਪੂਰਨ ਅਲਗਾਅ ਅਤੇ ਧਰਮ ਨੂੰ ਵਿਅਕਤੀ ਦੇ ਨਿਜੀ ਜੀਵਨ ਤੱਕ ਸੀਮਤ ਕਰ ਦਿੱਤਾ ਜਾਂਦਾ ਹੈ। ਹਿੰਦੂ ਫਾਸ਼ੀਵਾਦੀਆਂ ਲਈ 'ਇੱਕਸਾਰ ਸਿਵਲ ਕੋਡ' ਦਾ ਚਾਹੇ ਜੋ ਕੋਈ ਵੀ ਅਰਥ ਹੋਵੇ, ਪਰ ਇਹ ਅਰਥ ਬਿਲਕੁਲ ਹੀ ਨਹੀਂ ਹੋ ਸਕਦਾ। ਉਹ ਧਰਮ ਨੂੰ ਨਿਜੀ ਜੀਵਨ ਤੱਕ ਸੀਮਤ ਰੱਖਣ ਦੇ ਪੂਰਨ ਵਿਰੋਧੀ ਹਨ। ਉਹਨਾਂ ਦੀ ਸਾਰੀ ਰਾਜਨੀਤੀ ਧਰਮ ਨੂੰ ਜਨਤਕ ਮੁੱਦਾ ਬਣਾਉ ਤੇ ਅਧਾਰਤ ਹੈ, ਚਾਹੇ ਉਹ ਰਾਮ ਮੰਦਰ ਦੇ ਨਾਲ ਤੇ ਕਤਾਰਬੰਦੀ ਹੋਏ ਜਾਂ ਫਿਰ ਆਮ ਐਲਾਨ ਕਿ ਰਾਜਨੀਤੀ ਨੂੰ ਧਰਮ ਤੋਂ ਨਿਰਦੇਸ਼ਿਤ ਹੋਣਾ ਚਾਹੀਦਾ ਹੈ। ਹਿੰਦੂ ਫਾਸ਼ੀਵਾਦੀ ਚਤੁਰਾਈ ਵਿਖਾਉਂਦੇ ਹੋਏ ਕਹਿੰਦੇ ਹਨ ਕਿ ਜਦ ਉਹ ਧਰਮ ਦੀ ਗੱਲ ਕਰਦੇ ਹਨ ਤਾਂ ਉਹਨਾਂ ਦਾ ਮਕਸਦ ਪਾਠ-ਪੂਜਾ ਦੀ ਰਵਾਇਤ ਨਹੀਂ ਬਲਕਿ ਜੀਵਨ ਜਾਂਚ ਹੈ। ਉਹਨਾਂ ਦੇ ਹਿਸਾਬ ਨਾਲ ਭਾਰਤ ਦੇ ਸਾਰੇ ਲੋਕ ਹਿੰਦੂ ਹਨ,ਚਾਹੇ ਉਹਨਾਂ ਦੀ ਪਾਠ-ਪੂਜਾ ਦੀ ਪ ?ਣਾਲੀ ਜੋ ਮਰਜੀ ਹੋਵੇ। ਸੰਘ ਪੀ ?ਵਾਰ ਦੇ ਮੁੱਖੀ ਮੋਹਨ ਭਾਗਵਤ ਅਕਸਰ ਇਹ ਪਾਠ ਪੜ੍ਹਾਉਂਦੇ ਰਹਿੰਦੇ ਹਨ। ਇਸ ਬਾਰ ਸਭ ਤੋਂ ਪਹਿਲੀ ਗੱਲ ਤਾਂ ਇਹੀ ਹੈ ਕਿ ਦੁਨਿਆਂ ਦੇ ਸਾਰੇ ਹੀ ਧਰਮਾਂ ਬਾਰੇ ਇਹ ਸੱਚ ਹੈ ਕਿ ਉਹ ਪਾਠ-ਪੂਜਾ ਦੀ ਪ ?ਣਾਲੀ ਦੇ ਨਾਲ ਜੀਵਨ ਜਾਂਚ ਵੀ ਹੈ। ਕਿਸੇ ਵੀ ਹੋਰ ਧਰਮ ਦੇ ਮੁਕਾਬਲੇ ਇਸਲਾਮ ਧਰਮ ਵਿੱਚ ਇਹ ਗੱਲ ਵਧੇਰੇ ਸੱਚ ਹੈ ਕਿਉਂਕਿ ਇਸ ਦੀ ਧਾਰਮਿਕ ਪੁਸਤਕ ਕੁਰਾਨ ਜਿੰਨੀਆਂ ਗੱਲਾਂ ਪੂਜਾ-ਪਾਠ ਬਾਰੇ ਹਨ,ਉਸ ਤੋਂ ਕਿਤੇ ਵੱਧ ਇਹਲੌਕਿਕ ਜੀਵਨ ਬਾਰੇ ਹਨ। ਨਿੱਜੀ ਤੇ ਜਨਤਕ ਜੀਵਨ ਦਾ ਕੋਈ ਵੀ ਅਜਿਹਾ ਖੇਤਰ ਨਹੀਂ ਹੈ ਜਿਸ ਬਾਰੇ ਕੁਰਾਨ ਵਿੱਚ ਨਿਰਦੇਸ਼ ਨਾ ਹੋਣ। ਪੂੰਜੀਵਾਦ ਦੇ ਪਹਿਲੇ ਨਿੱਜੀ ਜੀਵਨ ਅਤੇ ਜਨਤਕ ਜੀਵਨ ਇਹ ਅਲਗਾਅ ਨਹੀਂ ਸੀ ਜੋ ਪੂੰਜੀਵਾਦ ਵਿੱਚ ਕ੍ਰਮਵਾਰ ਪੈਦਾ ਹੋਇਆ। ਉਹਨਾਂ ਸਮਾਜਾਂ ਵਿੱਚ ਨਿਜੀ ਤੇ ਜਨਤਕ ਘੁਲੇ ਮਿਲੇ ਸਨ। ਇਸ ਲਈ ਸ਼ਾਦੀ-ਵਿਆਹ ਜਿੰਨਾ ਨਿਜੀ ਮਾਮਲਾ ਸੀ ਉਹਨਾਂ ਹੀ ਪਰਿਵਾਰਕ ਅਤੇ ਸਮਾਜਕ ਸੀ। ਅਜੇਹੇ ਸਮਾਜਾਂ ਵਿੱਚ ਧਰਮ ਇੱਕ ਐਸੀ ਵਿਆਪਕਤੇ ਸਰਵਵਿਆਪੀ ਚੀਜ਼ ਸੀ,ਜਿਸ ਤੋਂ ਜੀਵਨ ਦਾ ਕੋਈ ਵੀ ਪਹਿਲੂ ਅਛੂਤ ਨਹੀਂ ਰਹਿ ਸਕਦਾ ਸੀ। ਧਰਮ ਇੱਕੋ ਵੇਲੇ ਵਿਸ਼ਵੀ ਨਜ਼ਰੀਆ ਸੀ ਅਤੇ ਜੀਵਨ ਦਾ ਨਿਆਂਮਕ/ਪੈਮਾਨਾ ਸੀ। ਇਹ ਕੁਦਰਤ, ਸਮਾਜ, ਵਿਅਕਤੀ ਸਭ ਨੂੰ ਵੇਖਣ ਦਾ ਨਜ਼ਰੀਆ ਦਿੰਦਾ ਸੀ ਅਤੇ ਨਾਲ ਹੀ ਨਿਜੀ-ਜਨਤਕ ਜੀਵਨ ਨੂੰ ਨਿਯਮਤ ਕਰਨ ਲਈ ਨਿਯਮਾ-ਕਨੂੰਨ ਵੀ। ਇਹ ਪ੍ਰਲੌਕਿਕ ਦੁਨਿਆਂ ਲਈ ਵਿਵਸਥਾ ਕਰਦਾ ਸੀ ਤਾਂ ਇਹਲੌਕਿਕ ਦੁਨਿਆਂ ਲਈ ਵੀ। ਜਾਗੀਰੂ ਸਮਾਜਾਂ ਵਿੱਚ ਇਹ ਸਾਰਾ ਕੁੱਝ ਸਭ ਤੋਂ ਜਿਆਦਾ ਵਿਆਪਕ ਹੋ ਗਿਆ, ਉਹਨਾਂ ਸਮਾਜਾਂ ਵਿੱਚ ਵੀ ਜਿਥੇ ਜਿਥੇ ਰੋਮਣ ਕੈਥੋਲਿਕ ਚਰਚ ਵਰਗਾ ਉਪਰ ਤੋਂ ਹੇਠਾਂ ਤੱਕ ਜਥੇਬੰਦ ਢਾਂਚਾ ਨਹੀਂ ਸੀ। ਇਹਨਾਂ ਸਮਾਜਾਂ ਵਿੱਚ ਜੀਵਨ ਜਾਂਚ ਨੂੰ ਪੂਜਾ-ਪਾਠ ਦੀ ਪ੍ਰਣਾਲੀ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਸੀ। ਮਿਸਾਲ ਵਜੋਂ ਜਾਗੀਰੂ ਕਾਲ ਦੇ ਹਿੰਦੂ ਸਮਾਜ ਵਿੱਚ ਸ਼ਾਦੀ-ਵਿਆਹ ਦੇ ਅਦਾਰੇ ਪੂਜਾ-ਪਾਠ ਦੀ ਪ੍ਰਣਾਲੀ ਦਾ ਹਿੱਸਾ ਸਨ, ਜਦਕਿ ਵਰਣ ਵਿਵਸਥਾ ਜੀਵਨ ਜਾਂਚ ਦਾ। ਪਰ ਸ਼ਾਦੀ-ਵਿਆਹ ਦੇ ਅਦਾਰੇ ਅਲਗ ਅਲਗ ਵਰਣਾਂ ਲਈ ਵੱਖ ਵੱਖ ਸਨ। ਇਸ ਤਰ੍ਹਾਂ ਪਾਰਲੌਕਿਕ ਜੀਵਨ ਦੇ ਹੋਰ ਅਦਾਰੇ ਵੀ ਵੱਖ ਵੱਖ ਵਰਣਾਂ ਲਈ ਵੱਖ ਵੱਖ ਸਨ। ਅੱਜ ਵੀ ਪੂਰੇ ਦੇਸ਼ ਵਿੱਚ ਵੱਖ ਵੱਖ ਜਾਤੀਆਂ ਵਿੱਚ ਪ੍ਰਚਲਤ ਜਨਮ-ਮੌਤ ਤੇ ਸ਼ਾਦੀ-ਵਿਆਹ ਦੇ ਅਦਾਰਿਆਂ ਵਿੱਚ ਇਸ ਨੂੰ ਵੇਖਿਆ ਜਾ ਸਕਦਾ ਹੈ। ਅਜੇ ਹੁਣ ਤੱਕ ਆਮ ਲੋਕ ਇਹਨਾਂ ਦੇ ਅਧਾਰ ਤੇ ਵੱਖ ਵੱਖ ਧਰਮਾਂ ਵਿੱਚ ਭੇਦ ਕਰਦੇ ਹਨ ਨਾ ਕਿ ਰੱਬ ਜਾਂ ਸਵਰਗ-ਨਰਕ ਦੀ ਧਾਰਨਾ ਦੇ ਆਧਾਰ ਤੇ। ਇਹਨਾਂ ਦੀਆਂ ਬਰੀਕੀਆਂ ਹੀ ਨਹੀਂ ਬਲਕਿ ਮੋਟੀਆਂ ਮੋਟੀਆਂ ਗੱਲਾਂ ਬਾਰੇ ਵੀ ਆਮ ਲੋਕਾਂ ਨੂੰ ਪਤਾ ਨਹੀਂ ਹੁੰਦਾ ਸੀ। ਆਮ ਹਿੰਦੂ ਨੂੰ ਨਹੀਂ ਪਤਾ ਸੀ ਕਿ ਇਸਲਾਮ ਦੀ ਕਿਆਮਤ ਦੀ ਧਾਰਨਾ ਦਾ ਕੀ ਮਤਲਬ ਹੈ ਤੇ ਅਕਸਰ ਇਹ ਹਿੰਦੂ ਪੁਰਾਣ ਕਥਾਵਾਂ ਦੀ ਪਰਲੋ ਦੀ ਘਟਨਾ ਨਾਲ ਹੀ ਇਸ ਨੂੰ ਜੋੜ ਲੈਂਦਾ ਸੀ। ਇਥੇ ਇਸ ਗੱਲ ਨੂੰ ਰੇਖਾਂਕਿਤ ਕਰਨਾ ਜਰੂਰੀ ਹੈ ਕਿ ਮੰਨੂਸਿਮਰਤੀ ਵਿੱਚ ਸ਼ੁਰੂ ਵਿੱਚ ਵਿਸਥਾਰ ਤੋਂ ਬਚਿਆ ਗਿਆ ਹੈ ਕਿ ਇਸ ਦੁਨਿਆਂ ਦਾ ਪਾਰਲੌਕਿਕ ਦੁਨਿਆਂ ਨਾਲ ਕੀ ਸਬੰਧ ਹੈ। ਇਸ ਤੋਂ ਪਿਛੋਂ ਹੀ ਇਹਲੌਕਿਕ ਨਾਲ ਸਬੰਧਤ ਨਿਯਮ-ਕਨੂੰਨ ਪ੍ਰਸਤਾਵਿਤ ਕੀਤਾ ਗਏ ਹਨ। ਇਹੀ ਗੱਲ ਜੀਵਨ ਜਾਂਚ ਨਾਲ ਸਬੰਧਤ ਸਾਰੇ ਗ੍ਰੰਥਾਂ ਵਿੱਚ ਹੈ। ਇਹ 'ਜੀਵਨ ਜਾਂਚ' ਜਿਸ ਵਰਣ ਵਿਵਸਥਾ ਤੇ ਅਧਾਰਿਤ ਹੈ, ਉਸ ਨੂੰ ਰਿਗਵੇਦ ਦੇ ਪੁਰਸ਼ ਮੁਕਤ ਵਿੱਚ ਸ਼ਾਮਲ ਕਰ ਦਿੱਤਾ ਗਿਆ ਅਤੇ ਖੁਦ ਗੀਤਾ ਵਿੱਚ ਕ੍ਰਿਸ਼ਨ ਦੇ ਮੂੰਹੋਂ ਅਖਵਾਇਆ ਗਿਆ ਕਿ 'ਚਾਰ ਵਰਣਾਂ ਦਾ ਨਿਰਮਾਣ ਮੈਂ ਕੀਤਾ ਹੈ।' ਕੁੱਲ ਮਿਲਾ ਕੇ ਪੂੰਜੀਵਾਦ ਦੇ ਪਹਿਲੇ ਤੱਕ ਅਹਲੋਕ ਤੇ ਪ੍ਰਲੋਕ ਉਸ ਤਰ੍ਹਾਂ ਵੱਖ ਵੱਖ ਨਹੀਂ ਸਨ ਜਿਵੇਂ ਉਹ ਅੱਜ ਮੰਨੇ ਜਾਂਦੇ ਹਨ। ਜਦ ਜੀਵਨ ਪ੍ਰਣਾਲੀ ਤੇ ਪੂਜਾ-ਪਾਠ ਦੀ ਪ੍ਰਣਾਲੀ ਇੱਕ ਦੂਜੇ ਨਾਲ ਘੁਲੇ ਮਿਲੇ ਸਨ। ਇਸ ਲਈ ਰੋਮਨ ਸਾਮਰਾਜ ਤੇ ਅਸ਼ੋਕ- ਅਕਬਰ ਵਰਗੇ ਰਾਜਿਆਂ ਨੇ 'ਸਰਭ ਧਰਮ ਸਦਭਾਵਨਾ ਵਾਲੀ ਨੀਤੀ ਅਪਣਾਈ ਜਿਸ ਨਾਲ ਉਹ ਆਪਣੇ ਸਾਮਰਾਜ ਨੂੰ ਧਾਰਮਿਕ ਝਗੜਿਆਂ ਤੋਂ ਬਚਾ ਸਕੇ। ਪਰ ਜਦ ਪੂੰਜੀਵਾਦ ਦਾ ਵਿਕਾਸ ਹੋਇਆ ਤਾਂ ਪਾਇਆ ਗਿਆ ਇਸ ਵਿੱਚ 'ਸਰਵ ਧਰਮ ਸਦਭਾਵਨਾ' ਦੂਰ ਤੱਕ ਨਹੀਂ ਚੱਲ ਸਕਦੀ। ਇੱਕ ਤਾਂ ਪੂੰਜੀਵਾਦ ਜਿਸ ਵਿਕਸਤ ਤਕਨੀਕ ਦੀ ਮੰਗ ਕਰਦਾ ਸੀ ਉਹ ਅਜੇਹੇ ਵਿਗਿਆਨ ਤੇ ਆਧਾਰਤ ਸੀ ਜੋ ਪੁਰਾਣੇ ਧਾਰਮਿਕ ਨਜ਼ਰੀਏ ਨੂੰ ਕਿਨਾਰੇ ਲਾਏ ਬਿਨਾਂ ਅੱਗੇ ਨਹੀਂ ਵਧ ਸਕਦਾ ਅਤੇ ਕੁੱਝ ਸ਼ਤਾਬਦੀਆਂ ਚ ਇਹ ਕਿਨਾਰੇ ਲਾ ਦਿੱਤਾ ਗਿਆ। ਦੂਜੀ ਗੱਲ ਮਾਲ ਤੇ ਮੁਨਾਫ਼ੇ ਤੇ ਅਧਾਰਿਤ ਪੂੰਜੀਵਾਦੀ ਵਿਵਸਥਾਇਹ ਮੰਗ ਕਰਦੀ ਸੀ। ਵਿਅਕਤੀ ਦੇ ਬਾਕੀ ਸਾਰੇ ਰਿਸ਼ਤੇ ਇਸ ਦੇ ਅਧੀਨ ਹੋ ਗਏ। ਇਹ ਅਜੇਹੇ ਵਿਅਕਤੀਵਾਦ ਦੇ ਵਿਕਾਸ ਨਾਲ ਹੀ ਹੋ ਸਕਦਾ ਸੀ ਜਿਸ ਵਿੱਚ ਬਹੁਤ ਸਾਰਿਆਂ ਚੀਜ਼ਾਂ ਮਹਿਜ ਨਿਜੀ ਹੋ ਜਾਣ, ਜੋ ਪਹਿਲਾਂ ਉਸ ਕਦਰ ਸਮਾਜਿਕ ਸਨ। ਅਹਲੋਕ ਦਾ ਪ੍ਰਲੋਕ ਨਾਲ ਸਬੰਧ ਇਸੇ ਵਿੱਚੋਂ ਇੱਕ ਸੀ। ਇਸ ਦੇ ਉਲਟ ਕੁੱਝ ਅਜੇਹੇ ਰਿਸ਼ਤਿਆਂ ਨੂੰ ਜਨਤਕ ਬਣਾ ਦਿੱਤਾ ਗਿਆ ਜੋ ਪਹਿਲਾਂ ਨਿਜੀ ਸਨ। ਮਿਸਾਲ ਵਜੋਂ ਗੁਰੂ-ਚੇਲਾ ਸਬੰਧ।

ਇਹਨਾਂ ਸਾਰਿਆਂ ਨੇ ਆਖਰਕਾਰ ਉਸ ਚੀਜ਼ ਵਿੱਚ ਅਭੀਵਿਅਕਤੀ/ਨੁਕਸ ਪਾਇਆ, ਜਿਸ ਨੂੰ ਧਰਮਨਿਰਪੱਖਤਾ ਕਿਹਾ ਜਾਂਦਾ ਹੈ। ਇਸ ਦਾ ਸਿੱਟਾ ਹੈ ਵਿਅਕਤੀ ਦੇ ਧਾਰਮਿਕ ਵਿਸਵਾਸ਼ਾਂ ਦਾ ਨਿਜੀ ਮਾਮਲਾ ਬਣ ਜਾਣਾ। ਇਸ ਦੇ ਉਲਟ ਸਾਰੇ ਜਨਤਕ ਮਾਮਲੇ ਰਾਜ ਅਤੇ ਵਿਅਕਤੀ (ਨਾਗਰਿਕ) ਦੇ ਰਿਸ਼ਤੇ ਦੇ ਅਧੀਨ ਹੋ ਗਏ। ਇੱਕ ਵਿਅਕਤੀ ਦੇ ਦੂਜੇ ਵਿਅਕਤੀ ਨਾਲ ਰਿਸ਼ਤੇ ਵਿਅਕਤੀ ਅਤੇ ਰਾਜ ਦੇ ਰਿਸ਼ਤਿਆਂ ਦੇ ਅਧੀਨ ਹੋ ਗਏ। ਇਥੋਂ ਤੱਕ ਇੰਕ ਨਿਸ਼ਚਤ ਅਰਥ ਵਿੱਚ ਵਿਅਕਤੀ ਦਾ ਨਿਜੀ ਜੀਵਨ ਵੀ ਰਾਜ ਦੇ ਅਧੀਨ ਹੋ ਗਿਆ-ਵਿਅਕਤੀ ਆਪਣੀ ਜਾਨ ਨਹੀਂ ਲੈ ਸਕਦਾ ਸੀ ਯਾਨੀ ਆਤਮਹੱਤਿਆ ਨਹੀਂ ਕਰ ਸਕਦਾ ਸੀ। ਧਰਮ ਨਿਰਪੱਖਤਾ ਦੀ ਇਸ ਧਾਰਨਾ ਨੇ ਪੂੰਜੀਵਾਦ ਸਮਾਜ ਦੇ ਵਿਕਾਸ ਵਿੱਚ ਭਾਰੀ ਯੋਗਦਾਨ ਪਾਇਆ। ਹੋਰ ਚੀਜ਼ਾਂ ਤੋਂ ਇਲਾਵਾ ਅੱਜ ਅੱਜ ਵਿਕਸਤ ਪੂੰਜੀਵਾਦੀ ਦੇਸ਼ਾਂ ਦੇ ਵਿਕਾਸ ਵਿੱਚ ਇਸ ਦਾ ਵੀ ਯੋਗਦਾਨ ਹੈ। ਹਾਲਾਂਕਿ ਉਹਨਾਂ ਸਮਾਜਾਂ ਵਿੱਚ ਇਸ ਸਥਿਤੀ ਨੂੰ ਅਸਾਨੀ ਨਾਲ ਹਾਸਲ ਨਹੀਂ ਕੀਤਾ ਜਾ ਸਕਿਆ ਅਤੇ ਅੱਜ ਦੇ ਸੰਕਟਗ੍ਰਸਿਤ ਪੂੰਜੀਵਾਦ ਵਿੱਚ ਕਈ ਵਿਕਸਤ ਦੇਸ਼ਾਂ ਵਿੱਚ ਵੀ ਜਨਤਕ ਜੀਵਨ ਵਿੱਚ ਵੀ ਧਰਮ ਦੀ ਵਾਪਸੀ ਹੋ ਰਹੀ ਹੈ, ਖਾਸਵਕਰਕੇ ਇਸਮਾਲ ਖਿਲਾਫ ਪਣਪਦੇ ਜਨੂੰਨ ਦੇ ਮਾਮਲੇ ਵਿੱਚ ਜਿਸ ਵਿੱਚ ਸਿੱਧਾ ਨਿਸ਼ਾਨਾ ਅਪਰਵਾਸੀ ਮੁਸਲਮਾਨ ਹੁੰਦੇ ਹਨ। ਭਾਰਤ ਵਿੱਚ ਅੱਗੇ ? ਜਾਂ ਨੇ ਆਪਣੀ ਬਸਤੀਵਾਦੀ ਹਕੂਮਤ ਨੂੰ ਰਵਾਇਤੀ ਤੌਰ ਤੇ ਧਰਮਾਂ ਤੋਂ ਉਪਰ ਰੱਖਦੇ ਹੋਏ ਅਸਲ ਵਿੱਚ ਧਰਮਾਂ ਦੀ ਭਰਪੂਰ ਵਰਤੋਂ ਕੀਤੀ। ਇਹ ਉਹਨਾਂ ਦੀ 'ਵੰਡੋ ਤੇ ਰਾਜ ਕਰੋ' ਦੀ ਨੀਤੀ ਦਾ ਜਰੂਰੀ ਤੱਤ ਸੀ। ਆਜ਼ਾਦੀ ਪਿਛੋਂ ਭਾਰਤ ਦੀ ਸਰਮਾਏਦਾਰੀ ਨੇ ਜਿਸ ਸੁਧਾਰਵਾਦੀ ਰਾਹ ਤੇ ਪੈਰ ਰੱਖਿਆ ਉਹ ਇਸ ਦੀ ਇਜਾਜ਼ਤ ਨਹੀਂ ਦਿੰਦਾ ਸੀ ਕਿ ਇਥੇ ਸਹੀ ਅਰਥਾਂ ਵਿੱਚ ਧਰਮਨਿਰਪੱਖਤਾ ਅਪਣਾਈ ਜਾਏ। ਇਸ ਲਈ ਇਥੇ 'ਸਰਵ ਧਰਮ ਸਦਭਾਵਨਾ' ਦਾ ਰਾਹ ਅਪਣਾਇਆ ਗਿਆ ਅਤੇ ਉਸ ਨੂੰ ਨਾ ਸਿਰਫ ਵੱਖੋ-ਵੱਖਰੇ ਤਰੀਕਿਆਂ ਨਾਲ ਜਾਇਜ਼ ਠਹਿਰਾਇਆ ਗਿਆ ਬਲਕਿ ਅਸਲ ਧਰਮਨਿਰਪੱਖਤਾ ਵਧੀਆ ਵੀ ਐਲਾਨਿਆ ਗਿਆ। ਕਿਹਾ ਗਿਆ ਕਿ ਧਰਮਨਿਰਪੱਖਤਾ ਅਧਾਰਮਿਕ ਸਮਾਜਾਂ ਦੀ ਧਾਰਨਾ ਹੈ, ਜੋ ਭਾਰਤ ਵਰਗੇ ਧਰਮਪਿਆਰੇ ਦੇਸ਼ ਲਈ ਸਹੀ ਨਹੀਂ ਹੈ। ਇਹ ਆਸਾਨੀ ਨਾਲ ਰੱਦ ਕਰ ਦਿੱਤਾ ਗਿਆ ਕਿ ਪੱਛਮੀ ਸਮਾਜ ਹਮੇਸ਼ਾਂ ਤੋਂ ਅਧਰਮੀ ਨਹੀਂ ਸਨ, ਕਦੇ ਇਥੇ ਪੁਰਾਣੇ ਧਾਰਮਿਕ ਚਰਚਾਂ ਦਾ ਬੋਲਬਾਲਾ ਸੀ, ਕਿ ਧਰਮ-ਸੁਧਾਰ ਅੰਦੋਲਨ ਤੋਂ ਹੋ ਕੇ ਵੀਹਵੀਂ ਸਦੀ ਤੱਕ ਭਿਅੰਕਰ ਸੰਘਰਸ਼ਾਂ ਨੇ ਹੀ ਅਧਾਰਮਿਕਤਾ ਦੀ ਇਸ ਹਾਲਤ ਤੱਕ ਉਹਨਾਂ ਨੂੰ ਪਹੁੰਚਾਇਆ ਸੀ,ਕਿ ਕਿੰਨੇ ਹੀ ਮਾਮਲਿਆਂ ਵਿੱਚ ਇਹ ਸੰਘਰਸ਼ ਅਜੇ ਵੀ ਜਾਰੀ ਸੀ। ਅਸਲ ਧਰਮਨਿਰਪੱਖਤਾ ਨਾ ਅਪਣਾ ਕੇ 'ਸਰਵ ਧਰਮ ਸਦਭਾਵਨਾ' ਦੀ ਜਿਸ ਨੀਤੀ ਨੂੰ ਅਪਣਾਇਆ ਗਿਆ, ਉਸ ਦਾ ਮਹਿਜ ਸਿੱਟਾ ਨਾ ਸਿਰਫ ਸਮਾਜ ਵਿੱਚ ਧਾਰਮਿਕ ਤੰਗਨਜ਼ਰੀ ਤੇ ਗੈਰ ਵਿਗਿਆਨਕ ਨਜ਼ਰੀਆ ਦਾ ਜੜਾਂ ਜਮਾਈ ਰਹਿਣਾ ਸੀ, ਬਲਕਿ ਰਾਜਨੀਤੀ ਤੋਂ ਲੈ ਕੇ ਹੋਰ ਜਨਤਕ ਜੀਵਨ ਵਿੱਚ ਧਰਮ ਦਾ ਭਰਪੂਰ ਦਖਲ ਸੀ। ਸਮੇਂ ਦੇ ਨਾਲ ਕਿੰਨੇ ਹੀ ਕੇਸਾਂ ਵਿੱਚ ਇਹ ਦਖਲ ਘਟਨ ਦੀ ਬਜਾਏ ਵਧਦਾ ਗਿਆ ਤੇ ਉਸ ਦਾ ਭਰਪੂਰ ਫਾਇਦਾ ਹੁੰਦੀ ਫਾਸ਼ੀਵਾਦੀਆਂ ਨੇ ਉਠਾਇਆ। ਅੱਜ ਉਹਨਾਂ ਨੇ ਭਾਰਤ ਦੀ ਸਮੁੱਚੀ ਰਾਜਨੀਤੀ ਨੂੰ ਹਿੰਦੂਆਂ ਦੀ ਧਾਰਮਿਕ ਲਾਮਬੰਦੀ ਦੇ ਆਲੇ ਦੁਆਲੇ ਇਸ ਤਰ੍ਹਾਂ ਖੜ੍ਹਾ ਕਰ ਦਿੱਤਾ ਹੈ ਕਿ ਬਾਕੀਆਂ ਨੂੰ ਵੀ ਉਹਨਾਂ ਦੀ ਧੁਨ ਤੇ ਨਚਣਾ ਪੈ ਰਿਹਾ ਹੈ। ਅੱਜ ਇੱਕ ਖਾਸ ਅਰਥ ਵਿੱਚ ਹਿੰਦੂ ਫਾਸ਼ੀਵਾਦੀ ਉਹੀ ਫਸਲ ਕੱਟ ਰਹੇ ਹਨ ਜੋ ਆਜ਼ਾਦੀ ਪਿਛੋਂ ਕਾਂਗਰਸੀਆਂ ਨੇ ਬੀਜੀ ਸੀ। ਨਹਿਰੂ ਨੂੰ ਦਿਨਰਾਤ ਕੋਸਣ ਵਾਲੇ ਮੋਦੀ ਉਹਨਾਂ ਦੀ ਸੰਤਾਨ ਹੈ। 'ਇੱਕ ਸਮਾਨ ਨਾਗਰਿਕ ਕੋਡ' ਸੱਚੇ ਅਰਥਾਂ ਵਿੱਚ ਇੱਕ ਧਰਮਨਿਰਪੱਖ ਸਮਾਜ ਦੀ ਮੰਗ ਕਰਦਾ ਹੈ।ਇਹ ਉਹਨਾਂ ਸਮਾਜਾਂ ਵਿੱਚ ਸੰਭਵ ਹੈ ਜਿਥੇ ਸਖਤੀ ਨਾਲ ਧਰਮ ਨੂੰ ਨਿਜੀ ਮਾਮਲਾ ਬਣਾਇਆ ਜਾਵੇ ਤੇ ਜਨਤਕ ਜੀਵਨ ਨੂੰ ਧਰਮ ਤੋਂ ਵੱਖ ਕਰ ਦਿੱਤਾ ਜਾਵੇ। ਇਹਨਾਂ ਅਰਥਾਂ ਵਿੱਚ ਇਹ ਪ ?ਗਤੀਸ਼ੀਲ ਕਦਮ ਹੋਵੇਗਾ। ਇਸ ਦੇ ਉਲਟ ਹਿੰਦੂ ਫਾਸ਼ੀਵਾਦੀ ਜਿਸ 'ਇੱਕ ਬਰਾਬਰ ਨਾਗਰਿਕ ਕੋਡ' ਦੀ ਮੰਗ ਕਰ ਰਹੇ ਹਨ, ਉਹ ਬਾਕੀ ਹੋਰ ਧਰਮਾਂ ਦੇ ਪੈਰੋਕਾਰਾਂ ਨੂੰ ਹਿੰਦੂ ਧਰਮ ਦੀਆਂ ਮਾਨਤਾਵਾਂ ਦੇ ਹਿਸਾਬ ਨਾਲ ਚਲਣ ਦੀ ਇੱਕ ਫਾਸ਼ੀਵਾਦੀ ਮੰਗ ਹੈ, ਜਿਸ ਦਾ ਉਹਨਾਂ ਦੀ ਹਰ ਗੱਲ ਵਿੱਚ ਵਿਰੋਧ ਕੀਤਾ ਜਾਣਾ ਚਾਹੀਦਾ ਹੈ। (ਕਰਟਸੀ ਨਾਗਰਿਕ ਜਨਵਰੀ 23)

ਨਰਭਿੰਦਰ
93544-30711

# ਹਿੰਦੂ ਫਾਸ਼ੀਵਾਦ ਤੇ ਜਮਹੂਰੀਅਤ




ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ ਪਰ ਪਹਿਲਾਂ ਨਾਲੋਂ ਅਲੱਗ ਤਰੀਕੇ ਨਾਲ। ਇਕ ਪਾਸੇ ਵਿਸ਼ਵ ਪੂੰਜੀਵਾਦ ਦਾ ਗਹਿਰਾ ਸੰਕਟ, ਦੂਸਰੇ ਪਾਸੇ ਅਮੀਰੀ-ਗਰੀਬੀ ਦਾ ਪਾੜਾ ਆਪਣੀ ਸਿਖਰ ਉਤੇ। ਇਕ ਪਾਸੇ ਸਾਮਰਾਜੀ ਦੇਸ਼ਾਂ ਅੰਦਰ ਮੰਡੀਆਂ ਤੇ ਕੁਦਰਤੀ ਸਾਧਨਾਂ ਉਤੇ ਕਬਜ਼ੇ ਦੀ ਹੋੜ, ਦੂਸਰੇ ਪਾਸੇ ਦੇਸ਼ਾਂ ਅੰਦਰ ਫੌਜੀ ਤਣਾਵਾਂ ਦਾ ਸਿਖਰ ਵੱਲ ਵਧਣਾ ਤੇ ਤੀਜੀ ਸੰਸਾਰ ਜੰਗ ਦੀਆਂ ਆਹਟਾਂ ਦੀਆਂ ਕਨਸੋਆਂ। ਇਕ ਪਾਸੇ ਜਮਹੂਰੀਅਤ ਦਾ ਗੁਣਗਾਣ ਦੂਸਰੇ ਪਾਸੇ ਵਿਸ਼ਵ ਪੱਧਰ 'ਤੇ ਨਾਗਰਿਕ ਤੇ ਕਿਰਤੀ ਅਧਿਕਾਰਾਂ ਨੂੰ ਖੋਹਣ ਦਾ ਸਿਲਸਿਲਾ। ਇਕ ਪਾਸੇ ਲੋਕਤੰਤਰ ਦਾ ਮਖੌਟਾ ਦੂਸਰੇ ਪਾਸੇ ਪਨਪ ਰਹੀ ਤਾਨਾਸ਼ਾਹੀ ਤੇ ਫਾਸ਼ਿਸ਼ਟ ਰੁਝਾਨਾਂ ਦਾ ਸਿਰ ਚੁੱਕਣਾ ਇਹ ਵਿਸ਼ਵ ਵਿਆਪੀ ਵਰਤਾਰਾ ਚੱਲ ਰਿਹਾ ਹੈ।

ਇਸੇ ਵਿਸ਼ਵੀ ਵਰਤਾਰੇ ਵਿਚ ਸਾਨੂੰ ਆਪਣਾ ਦੇਸ਼ ਦੇਖਣਾ ਪਵੇਗਾ। ਜਿਸ ਜਮਹੂਰੀਅਤ ਜਾਂ ਲੋਕਤੰਤਰ ਦਾ ਪਿਛਲੇਰੇ 70 ਸਾਲ ਤੋਂ ਰਾਗ ਅਲਾਪਿਆ ਜਾ ਰਿਹਾ ਸੀ ਹੁਣ ਉਹੀ ਲੋਕਤੰਤਰ ਵਿਚੋਂ ਫਾਸ਼ੀਵਾਦ ਦਾ ਕੰਡਿਆਲਾ ਬੂਟਾ ਲਗਾਤਾਰ ਫੈਲਦਾ ਨਜ਼ਰ ਆ ਰਿਹਾ ਹੈ।

ਜਿਹੜੇ ਇਤਿਹਾਸ ਤੋਂ ਜਾਣੂ ਨੇ ਉਹ ਜਾਣਦੇ ਹਨ ਕਿ ਜਰਮਨ 'ਚ ਹਿਟਲਰ ਨੇ ਕੋਈ ਤਖਤਾ ਨਹੀਂ ਪਲਟਿਆ ਸੀ। ਉਹ ਵੀ ਸੰਵਿਧਾਨਕ ਢੰਗ ਨਾਲ ਚੋਣਾਂ ਜਿੱਤ ਤੇ ਸੱਤਾ ਉਤੇ ਬਿਰਾਜਮਾਨ ਹੋਇਆ ਸੀ। ਇਹ ਨਹੀਂ ਕਿ ਹਿਟਲਰ ਬੜਾ ਸਾਊ ਸੀ ਉਹਨੇ ਤਖਤਾ ਪਲਟਨ ਦੀ ਗੱਲ ਕਦੇ ਸੋਚੀ ਹੀ ਨਹੀਂ ਸੀ। ਪਹਿਲਾਂ ਉਹਨੇ ਫੌਜ ਦੇ ਕੁਝ ਰਿਟਾਇਰਡ ਜਨਰਲਾਂ ਨਾਲ ਮਿਲ ਕੇ 8-9 ਨਵੰਬਰ 1923 ਨੂੰ ਤਖਤਾ ਪਲਟਨ ਦੀ ਕੋਸ਼ਿਸ਼ ਕੀਤੀ ਸੀ ਪਰ ਨਾ ਸਿਰਫ਼ ਅਸਫ਼ਲ ਰਿਹਾ ਸਗੋਂ ਇਸ ਕਾਰਵਾਈ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਗਿਆ। ਇਸ ਅਸਫ਼ਲ ਕੋਸ਼ਿਸ਼ ਤੋਂ ਪਿਛੋਂ ਹੀ ਹਿਟਲਰ ਨੇ ਤਹਿ ਕੀਤਾ ਕਿ ਉਚ ਚੋਣਾਂ ਦੇ ਰਾਹੀਂ ਹੀ ਸੱਤਾ ਨੂੰ ਹਾਸਲ ਕਰੇਗਾ। ਹਿਟਲਰ ਪਹਿਲੀ ਸੰਸਾਰ ਜੰਗ ਤੋਂ ਪਿਛੋਂ ਜਰਮਨ ਵਿਚ ਸਥਾਪਤ ਹੋਏ ਬੀਮਾਰ ਲੋਕਤੰਤਰ ਦਾ ਕੱਟੜ ਦੁਸ਼ਮਣ ਸੀ ਅਤੇ ਉਹਨੂੰ ਨਫ਼ਰਤ ਦੀ ਨਿਗ੍ਹਾ ਨਾਲ ਵੇਖਦਾ ਸੀ ਅਤੇ ਜਰਮਨ ਦੀਆਂ ਸਾਰੀਆਂ ਸਮੱਸਿਆਵਾਂ ਲਈ ਉਹ ਇਸੇ ਲੋਕਤੰਤਰ ਨੂੰ ਹੀ ਦੁਸ਼ਮਣ ਮੰਨਦਾ ਸੀ। ਫਿਰ ਵੀ ਉਹਨੇ ਤਹਿ ਕੀਤਾ ਕਿ ਉਹ ਬੀਮਾਰ ਗਣਤੰਤਰ ਵਿਚ ਮਿਲੀਅਰ ਬੋਲਣ 'ਤੇ ਜਥੇਬੰਦ ਹੋਣ ਦੀਆਂ ਅਜ਼ਾਦੀਆਂ ਦੀ ਵਰਤੋਂ ਕਰਕੇ ਲੋਕਾਂ ਵਿਚ ਆਪਣੀ ਪਕੜ ਬਣਾਵੇਗਾ ਅਤੇ ਚੋਣਾਂ ਵਿਚ ਹਿੱਸਾ ਲੈਂਦਿਆਂ ਸੱਤਾ ਦੇ ਅਖੀਰਲੇ ਡੰਡੇ ਤੱਕ ਪਹੁੰਚੇਗਾ ਤੇ ਇਕ ਵਾਰ ਇਸ ਸੱਤਾ 'ਤੇ ਕਾਬਜ਼ ਹੋਣ ਪਿਛੋਂ ਇਸਨੂੰ ਖਤਮ ਕਰ ਦੇਵੇਗਾ। ਹਿਟਲਰ ਅਤੇ ਨਾਜ਼ੀਆ ਨੇ ਆਪਣੇ ਇਸ ਵਿਚਾਰ ਨੂੰ ਲੁਕੋਇਆ ਵੀ ਨਹੀਂ ਸੀ। ਸੱਤਾ ਵਿਚ ਆਉਣ ਤੋਂ ਪਹਿਲਾਂ ਤੱਕ ਉਹ ਇਨ੍ਹਾਂ ਵਿਚਾਰਾਂ ਨੂੰ ਖੁੱਲ੍ਹੇਆਮ ਪ੍ਰਚਾਰਦੇ ਰਹੇ ਅਤੇ 1933 ਵਿਚ ਸੱਤਾ 'ਤੇ ਕਾਬਜ਼ ਹੋਣ ਪਿਛੋਂ ਇਸ ਨੂੰ ਅਮਲ ਵਿਚ ਵੀ ਲਿਆਂਦਾ। ਹਿਟਲਰ ਨੇ ਲੋਕਤੰਤਰ ਦੇ ਰਾਹੀਂ ਹੀ ਲੋਕਤੰਤਰ ਦੀ ਹੱਤਿਆ ਕਰਨ ਦਾ ਰਾਹ ਚੁਣਿਆ ਸੀ ਤੇ ਕੀਤਾ ਵੀ।

ਹਿਟਲਰ ਦੀ ਉਪਰੋਕਤ ਮਿਸਾਲ ਦਾ ਅੱਜ ਸਾਡੇ ਲਈ ਇਕ ਖਾਸ ਮਹੱਤਵ ਹੈ। ਹਿੰਦੂਤਵੀ ਫਾਸ਼ਿਸ਼ਟ ਜਿਨ੍ਹਾਂ ਦਾ ਹਿਟਲਰ ਪਿਛਲੇ 98 ਸਾਲ ਤੋਂ ਆਦਰਸ਼ ਚੱਲਿਆ ਆ ਰਿਹਾ ਹੈ ਇਸੇ ਰਣਨੀਤੀ ਦੀ ਵਰਤੋਂ ਕਰ ਰਹੇ ਹਨ ਅਤੇ ਲੂਲੇ ਲੰਗੜੇ ਜਾਂ ਅਪਾਹਜ ਲੋਕਤੰਤਰ ਦੇ ਰਾਹੀਂ ਹੀ ਲੋਕਤੰਤਰ ਦੀ ਹੱਤਿਆ ਕਰਨ ਵੱਲ ਕਦਮ-ਬ-ਕਦਮ ਵਧ ਰਹੇ ਹਨ।

ਇਹ ਵੀ ਯਾਦ ਰੱਖ ਕਿ ਇਕ ਜ਼ਮਾਨੇ ਵਿਚ ਹਿੰਦੂਤਵੀ ਫਾਸ਼ਿਸ਼ਟ ਆਪਣੇ ਉਦੇਸ਼ਾਂ ਅਤੇ ਤੌਰ ਤਰੀਕਿਆਂ ਨੂੰ ਲੈ ਕੇ ਉਨ੍ਹੇ ਡਰਪੋਕ ਨਹੀਂ ਸਨ ਜਿੰਨੇ ਅੱਜ ਹਨ। ਆਜ਼ਾਦੀ ਤੋਂ ਪਹਿਲਾਂ ਰਾਸ਼ਟਰੀ ਸੋਇਮ ਸੰਘ ਦੇ ਆਗੂਆਂ ਵਲੋਂ ਖੁੱਲ੍ਹੇਆਮ ਮਸੋਲਿਨੀ ਤੇ ਹਿਟਲਰ ਨੂੰ ਆਪਣਾ ਆਦਰਸ਼ ਦੱਸਿਆ ਤੇ ਪ੍ਰਚਾਰਿਆ ਜਾਂਦਾ ਸੀ। ਉਨ੍ਹਾਂ ਨੇ ਭਾਰਤ ਵਿਚ ਮੁਸਲਮਾਨਾਂ ਨਾਲ ਉਹੋ ਹੀ ਵਿਉਹਾਰ ਕਰਨ ਦਾ ਆਪਣਾ ਇਰਾਦਾ ਸਾਫ਼ ਪ੍ਰਗਟ ਕੀਤਾ ਸੀ ਜੋ ਉਸ ਸਮੇਂ ਨਾਜ਼ੀ ਜਰਮਨ ਵਿਚ ਯਹੂਦੀਆਂ ਨਾਲ ਕਰ ਰਹੇ ਸਨ।

ਫਿਰ ਜਦੋਂ 1947 'ਚ ਸੱਤਾ ਤਬਦੀਲੀ ਪਿਛੋਂ ਨਵ ਆਜ਼ਾਦ ਹੋਏ। ਭਾਰਤ ਦਾ ਸੰਵਿਧਾਨ ਬਣਿਆ ਤਾਂ ਸੰਘ ਨੇ ਇਹਨੂੰ ਖੁੱਲ੍ਹਆਮ ਨਕਾਰਿਆ ਸੀ। ਉਹਨੇ ਸਾਫ਼ ਕਿਹਾ ਸੀ ਕਿ ਭਾਰਤ ਦਾ ਸੰਵਿਧਾਨ ਮਨੂੰ ਸਿਮਰਤੀ ਦੇ ਆਧਾਰ ਉਤੇ ਹੋਣਾ ਚਾਹੀਦਾਹੈ। ਮਨੂੰ ਸਿਮਰਤੀ ਹੀ ਹੈ ਜਿਹਦੀ ਵਰਣਵਿਵਸਥਾ ਨੂੰ ਸਮਾਜਿਕ ਵਿਵਸਥਾ ਦਾ ਆਧਾਰ ਬਣਾਉਂਦੀ ਹੈ। ਭਾਵ ਸਾਰਾ ਸਮਾਜਿਕ ਰਾਜਨੀਤਕ ਢਾਂਚਾ ਵਰਣ ਵਿਵਸਥਾ ਦੇ ਹਿਸਾਬ ਨਾਲ ਹੋਵੇਗਾ। ਪ੍ਰੰਪਰਾਗਤ ਹਿੰਦੂ ਧਰਮ ਵਿਚ ਤਾਂ ਧਰਮ ਦਾ ਮਤਲਬ ਹੀ ਸੀ ਵਰਣ ਵਿਵਸਥਾ ਦੇ ਹਿਸਾਬ ਨਾਲ ਵਿਉਹਾਰ ਕਰਨਾ। ਤੁਹਾਨੂੰ ਯਾਦ ਹੋਵੇਗਾ ਕਿ ਡਾ. ਅੰਬੇਡਕਰ ਨੇ ਸੰਵਿਧਾਨ ਉਤੇ ਆਪਣੇ ਆਖਰੀ ਭਾਸ਼ਣ ਵਿਚ ਇਸੇ ਵਰਣ ਵਿਵਸਥਾ ਨੂੰ ਸੰਵਿਧਾਨ ਦੇ ਬੁਨਿਆਦੀ ਲੋਕਤੰਤਰੀ ਗੁਰ-'ਇਕ ਵਿਅਕਤੀ, ਇਕ ਵੋਟ'- ਦੇ ਰਾਹ ਵਿਚ ਸਭ ਤੋਂ ਵੱਡਾ ਰੋੜਾ ਦੱਸਿਆ ਸੀ।

ਸੰਘ ਅਤੇ ਉਹਦੀ ਅਗਵਾਈ 'ਚ ਕੰਮ ਕਰਦੇ ਕੱਟੜਵਾਦੀ ਸੰਗਠਨਾਂ ਨੂੰ ਇਹ ਜਮਹੂਰੀਅਤ ਸਵੀਕਾਰ ਹੀ ਨਹੀਂ ਸੀ। ਉਹ ਵਰਣ ਵਿਵਸਥਾ ਉਤੇ ਆਧਾਰਤ ਬ੍ਰਾਹਮਣੀ ਸਮਾਜਕ ਵਿਵਸਥਾ ਦੇ ਹਮਾਇਤੀ ਸਨ ਅਤੇ ਇਸ ਨੂੰ ਉਨ੍ਹਾਂ ਲੁਭੋਇਆ ਵੀ ਨਹੀਂ ਸੀ। ਪਰ ਉਦੋਂ ਵੀ ਉਨ੍ਹਾਂ ਨੂੰ ਇਹ ਸਮਝ 'ਚ ਆ ਗਿਆ ਸੀ ਕਿ ਉਹ ਸੱਤਾ ਵਿਚ ਲੋਕਤੰਤਰ ਦੇ ਬਿਨਾਂ ਹੋਰ ਕਿਸੇ ਦੂਸਰੇ ਰਾਹ ਰਾਹੀਂ ਨਹੀਂ ਆ ਸਕਦੇ ਹਨ ਅਤੇ ਬਿਨਾਂ ਸੱਤਾ ਉਤੇ ਕਾਬਿਜ਼ ਹੋਏ ਉਹ ਆਪਣਾ ਬ੍ਰਾਹਮਣੀ ਹਿੰਦੂ ਰਾਸ਼ਟਰ ਕਾਇਮ ਨਹੀਂ ਕਰ ਸਕਦੇ ਹਨ। ਇਸ ਲਈ ਉਨ੍ਹਾਂ ਨੇ ਲੋਕਤੰਤਰ ਭਾਵ ਜਮਹੂਰੀਅਤ ਦੇ ਰਾਹ ਨੂੰ ਵਰਤਣ ਦਾ ਫੈਸਲਾ ਕੀਤਾ ਅਤੇ ਇਸੇ ਮੰਤਵ ਲਈ ਸੰਵਿਧਾਨ ਲਾਗੂ ਹੋਣ ਪਿਛੋਂ 1961 ਵਿਚ ਭਾਰਤੀ ਜਨਸੰਘ ਦੀ ਸਥਾਪਨਾ ਕੀਤੀ। ਯਾਦ ਹੋਵੇਗਾ ਕਿ ਸੰਘ ਉਤੇ ਜਨਵਰੀ 1948 ਵਿਚ ਮਹਾਤਮਾ ਗਾਂਧੀ ਦੇ ਕਤਲ ਵਿਚ ਸ਼ਾਮਲ ਹੋਣ ਕਾਰਨ ਪਾਬੰਦੀ ਲਾ ਦਿੱਤੀ ਸੀ ਅਤੇ ਪਿਛੋਂ ਭਾਰਤ ਸਰਕਾਰ ਨੇ ਇਹ ਪਾਬੰਦੀ ਇਸ ਸ਼ਰਤ 'ਤੇ ਵਿਸ਼ਵਾਸ ਦੁਆਉਣ ਉਤੇ ਹਟਾਈ ਸੀ ਕਿ ਸੰਘ ਅੱਗੋਂ ਤੋਂ ਸੰਵਿਧਾਨਕ ਢਾਂਚੇ ਦੇ ਅੰਦਰ ਰਹਿ ਕੇ ਕੰਮ ਕਰੇਗਾ। ਸੋ ਇਸ ਤੋਂ ਪਿਛੋਂ ਉਨ੍ਹਾਂ ਬਿਲਕੁਲ ਉਹੀ ਰਾਹ ਅਪਣਾਇਆ ਜਿਹੜਾ ਹਿਟਲਰ ਤੇ ਨਾਜੀ ਪਾਰਟੀ ਨੇ 1923 ਵਿਚ ਅਸਫ਼ਲ ਤਖਤਾ ਪਲਟਨ ਪਿਛੋਂ ਅਪਣਾਇਆ ਸੀ।

ਉਦੋਂ ਤੋਂ ਕੱਟੜਵਾਦੀ ਹਿੰਦੂ ਫਾਸ਼ਿਸ਼ਟ ਇਸੇ ਰਾਹ ਉਤੇ ਚੱਲਦੇ ਆ ਰਹੇ ਹਨ। ਹਾਲਾਂਕਿ ਗੋਲਵਲਕਰ ਦੇ ਸਮੇਂ ਵਿਚ ਇਸ ਨੂੰ ਅਪਣਾਉਣ ਵਿਚ ਹਿਚਕ ਰਹੀ ਸੀ ਪਰ ਜਦੋਂ ਦੇਵਰਸ ਮੁਖੀ ਬਣਿਆ ਤਾਂ ਇਹ ਵੀ ਦੂਰ ਹੋ ਗਈ। ਉਨ੍ਹਾਂ ਇਹ ਦੀ ਬਹੁਤ ਹੀ ਵਿਉਂਤਬੱਧ ਢੰਗ ਨਾਲ ਸਿਰਫ਼ ਵਰਤੋਂ ਕੀਤੀ ਸਗੋਂਇਕ ਜਮਹੂਰੀ ਤੰਤਰ ਦੇ ਅੰਦਰ ਅਤੇ ਬਾਹਰ ਨਾਜ਼ੀਆਂ ਨਾਲੋਂ ਵੀ ਬਿਹਤਰ ਢੰਗ ਨਾਲ ਆਪਣੀਆਂ ਸ਼ਾਖਾਵਾਂ ਨੂੰ ਵਿਸਥਾਰਿਆ ਤੇ ਮਜ਼ਬੂਤ ਕੀਤਾ। ਉਨ੍ਹਾਂ ਹਰ ਖੇਤਰ ਵਿਚ ਆਪਣੀ ਦਖ਼ਲ ਅੰਦਾਜ਼ੀ ਬਣਾਈ। ਵਿਦਿਆ ਤੋਂ ਲੈ ਕੇ ਅੱਤਵਾਦੀ ਗਤੀਵਿਧੀਆਂ ਤੱਕ, ਟਰੇਡ ਯੂਨੀਅਨਾਂ ਤੋਂ ਲੈ ਕੇ ਪ੍ਰਾਪੇਗੰਡੇ ਦੇ ਸਾਧਨਾਂ ਤੱਕ। ਉਨ੍ਹਾਂ ਜਮਹੂਰੀ ਢਾਂਚੇ ਦੇ ਸਾਰੇ ਅਦਾਰਿਆਂ 'ਚ ਆਪਣੀ ਦਖ਼ਲ-ਅੰਦਾਜ਼ੀਬਣੇ ਯੋਜਨਾਬੱਧ ਅਤੇ ਲੰਮੇ ਦਾਅ ਤੋਂ ਬਣਾਈ। ਉਹ ਨਿਆਂਪਾਲਿਕਾ ਹੋਵੇ, ਕਾਰਜਪਾਲਿਕਾ ਹੋਵੇ, ਪੁਲਿਸ ਤੰਤਰ ਹੋਵੇ ਜਾਂ ਫੌਜ ਤੰਤਰ ਹੋਵੇ। ਪੇਂਡੂ ਪੰਚਾਇਤਾਂ ਤੋਂ ਲੈ ਕੇ ਜ਼ਿਲ੍ਹਾ ਪ੍ਰੀਸ਼ਦ ਤੇ ਵਿਧਾਨ ਪ੍ਰੀਸ਼ਦਾਂ ਤੇ ਸੰਸਦ ਤੱਕ। ਇਕ ਉਪਰੋਂ ਤੋਂ ਹੇਠਾਂ ਤੱਕ ਜਾਬਤਾਬੱਧ ਢਾਂਚਾ ਉਸਾਰਿਆ। ਇਥੇ ਹੀ ਨਹੀਂ ਭਾਰਤੀ ਸਮਾਜ ਵਿਚ ਨਫ਼ਰਤ ਤੇ ਤਣਾਅ ਪੈਦਾ ਕਰਨ, ਦੰਗੇ ਤੇ ਹਿੰਸਕ ਘਟਨਾਵਾਂ ਨੂੰ ਅੰਜਾਮ ਦੇਣ ਵਿਚ ਵੀ ਕਦੇ ਪਿਛੇ ਨਹੀਂ ਰਹੇ। ਇਸੇ ਵਿਉਂਤਬੰਦੀ ਦਾ ਸਿੱਟਾ ਹੈ ਕਿ ਅੱਜ ਸੰਘੀ ਨਾ ਸਿਰਫ਼ ਕੇਂਦਰੀ ਹਕੂਮਤ ਵਿਚ ਇਕੱਲੇ ਆਪਣੇ ਦਮ ਉਤੇ ਕਾਬਜ਼ ਹਨ ਸਗੋਂ ਇਕ ਮਜ਼ਬੂਤ ਬਹੁਗਿਣਤੀ ਵਿਚ ਹਨ ਅਤੇ ਵਿਸ਼ੇਸ਼ ਕਰਕੇ ਪਿਛਲੇਰੇ 9 ਸਾਲਾਂ ਤੋਂ ਭਾਰਤੀ ਸਮਾਜ ਵਿਚ ਜਿਵੇਂ ਦੇ ਤਣਾਅ ਪੈਦਾ ਕਰਕੇ ਲੋਕਾਂ ਦੀ ਮਾਨਸਿਕਤਾ ਨੂੰ ਸਿਰਜਨ ਦੀ ਭੂਮਿਕਾ ਨਿਭਾਅ ਰਹੇ ਹਨ, ਉਹ ਇਕ ਫਾਸ਼ਿਸ਼ਟ ਹਾਕਮਾਂ ਲਈ ਧਰਾਤਲ ਤਿਆਰ ਦੀ ਕਵਾਇਦ ਹੋ ਨਿਬੜੀ ਹੈ।

ਫਾਸ਼ੀਵਾਦ ਕਿਹੋ ਜਿਹੀ ਜਮਹੂਰੀਅਤ ਦਾ ਢਾਂਚਾ ਲੋਚਦੇ ਹਨ ਉਨ੍ਹਾਂ ਦੀ ਜਮਹੂਰੀਅਤ 'ਚੋਂ ਲੋਕ ਗਾਇਕ ਹੁੰਦੇ ਹਨ ਅਤੇ ਸਿਰਫ਼ ਪੂੰਜੀਪਤੀਆਂ ਲਈ ਹੀ ਸਾਰੇ ਅਧਿਕਾਰ ਤੇ ਸਾਰੇ ਜਮਹੂਰੀਅਤ ਰਾਖਵੀਂ ਹੁੰਦੀ ਹੈ। ਮਜ਼ਦੂਰ-ਮਿਹਨਤਕਸ਼ ਤੇ ਹੋਰ ਸਾਰੇ ਤਬਕਿਆਂ ਤੱਕ ਜਮਹੂਰੀ ਅਧਿਕਾਰਾਂ ਤੇ ਜਮਹੂਰੀਅਤ ਦਾ ਪਸਾਰ ਉਨ੍ਹਾਂ ਦਾ ਏਜੰਡਾ ਨਹੀਂ ਹੁੰਦਾ। ਇਹ ਸੋਚਣਾ ਹੀ ਗਲਤ ਫਹਿਮੀ ਹੈ। ਇਹੀ ਕਾਰਨ ਹੈ ਕਿ ਪਿਛਲੇਰੇ 9 ਸਾਲਾਂ ਵਿਚ ਜੋ ਕਾਨੂੰਨੀ ਢਾਂਚੇ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਅਸਲ ਵਿਚ ਵੀ ਸਾਹਮਣੇ ਆ ਰਿਹਾ ਹੈ ਉਹ ਵੱਡੀ ਪੂੰਜੀ ਦੇ ਹਿੱਤਾਂ ਅਨੁਸਾਰ ਹੀ ਹੈ। ਆਮ ਲੋਕਾਂ ਨੂੰ ਜਮਹੂਰੀਅਤ ਤੇ ਜਮਹੂਰੀ ਅਦਾਰਿਆਂ ਵਿਚੋਂ ਬੇਦਖਲ ਹੀ ਕਰ ਦਿੱਤਾ ਗਿਆ ਹੈ।

ਵੱਡੀ ਤੇ ਇਜਾਰੇਦਾਰ ਪੂੰਜੀ ਜਿਹਨੂੰ ਅੱਜ ਕੱਲ੍ਹ ਕਾਰਪੋਰੇਟ ਪੂੰਜੀ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ ਮੰਡੀ 'ਚ ਹੀ ਨਹੀਂ ਪੈਦਾਵਾਰੀ ਵਸੀਲਿਆਂ, ਸਾਧਨਾਂ, ਸਰੋਤਾਂ ਉਤੇ ਮੁਕੰਮਲ ਸਰਦਾਰੀ ਲੋਚਦੀ ਹੈ ਅਤੇ ਉਹ ਇਸੇ ਢੰਗ ਦਾ ਢਾਂਚਾ ਵੀ ਉਸਾਰਨਾ ਚਾਹੁੰਦੀ ਹੈ ਅਤੇ ਉਹਨੂੰ ਉਤਸ਼ਾਹਿਤ ਕਰਦੀ ਹੈ। ਉਹ ਇਕ ਤਾਨਾਸ਼ਾਹ ਪ੍ਰਬੰਧ ਦੀ ਹਮਾਇਤੀ ਹੈ ਜਿਹੜਾ ਜਮਹੂਰੀਅਤ ਦੇ ਲੁਬਾਦੇ ਨਾਲ ਢੱਕਿਆ ਹੋਵੇ ਤੇ ਤਾਨਾਸ਼ਾਹੀ ਦਾ ਹੀ ਸਿਧਾਂਤ ਹੈ 'ਇਕ ਹਾਕਮ', 'ਇਕ ਦੀ ਸਰਦਾਰੀ ਤੇ ਪੂੰਜਾ'- ਇਸੇ ਰਾਗ 'ਚੋਂ ਹੀ-'ਇਕ ਦੇਸ਼', 'ਇਕ ਪਾਰਟੀ', 'ਇਕ ਕਾਨੂੰਨ', 'ਇਕ ਕੇਂਦਰੀਕ੍ਰਿਤ ਢਾਂਚਾ' ਆਦਿ ਆਦਿ। ਧਿਆਨ ਦੇਣਾ ਚਾਹੀਦਾ ਹੈ ਕਿ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਮੁਖੀ ਨੂੰ ਚੁਣਿਆ ਨਹੀਂ ਜਾਂਦਾ ਸਗੋਂ ਵਰਤਮਾਨ ਮੁਖੀ ਹੀ ਇਹ ਐਲਾਨ ਤੇ ਤਹਿ ਕਰਦਾ ਹੈ ਕਿ ਅਗਲੇਰਾ ਮੁਖੀ ਕੌਣ ਹੋਵੇਗਾ। ਇਹੋ ਕਾਰਨ ਹੈ ਕਿ ਉਹ ਇਸੇ ਸਿਧਾਂਤ ਨੂੰ ਪੂਰੇ ਦੇਸ਼ ਢਾਂਚੇ ਤੇ ਸਮਾਜ ਉਤੇ ਲਾਗੂ ਕਰਨਾ ਲੋਚਦੇ ਹਨ। ਪਿਛਲੇਰੇ 70 ਸਾਲਾਂ ਵਿਚ ਉਸਰੇ ਢਾਂਚੇ ਉਨ੍ਹਾਂ ਦੇ ਰਾਹ ਵਿਚ ਰੋੜਾ ਬਣੇ ਹੋਏ ਹਨ।

ਫਾਸ਼ੀਵਾਦੀਆਂ ਲਈ ਵੱਡੀ ਸਮੱਸਿਆ ਇਹ ਹੈ ਕਿ ਉਹ ਅਜਿਹੇ ਸਮਾਜ ਨੂੰ ਤਬਾਹੀ ਵੱਲ ਧੱਕ ਰਹੇ ਹਨ, ਜਿਥੇ ਲੰਮੇ ਸਮੇਂ ਤੋਂ ਭਾਵ ਬਸਤੀਵਾਦ ਵਿਰੋਧੀ ਸੰਘਰਸ਼ਾਂ ਤੇ ਫਿਰ ਅਧਿਕਾਰਾਂ ਲਈ ਲੜੇ ਸੰਘਰਸ਼ਾਂ ਨਾਲ ਲੋਕਾਈ ਵਿਚ ਇਕ ਪੱਧਰ ਉਤੇ ਜਮਹੂਰੀ ਚੇਤਨਾ ਘਰ ਕਰੀ ਬੈਠੀ ਹੈ। ਸਾਰੇ ਲੋਕ ਜਨਮ ਤੋਂ ਹੀ ਬਰਾਬਰ ਹਨ ਅਤੇ ਹਕੂਮਤ ਕਰਨ ਦਾ ਅਧਿਕਾਰ ਸਭ ਲਈ ਬਰਾਬਰ ਹੈ ਇਹ ਭਾਵਨਾ ਸਮਾਜ ਦੀ ਆਮ ਭਾਵਨਾ ਬਣੀ ਹੋਈ ਹੁੰਦੀ ਹੈ। ਲੋਕ ਜਨਮ ਤੋਂ ਜਾਤੀ-ਪਾਤੀ ਵਿਵਸਥਾ ਪ੍ਰਤੀ ਜਾਗਰੂਕ ਹੁੰਦੇ ਹਨ ਤਾਂ ਅਜਿਹੇ ਮਾਹੌਲ ਵਿਚ ਇਹ ਫਾਂਸ਼ੀਵਾਦੀ ਇਸੇ ਭਾਵਨਾ ਤਹਿਤ ਆਪਣੇ ਕੰਮ ਨੂੰ ਕਾਰਵਾਈਆਂ ਨੂੰ ਵਿਉਂਤਣਾ ਸ਼ੁਰੂ ਕਰ ਦਿੰਦੇ ਹਨ। ਉਹ ਜਾਣਦੇ ਹਨ ਕਿ ਇਹਨੂੰ ਨਕਾਰ ਕੇ ਉਹ ਲੋਕਾਈ ਵਿਚ ਆਪਣੀਆਂ ਸ਼ਾਖਾਵਾਂ ਮਜਬੂਤ ਨਹੀਂ ਕਰ ਸਕਦੇ। ਇਹੀ ਕਾਰਨ ਹੈ ਕਿ ਉਹ ਦਲਿਤਾਂ, ਦਲਿਤਾਂ ਦੇ ਵੱਖ ਵੱਖ ਵਰਗਾਂ, ਆਦਿਵਾਸੀਆਂ ਤੇ ਹੋਰ ਹੇਠਲੇ ਤਬਕਿਆਂ ਵਿਚ ਬੜੇ ਸ਼ਾਇਰਾਨਾ ਢੰਗ ਨਾਲ ਜਾ ਕੇ ਉਨ੍ਹਾਂ ਨੂੰ ਆਪਣੇ ਪਿਛੇ ਲਾਉਂਦੇ ਹਨ। ਹਾਲਾਂਕਿ ਉਨ੍ਹਾਂ ਦਾ ਮਕਸਦ ਉਨ੍ਹਾਂ ਦੀ ਜ਼ਿੰਦਗੀ ਨੂੰ ਬਿਹਤਰ ਤੇ ਬਰਾਬਰ ਦਾ ਸਨਮਾਨ ਦੇਣਾ ਨਹੀਂ ਹੁੰਦਾ। ਇਹੀ ਢੰਗ ਹੈ ਜਿਸ ਨੂੰ ਅਸੀਂ ਜਮਹੂਰੀਅਤ ਦੇ ਅੰਦਰ ਵੜ ਕੇ ਜਮਹੂਰੀਅਤ ਨੂੰ ਖੋਖਲਾ ਕਰਨ ਦਾ ਰਾਹ ਅਪਣਾਉਂਦੇ ਹਾਂ। ਇਹੋ ਹਿਟਲਰ ਨੇ ਕੀਤਾ ਸੀ ਜਿਸ ਨੂੰ ਭਾਰਤ ਵਿਚ ਅਜੋਕੇ ਹਿੰਦੂਤਵੀ ਫਾਸ਼ਿਸ਼ਟ ਬਾਖ਼ੂਬੀ ਅੰਜ਼ਾਮ ਦੇ ਰਹੇ ਹਨ।

ਭਾਰਤ ਵਿਚ ਚੋਣਾਂ ਜਿੱਤਣ ਲਈ ਹਿੰਦੂ ਫਾਸ਼ੀਵਾਦੀਆਂ ਨੇ ਜਿੰਨੀਆਂ ਕਲਾਬਾਜ਼ੀਆਂ ਖੇਡੀਆਂ ਤੇ ਸਿੱਖੀਆਂ ਹਨ, ਇਹਦਾ ਇਤਿਹਾਸ ਦੇਖ ਕੇ ਹੈਰਾਨੀ ਹੁੰਦੀ ਹੈ। ਜੇ ਦੇਖਿਆ ਜਾਵੇ ਤਾਂ 80ਵਿਆਂ ਤੋਂ ਪਿਛੋਂ ਹਰ ਪਾਰਟੀ ਨੇ ਚੋਣ ਮਸ਼ੀਨਰੀ ਦਾ ਇਕ ਮਾਡਲ ਖੜ੍ਹਾ ਕੀਤਾ ਸੀ ਪਰ ਭਾਜਪਾ ਦੀ ਚੋਣ ਮਸ਼ੀਨਗੀ ਜਿੰਨੀ ਉਪਰ ਤੋਂ ਹੇਠਾਂ ਤੱਕ ਜਥੇਬੰਦ ਤੇ ਕਾਰਗਰ ਸਾਬਤ ਹੋਈ ਤੇ ਹੋ ਰਹੀ ਹੈ ਇਹਦੀ ਮਿਸਾਲ ਨਹੀਂ ਮਿਲਦੀ। ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਸਾਰਾ ਸਾਲ ਚੋਣਾਂ ਦੇ ਪ੍ਰਚਾਰ ਵਿਚ ਰੁਝੇ ਹੀ ਨਹੀਂ ਰਹਿੰਦੇ ਸਗੋਂ ਇਹ ਉਨ੍ਹਾਂ ਦਾ ਪੇਸ਼ਾ ਹੀ ਬਣ ਗਿਆ ਹੈ। ਰਾਜਾਂ ਵਿਚ ਤੇ ਫਿਰ ਜ਼ਿਲ੍ਹਿਆਂ, ਤਹਿਸੀਲਾਂ ਤੇ ਸਥਾਨਕ ਪੱਧਰ ਉਤੇ ਉਹ ਜਿੰਨੀਆਂ ਕਲਾਬਾਜ਼ੀਆਂ ਖੇਡਣ ਦੇ ਮਾਹਿਰ ਹਨ ਇਹਦਾ ਕੋਈ ਸਾਨੀ ਨਹੀਂ। ਸਿਮ ਦੀ ਗੱਲ ਇਹ ਹੈ ਕਿ ਉਨ੍ਹਾਂ ਦੀ ਇਸ ਯੋਜਨਾ ਤੇ ਕਲਾਬਾਜ਼ੀਆਂ ਦੀ ਗ੍ਰਿਫ਼ਤ ਵਿਚ ਖੱਬੇਪੱਖੀ ਵੀ ਆ ਜਾਂਦੇ ਹਨ। ਜਿਸ ਦੀ ਤਾਜ਼ਾ ਮਿਸਾਲ ਬੰਗਾਲ ਵਿਚ ਮਮਤਾ ਬੈਨਰਜੀ ਦੀ ਪਾਰਟੀ ਨੂੰ ਸਥਾਨਕ ਚੋਣਾਂ ਵਿਚ ਹਰਾਉਣ ਲਈ ਸੀ.ਪੀ.ਐਮ. ਤੱਕ ਨੂੰ ਸਾਂਝੇ ਫਰੰਟ ਵਿਚ ਸ਼ਾਮਲ ਕਰ ਲਿਆ। ਕੈਸੀ ਸੰਮੋਹਕ ਕਲਾਬਾਜ਼ੀ ਹੈ ਕਿ ਫਾਸ਼ੀਵਾਦ ਵਿਰੁੱਧ ਲੜਨ ਵਾਲੀਆਂ ਤਾਕਤਾਂ ਧਰਾਤਕ ਨੂੰ ਫਾਸ਼ੀਵਾਦ ਨੂੰ ਹੀ ਮਜਬੂਤ ਕਰਨ ਦੀ ਭੂਮਿਕਾ ਨਿਭਾਅ ਜਾਂਦੀਆਂ ਹਨ।

ਇਕ ਪੱਖ ਹੋਰ ਵੀ ਹੈ ਕਿ ਕੇਂਦਰ ਵਿਚ ਮਜ਼ਬੂਤ ਸਰਕਾਰ ਤੇ ਕਈ ਰਾਜਾਂ ਵਿਚ ਸੱਤਾ ਸੰਭਾਲਣ ਪਿਛੋਂ ਵੀ ਜੇ ਅਜੇ ਉਹ ਸਿੱਧੇ ਤੌਰ 'ਤੇ ਤਾਨਾਸਾਹ ਹਕੂਮਤ ਦਾ ਖੁੱਲ੍ਹਾ ਐਲਾਨ ਨਹੀਂ ਕਰ ਹੇ ਤਾਂ ਇਸ ਦਾ ਇਕ ਕਾਰਨ ਇਹ ਵੀ ਹੈ ਕਿ ਅਜੇ ਭਾਰਤੀ ਪੂੰਜੀਪਤੀਆਂ ਦਾ ਇਕ ਹਿੱਸਾ, ਜਿਹੜਾ ਇਨ੍ਹਾਂ ਨੂੰ ਸੱਤਾ 'ਤੇ ਬਿਠਾਉਣ ਦੀ ਭੂਮਿਕਾ ਨਿਭਾਉਂਦਾ ਹੈ, ਅਜੇ ਇਸ ਗੱਲ ਲਈ ਤਿਆਰ ਨਹੀਂ ਕਿ ਇਹ ਫਾਸ਼ਿਸ਼ਟ ਆਪਣੇ ਹਿੰਦੂ ਰਾਸ਼ਟਰ ਬਣਾਉਣ ਦਾ ਸਿੱਧਾ ਐਲਾਨ ਕਰ ਦੇਣ। ਉਨ੍ਹਾਂ ਭਾਵ ਪੂੰਜੀਪਤੀਆਂ ਦੇ ਇਕ ਹਿੱਸੇ ਨੂੰ ਅਤੇ ਵਿਸ਼ਾਲ ਅਫ਼ਰਸ਼ਾਹੀ (ਬਿਊਰੋਕ੍ਰੇਸੀ) ਦੇ ਇਕ ਵੱਡੇ ਹਿੱਸੇ ਨੂੰ ਫਾਸ਼ੀਵਾਦੀ ਹਕੂਮਤ ਦੀ ਲੋੜ ਮਹਿਸੂਸ ਨਹੀਂ ਹੋ ਰਹੀ। ਭਾਵ ਜਦੋਂ ਸੰਵਿਧਾਨਕ ਦਾਇਰੇ ਵਿਚ ਕਿਰਤ ਦੀ ਲੁੱਟ ਦੇ ਸਾਰੇ ਰਾਹ ਖੁੱਲ੍ਹੇ ਹਨ ਤਾਂ ਤਾਨਾਸ਼ਾਹ ਪ੍ਰਬੰਧ ਦੀ ਕੀ ਲੋੜ? ਇਹ ਲੋਕਾਂ ਨੂੰ ਸੰਮੋਹਿਕ ਕਰਨ ਵਾਲਾ ਢਾਂਚਾ ਤਾਂ ਹੈ ਹੀ ਹਾਲ ਦੀ ਘੜੀ ਸੋ ਇਸੇ ਨੂੰ ਜਾਬਰ ਬਣਾਇਆ ਜਾਣ ਦੇ ਹੱਕ ਵਿਚ ਹਨ। ਜਿਸ ਕਰਕੇ ਹਿੰਦੂ ਰਾਸ਼ਟਰ ਦਾ ਐਲਾਨ ਕਰਨ ਵਿਚ ਹਿਕ ਰੋੜਾ ਵੀ ਹੈ।

ਪਰ ਫਾਸ਼ੀਵਾਦੀਆਂ ਦਾ ਆਪਣਾ ਵੀ ਇਕ ਟੀਚਾ ਹੈ, ਹਿੰਦੂ ਰਾਸ਼ਟਰ ਦੀ ਸਥਾਪਨਾ ਹਾਲ ਦੀ ਘੜੀ ਉਨ੍ਹਾਂ ਨੂੰ ਭਾਵ ਪੂੰਜੀਪਤੀਆਂ ਨੂੰ ਵੀ ਕੋਈ ਸਮੱਸਿਆ ਨਹੀਂ। ਭਾਵ ਹਿੰਦੂ ਮੁਸਲਿਮ ਤਣਾਅ, ਮੁਸਲਮਾਨਾਂ, ਦਲਿਤਾਂ ਦੇ ਕਤਲ, ਔਰਤਾਂ ਜਬਰ, ਪ੍ਰਤੀ ਰਾਜ ਦਾ ਰਵੱਈਆ, ਬੁੱਧੀਜੀਵੀਆਂ ਪ੍ਰਤੀ ਰਾਜ ਦੀ ਪਹੁੰਚ ਆਦਿ ਲਈ ਉਨ੍ਹਾਂ ਨੇ ਇਨ੍ਹਾਂ (ਸੰਘੀਆਂ) ਨੂੰ ਖੁੱਲ੍ਹ ਦੇ ਰੱਖੀ ਹੈ। ਇਹੋ ਕਾਰਨ ਹੈ ਕਿ ਉਹ ਹਿੰਦੂ ਫਾਸ਼ੀਵਾਦੀਆਂ ਨੂੰ ਜਮਹੂਰੀ ਢਾਂਚੇ ਦੀ ਵਰਤੋਂ ਤੇ ਇਸ ਜਮਹੂਰੀਅਤ ਵਿਚ ਭੰਨਤੋੜ ਕਰਨ ਦੀ ਇਜਾਜ਼ਤ ਦੇ ਰਹੇ ਹਨ। ਕਿਉਂਕਿ ਅਜੇ ਇਹ ਸਿਕੰਜਾ ਮਿਹਨਤਕਸ਼ ਮਜ਼ਦੂਰ ਲੋਕਾਂ ਉਤੇ ਹੀ ਕੱਸਿਆ ਜਾ ਰਿਹਾ ਹੈ ਜਿਸ ਨਾਲ ਪੂੰਜੀਪਤੀਆਂ ਨੂੰ ਵਧੇਰੇ ਲੁੱਟ ਤੇ ਮੁਨਾਫ਼ੇ ਲਈ ਮੌਕੇ ਮੁਹੱਈਆ ਕਰ ਰਿਹਾ ਹੈ। ਸੋ ਅਜੇ ਖ਼ੁਦ ਉਨ੍ਹਾਂ ਲਈ ਇਹ ਚੈਲਿੰਜ ਨਹੀਂ ਬਣਿਆ।

ਪਿਛਲੇ 9 ਸਾਲਾਂ ਵਿਚ ਭਾਵ 2014 ਵਿਚ ਸੱਤਾ ਹਾਸਲ ਕਰਨ ਤੋਂ ਪਿਛੋਂ ਹਿੰਦੂ ਫਾਸ਼ੀਵਾਦੀਆਂ ਨੇ ਜਮਹੂਰੀਅਤ ਵਿਚ ਕਾਫ਼ੀ ਭੰਨਤੋੜ ਕੀਤੀ ਹੈ ਅਤੇ ਸੱਤਾ ਦੇ ਸਾਰੇ ਅੰਗਾਂ ਉਤੇ ਆਪਣੀ ਪਕੜ ਮਜ਼ਬੂਤ ਬਣਾਈ ਹੈ। ਇਉਂ ਉਹ ਆਪਣੇ ਟੀਚੇ-ਫਾਸ਼ੀਵਾਦੀ ਹਿੰਦੂ ਰਾਸ਼ਟਰ-ਸਥਾਪਤ ਕਰਨ ਲਈ ਜ਼ਮੀਨ ਤਿਆਰ ਕਰ ਰਹੇ ਹਨ।

ਭਾਰਤੀ ਜਮਹੂਰੀਅਤ ਭਾਵ ਪੂੰਜੀਵਾਦੀ ਜਮਹੂਰੀਅਤ ਸ਼ੁਰੂ ਤੋਂ ਹੀ ਵਿਕਲਾਂਗ ਰਿਹਾ ਹੈ। ਇਕ ਜਾਤੀ ਆਧਾਰ, ਵਰਣ ਆਧਾਰਤ ਸਮਾਜ ਵਿਚ ਪੂੰਜੀਵਾਦੀ ਜਮਹੂਰੀਅਤ ਦਾ ਰੂਪ ਕਈ ਵਿਕਲਾਂਗਤਾਵਾਂ ਨਾਲ ਗ੍ਰਸਤ ਹੀ ਹੁੰਦਾ ਹੈ। ਇਹ ਹੀ ਨਹੀਂ ਇਸ ਦੇ ਸੰਵਿਧਾਨ ਵਿਚ ਵੀ ਇਨ੍ਹਾਂ ਵਿਕਲਾਂਗਤਾਵਾਂ ਦਾ ਮਜ਼ਬੂਤ ਆਧਾਰ ਪਿਆ ਹੈ। ਯਾਦ ਹੋਵੇ ਬਰਤਾਨਵੀ ਹਕੂਮਤ ਵਾਲੀ ਪ੍ਰਸ਼ਾਸਨਿਕ ਮਸ਼ੀਨਰੀ ਨੂੰ ਉਵੇਂ ਦਾ ਉਵੇਂ ਹੀ ਨਾ ਸਿਰਫ਼ ਕਾਇਮ ਰੱਖਿਆ ਸਗੋਂ ਉਹਦੇ ਕਾਇਦੇ ਕਾਨੂੰਨਾਂ ਨੂੰ ਵੀ ਜਿਉਂ ਦਾ ਤਿਉਂ ਸੰਵਿਧਾਨ ਵਿਚ ਅਪਣਾ ਲਿਆ। ਇਹੋ ਹੀ ਨਹੀਂ ਉਸੇ ਦੌਰ ਦੇ ਉਨ੍ਹਾਂ ਸਾਰੇ ਕਾਲੇ ਕਾਨੂੰਨਾਂ ਨੂੰ ਵੀ ਬਣਾਈ ਰੱਖਿਆ। ਚਿਰ ਸਥਾਈ ਵਿਕਲਾਂਗਤਾ ਇਹਦੇ ਬੁਨਿਆਦੀ ਤੇ ਸੰਵਿਧਾਨਕ ਢਾਂਚੇ ਵਿਚ ਹੀ ਪਾਈ ਸੀ। ਵੈਸੇ ਵੀ ਪੂੰਜੀਵਾਦੀ ਜਮਹੂਰੀਅਤ ਦੀ ਆਪਣੀ ਇਕ ਸੀਮਤਾਈ ਹੁੰਦੀ ਹੈ, ਪਰ ਭਾਰਤ ਵਿਚ ਜਿਹੜੇ ਜਮਹੂਰੀ ਢਾਂਚੇ ਨੂੰ ਅਪਣਾਇਆ ਇਹਦੇ ਅੰਦਰੂਨੀ

ਬਾਹਰੀ ਵਿਹਾਰ ਨੇ ਵੀ ਸਮੇਂ ਸਮੇਂ ਇਹਦੀ ਵਿਕਲਾਂਗਤਾ ਨੂੰ ਸਮੇਂ ਸਮੇਂ ਪ੍ਰਗਟ ਕੀਤਾ। ਸ਼ੁਰੂ ਤੋਂ ਹੀ ਭਾਵ 1948 ਤੋਂ ਹੀ, ਜਮਹੂਰੀ ਅਸੂਲਾਂ ਦੀ ਉਲੰਘਣਾ ਸ਼ੁਰੂ ਹੋਈ ਇਹ ਦੀ ਮਿਸਾਲ ਜੰਮੂ-ਕਸ਼ਮੀਰ ਦੇ ਮਾਮਲੇ ਵਿਚ ਵੀ ਦੇਖੀ ਜਾ ਸਕਦੀ ਹੈ ਅਤੇ ਫਿਰ ਤੇਲੰਗਾਨਾ ਦੇ ਕਿਸਾਨ ਸੰਘਰਸ਼ ਨਾਲ ਵਿਹਾਰ ਵਿਚ ਵੀ। ਜਿਵੇਂ ਜਿਵੇਂ ਭਾਰਤੀ ਪੂੰਜੀਵਾਦ ਮਜ਼ਬੂਤ ਹੁੰਦਾ ਗਿਆ ਤਿਵੇਂ ਤਿਵੇਂ ਜਮਹੂਰੀ ਮਖੌਟੇ ਹੇਠ ਤਾਨਾਸ਼ਾਹੀ ਦਾ ਬੋਲਬਾਲਾ ਵਧਦਾ ਗਿਆ। 65-70 ਸਾਲ ਦਾ ਇਸ ਕਾਲ ਨੇ ਜਮਹੂਰੀਅਤ ਨੂੰ ਅਤਿ ਬੌਣਾ ਕਰ ਦਿੱਤਾ ਕਿ ਇਹ ਮਹਿਜ਼ ਵੋਟ ਡੱਬੇ ਤੱਕ ਹੀ ਸਿਮਟ ਗਈ।

ਹਿੰਦੂ ਫਾਸ਼ੀਵਾਦੀਆਂ ਦੇ ਕੇਂਦਰ ਵਿਚ ਬਹੁਮਤ ਨਾਲ ਸਤਾਨਸ਼ੀਨ ਹੋਣ ਤੋਂ ਪਿਛੋਂ ਭਾਰਤ ਦੀ ਜਮਹੂਰੀਅਤ ਨੂੰ ਤਹਿਸ਼-ਨਹਿਸ਼ ਕਰਨ ਦਾ ਉਹੀ ਰਾਹ ਚੁਣਿਆ, ਜਿਸ ਨੂੰ ਪਹਿਲੀਆਂ ਸਰਕਾਰਾਂ ਦੇ ਕੁਕਰਮਾਂ ਨੇ ਨਵੇਂ ਪੱਧਰ ਉਤੇ ਪਹੁੰਚਾ ਦਿੱਤਾ ਸੀ। ਫਰਕ ਇਹ ਸੀ ਕਿ ਪਹਿਲੀਆਂ ਸਰਕਾਰਾਂ ਚੋਰੀ ਛਿਪੇ ਜਾਂ ਨਿੱਕੇ ਨਿੱਕੇ ਪੱਧਰ 'ਤੇ ਕਰ ਰਹੀਆਂ ਸਨ। ਭਾਜਪਾ (ਸੰਘ) ਦੇ ਸੱਤਾਸ਼ੀਨ ਹੋਣ ਪਿਛੋਂ ਇਹ ਖੁੱਲ੍ਹੇਆਮ ਅਤੇ ਵੱਡੀ ਪੱਧਰ ਉਤੇ ਹੋਣ ਲੱਗਾ। ਕਾਨੂੰਨਾਂਵਿਚ ਤਬਦੀਲੀਆਂ ਤੇ ਨਾਗਰਿਕ ਅਧਿਕਾਰਾਂ ਨੂੰ ਖੁੰਗ ਕਰਨ ਦੀ ਕਵਾਇਦ ਤਾਂ ਵਿਸ਼ਾਲ ਪੈਮਾਨੇ 'ਤੇ ਬੇਝਿਜਕ ਹੋਈ ਹੀ। ਸਰਕਾਰੀ ਏਜੰਸੀਆਂ ਦੀ ਵਿਰੋਧੀਆਂ ਵਿਰੁੱਧ ਨਿਸੰਗ ਵਰਤੋਂ, ਰਾਜਾਂ ਦੀਆਂ ਸਰਕਾਰਾਂ ਨੂੰ ਡੇਗਣਾ ਤੇ ਰਾਜਾਂ ਦੇ ਅਧਿਕਾਰਾਂ ਨੂੰ ਸੀਮਤ ਕਰਦੇ ਜਾਣਾ ਤੇ ਢਾਂਚੇ ਦਾ ਕੇਂਦਰੀਕਰਨ ਕਰਦੇ ਜਾਣਾ, ਚੋਣ ਅਯੋਗ ਨੂੰ ਪਾਲਤੂ ਬਣਾਉਣਾ ਤੇ ਅਦਾਲਤਾਂ ਉਤੇ ਰਾਜਸੀ ਦਬਾਅ ਵਧਾਉਣਾ ਆਦਿ ਆਦਿ। ਭਾਵ ਹਿੰਦੂ ਫਾਸ਼ੀਵਾਦੀਆਂ ਨੇ ਇਕ ਨਵੀਂ ਸਿਖਰ ਉਤੇ ਪਹੁੰਚਾ ਦਿੱਤਾ। ਕਿਉਂਕਿ ਇਹ ਸਭ ਕੁਝ ਪਹਿਲੀਆਂ ਸੱਤਾਸ਼ੀਨ ਤੇ ਹੁਣ ਵਿਰੋਧੀ ਪਾਰਟੀਆਂ ਪਹਿਲਾਂ ਹੀ ਚੋਰੀ ਛਿਥੇ ਕਰ ਰਹੀਆਂ ਸਨ ਸੋ ਉਨ੍ਹਾਂ ਦੇ ਵਿਰੋਧ ਨੂੰ ਨਕਾਰਨਾ ਭਾਜਪਾ ਦੇ ਲਈ ਬਹੁਤ ਆਸਾਨ ਸੀ ਤੇ ਹੈ।

ਆਪਣੀਆਂ ਦੂਰ ਗਾਮੀ ਯੋਜਨਾਵਾਂ ਦੇ ਮੁਤਾਬਕ ਹਿੰਦੂ ਫਾਸ਼ੀਵਾਦੀਆਂ ਨੇ ਸਰਕਾਰੀ ਮਸ਼ੀਨਰੀ ਵਿਚ ਹੇਠਾਂ ਤੱਕ ਦਖ਼ਲ-ਅੰਦਾਜ਼ੀ ਕੀਤੀ ਹੈ ਤੇ ਚਲ ਰਹੀ ਹੈ। ਨੌਕਰਸ਼ਾਹੀ, ਪੁਲਿਸ ਫੌਜ, ਖੁਫੀਆ ਅਦਾਰਿਆਂ, ਵਿਦਿਅਕ, ਬੈਂਕਾਂ ਤੇ ਹਰ ਖੇਤਰ ਵਿਚ ਆਪਣੇ ਲੋਕ ਤਾਇਨਾਤ ਕੀਤੇ। ਪਿਛਲੇ ਸਾਲਾਂ ਵਿਚ ਤਾਂ ਨੌਕਰਸ਼ਾਹੀ ਵਿਚ ਸਿੱਧੀ ਭਰਤੀ ਭਾਵ ਬਿਨਾਂ ਨਿਯਮਾਂ ਤੋਂ, ਦਾ ਰਾਹ ਅਪਣਾ ਕੇ ਇਹਨੂੰ ਅਮਲੀ ਰੂਪ ਵੀ ਦੇ ਦਿੱਤਾ। ਪਿਛਲੀਆਂ ਸਰਕਾਰਾਂ ਨੇ ਬੇਸ਼ੱਕ ਪੁਲਿਸ ਫੌਜ ਦੀ ਨਿਸੰਗ ਵਰਤੋਂ ਕੀਤੀ ਸੀ ਪਰ ਫੇਰ ਵੀ ਇਹਨੂੰ ਰਾਜਨੀਤੀ ਤੋਂ ਇਕ ਹੱਦ ਤੱਕ ਦੂਰ ਰੱਖਿਆ ਸੀ। ਹਿੰਦੂ ਫਾਸ਼ੀਵਾਦੀ ਇੰਝ ਨਹੀਂ ਸੋਚਦੇ, ਇਹਨਾਂ ਦਾ ਜਮਹੂਰੀ ਅਸੂਲਾਂ ਤੇ ਢਾਂਚੇ ਵਿਚ ਕੋਈ ਵਿਸ਼ਵਾਸ ਹੀ ਨਹੀਂ। ਇਹ ਭਾਵੇਂ ਰੰਗ 'ਚ ਰੰਗਣ ਤੇ ਢਾਂਚੇ ਨੂੰ ਤਾਨਾਸ਼ਾਹ, ਫਾਸ਼ਿਸ਼ਟ ਬਣਾਉਣ ਦੀ ਹਰ ਪੱਖੋਂ ਹਰ ਸੰਭਵ ਕੋਸ਼ਿਸ਼ ਵਿਚ ਜੁਟੇ ਹੋਏ ਹਨ।

ਪੂੰਜੀਵਾਦੀ ਜਮਹੂਰੀਅਤ ਲਗਾਤਾਰ ਰਾਜ ਅਲਾਪਦੀ ਹੈ ਕਿ "ਕਾਨੂੰਨ ਦਾ ਰਾਜ" ਹੋਵੇ ਜਿਸ ਦਾ ਮਤਲਬ ਕਿ ਜਮਹੂਰੀਅਤ ਦੇ ਵੱਖ ਵੱਖ ਥੰਮ੍ਹਿਆਂ (ਪਿਲਰਾਂ) ਜਿਸ 'ਚ ਵਿਧਾਇਕ, ਕਾਰਜਪਾਲਿਕਾ, ਨਿਆਂਪਾਲਿਕਾ ਦੀ ਆਜ਼ਾਦੀ ਹੋਵੇਗੀ, ਇਸ ਸੁਰ ਉਤੇ ਨਾ ਸਿਰਫ਼ ਜ਼ੋਰ ਦਿੱਤਾ ਜਾਂਦਾ ਰਿਹਾ ਸੀ ਜਮਹੂਰੀ ਢਾਂਚੇ ਦੀਆਂ ਸਾਰੀਆਂ ਹੋਰ ਸੰਸਥਾਵਾਂ, ਉਹ ਵਿੱਤੀ ਹੋਣ ਜਾਂ ਖੁਫ਼ੀਆ ਏਜੰਸੀਆਂ, ਵਪਾਰਕ ਹੋਣ ਜਾਂ ਵਿਦਿਅਕ ਖੇਤਰ ਆਦਿ ਭਾਵ ਨੂੰ ਆਪਣੀ ਆਜ਼ਾਦੀ ਨਾਲ ਕੰਮ ਕਰਨ ਦੀ ਖੁੱਲ੍ਹ ਹੋਵੇਗੀ। ਵਿਸ਼ੇਸ਼ ਕਰਕੇ, ਚੋਣ ਅਯੋਗ ਨੂੰ ਨਿਰਪੱਖ ਤੇ ਆਜ਼ਾਦੀ ਨਾਲ ਕੰਮ ਕਰਨ ਦੀ ਖੁੱਲ੍ਹ ਦੀ ਵੀ ਵਕਾਲਤ ਕੀਤੀ ਜਾਂਦੀ ਸੀ। ਜਮਹੂਰੀਅਤ ਵਿਚ ਕੰਟਰੋਲ ਅਤੇ ਸੰਤੁਲਨ ਬਣਾਈ ਰੱਖਣ ਲਈ ਚੋਣ ਅਯੋਗ ਦਾ ਆਜ਼ਾਦ ਤੇ ਖ਼ੁਦ ਮੁਖਤਿਆਰ ਹੋਣਾ ਜ਼ਰੂਰੀ ਹੈ। ਇਕ ਆਜ਼ਾਦ ਤੇ ਨਿਰਪੱਖ ਚੋਣ ਅਯੋਗ ਹੀ ਆਜ਼ਾਦ 'ਤੇ ਨਿਰਪੱਖ ਚੋਣਾਂ ਸੰਪੰਨ ਕਰਵਾ ਸਕਦਾ ਹੈ ਅਤੇ ਬਿਨਾਂ ਆਜ਼ਾਦੀ ਤੇ ਨਿਰਪੱਖ ਚੋਣਾਂ ਦੇ ਜਮਹੂਰੀਅਤ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਇਸ ਤਰ੍ਹਾਂ ਆਜ਼ਾਦ ਤੇ ਨਿਰਪੱਖ ਨਿਆਂਪਾਲਿਕਾ ਹੀ ਇਹ ਸੁਨਿਸ਼ਚਿਤ ਕਰ ਸਕਦੀ ਹੈ ਕਿ 'ਕਾਨੂੰਨ ਦਾ ਰਾਜ' ਸਦੀਓਂ ਹੀ ਹਕੀਕੀ ਰੂਪ ਵਿਚ ਕੰਮ ਕਰ ਰਿਹਾ ਹੈ।

ਹਿੰਦੂ ਫਾਸ਼ੀਵਾਦੀਆਂ ਨੇ ਸੱਤਾ 'ਤੇ ਕਾਬਜ਼ ਹੋਣ ਪਿਛੋਂ ਇਕ ਵਿਉਂਤਬੱਧ ਯੋਜਨਾ ਦੇ ਤਹਿਤ ਇਨ੍ਹਾਂ ਸਾਰੇ ਅਦਾਰਿਆਂ ਨੂੰ ਭ੍ਰਿਸ਼ਟ ਤੇ ਤਬਾਹ ਕਰਨ ਦੀ ਦਿਸ਼ਾ ਵੱਲ ਕਦਮ ਵਧਾਏ। ਯਾਦ ਹੋਵੇਗਾ ਕਿ 2019 ਦੀਆਂ ਚੋਣਾਂ ਤੋਂ ਪਹਿਲਾਂ ਅਮਿਤ ਸ਼ਾਹ ਨੇ ਕਿਹਾ ਸੀ ਕਿ ਜੇ 2019 ਦੀਆਂ ਚੋਣਾਂ ਵਿਚ ਜਿੱਤ ਕੇ ਫਿਰ ਆ ਗਏ ਤਾਂ ਅਗਲੇਰੇ 50 ਸਾਲ ਤੱਕ ਸੱਤਾ ਵਿਚ ਬਣੇ ਰਹਿਣਗੇ। ਲੋਕਾਂ ਨੇ ਇਸ ਬਿਆਨ ਨੂੰ ਸਮਝਿਆ ਹੋਵੇ ਜਾਂ ਨਾ, ਪਰ ਉਹਦਾ ਇਸ਼ਾਰਾ ਸਾਫ਼ ਸੀ। ਇਹਦਾ ਮਤਲਬ ਇਹ ਨਹੀਂ ਸੀ ਕਿ ਉਹ ਲੋਕਾਂ ਵਿਚ ਐਨਾ ਆਧਾਰ ਬਣਾ ਲੈਣਗੇ ਕਿ ਉਨ੍ਹਾਂ ਨੂੰ ਕੋਈ ਹਰਾ ਨਹੀਂ ਸਕੇਗਾ। ਸਗੋਂ ਇਹਦਾ ਮਤਲਬ ਇਹ ਸੀ ਕਿ ਦਸਾਂ ਸਾਲਾਂ ਵਿਚ ਉਹ ਸੱਤਾ ਤੰਤਰ ਵਿਚ ਐਨੀ ਦਖ਼ਲ-ਅੰਦਾਜ਼ੀ ਬਣਾ ਲੈਣਗੇ ਤੇ ਵਿਕਲਾਂਗ ਜਮਹੂਰੀਅਤ ਨੂੰ ਐਨਾ ਭ੍ਰਿਸ਼ਟ ਤੇ ਬੌਣਾ ਕਰ ਦੇਣਗੇ ਕਿ ਚੋਣਾਂ 'ਚ ਵਾਰ-ਵਾਰ ਜਿੱਤਣਾ ਬਹੁਤ ਆਸਾਨ ਹੋ ਜਾਵੇਗਾ ਤੇ 2019 ਦੀ ਜਿੱਤ ਤੋਂ ਪਿਛੋਂ ਉਨ੍ਹਾਂ ਇਸ ਨੂੰ ਜ਼ੋਰ ਸ਼ੋਰ ਨਾਲ ਕੀਤਾ। ਹਰ ਜਮਹੂਰੀ ਅਸੂਲ ਛਿੱਕੇ ਟੰਗਿਆ ਹਰ ਅਦਾਰੇ ਵਿਚ ਦਖ਼ਲ-ਅੰਦਾਜ਼ੀਹੀ ਨਹੀਂ ਤਾਨਾਸ਼ਾਹੀ ਸਥਾਪਤ ਕਰਨ ਦੀ ਕੋਈ ਕਸਰ ਨਹੀਂ ਛੱਡੀ। ਜਮਹੂਰੀਅਤ ਦਾ ਚੌਥਾ ਥੰਮ੍ਹਾ (ਪੋਲ) ਜਿਹਨੂੰ ਪੱਤਰਕਾਰਤਾ ਕਹਿੰਦੇ ਸਨ ਅੱਜ ਕੱਲ੍ਹ ਮੀਡੀਆ ਕਹਾਉਂਦਾ ਹੈ ਪੂੰਜੀ ਦੇ ਬਾਜ਼ਾਰ ਵਿਚ ਐਨਾ ਜੀ ਹਜ਼ੂਰੀਆ ਹੋ ਚੁੱਕਾ ਹੈ ਕਿ ਆਪਣੀਆਂ ਨਿਪਾਲਾਂ ਛੂਹ ਚੁੱਕਾ ਹੈ।

ਕੀ ਹਿੰਦੂ ਫਾਸ਼ੀਵਾਦੀਆਂ ਨੇ ਅਗਲੇ 50 ਸਾਲਾਂ ਤੱਕ ਸੱਤਾ 'ਚ ਸਥਾਪਤ ਰਹਿਣ ਦਾ ਟੀਚਾ ਹਾਸਲ ਕਰ ਲਿਆ ਹੈ। ਇਹ ਤਾਂ 2024 ਦੀਆਂ ਚੋਣਾਂ ਵਚ ਤਹਿ ਹੋਣਾ ਹੈ ਪਰ ਇਸ 'ਚ ਕੋਈ ਸ਼ੱਕ ਨਹੀਂ ਤੇ ਬਹਿਸ ਨਹੀਂ ਕਿ ਪਹਿਲਾਂ ਹੀ ਵਿਕਲਾਂਗ ਪੂੰਜੀਵਾਦੀ ਜਮਹੂਰੀਅਤ ਨੂੰ ਅੰਦਰੋਂ ਖੋਖਲਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਸਗੋਂ ਕਾਮਯਾਬ ਹੋਏ ਹਨ। ਜੇ ਕਿਹਾ ਜਾਵੇ ਤਾਂ ਇਹ ਜਮਹੂਰੀ ਵਿਵਸਥਾ ਹਰ ਪੱਧਰ ਉਤੇ ਖੋਖਲੀ ਹੋ ਚੁੱਕੀ ਹੈ ਅਤੇ ਇਕ ਧੱਕੇ ਨਾਲ ਹੀ ਇਹ ਢਹਿ ਢੇਰੀ ਹੋ ਸਕਦੀ ਹੈ। ਇਹ ਭਾਰਤ ਦੇ ਵੱਡੇ ਪੂੰਜੀਪਤੀਆਂ ਉਤੇ ਨਿਰਭਰ ਕਰਦਾ ਹੈ ਕਿ ਉਹ ਇਸ ਦੀ ਇਜਾਜ਼ਤ ਦਿੰਦੇ ਹਨ ਕਿ ਅਜੇ ਨਹੀਂ। ਜਮਹੂਰੀ ਗਲਾਫ਼ ਹੇਠ ਤਾਨਾਸ਼ਾਹੀਸਥਾਪਤ ਕਰਨੀ ਹੈ ਜਾਂ ਨੰਗੀ ਚਿੱਟੀ ਫਾਸ਼ਿਸ਼ਟ ਤਾਨਾਸਾਹੀ ਦਾ ਐਲਾਨ ਕਰਨਾ ਹੈ ਇਹ ਪੂੰਜੀਪਤੀਆਂ ਦੇ ਫੈਸਲੇ 'ਤੇ ਨਿਰਭਰ ਕਰਦਾ ਹੈ। ਉਂਝ ਦੇਖਿਆ ਜਾਵੇ ਆਮ ਭਾਰਤੀ ਲੋਕਾਈ ਲਈ ਇਹ ਇਕ ਤਾਨਾਸ਼ਾਹ ਰਾਜ ਹੀ ਹੈ ਜਿਥੇ ਉਨ੍ਹਾਂ ਦੇ ਬੁਨਿਆਦੀ ਅਧਿਕਾਰਾਂ ਤੋਂ ਲਗਭਗ ਵਾਂਝਿਆ ਹੀ ਕਰ ਦਿੱਤਾ ਗਿਆ ਹੈ।

ਆਮ ਭਾਰਤੀ ਮਿਹਨਤਕਸ਼ ਵਰਗਾਂ ਲਈ ਇਹ ਸਾਫ਼ ਹੋਣਾ ਚਾਹੀਦਾ ਹੈ ਕਿ ਅੱਜ ਸਵਾਲ ਸਿਰਫ਼ ਇਸ ਖੋਖਲੀ ਜਮਹੂਰੀਅਤ ਨੂੰ ਬਚਾਉਣ ਦਾ ਹੀ ਨਹੀਂ ਸਗੋਂ ਇਕ ਹਕੀਕੀ ਲੋਕ ਹਿੱਤੂ ਤੇ ਮਜ਼ਦੂਰ ਹਿੱਤੂ ਜਮਹੂਰੀਅਤ ਸਥਾਪਤ ਕਰਨ ਦਾ ਵੀ ਹੈ। ਜਿਥੇ ਇਸ ਜਮਹੂਰੀਅਤ ਨੂੰ ਨਾਕਾਰਾ ਕਰਨ ਵਾਲੀਆਂ ਹਿੰਦੂ ਫਾਸ਼ਿਸ਼ਟ ਤਾਕਤਾਂ ਵਿਰੁੱਧ ਸੰਘਰਸ਼ ਕਰਕੇ ਆਪਣੇ ਬੁਨਿਆਦੀ ਅਧਿਕਾਰਾਂ ਨੂੰ ਹਾਸਲ ਕਰਨ ਦਾ ਸਵਾਲ ਹੈ, ਉਥੇ ਲੋਕਾਈ ਤੇ ਵਿਸ਼ੇਸ਼ ਕਰਕੇ ਮਿਹਨਤਕਸ਼ ਵਰਗ ਨੂੰ ਆਪਣੇ ਅਗਲੇਰੇ ਭਾਵ ਮਜ਼ਦੂਰ ਹਿੱਤੂ ਹਕੀਕੀ ਜਮਹੂਰੀਅਤ ਦੀ ਲੜਾਈ ਲਈ ਵੀ ਤਿਆਰ ਹੋਣਾ ਪਵੇਗਾ। ਸਿਰਫ਼ ਤਿਆਰ ਹੀ ਨਹੀਂ ਸਗੋਂ ਇਸੇ ਆਰ ਪਾਰ ਦੇ ਸੰਘਰਸ਼ ਦੇ ਨਾਲ ਹੀ ਮੌਜੂਦਾ ਹਿੰਦੂ ਫਾਸ਼ਿਸ਼ਟ ਤਾਕਤਾਂ ਨੂੰ ਭਾਂਜ ਦਿੱਤੀ ਜਾ ਸਕਦੀ ਹੈ ਅਤੇ ਮੌਜੂਦਾ ਵਿਕਲਾਂਗ ਜਮਹੂਰੀਅਤ ਨੂੰ ਬਚਾਇਆ ਜਾ ਸਕਦਾ ਹੈ।


# ਵਿਰਾਸਤੀ ਬੌਧਿਕ ਚੇਤਨਤਾ ਤੋਂ ਸੱਖਣਾ ਵਿਦਿਆਰਥੀ ਵਰਗ

(ਸਫ਼ਾ 19 ਦੀ ਬਾਕੀ)

ਤਾਂ ਜੋ ਲੋਕਾਂ ਵਿਚ ਜੂਨ 1976 ਵਿਚ ਲੋਕ ਹਿੱਤਾਂ ਨੇ ਐਮਰਜੈਂਸੀ ਰਾਹੀਂ ਮਾਰੇ ਗਏ ਡਾਕੇ ਵਾਂਗ ਬੌਧਿਕ ਪੱਖੋਂ ਚੇਤੰਨ ਵਿਦਿਆਰਥੀ, ਸਾਹਿਤਕਾਰ ਅਤੇ ਵਿਦਵਾਨ ਮੁੜ ਸਿਰ ਨਾ ਚੁੱਕ ਸਕਣ। ਇਸ ਲਈ 'ਸਦਮਾ ਸਿਧਾਂਤ' ਅਨੁਸਾਰ ਡਰ ਸਹਿਮ ਦਾ ਮਾਹੌਲ ਸਿਰਜਣਾ ਜ਼ਰੂਰੀ ਸੀ ਜੋ ਕਿ 1978 ਤੋਂ ਲੈ ਕੇ 1992-93 ਤੱਕ ਕਾਲੇ ਕੱਛਿਆਂ ਵਾਲੇ ਦੇ ਡਰ ਵਿਚ ਸਿਰਜਿਆ ਗਿਆ। ਬੌਧਿਕਤਾ ਦੀ ਧਾਰ ਨੂੰ ਪ੍ਰਚੰਡ ਕਰਨ ਲਈ ਇਕਾਗਰਤਾ ਜ਼ਰੂਰੀ ਹੈ ਅਤੇ ਇਹ ਇਕਾਗਰਤਾ ਇਸ ਸਹਿਮ ਨੇ ਭੰਗ ਕੀਤੀ। ਵਿਸ਼ਵ ਵਪਾਰ ਸੰਸਥਾ ਅਨੁਸਾਰ ਡੀਕਲ ਤਜਵੀਜ਼ਾਂ ਪ੍ਰਵਾਨ ਚੜ੍ਹੀਆਂ। ਹੁਕਮਰਾਨਾ ਅਤੇ ਸਾਮਰਾਜੀਆਂ ਨੂੰ ਅਜੇ ਵੀ ਡਰ ਸੀ ਕਿ ਪੰਜਾਬ ਦੇ ਵਿਦਿਆਰਕੀਆਂ ਨੂੰ 1965-75 ਦੇ ਦੌਰ ਵਾਲ ਬੌਧਿਕ ਪੱਖੋਂ ਚੇਤੰਨ ਲੋਕ ਗੁਰਸ਼ਰਨ ਭਾਅ ਜੀ ਵਾਂਗ ਆਪਣੀ ਕਲਾ ਹਥਿਆਰ ਰਾਹੀਂ ਜਾਗਰੂਕ ਕਰ ਸਕਦੇ ਹਨ। ਇਸ ਨੂੰ ਠੱਲ੍ਹਣ ਲਈ ਲੱਚਰਤਾ ਦੇ ਪਸਾਰੇ ਲਈ ਨਿੱਜੀ ਚੈਨਲ, ਲੱਚਰ ਕਲਾਕਾਰ ਕਾਰਜਸ਼ੀਲ ਹੋਏ। ਵਿਆਹ ਭਵਨ (ਮੈਰਿਜ ਪੈਲੇਸਾਂ) ਵਿਚ ਬੇਰੁਜ਼ਗਾਰ ਲੜਕੇ ਲੜਕੀਆਂ ਤਵਾਇਫ਼ ਅਵਸਥਾ ਵਿਚ ਨੱਚਣ ਲੱਗੇ ਅਤੇ ਨੱਚ ਰਹੇ ਹਨ। ਫੇਰ ਨਸ਼ਿਆਂ ਨੇ ਨੌਜਵਾਨਾਂ ਨੂੰ ਗ੍ਰਿਫ਼ਤ ਵਿਚ ਲਿਆ। ਮੋਬਾਇਲਾਂ ਰਾਹੀਂ ਫੇਸਬੁੱਕ ਅਤੇ ਯੂਟਿਊਬ ਨੇ ਪਸ਼ੂਆਂ ਵਾਂਗ ਨੀਵੀਂ ਪਾ ਕੇ ਤੋਰਨ ਲਗਾ ਦਿੱਤਾ ਹੈ। ਨਸ਼ਿਆ ਨੇ ਫੇਰ ਸਹਿਮ ਦਾ ਦੌਰ ਪੈਦਾ ਕੀਤਾ ਹੈ। ਓਵਰਡੋਜ਼ ਨਾਲ ਮੌਤਾਂ ਹੋ ਰਹੀਆਂ ਹਨ। ਇਸ ਡਰੋਂ ਵਚੋਂ ਅੱਧਪੱਕੀ ਜਾਂ ਅਧਪੜ੍ਹੀ ਜਵਾਨੀ ਜਾਨ ਦਾ ਜੋਖਮ ਲੈ ਕੇ ਇਸ ਸਮਾਜ ਨੂੰ ਬਦਲਣ ਦੀ ਲੋੜ ਤੋਂ ਸੱਖਣੀ ਹੋ ਕੇ ਪ੍ਰਵਾਸ ਦੀ ਜਲਾਵਤਨੀ ਹੰਢਾਉਣ ਦੇ ਰਾਹ ਪੈ ਗਈ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੰਜਾਬ ਦੀ ਬੌਧਿਕਤਾ ਕੰਗਾਲ ਹੋ ਗਈ ਹੈ। ਗਿਣਤੀ ਅਤੇ ਗੁਣਵਤਾ ਪੱਖੋਂ ਉਹ "ਊਠ ਦੇ ਮੂੰਹ ਵਿਚ ਜ਼ੀਰਾ ਦੇਣਾ" ਵਾਲੀ ਕਹਾਵਤ ਵਾਂਗ ਜ਼ੀਰੇ ਦਾ ਦਾਣਾਬਣਕੇ ਰਹਿ ਗਈ ਹੈ। ਅਜਿਹੀ ਸਥਿਤੀ ਵਿਚ ਵਿਸ਼ਵੀਕਰਨ, ਸਾਮਰਾਜ ਦੀਆਂ ਕਠਪੁਤਲੀਆਂ ਬਣੇ ਸਿਆਸਤਦਾਨ ਤਾਂਡਵ ਨਾਚ ਨੱਚ ਰਹੇ ਹਨ। ਪਰ 2020-21 ਦੇ ਕਿਸਾਨ ਅੰਦੋਲਨ ਨੇ ਇਨ੍ਹਾਂ ਦੇ ਬੇਰੋਕ ਪਹੀਏ ਨੂੰ ਠੱਲ੍ਹ ਕੇ ਸੰਗਰਾਮੀ ਚੇਤਨਤਾ ਦਾ ਪ੍ਰਸ਼ਨਚਿੰਨ੍ਹ ਖੜ੍ਹਾ ਕੀਤਾ ਹੈ। ਜਿਸ ਦੀ ਬੁਨਿਆਦੀ 70-80ਵੇਂ ਦਹਾਕੇ ਦੀਆਂ ਸੰਗਰਾਮੀ ਲਹਿਰਾਂ ਦੀ ਬੌਧਿਕ ਚੇਤਨਤਾ ਹੈ।

ਇਸ ਬੌਧਿਕ ਚੇਤਨਤਾ ਨੂੰ ਹੋਰ ਮਜ਼ਬੂਤ ਕਰਨਾ ਅਤੇ ਪ੍ਰਚੰਡ ਕਰਨਾ ਸਮੇਂ ਦੀ ਲੋੜ ਹੈ। ਇਸ ਲਈ ਲੋੜ ਹੈ ਕਿ ਇਸ ਦੀ ਵਿਰਾਸਤ ਨੂੰ ਸਾਂਭਣ ਲਈ ਇਸ ਤੇ ਇਕ ਝਾਤ ਪਾਈ ਜਾਵੇ। 1947 ਤੋਂ ਬਾਅਦ ਭਾਰਤ ਦੇ ਇਤਿਹਾਸ ਵਿਚ ਅਨੇਕਾਂ ਸੰਗਰਾਮੀ ਲਹਿਰਾਂ ਉਠੀਆਂ। ਇਹ ਸੰਗਰਾਮੀ ਲਹਿਰਾਂ ਦੀ ਬੌਧਿਕ ਚੇਤਨਤਾ ਕਿਸੇ ਕਾਲਜ ਜਾਂ ਯੂਨੀਵਰਸਿਟੀ ਤੋਂ ਘੱਟ ਨਹੀਂ ਹੁੰਦੀ। "ਪੱਗੜੀ ਸੰਭਾਲ ਜੱਟਾ" ਵਾਂਗ ਮੁਜ਼ਾਰਾ ਲਹਿਰ, ਲਾਲ ਪਾਰਟੀ, ਤਿਲੰਗਾਨਾ ਲਹਿਰ ਤੇ 1968 ਦੀ ਕਿਰਤੀ ਲਹਿਰ ਨੇ ਬਰਾਬਰੀ ਦੇ ਸਮਾਜ ਦੀ ਸਿਰਜਣਾ ਲਈ ਹੰਭਲੇ ਮਾਰੇ। ਬੌਧਿਕ ਚੇਤਨਤਾ ਵਾਲਾ ਸਾਹਿਤ ਹੋਂਦ ਵਿਚ ਆਇਆ। ਸਰਕਾਰਾਂ ਨੇ ਪਾਬੰਦੀਆਂ ਵੀ ਲਗਾਈਆਂ। ਇਸ ਦੌਰਾਨ ਵਿਦਿਆਰਥੀ ਵਰਗ ਨੇ ਇਨ੍ਹਾਂ ਦਾ ਸਭ ਤੋਂ ਵੱਧ ਪ੍ਰਭਾਵ ਕਬੂਲਿਆ। ਜੁਲਾਈ 1928 ਵਿਚ ਹੀ 'ਕਿਰਤੀ" ਅਖ਼ਬਾਰ ਵਿਚ ਭਗਤ ਸਿੰਘ ਦਾ ਲੇਖ ਛਪਿਆ ਸੀ ਜੋ ਕਿ ਨੈਸ਼ਨਲ ਕਾਲਜ ਵਿਚੋਂ ਬੌਧਿਕ ਚੇਤਨਤਾ ਦੀ ਚਿਣਗ ਲੈ ਕੇ ਗਏ ਸਨ।

ਜੁਲਾਈ ਦਾਮਹੀਨਾ ਸਾਡੇ ਵਿਦਿਆਰਥੀਆਂ ਲਈ ਬੌਧਿਕ ਚੇਤਨਤਾ ਦਾ ਪ੍ਰਤੀਕ ਹੈ। ਅੱਜ ਤੋਂ ਤਕਰੀਬਨ 45 ਸਾਲ ਪਹਿਲਾਂ 18 ਜੁਲਾਈ 1979 ਨੂੰ ਪੰਜਾਬ ਦੀ ਵਿਦਿਆਰਥੀ ਲਹਿਰ ਦੀ ਵੱਕਾਰੀ ਕਲਗੀ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਜੋ ਕਿ ਖੇਤੀਬਾੜੀ ਯੂਨੀਵਰਸਿਟੀ ਤੋਂ ਐਮ.ਐਸ. ਸੀ ਵਿਚੋਂ ਗੋਲਡ ਮੈਡਲਿਸਟ ਸਨ, ਨੂੰ ਉਸ ਸਮੇਂ ਦੀ ਬਾਦਲ ਸਰਕਾਰ ਦੇ



ਗੁੰਡਿਆਂ ਐਮ.ਐਲ.ਏ. ਪ੍ਰਹਿਲਾਦ ਸਿੰਘ ਅਤੇ ਬੀਬੀ ਨਿਰਲੇਪ ਕੌਰ ਦੇ ਇਸ਼ਾਰੇ 'ਤੇ ਘਰੋਂ ਚੁੱਕ ਕੇ ਰਾਤ ਨੂੰ ਸ਼ਹੀਦ ਕਰ ਦਿੱਤਾ ਸੀ। ਅਗਲੇਰੇ ਦਨ 19 ਜੁਲਾਈ ਨੂੰ ਉਨ੍ਹਾਂ ਦੀ ਲਾਸ਼ ਝਾਂਡੇ ਪਿੰਡ ਕੋਲੋਂ ਮਿਲੀ ਸੀ। ਇਸ ਕਤਲ ਤੇ ਪੰਜਾਬ ਦੇ ਵਿਦਿਆਰਥੀਆਂ ਦੇ ਰੋਹ ਨੇ ਤਰਥਲੀ ਮਚਾ ਕੇ ਇਕ ਸੰਗਰਾਮ ਖੜ੍ਹਾ ਕਰ ਦਿੱਤਾ ਜਿਸ ਤੋਂ ਕਿ ਪੰਜਾਬ ਸਰਕਾਰ ਕੰਬ ਗਈ ਸੀ। 1972 ਦੇ ਮੋਗਾ ਗੋਲੀ ਕਾਂਡ ਤੋਂ ਬਾਅਦ ਇਹ ਦੂਸਰੀ ਵਿਦਿਆਰਥੀ ਲਹਿਰ ਸੀ ਜਿਸ ਨੇ ਕਿ ਕੌਮਾਂਤਰੀ ਪੱਧਰ 'ਤੇ ਆਪਣਾ ਨਾਮ ਦਰਜ ਕਰਵਾਇਆ। ਇਨ੍ਹਾਂ ਲਹਿਰਾਂ ਨੇ 'ਜਾਗੋ' ਜੈਕਾਰੇ, ਸੁਰਖ ਰੇਖਾ, ਜਨਤਕ ਲੀਹ, ਪਰਚਮ, ਜੈ ਸੰਘਰਸ਼ ਵਰਗੇ ਅਨੇਕਾਂ ਬੌਧਿਕ ਚੇਤਨਤਾ ਨੂੰ ਪ੍ਰਚੰਡ ਕਰਨ ਵਾਲੇ ਸਿਧਾਂਤਕ ਅਤੇ ਸਾਹਿਤਕ ਮੈਗਜ਼ੀਨ ਦਿੱਤੇ। ਵਿਦਿਆਰਥੀਆਂ ਅੰਦਰ ਸਾਹਿਤਕ ਪੁਸਤਕਾਂ ਪੜ੍ਹਨ ਦੀ ਰੁਚੀ ਪੈਦਾ ਕੀਤੀ। ਵਿਦਵਾਨਾਂ ਦਾ ਤਰਕ ਹੈ ਕਿ ਹੁਕਮਰਾਨਾ ਨੂੰ ਸਭ ਤੋਂ ਵੱਧ ਡਰ ਕਿਤਾਬਾਂ ਤੋਂ ਲੱਗਦਾ ਹੈ ਕਿਉਂਕਿ ਕਿਤਾਬਾਂ ਉਨ੍ਹਾਂ ਅੰਦਰ ਇਨਕਲਾਬ ਪੈਦਾ ਕਰਦੀਆਂ ਹਨ।

ਅੱਜ ਸਮੇਂ ਦੀ ਅਹਿਮ ਲੋੜ ਹੈ ਕਿ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਸ਼ਹਾਦਤ ਦੇ 45 ਵੇਂ ਸਾਲ ਵਿਚ ਪ੍ਰਵੇਸ਼ ਕਰਨ ਤੇ ਅਜੋਕੇ ਨੌਜਵਾਨਾਂ ਨੂੰ ਸੇਧ ਦੇਣ ਲਈ ਵਿਦਿਆਰਥੀਆਂ ਦੇ ਸੰਗਰਾਮੀ ਵਿਰਸੇ ਤੋਂ ਜਾਣੂ ਕਰਵਾਇਆ ਜਾਵੇ। ਸਭ ਤੋਂ ਪਹਿਲ ਫਰਵਰੀ 1964 ਵਿਚ ਚੰਡੀਗੜ੍ਹ ਸਟੂਡੈਂਟਸ ਯੂਨੀਅਨ ਦੀ ਸਥਾਪਨਾ ਹੋਈ। ਇਸ ਤੋਂ ਬਾਅਦ 28 ਫਰਵਰੀ 1965 ਨੂੰ ਪੰਜਾਬ ਸਟੂਡੈਂਟਸ ਯੂਨੀਅਨ ਦੀ ਸਥਾਪਨਾ ਹੋਈ। ਇਸ ਦੀ ਸੂਬਾ ਕਨਵੈਨਸ਼ਨ 27 ਅਕਤੂਬਰ 1967 ਨੂੰ ਹੋਈ। ਸਰਕਾਰੀ ਕਾਲਜ ਲੁਧਿਆਣਾ ਦੇ ਪ੍ਰਿੰਸੀਪਲ ਓ.ਪੀ. ਭਾਰਦਵਾਜ ਦੀਆਂ ਯੂਨੀਅਨ ਤੇ ਪਾਬੰਦੀਆਂ ਖਿਲਾਫ਼ 13 ਸਤੰਬਰ 1968 ਨੂੰ ਸੰਘਰਸ਼ ਕੀਤਾ ਗਿਆ। ਇਸੇ ਸਮੇਂ ਹੀ 14 ਸਤੰਬਰ 1968 ਨੂੰ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਦੇ ਪ੍ਰਿੰਸੀਪਲ ਗੁਰਦੇਵ ਸਿੰਘ ਖਿਲਾਫ਼ ਸੰਘਰਸ਼, ਨਵੰਬਰ 1968 ਵਿਚ ਤਰਨ ਤਾਰਨ ਗੋਲੀ ਕਾਂਡ ਖਿਲਾਫ਼ ਪੰਜਾਬ ਵਿਚ ਕਾਲਾ ਦਿਵਸ ਮਨਾਇਆ ਗਿਆ। ਪੰਜਾਬ ਸਟੂਡੈਂਟਸ ਯੂਨੀਅਨ ਦਾ ਪਹਿਲਾ ਸ਼ਹੀਦ ਖ਼ਾਲਸਾ ਕਾਲਜ ਸੁਧਾਰ ਦਾ ਵਿਦਿਆਰਥੀ ਜਗਤਾਰ ਸਿੰਘ ਸੀ ਜਿਸ ਨੂੰ 12 ਦਸੰਬਰ 1968 ਵਿਚ ਸ਼ਹੀਦ ਕੀਤਾ ਗਿਆ। ਇਸ ਰੋਸ ਖਿਲਾਫ਼ ਪੰਜਾਬ ਸਟੂਡੈਂਟਸ ਯੂਨੀਅਨ ਦੇ ਜਨਰਲ ਸਕੱਤਰ ਦਰਸ਼ਨ ਸਿੰਘ ਬਾਗੀ ਨੂੰ ਪੀ.ਡੀ.ਐਕਟ ਅਧੀਨ 19 ਦਸੰਬਰ 1968 ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀ ਆਗੂ ਇਕਬਾਲ ਸਿੰਘ ਮੰਗੂਵਾਲ ਨੂੰ ਦੋ ਜਨਵਰੀ 1969 ਵਿਚ ਗ੍ਰਿਫ਼ਤਾਰ ਕਰਕੇ 1 ਜਨਵਰੀ 1971 ਨੂੰ ਝੂਠੇ ਪੁਲਿਸ ਮੁਕਾਬਲੇ ਰਾਹੀਂ ਸ਼ਹੀਦ ਕੀਤਾ ਗਿਆ। ਪੰਜਾਬ ਸਟੂਡੈਂਟਸ ਯੂਨੀਅਨ ਦਾ ਦੂਸਰਾ ਇਜਲਾਸ 12 ਸਤੰਬਰ 1971 ਨੂੰ ਜਗਰਾਓਂ ਵਿਖੇ ਹੋਇਆ। ਵਿਦਿਆਰਥੀਆਂ ਵਿਚ ਸੰਗਰਾਮੀ ਤੇ ਹੱਕਾਂ ਲਈ ਸੂਝ ਪੈਦਾ ਕਰਨ ਲਈ ਮੈਗਜ਼ੀਨ "ਵਿਦਿਆਰਥੀ" 1971 ਵਿਚ ਸ਼ੁਰੂ ਕੀਤਾ ਗਿਆ। ਮੋਗਾ ਗੋਲੀ ਕਾਂਡ 5 ਅਕਤੂਬਰ ਅਤੇ ਸੱਤ ਅਕਤੂਬਰ 1972 ਨੂੰ ਹੋਇਆ ਜਿਸ ਵਿਚ ਮਹਿੰਗਾਈ ਅਤੇ ਕਾਲਾ ਬਜ਼ਾਰੀ ਖਿਲਾਫ਼ ਮੁਜ਼ਾਹਰੇ ਤੇ ਪੁਲਿਸ ਗੋਲੀ ਨਾਲ ਸਵਰਨ ਸਿੰਘ, ਹਰਜੀਤ ਸਿੰਘ ਚੜਿੱਕ ਅਤੇ 7 ਅਕਤੂਬਰ ਦੁਬਾਰਾ ਗੋਲੀ ਕਾਂਡ ਨਾਲ ਤਿੰਨ ਮਜ਼ਦੂਰ ਸ਼ਹੀਦ ਹੋਏ। ਚੰਡੀਗੜ੍ਹ ਵਿਚ ਖੇਤੀਬਾੜੀ ਕਾਲਜ ਦੇ ਘੋਲ ਵਿਚ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਗ੍ਰਿਫ਼ਤਾਰ 8-1-1974 ਨੂੰ ਹੋਈ। ਵਿਦਿਆਰਥੀਆਂ ਲਈ ਰਿਆਇਤੀ ਬੱਸ ਪਾਸ ਘੋਲ ਨੂੰ ਸਫ਼ਲਤਾ 27 ਨਵੰਬਰ 1974 ਨੂੰ ਪੰਜਾਬ ਸਰਕਾਰ ਦੇ ਪੱਤਰ ਮੀਮੋ ਨੰਬਰ 3036-17ਟੀਸੀ1784/16685 ਮਿਤੀ 27 ਨਵੰਬਰ 74 ਨੂੰ ਮਿਲੀ।

ਜੂਨ 1976 ਦੌਰਾਨ ਹੋਰਨਾਂ ਜਨਤਕ ਆਗੂਆਂ ਦੇ ਨਾਲ ਨਾਲ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਐਮਰਜੈਂਸੀ ਦੌਰਾਨ ਗ੍ਰਿਫ਼ਤਾਰੀ ਹੋਈ। 1977 ਵਿਚ ਵਿਦਿਆਰਥੀਆਂ ਦੀ ਬੌਧਿਕ ਚੇਤਨਤਾ ਨੇ ਅੰਗੜਾਈ ਲਈ। ਮਈ 1979 ਵਿਚ ਪੁਲਿਸ ਐਜੀਟੇਸ਼ਨ ਵਿਚ ਵਿਦਿਆਰਥੀਆਂ ਨੇ ਪੁਲਿਸ ਕਰਮਚਾਰੀਆਂ ਦੇ ਮੁਜ਼ਾਹਰੇ ਵਿਚ ਸਾਥ ਦਿੱਤਾ। ਜੁਲਾਈ 1979 ਵਿਚ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਸੰਘਰਸ਼ ਉਪਰੰਤ 1981 ਵਿਚ ਦਰਬਾਰਾ ਸਿੰਘ ਵਲੋਂ ਵਧਾਏ ਗਏ ਬੱਸ ਕਿਰਾਇਆ ਖਿਲਾਫ਼ ਸੰਘਰਸ਼ ਲੜਿਆ ਅਤੇ ਝਬਾਲ ਅਤੇ ਛਾਜਲੀ ਵਿਚ ਪੁਲਿਸ ਵਲੋਂ ਗੋਲੀ ਚਲਾਈ ਗਈ ਅਤੇ ਇਸ ਲੇਖ ਦੇ ਲੇਖਕ ਨੂੰ ਜਿਸ ਦੀ ਕਿ ਇਕ ਲੱਤ ਗੋਡੇ ਉਪਰੋਂ ਕੱਟੀ ਹੋਈ ਹੈ। 28 ਦਸੰਬਰ 1980 ਨੂੰ ਬੱਸ ਕਿਰਾਇਆ ਘੋਲ ਦੌਰਾਨ ਹਿੰਸਾ ਲਿਆ ਅਤੇ 21 ਜਨਵਰੀ 1981 ਨੂੰ ਘਰੋਂ ਗ੍ਰਿਫਤਾਰ ਕਰਕੇ ਥਾਣਾ ਨਿਹਾਲਸਿੰਘਵਾਲਾ ਵਿਚ ਤਸ਼ੱਦਦ ਕੀਤਾ ਗਿਆ। ਫੇਰ ਮੋਗਾ ਅਤੇ ਫਿਰੋਜ਼ਪੁਰ ਜੇਲ੍ਹ ਵਿਚ ਰੱਖਿਆ ਗਿ। ਵਰਨਣਯੋਗ ਹੈ ਕਿ ਉਸ ਨਾਲ ਪਹਿਲੀ ਵਾਰ ਕੌਮਾਂਤਰੀ ਪੱਧਰ 'ਤੇ ਇਸ ਵਰ੍ਹੇ ਨੂੰ ਅੰਗਹੀਣਾ ਦੀ ਭਲਾਈ ਲਈ ਵਰ੍ਹੇ ਵਜੋਂ ਮਨਾਇਆ ਜਾ ਰਿਹਾ ਸੀ ਅਤੇ ਇਸ ਲੇਖਕ ਦੇ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਇਕ ਲੱਤ ਨੂੰ ਵੀ ਬੇੜੀ ਲਗਾਈ ਹੋਈ ਸੀ। 1982-83 ਦੌਰਾਨ ਪੰਜਾਬ ਦੇ ਹਲਾਤ ਗੰਭੀਰ ਹੁੰਦੇ ਗਏ। ਓਪਰੇਸ਼ਨ ਨੀਲਾ ਤਾਰਾ ਅਤੇ ਨਵੰਬਰ 1984 ਵਿਚ ਲੇਖਕ ਬੀਐਡ ਕਰ ਰਿਹਾ ਸੀ। ਉਸ ਸਮੇਂ ਇਸ ਵਿਉਂਤਬੱਧ ਘੱਲੂਘਾਰੇ ਖਿਲਾਫ਼ ਜਮਹੂਰੀ ਅਧਿਕਾਰ ਸਭਾ ਤੇ ਹੋਰ ਜਥੇਬੰਦੀਆਂ ਨੇ ਰੋਸ ਮੁਜ਼ਾਹਰੇ ਅਤੇ ਹੜਤਾਲਾਂ ਕੀਤੀਆਂ। ਇਸ ਉਪਰੰਤ 1985 ਤੋਂ 1995 ਤੱਕ ਸਰਕਾਰੀ ਜ਼ਬਰ ਖਿਲਾਫ਼ ਜ਼ਬਰ ਵਿਰੋਧੀ ਫਰੰਟ ਬਣਾ ਕੇ ਸਰਕਾਰ ਦੀਆਂ ਜ਼ਿਆਦਤੀਆਂ ਖਿਲਾਫ਼ ਸੰਘਰਸ਼ ਕੀਤੇ ਗਏ।

ਇਹ ਸਭ ਕੁਝ ਵਿਦਿਆਰਥੀ ਬੌਧਿਕ ਚੇਤਨਤਾ, ਚੰਗੇ ਸਾਹਿਤ ਦਾ ਸਿੱਟਾ ਸੀ। ਇਸ ਸੰਖੇਪ ਇਤਿਹਾਸ ਤੋਂ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਜੀ ਦੀ ਸ਼ਹਾਦਤ ਵਾਲੇ ਦਿਨ ਵਿਦਿਆਰਥੀਆਂ ਨੂੰ ਵਿਦਿਆਰਥੀਆਂ ਦੀ ਹਸਤੀ ਅਤੇ ਤਾਕਤ ਤੋਂ ਜਾਣੂ ਕਰਵਾਉਣਾ ਹੈ। ਜਿਸ ਨੂੰ ਕਿ ਅੱਜ ਦੇ ਆਪੂ ਸਹੇੜੀ ਹਿਜਰਤ ਨੇ, ਪ੍ਰਵਾਸ ਨੇ, ਮਹਿੰਗੀ ਸਿੱਖਿਆ ਨੇ, ਸਰਕਾਰਾਂ ਦੀ ਬੇਰੁਖੀ ਨੇ, ਮੋਬਾਇਲਾਂ ਦੇ ਨੈਟ ਨੇ ਉਨ੍ਹਾਂ ਦੇ ਦਿਮਾਗ ਦੇ ਮਨਫ਼ੀ ਕਰ ਦਿੱਤਾ ਹੈ। ਸੰਘਰਸ਼ਾਂ ਦੀ ਅੱਗ ਅੱਜ ਵੀ ਸੁਲਘ ਰਹੀ ਹੈ। ਲੋੜ ਸਿਰਫ਼ ਇਸ ਗੱਲ ਦੀ ਹੈ ਕਿ ਵਰਤਮਾਨ ਹਾਲਤਾਂ ਤੋਂ ਭਗੌੜੇ ਹੋ ਕੇ ਬੌਧਿਕ ਚੇਤਨਤਾ ਨਾਲ ਆਪਣੀ ਵਿਦਿਆਰਥੀ ਵਿਰਾਸਤ ਤੇ ਪਹਿਰਾ ਦੇ ਕੇ ਲੰਬੇ ਲੋਕਪੱਖੀ ਅਤੇ ਸ਼ਹੀਦ ਭਗਤ ਸਿੰਘ ਦੇ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਸ਼ਹਾਦਤ ਦੇ ਬਰਾਬਰੀ ਦੇ ਸੰਕਲਪ ਦੀ ਵਿਰਾਸਤ ਤੋਂ ਜਾਣੂ ਕਰਵਾ ਕੇ ਸੰਗਰਾਮਾਂ ਦੀ ਸੂਹੀ ਲਾਟ ਹੋਰ ਉਚੀ ਕਰਨ ਦੀ ਲੋੜ ਹੈ ਅਤੇ ਇਹੀ ਸਾਡੀ ਸ਼ਹੀਦਾਂ ਪ੍ਰਤੀ ਸੱਚੀ ਅਕੀਦਤ ਹੋਵੇਗੀ।

## ਆਪਣਾ ਧਰਮ ਨਹੀਂ ਨਿਭਾਇਆ

ਰਾਜ ਨੇ ਇੱਕ ਵਾਰ ਫੇਰ ਆਪਣਾ
ਧਰਮ ਨਹੀਂ ਨਿਭਾਇਆ
ਉਨੀ ਸੌ ਚੁਰਾਸੀ ਵਾਂਗ, ਬਾਨਵੇਂ ਵਾਂਗ,
ਦੋ ਹਜ਼ਾਰ ਦੋ ਵਾਂਗ
ਮਾਈ ਬਾਪ ਵਾਲਾ
ਸਿਰ ਤੇ ਹੱਥ
ਤੇ ਕਹਿਰ ਦੇ ਸਮਿਆਂ 'ਚ ਸਾਕ ਵਾਲਾ।

ਸੰਸਕ੍ਰਿਤੀ ਦੇਸ਼ ਦੀ, ਦੇਸ਼ ਦਾ ਸੱਭਿਆਚਾਰ
ਸਾਰੇ ਜੱਗ ਨੇ ਵੇਖਿਆ ਹੁੰਦਾ ਤਾਰੋ ਤਾਰ
ਇਕੱਠੀ ਹੋਈ ਭੀੜ ਸੀ ਮਨੀਪੁਰ ਇੰਫਾਲ
ਤਮਾਸ਼ਬੀਨ ਮੁਸ਼ਟੰਡੜੇ ਮੇਇਤੀ ਗੁੰਡਿਆਂ ਭੀੜ
ਵਿੱਚ ਉਨ੍ਹਾਂ ਦੇ ਘਿਰ ਗਈ ਕੁਕੀ ਭਰ ਮੁਟਿਆਰ
ਹੱਸਾ ਹੱਸਦੇ ਰਾਖਸ਼ੀ ਨੱਚਦੇ ਮਾਰੋ ਮਾਰ
ਹਿਰਨੀ ਅੱਖਾਂ ਮੁੰਦੀਆਂ ਵੇਖ ਬਾਘ ਬਘਿਆੜ
ਹਰ ਅੰਗ ਉਸਦਾ ਨੋਚਦੇ ਭੁੱਖੜ ਵਾਰੋ ਵਾਰ!

ਤਮਾਸ਼ਬੀਨ ਮੁਸ਼ਟੰਡੇ ਨੀਚ
ਅਬਲਾ ਅਜ਼ਮਤ ਮਾਰੀ ਚੀਖ਼
ਕਾਲੀ ਧਰਤੀ ਕਾਲਾ ਅੰਬਰ
ਕਿੱਥੇ ਗਏ ਪੈਗੰਬਰ ਮੰਦਰ
ਰਾਜ ਦੇ ਰਾਖੇ ਲੂੰਬੜ ਲੰਬੜ
ਤਨ ਦੇ ਕੱਪੜੇ ਲੀਰੋ ਲੀਰ
ਬਘਿਆੜਾਂ ਦੇ ਪੰਜਿਆਂ ਨਾਲ
ਹਰ ਪਾਸੇ ਦਰਯੋਧਨ ਦਿੱਸਣ
ਕਿਤੇ ਨਾ ਦਿਸੇ ਕ੍ਰਿਸ਼ਨ ਮੁਰਾਰ
ਗ਼ਰਕ ਕਿਉਂ ਨਾ ਧਰਤੀ ਗਈ
ਪਾਟ ਕਿਉਂ ਨਾ ਗਏ ਸਮੁੰਦਰ!

ਵੱਡੀ ਧਰਤੀ ਵੱਡਾ ਦੇਸ਼
ਵੇਦ, ਪੁਰਾਣ, ਗ੍ਰੰਥ, ਉਪਦੇਸ਼
ਸਾਡੇ ਲਈ ਸਭ ਝੂਠੇ ਭੇਖ

ਅਸੀਂ ਵਲੂੰਧਰੀਆਂ ਗਈਆਂ
ਅਸੀਂ ਨੋਚੀਆਂ ਗਈਆਂ
ਅਸੀਂ ਮਧੋਲੀਆਂ ਗਈਆਂ
ਅਸੀਂ ਗੁੰਨ੍ਹੀਆਂ ਗਈਆਂ
ਅਸੀਂ ਪਰੁੰਨੀਆਂ ਗਈਆਂ
ਖ਼ਬਰਾਂ 'ਚ ਪਰ ਅਸੀਂ
ਅਫ਼ਸੋਸ ਕਿ
ਪੂਰੇ ਉਨਾਸੀ ਦਿਨ ਅਣਗੌਲ਼ੀਆਂ ਰਹੀਆਂ!

ਕਿੱਥੇ ਸਨ ਪੁਲਸਾਂ ਕਿੱਥੇ ਫ਼ੌਜ?
ਲੱਠਮਾਰਾਂ ਦੀ ਹਰ ਥਾਂ ਮੌਜ
ਕਿੱਥੇ ਲੁਕ ਗਏ ਰਾਜੇ ਰਾਣੇ?
ਅਫਸਰ, ਦਫ਼ਤਰ, ਚੌਂਕੀਆਂ, ਠਾਣੇ?
ਤੁਸੀਂ, ਤੁਹਾਡਾ ਰਾਜਾ ਮਰਿਆ
ਧਰਮ, ਫ਼ਲਸਫ਼ਾ, ਵਾਅਦਾ ਮਰਿਆ

ਮੈਂ ਹਮੇਸ਼ਾਂ ਨਗਨ ਰਹੀ ਹਾਂ
ਵਿੱਚ ਸਿਰਜਣਾ ਮਗਨ ਰਹੀ ਹਾਂ
ਮੈਂ ਹੀ ਬਿਲਕਿਸ, ਮੈਂ ਦਰੋਪਦ
ਮੈਂ ਹੀ ਸੀਤਾ, ਮੈਂ ਹੀ ਫੋਗਟ
ਨਗਨ ਮੈਂ ਨਹੀਂ, ਤੁਸੀਂ ਹੋਏ ਹੋ
ਮੈਂ ਨਹੀਂ ਮੋਈ ਤੁਸੀਂ ਮੋਏ ਹੋ
ਉਏ ਰਾਜਿਆ ਰਾਜ ਕਰੇਂਦਿਆ
ਤੂੰ ਕੀ ਜਾਣੇਂ ਸਾਰ
ਧੀਆਂ ਦੁਖੜੇ ਡੂੰਘੜੇ
ਡੂੰਘੜੇ ਬੇਸ਼ੁਮਾਰ

ਅਸੀਂ ਹਾਂ ਕੂੰਜਾਂ, ਘੁੱਗੀਆਂ,
ਅਤੇ ਤਿਤਲੀਆਂ ਡਾਰ
ਤੂੰ ਘੁੰਮੇਂ ਅਮਰੀਕਾ ਯੂਰਪ
ਅਸੀਂ ਰਹੀਏ ਇੰਫਾਲ
ਵੇ ਬਾਬਲਾ! ਕਿਉਂ ਲਈ ਨਾ ਸਾਰ
ਵੇ ਬਾਬਲਾ! ਕਿਉਂ ਲਈ ਨਾ ਸਾਰ

ਯਾਦ ਰੱਖੀਂ ਪਰ..!!
ਮੈਂ ਤਾਂ ਇੱਕ ਦਿਨ ਬਣ ਜਾਵਾਂਗੀ
ਮਰਕੇ ਧਰੂ ਦਾ ਤਾਰਾ
ਆਪ ਲਿਖਾਂਗੀ ਆਪਣੀ ਕਿਸਮਤ
ਆਪ ਲਿਖੂੰ ਵਿਧਾਨ ਦੀ ਧਾਰਾ
ਕਿਉਂਕਿ..,
ਤੁਸੀਂ/ਰਾਜ ਨੇ
ਆਪਣਾ ਧਰਮ ਨਹੀਂ ਨਿਭਾਇਆ
ਮਾਪਿਆਂ ਵਾਲਾ
ਸਿਰ 'ਤੇ ਹੱਥ ਅਤੇ ਕਹਿਰਾਂ ਦੇ ਸਮਿਆਂ 'ਚ
ਨੇੜਲੇ ਸਾਕ ਵਾਲਾ।

ਪ੍ਰੋ. ਬਾਵਾ ਸਿੰਘ

## ਉੱਪਰੋਂ ਉੱਪਰੋਂ ਗਰਮ ਬੜੇ ਹਾਂ

ਉਪਰੋਂ ਉਪਰੋਂ ਗਰਮ ਬੜੇ ਹਾਂ
ਭਾਵੇਂ ਅੰਦਰੋਂ ਠਰੇ ਠਰੇ
ਨਬਜ਼ ਹੈ ਚਲਦੀ, ਸਾਹ ਨੇ ਵਗਦੇ
ਕੌਣ ਕਹੇ ਅਸੀਂ ਮਰੇ ਮਰੇ
ਕੌਣ ਕਹੇ ਅਸੀਂ ਮਰੇ ਮਰੇ।

ਕੋਈ ਕਿਸੇ ਦੇ ਮੂੰਹ ਤੇ ਮੂਤੇ
ਮੈਂ ਠੀਕ ਹਾਂ ਮੈਨੂੰ ਕੀ
ਕੋਈ ਖਿਡਾਰਨ ਕੁੜੀਆਂ ਲੁੱਟ ਲਏ
ਤੂੰ ਚੁੱਪ ਕਰ ਜਾ ਤੈਨੂੰ ਕੀ
ਅਜੇ ਲੋਕਾਂ ਨੂੰ ਨੀਂਦ ਪਿਆਰੀ
ਵੇ ਚੌਕੀਦਾਰਾ ਛੱਡ ਪਰੇ!
ਨਬਜ਼ ਹੈ ਚੱਲਦੀ, ਸਾਹ ਨੇ ਵਗਦੇ
ਕੌਣ ਕਹੇ ਅਸੀਂ ਮਰੇ ਮਰੇ।

ਮੜ੍ਹੀਏਂ, ਕਬਰੀਂ ਝੌਨਾ ਲਾ ਦਿਓ
ਘਰ ਹੀ ਬਣ ਗਏ ਮੜ੍ਹੀ ਮਸਾਣ
ਕੋਈ ਨਾ ਦਰਦ ਵੰਡਾਵਣ ਆਇਆ
ਇਕ ਦੂਜੇ ਨੂੰ ਕਹਿਣ ਮਕਾਨ
ਗੂੰਗੇ ਜ਼ਿੰਦਰੇ, ਬੱਤੀਆਂ ਗੁੱਲ ਨੇ
ਨਾਤੇਦਾਰ ਨਾ ਆਣ ਖੜ੍ਹੇ
ਨਬਜ਼ ਹੈ ਚੱਲਦੀ, ਸਾਹ ਨੇ ਵਗਦੇ
ਕੌਣ ਕਹੇ ਅਸੀਂ ਮਰੇ ਮਰੇ।


ਨਿੱਤ ਘੰਘੂਰੇ ਮਾਰ ਕੇ ਲੰਘਦੇ
ਦੱਸ ਕਿੱਥੇ ਤੇਰਾ ਜਲ੍ਹਿਆਂਵਾਲਾ
ਆਪਣਾ ਆਪ ਸੰਭਾਲ ਨਾ ਸਕਿਆ
ਬਣਦੈਂ ਦੁਨੀਆਂ ਦਾ ਰਖਵਾਲਾ
ਮਘਦੇ ਸੂਰਜ ਤੇ ਚੰਨ ਤਾਰੇ
ਫੜ ਨੇਰ੍ਹੇ ਨੇ ਕੈਦ ਕਰੇ
ਨਬਜ਼ ਹੈ ਚੱਲਦੀ ਸਾਹ ਨੇ ਵਗਦੇ
ਕੌਣ ਕਹੇ ਅਸੀਂ ਮਰੇ ਮਰੇ

ਨੈਣੀਂ ਆਏ ਹੜ੍ਹ ਵਿੱਚ ਹੜ੍ਹ ਗਏ
ਲੋਕਾਂ ਭਾਣੇ ਹੁਣ ਹੜ੍ਹ ਆਏ
ਦਿਲ ਦਰਿਆ ਸਮੁੰਦਰੋਂ ਡੂੰਘੇ
ਭੇਦ ਦਿਲਾਂ ਦੇ ਕਿਹੜਾ ਪਾਏ
ਗੋਲ ?! ਨਾਲੋਂ ਗਹਿਰੇ ਫੱਟ ਨੇ
ਜੋ ਤੰਗੀਆਂ ਨੇ ਰੋਜ਼ ਕਰੇ
ਨਬਜ਼ ਹੈ ਚੱਲਦੀ ਸਾਹ ਨੇ ਵਗਦੇ
ਕੌਣ ਕਹੇ ਅਸੀਂ ਮਰੇ ਮਰੇ

ਟਿਮਟਿਮਾਉਂਦੇ ਜੁਗਨੂੰ, ਦੀਵੇ
ਵੇਖੀਂ ਝੱਖੜਾਂ ਖਾ ਜਾਣੇ ਨੇ
ਜੇ ਨਾ ਖ਼ਲਕਤ ਖੜ੍ਹੀ ਮੈਦਾਨੇ
ਬਾਘ ਬਘੇਲੇ ਛਾ ਜਾਣੇ ਨੇ
ਉੱਠ ਵੇ ਲੋਕਾ! ਦੇਈਏ ਹੋਕਾ
ਵੀਰ ਕਵੀ ਤੇਰਾ ਅਰਜ਼ ਕਰੇ
ਨਬਜ਼ ਹੈ ਚੱਲਦੀ ਸਾਹ ਨੇ ਵਗਦੇ
ਕੌਣ ਕਹੇ ਅਸੀਂ ਮਰੇ ਮਰੇ।

- ਅਮੋਲਕ ਸਿੰਘ

## ਝੁੱਗੀਆਂ 'ਚ ਰਵੀ ਦੀ ਲੋਅ



ਲੰਮ ਸਲੰਮੀਆਂ ਗੱਡੀਆਂ ਵਾਲੇ
ਲੰਮੇ ਹੌਕੇ ਭਰਦੇ ਨੇ
ਬੈਲ ਗੱਡੀਆਂ ਵਾਲੇ ਤੱਕੋ
ਹਵਾ ਨਾ' ਗੱਲਾਂ ਕਰਦੇ ਨੇ।

ਸੋਨਾ, ਪੌਂਡ ਤੇ ਡਾਲਰ ਵਾਲੇ
ਹੱਸਣਾ ਭੁੱਲ ਗਏ ਲੱਗਦੇ ਨੇ
ਗੱਡੀਆਂ ਵਾਲੇ ਸਿੱਧੇ ਸਾਦੇ
ਚਿਹਰੇ ਕਿੱਦਾਂ ਦਗ਼ਦੇ ਨੇ

ਸਤਰੰਗੀ ਫੁਲਕਾਰੀ ਸਾੜੀ
ਇੱਕ ਰੰਗ ਦੇ ਵਿਚ ਕੀ ਰੱਖਿਐ
ਜਿਹੜੇ ਇੱਕੋ ਰੰਗ ਦੇ ਸ਼ੌਂਕੀ
ਉਹਨਾਂ ਜੱਗ ਤੇ ਕੀ ਖੱਟਿਐ।

ਭਗਵੇਂ ਰੰਗ ਤੇ ਮਾਣ ਕਰੇਂ ਤੂੰ
ਵੇਖ ਤੂੰ ਰੰਗ ਫੁਲਕਾਰੀ ਦਾ।
ਮਰਜੇਂਗਾ ਇੱਕ ਰੰਗ 'ਚ ਡੁੱਬ ਕੇ
ਬਹੁਤਾ ਨਹੀਂ ਹੰਕਾਰੀ ਦਾ।

ਸਾਡੇ ਨੈਣ ਤਾਂ ਟਿੱਚ ਜਾਣਦੇ
ਤੇਰੇ ਓਏ ਦਰਬਾਰਾਂ ਨੂੰ।
ਸਾਥੋਂ ਹਾਸੀ ਰੋਕ ਨਾ ਹੋਵੇ
ਰੋਂਦੇ ਤੱਕ ਸ਼ਾਹੂਕਾਰਾਂ ਨੂੰ।

ਨਗ ਮੁੰਦਰੀ ਵਿਚ ਜੜਿਐ
ਤਾਂ ਜੋ 'ਨਜ਼ਰ' ਨਾ ਤੇਰੀ ਲੱਗ ਜਾਵੇ।
ਵੱਡਿਆ ਸ਼ਾਹੂਕਾਰਾ ਤੈਨੂੰ
ਝੋਰਾ ਮਾਇਆ ਦਾ ਖਾਵੇ।

ਚੁੱਕ ਕੈਮਰਾ 'ਰਵੀ' ਅਸਾਡਾ
ਝੁੱਗੀਆਂ ਦੇ ਵਿਚ ਆ ਜਾਂਦਾ।
ਅੰਬਰ ਦੇ ਇਹ 'ਰਵੀ' ਤੋਂ ਪਹਿਲਾਂ
ਝੁੱਗੀਆਂ ਨੂੰ ਰੁਸ਼ਨਾ ਜਾਂਦਾ।

- ਅਮੋਲਕ ਸਿੰਘ
ਕੈਮਰਾ: ਰਵਿੰਦਰ ਰਵੀ

## ਮਨੀਪੁਰ ਦੇ ਵਿੱਚ ਵੇਖੋ




ਮਨੀਪੁਰ ਦੇ ਵਿੱਚ ਵੇਖੋ, ਹੱਦੋਂ ਵੱਧ ਹੋ ਗਈ!
ਔਰਤਾਂ ਉੱਤੇ ਜ਼ੁਲਮਾਂ ਦੀ ਹੁਣ ਹੱਦ ਹੋ ਗਈ!

ਕੁਝ ਪਸ਼ੂਆਂ ਨੇ ਦਿੱਟੇ ਦਿਨ ਹੀ ਕਹਿਰ ਕਮਾਇਆ!
ਨਗਨ ਅਵਸਥਾ ਦੇ ਵਿੱਚ ਪਿੰਡੋਂ ਸ਼ਹਿਰ ਘੁਮਾਇਆ!
ਸ਼ਰਮ ਹਿਆ ਜਿਵੇਂ ਵਿੱਚ ਜ਼ਮੀਂ ਦੇ ਗੱਡ ਹੋ ਗਈ!
ਔਰਤਾਂ ਉੱਤੇ ਜ਼ੁਲਮਾਂ ਦੀ ਹੁਣ ਹੱਦ ਹੋ ਗਈ!

ਵੇਖਿਆ ਨਹੀਂ ਸੀ ਜਾਂਦਾ, ਰੂਹ ਵੀ ਕੰਬ ਰਹੀ ਸੀ,
ਭੀੜ 'ਉਹਨਾਂ' ਦੀ ਅਸਮਤ ਸੂਲੀ ਟੰਗ ਰਹੀ ਸੀ!
ਪੁਰਸ਼ਾਂ ਦੇ ਝਗੜੇ ਵਿੱਚ ਔਰਤ 'ਚੱਥ' ਹੋ ਗਈ!
ਮਨੀਪੁਰ ਦੇ ਵਿੱਚ ਜ਼ੁਲਮਾਂ ਵਾਲੀ ਹੱਦ ਹੋ ਗਈ!

ਜਿਸ ਔਰਤ ਨੂੰ ਦੇਵੀ ਦਾ ਅਵਤਾਰ ਏਹ ਕਹਿੰਦੇ!
ਉਸੇ ਔਰਤ ਨੂੰ ਵਾਂਗ ਭੇਡੀਆਂ ਟੁੱਟਕੇ ਪੈਂਦੇ!
ਭਾਰਤ ਮਾਂ ਅੱਜ ਆਪਣਿਆਂ ਤੋਂ ਠੱਗ ਹੋ ਗਈ!
ਔਰਤਾਂ ਉੱਤੇ ਜ਼ੁਲਮਾਂ ਦੀ ਹੁਣ ਹੱਦ ਹੋ ਗਈ!

ਮੀਰਪੁਰੀ ਜੋ 'ਮਨ ਦੀ ਬਾਤ' ਸੁਣਾਉਂਦੇ ਰਹਿੰਦੇ!
ਵਿਸ਼ਵ ਗੁਰੂ ਹੈ ਆਪਾਂ, ਟੌਹਰ ਬਣਾਉਂਦੇ ਰਹਿੰਦੇ!
ਬੇਦੀ ਤੋਂ ਅੱਜ ਗਾਲ? ਤੁਸਾਂ ਨੂੰ ਕੱਢ ਹੋ ਗਈ!
ਔਰਤਾਂ ਉੱਤੇ ਜ਼ੁਲਮਾਂ ਦੀ ਜਦ ਹੱਦ ਹੋ ਗਈ..?

ਬੇਦੀ ਮੀਰਪੁਰੀ

## ਸਰਾਪਿਆ ਵਰਦਾਨ

ਮੇਰੀ ਚੁੱਪ ਦਾ ਸ਼ੋਰ ਮਰ ਗਿਆ
ਔਰਤ ਹੋਣ ਦੀ ਜੂਨੋਂ ਡਰ ਗਿਆ
ਰੂਹ ਦੀ ਚੀਕ ਵਲਵਲੇ ਖਾਵੇ
ਮਰਦ ਦੀ ਜਨਨੀ ਕੁੱਖ ਕੁਰਲਾਵੇ
ਕਿਉਂ ਕੀਤਾ ਮੈਂ ਪੈਦਾ ਇਸ ਨੂੰ
ਭੁੱਖ ਮੇਰੇ ਹੀ ਜਿਸਮ ਦੀ ਜਿਸ ਨੂੰ,
ਔਰਤ, ਜਨਨੀ, ਮਾਂ ਦਾ ਹੋਣਾ
ਮੁੱਕਿਆ ਸਭ
ਰਿਹਾ ਦੇਹ ਦਾ ਰੋਣਾ
ਰੱਬਾ!
ਕਿਹੜੇ ਮੈਂ ਦੇਣੇ ਲੇਖੇ
ਤਨ ਨੂੰ ਛੱਡ ਕੋਈ ਮਨ ਤਾਂ ਦੇਖੇ
ਮੈਂ ਰੂਪ ,ਰੰਗ ਕੋਈ ਅੰਗ ਨਾ ਚਾਹੁੰਦੀ
ਕਿਵੇਂ ਇੱਜ਼ਤ ਬਚਾਵਾਂ
ਕੋਈ ਢੰਗ ਨਾ ਚਾਹੁੰਦੀ
ਮੈਂ ਇਕੱਲੀ ਬਹੁਤ
ਕੋਈ ਸੰਗ ਨਾ ਚਾਹੁੰਦੀ
ਸਰਾਪ ਬਣ ਗਿਆ ਵਰਦਾਨ ਹਰ ਤੇਰਾ
ਕੁੱਖ ਹੋਵੇ ਜਾਂ ਜਿਸਮ ਇਹ ਮੇਰਾ
ਮੈਂ ਕਰੂਪ ਚੰਗੀ
ਮੇਰਾ ਰੂਪ ਵਿਗਾੜ ਦੇ
ਜੇ ਰਾਕਸ਼ ਜੰਮੇ
ਮੇਰੀ ਕੁੱਖ ਉਜਾੜ ਦੇ

ਜੇ ਰਾਕਸ਼ ਜੰਮੇ
ਮੇਰੀ ਕੁੱਖ ਉਜਾੜ ਦੇ।

ਸੁਖਜੀਤ ਸਿਮਰਨ

## ਮਲਕੀਤ ਕੌਰ ਸੰਗਰੂਰ ਦੀਆਂ ਦੋ ਕਵਿਤਾਵਾਂ



### ਬਾਲ ਮਜ਼ਦੂਰ

ਸਵਖਤੇ ਜਦੋਂ ਲੋਕੀ ਹੁੰਦੇ ਸੁੱਤੇ
ਪਰ ਹੁੰਦੇ ਬਾਲ ਮਜ਼ਦੂਰ ਨੇ ਉਠੇ
ਮੂੰਹ ਨੂੰ ਪਾਣੀ ਚਾਹ ਵੀ ਨਾ ਲਾਉਂਦੇ
ਕੁਝ ਉਨੀਂਦਰੇ ਜਿਹੇ ਰਹਿੰਦੇ
ਜੀਅ ਨਾ ਚੁਰਾਉਂਦੇ
ਕਦੀ ਨਾਂਗਾ ਵੀ ਨਾ ਪਾਉਂਦੇ
ਚੁੱਕ ਝੋਲੇ ਤੁਰ ਪੈਂਦੇ,
ਇਹ ਰੱਦੀ ਚੀਜ਼ਾਂ ਨੇ ਭਾਲਦੇ
ਕੂੜੇ ਦੇ ਢੇਰਾਂ 'ਚੋਂ,
ਭਵਿੱਖ ਆਪਣਾ ਨੇ ਇਹ ਭਾਲਦੇ

ਰੱਖਣ ਸੁਪਨੇ ਤੇ ਉਮੰਗਾਂ,
ਸੋਚਦੇ ਨੇ ਕਿ ਮੈਂ ਛੇਤੀ ਅੱਗੇ ਲੰਘਾਂ
ਭਾਰ, ਢੂੰਡੀਆਂ ਮੋਢਿਆਂ ਤੇ ਹੁੰਦਾ
ਹਾਲ ਹੁੰਦਾ ਬੜਾ ਹੈ ਮੰਦਾ
ਢਿੱਡ ਤੇ ਰੋਜ਼ੀ ਰੋਟੀ ਲਈ
ਪੂਰੇ ਹੱਥ ਪੈਰ ਨੇ ਇਹ ਮਾਰਦੇ
ਵੱਡਿਆਂ ਵਾਂਗੂ ਰੱਖ ਸਿਰੜ
ਮਸ਼ਕਤ ਘਾਲ ਕਮਾਈ ਨੇ ਘਾਲਦੇ
ਕੂੜੇ ਦੇ ਢੇਰਾਂ 'ਚੋਂ,
ਭਵਿੱਖ ਆਪਣਾ ਨੇ ਇਹ ਭਾਲਦੇ
ਪੜ੍ਹਨਾ, ਲਿਖਣਾ, ਖੇਡਣਾ, ਟੱਪਣਾ, ਮੰਗਾਂ
ਸਭ ਆਪਣੀਆਂ ਨੇ ਇਹ ਮਾਰਦੇ
ਅਰਮਾਨ ਦਿਲ 'ਚ ਸਜਾਉਂਦੇ
ਪਰ ਗਰੀਬੀ ਅੱਗੇ ਹਾਰਦੇ
ਸੱਚੇ ਸੁੱਚੇ ਭੋਲੇ ਭਾਲੇ
ਪਾਰਖੂ ਨੇ ਇਹ ਜਾਪਦੇ
ਕਮਾਊ ਹੱਥ ਨੇ ਇਹ ਬਣਦੇ
ਬਾਲ ਮਜ਼ਦੂਰ ਨੇ ਇਹ ਮਾਂ ਬਾਪ ਦੇ
ਖ਼ੁਦ ਚਾਹੇ ਹੁੰਦੇ ਨੇ ਨਿੱਕੇ ਬੱਚੇ
ਪਰ ਪਰਿਵਾਰ ਨੇ ਇਹ ਪਾਲਦੇ
ਕੂੜੇ ਦੇ ਢੇਰਾਂ 'ਚੋਂ,
ਭਵਿੱਖ ਆਪਣਾ ਨੇ ਇਹ ਭਾਲਦੇ

ਕਦੀ ਰੱਜੇ, ਕਦੀ ਭੁੱਖੇ,
ਥੋੜ੍ਹਾ ਹੀ ਇਹ ਖਾਂਵਦੇ
ਜਾਂਦੇ ਨੇ ਸੁਵਖਤੇ,
ਤੇ ਸ਼ਾਮ ਨੂੰ ਨੇ ਆਂਵਦੇ
ਨਾ ਜਨਮ ਦਿਨ, ਨਾ ਤਿਉਹਾਰ,
ਨਾ ਲੋਕਤੰਤਰ ਬਾਰੇ ਨੇ ਜਾਣਦੇ
ਕਦੀ ਕਦੀ ਮਨੋਂ ਚੀਸ ਜਿਹੀ ਉਠੇ
ਅਸੀਂ ਤਾਂ ਬਚਪਨ ਵੀ ਨਹੀਂ ਮਾਣਦੇ
ਉਮਰੋਂ ਪਹਿਲਾਂ ਸਿਆਣੇ ਹੁੰਦੇ
ਸ਼ੌਕ ਅੰਦਰੋਂ ਅੰਦਰੀ ਨੇ ਇਹ ਮਾਰਦੇ
ਕੂੜੇ ਦੇ ਢੇਰਾਂ 'ਚੋਂ,
ਭਵਿੱਖ ਆਪਣਾ ਨੇ ਇਹ ਭਾਲਦੇ।

• • •

### ਇਨਸਾਨਾਂ ਤੋਂ ਚੰਗੇ

ਉੱਡਦੇ ਅਸਮਾਨ 'ਚ ਅਸੀਂ ਤਾਂ ਪੰਛੀ ਪਰਿੰਦੇ
ਸ਼ੁਕਰ ਕੁਦਰਤ ਦਾ ਅਸੀਂ ਨਹੀਂ ਬਣਾਏ ਬੰਦੇ
ਜਾਤੀ ਭੇਦ ਭਾਵ ਦੇ ਰੰਗ 'ਚ ਨਹੀਂ ਗਏ ਰੰਗੇ
ਬੇਖ਼ਬਰ, ਆਜ਼ਾਦ ਹੱਦੋਂ ਪਾਰ ਜਾਂਦੇ ਅਸੀਂ ਲੰਘੇ
ਨਾ ਕੋਈ ਇਸ਼ਟ ਮਜ਼੍ਹਬਾਂ ਵਿਚ ਅਸੀਂ ਹਾਂ ਵੰਡੇ
ਨਾ ਇਨਸਾਨਾਂ ਵਾਂਗ ਕਰਦੇ ਅਸੀਂ ਕੋਈ ਦੰਗੇ
ਹੁੰਦੇ ਅਸੀਂ ਜੇ, ਵਰਣਾਂ ਜਾਤੀਆਂ ਦੇ ਵਿਚ ਵੰਡੇ
ਹੁੰਦੇ ਸਾਡੇ ਵੀ ਆਸਮਾਨ ਧਰਤੀ 'ਤੇ ਖ਼ੂਨੀ ਦੰਗੇ
ਰੱਬ ਤੇਰਾ ਨਹੀਂ ਮੇਰਾ ਏ, ਹੁੰਦੇ ਨਿੱਤ ਸਾਡੇ ਪੰਗੇ
ਸ਼ੁਕਰ ਦਾਤਿਆ! ਅਸੀਂ ਤਾਂ ਇਨਸਾਨਾਂ ਤੋਂ ਚੰਗੇ।

-ਮਲਕੀਤ ਕੌਰ ਸੰਗਰੂਰ
9463067521

## ਦਰਯੋਧਨ

ਵਹਿਸ਼ੀ ਦਰਿੰਦਿਆਂ ਨੇ ਮਾਤ ਪਾ ਦਿੱਤੀ ,
ਉਹ ਤਾਂ ਨਹੀਂ ਕਰ ਸਕਿਆ
ਦਰੋਪਦੀ ਨੂੰ ਨਿਰ-ਵਸਤਰ,
ਨਾ ਹੀਂ ਕਰ ਸਕਿਆ ਚੀਰਹਰਨ
ਤੜਫਦੀਆਂ ਰਹੀਆਂ ਉਸ ਦੀਆਂ ਜੰਘਾਂ
ਦਰੋਪਦੀ ਨੂੰ ਲੈਣ ਲਈ ਆਗੋਸ਼ 'ਚ
'ਕਰੁਣਾਨਿਧੀ' ਨੇ ਬਚਾ ਲਈ
ਦਰੋਪਦੀ ਦੀ ਅਸਮਤ।
ਚੂਰ ਚੂਰ ਹੋ ਗਏ
ਦੁਰਯੋਧਨ ਦੇ ਦੁਸ਼ਟ ਇਰਾਦੇ।
ਲੱਜਿੱਤ ਹੋ ਦੇਖ ਰਹੇ ਸਨ ,
ਅਦੁੱਤੀ ਦ੍ਰਿਸ਼
ਮਹਾਂਬਲੀ ਮਹਾਂਰਿਸ਼ੀ ਅਤੇ ਭੀਸ਼ਮ ਪਿਤਾਮਾ,
ਬਚ ਗਿਆ ਮਹਾਂ ਕਲੰਕ।

ਹੁਣ ਸੁੱਕ ਗਿਆ ਦਇਆ ਸਾਗਰ?
ਆਲੋਪ ਹੋ ਗਏ ਹਨ
ਸਾਰੇ ਭਗਵਾਨ,
ਜਾਂ ਹੋ ਗਏ ਗੂੰਗੇ ਬਹਿਰੇ,
ਅੰਨੇ-ਅਪਾਹਜ
ਅਤੇ ਸ਼ਕਤੀ ਹੀਨ।
ਅਲਫ ਨੰਗੀਆਂ ਔਰਤਾਂ ਦਾ,
ਨਿਰਮਮ ਜਲੂਸ,
ਉਹਨਾਂ ਦੇ ਜਿਸਮਾਂ ਨਾਲ,
ਹੋਇਆ ਸ਼ਰਮਨਾਕ
ਜਨਤਕ ਕੁਕਰਮ,
ਨੋਚਿਆ ਮਾਸ,
ਨਹੀਂ ਦਿੱਖ ਰਿਹਾ
ਕਿਸੇ ਭਗਵਾਨ ਨੂੰ ,
ਪੀਰਾਂ, ਫਕੀਰਾਂ,
ਸੂਰਵੀਰਾਂ,
ਮਹਾਂਰਥੀਆਂ,
ਮਹਾਨ ਅਵਤਾਰਾਂ
ਪੈਗੰਬਰਾਂ ਦੀ
ਜਨਨੀ ਧਰਤੀ ਨੂੰ।

ਉਹ ਸੱਚ!
ਨਗਨ ਕੀਤੀਆਂ ਔਰਤਾਂ ਤਾਂ
ਦਰੋਪਦੀਆਂ ਨਹੀਂ,
ਨਾ ਉਹ ਚੰਦਰ ਵੰਸ਼ੀ ਹਨ,
ਨਾ ਸੂਰਜ ਵੰਸ਼ੀ।
ਉਹ ਤਾਂ ਜੰਗਲ ਵੰਸ਼ੀ ਹਨ,
ਏਕਲਵਯ ਵੰਸੀ ਹਨ,
ਆਦਿ ਵਾਸੀ ਹਨ,
ਨਹੀਂ ਛੱਡ ਰਹੀਆਂ
ਜਲ, ਜੰਗਲ, ਜ਼ਮੀਨ।

• • •

## ਰਚ ਦਿੱਤਾ ਨਵਾਂ ਇਤਿਹਾਸ

ਸਿਰ ਲੱਥ ਕੁੜੀਆਂ ਨੇ।
ਖ਼ਾਕੀ ਸੰਗੀਨਾਂ ਅਤੇ ਜ਼ਾਬਰ ਬੂਟਾਂ ਹੇਠ
ਦਹਾੜਦੀ ਗੂੰਜ ਨੇ ਤਰਥੱਲੀ ਮਚਾ ਦਿੱਤੀ ਹੈ।
ਤਾਰ ਤਾਰ ਕਰ ਦਿੱਤਾ
ਬਘਿਆੜਾਂ ਦਾ ਖ਼ੂੰਖਾਰ ਚਿਹਰਾ।
ਦਿਖਾ ਦਿੱਤਾ
ਉਲੰਪਿਕ 'ਚ ਜੌਹਰ ਦਿਖਾਉਂਦੀਆਂ ਸ਼ੀਹਣੀਆਂ
ਜੰਗ ਦੇ ਮੈਦਾਨ 'ਚ ਵੀ
ਦਿਖਾ ਸਕਦੀਆਂ ਹਨ ਜਲਵੇ
ਦਿਖਾ ਦਿੱਤਾ
ਜਿਸਮਾਂ ਦੇ ਭੁੱਖੇ,
ਕਾਮੀ ਸੁਦਾਗਰਾਂ ਨੂੰ,
ਚੰਡੀ ਦਾ ਰੂਪ।
'ਸਵਾ ਲਾਖ ਸੇ ਏਕ ਲੜਾਊਂ'
ਵਰਗਾ ਠਾਠਾਂ ਮਾਰਦਾ ਜਜ਼ਬਾ
ਚੂਰ-ਚੂਰ ਕਰ ਦਿੱਤਾ
ਮਦਹੋਸ਼ ਸਲਤਨਤ ਦਾ ਨਸ਼ਾ।
ਭਰਮ 'ਚ ਹਨ ਜ਼ਾਬਰ
ਕਿ ਨਤਮਸਤਕ ਹੋ ਜਾਣਗੀਆਂ,
ਗੋਡੇ ਟੇਕ ਦੇਣਗੀਆਂ,
ਉਨ੍ਹਾਂ ਦੇ ਆਗੋਸ਼ 'ਚ ਬੈਠਣ
ਲਈ ਬੇਵਸ ਹੋ ਜਾਣਗੀਆਂ।
ਇਹ ਕੁੜੀਆਂ।
ਉਹ ਤਾਂ ਝੂਮ ਰਹੇ ਸਨ
ਖਿੜਖਿੜ ਦੇਖ ਰਹੇ ਸਨ
ਕੁੜੀਆਂ ਦੀਆਂ ਅੱਖਾਂ 'ਚ ਵਹਿੰਦੇ ਹੰਝੂ,
ਮਦਦ ਲਈ ਗੁਹਾਰ ਲਾਉਂਦੀਆਂ
ਬੇਵਸ ਕੁੜੀਆਂ
ਜਾਪ ਖੜਕਾ ਰਹੇ ਸਨ
ਪਰ ਇਹ ਹੰਝੂ ਕਿਸੇ ਸਮਰਿਤੀ ਦੇ ਰਮਾਇਣ
'ਚ ਬਹਾਏ
ਗਲੈਸਰੀਨ ਦੇ ਹੰਝੂ ਨਹੀਂ ਹਨ।
ਬੜੀ ਤਾਕਤ ਹੁੰਦੀ ਹੈ ਨਾਰੀ ਦੇ ਹੰਝੂਆਂ 'ਚ।
ਨਹੀਂ ਪਤਾ ਜਰਵਾਣਿਆਂ ਨੂੰ,
ਜਦੋਂ ਧਰਤੀ ਬੇਚੈਨ ਹੁੰਦੀ ਹੈ
ਤਾਂ ਭੂਚਾਲ ਆਉਂਦੇ ਨੇ,
ਜਲਜਲੇ ਆਉਂਦੇ ਨੇ,
ਜਵਾਲਾ ਮੁਖੀ ਫੱਟਦੇ ਨੇ।

ਜੋਗਿੰਦਰ ਆਜ਼ਾਦ

ਇਨਕਲਾਬੀ, ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ, ਤਰਕਸ਼ੀਲ, ਵਿਗਿਆਨਕ, ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਕੈਨੇਡਾ ਅੰਦਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਨਿੱਘਰ ਰਹੀ ਹਾਲਤ

## *ਇੱਕ ਸੰਘਰਸ਼ਸ਼ੀਲ ਵਿਦਿਆਰਥੀ ਜਥੇਬੰਦੀ ਦੀ ਉਸਾਰੀ ਸਮੇਂ ਦੀ ਅਹਿਮ ਲੋੜ*


ਕੈਨੇਡਾ ਅੰਦਰ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦਾ ਆਵਾਸ ਲਗਾਤਾਰ ਜਾਰੀ ਹੈ। ਲੱਖਾਂ ਦੀ ਗਿਣਤੀ ਵਿੱਚ ਹਰ ਸਾਲ ਦੱਖਣੀ ਏਸ਼ੀਆ ਦੇ ਮੁਲਕਾਂ ਖਾਸ ਕਰ ਭਾਰਤ ਅਤੇ ਚੀਨ ਤੋਂ ਵਿਦਿਆਰਥੀ ਇੱਥੇ ਪੜ੍ਹਾਈ ਤੋਂ ਬਾਅਦ ਪੱਕੇ ਨਿਵਾਸ ਲਈ ਆਵਾਸ ਕਰ ਰਹੇ ਹਨ। ਜਿਨ੍ਹਾਂ 'ਚੋਂ 90 ਫੀਸਦ ਪੰਜਾਬ ਅਤੇ ਹੋਰ ਉੱਤਰੀ ਭਾਰਤ ਦੇ ਰਾਜਾਂ ਚੋਂ ਹਨ।

ਆਪਣੇ ਮਾਪਿਆਂ ਦੀ ਜਮਾਂ ਪੂੰਜੀ ਲਾ ਕਿ ਜਾਂ ਕਰਜੇ ਚੁੱਕ ਕੇ ਉੱਜਵਲ ਭਵਿੱਖ ਦੀ ਕਾਮਨਾ ਵਿੱਚ ਇੱਥੇ ਆਏ ਏਹ ਅੰਤਰ-ਰਾਸ਼ਟਰੀ ਵਿਦਿਆਰਥੀ ਅੱਜ ਬੜੇ ਗੰਭੀਰ ਸੰਕਟ ਵਿੱਚ ਹਨ। ਮਾਂ-ਬਾਪ ਅਤੇ ਰਿਸ਼ਤੇਦਾਰ ਉਹਨਾਂ ਦੀ ਇੱਥੇ ਨਿੱਘਰ ਰਹੀ ਹਾਲਤ ਤੋਂ ਬੇਖ਼ਬਰ ਹਨ।

ਏਜੰਟਾਂ ਦੀ ਠੱਗੀ ਦਾ ਸ਼ਿਕਾਰ ਹੋਏ ਸੈਂਕੜੇ ਵਿਦਿਆਰਥੀ 4-5 ਸਾਲ ਇੱਥੇ ਅਪਣਾ ਸਮਾਂ ਅਤੇ ਪੈਸੇ ਬਰਬਾਦ ਕਰ ਕਿ ਵੀ deportations ਦਾ ਸਾਹਮਣਾ ਕਰ ਰਹੇ ਹਨ। ਨਵੇਂ ਆਏ ਵਿਦਿਆਰਥੀ ਕੰਮ ਲਈ ਸਾਰਾ ਦਿਨ ਕੰਮ ਮਾਲਕਾਂ ਦੇ ਚੱਕਰ ਮਾਰ ਕਿ ਸ਼ਾਮ ਨੂੰ ਖ਼ਾਲੀ ਹੱਥ ਵਾਪਸ ਪਰਤ ਆਉਂਦੇ ਹਨ। ਜੋ ਕਿਤੇ ਪੁਰਾਣੇ ਕੰਮ ਤੇ ਲੱਗੇ ਵੀ ਹੋਏ ਹਨ ਉਹ ਵੀ ਕੰਮ ਮਾਲਕਾਂ ਵਲੋਂ ਪੱਕੇ ਆਵਾਸ ਲਈ ਪੇਪਰ ਲੈਣ ਦੀ ਮਜਬੂਰੀ ਕਰਕੇ ਅਤਿ ਔਖੇ ਹਲਾਤਾਂ ਵਿੱਚ ਕੰਮ ਕਰ ਰਹੇ ਹਨ। ਜਿਸ ਵਿੱਚ ਕਿਸੇ ਵੀ ਵੇਲੇ ਕੰਮ ਤੋਂ ਕੱਢੇ ਜਾਣ ਦਾ ਤੌਖਲਾ ਬਣਿਆ ਰਹਿੰਦਾ ਹੈ। ਕੰਮ ਤੇ ਲੱਗੀ ਸੱਟ ਲਈ ਮਾਲਕ ਕੋਈ ਜਿੰਮੇਵਾਰੀ ਨਹੀਂ ਲੈਂਦਾ ਸਗੋਂ ਛੁੱਟੀ ਕਰਨ ਕਾਰਨ ਆ ਰਹੀ ਘੱਟੋ ਘੱਟ ਆਮਦਨ ਵੀ ਬੰਦ ਹੋ ਜਾਂਦੀ ਹੈ।

ਰਿਹਾਇਸ਼ ਦਾ ਸਵਾਲ ਬੜਾ ਗੰਭੀਰ ਹੁੰਦਾ ਜਾ ਰਿਹਾ ਹੈ। ਇੱਕ ਕਮਰੇ ਵਿੱਚ ਦੋ ਵਿਦਿਆਰਥਆਂ ਦੇ ਰਹਿਣ ਦਾ ਖ਼ਰਚਾ ਵੀ 500 ਡਾਲਰ ਪ੍ਰਤੀ ਵਿਅਕਤੀ (30 ਹਜ਼ਾਰ ਰੁਪਏ) ਹੋ ਚੁੱਕਾ ਹੈ। ਬਹੁਤ ਸਾਰੇ ਵਿਦਿਆਰਥੀਆਂ ਦੇ ਪੁਲਾਂ ਦੇ ਹੇਠਾਂ ਅਤੇ ਸ਼ਾਪਿੰਗ plazyan ਦੇ ਬਰਾਂਡਿਆਂ ਚ ਸੌਂਣ ਦੀਆਂ vedios ਵੀ viral ਹੋ ਚੁੱਕੀਆਂ ਹਨ. ਹਰ ਚੀਜ਼ ਚ ਹੋਈ ਮਹਿੰਗਾਈ ਨੇ ਜਿੱਥੇ ਆਮ ਆਦਮੀ ਦਾ ਕਚੂੰਬਰ ਕੱਢਿਆ ਪਿਆ ਹੈ ਉੱਥੇ ਹਫ਼ਤੇ ਵਿੱਚ 20 ਘੰਟੇ ਕੰਮ ਕਰ ਰਹੇ ਵਿਦਿਆਰਥੀਆਂ ਲਈ ਏਹ ਹੋਰ ਵੀ ਆਫਤ ਵਰਗਾ ਹੈ। ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਅਤੇ ਹਾਰਟ ਅਟੈਕ ਦੇ ਵੱਧ ਰਹੇ ਅੰਕੜੇ ਹੋਰ ਵੀ ਪ੍ਰੇਸ਼ਾਨ ਕਰਨ ਵਾਲੇ ਹਨ। ਸਰਕਾਰਾਂ ਆਪਣੀ ਸ਼ਾਤਰ ਚਾਲ ਖੇਡ ਕਿ ਮੈਦਾਨ ਦੇ ਬਾਹਰ ਬੈਠ ਤਮਾਸ਼ਾ ਦੇਖ ਰਹੀਆਂ ਹਨ। ਲੱਖਾਂ ਡਾਲਰ ਇਨ੍ਹਾਂ ਸਰਕਾਰਾਂ ਦੀ ਝੋਲੀ ਪਾ ਕਿ ਆਏ ਏਹ ਵਿਦਿਆਰਥੀ ਆਵਾਸੀ ਬਹੁਕੌਮੀ ਕਾਰਪੋਰੇਸ਼ਨਾਂ ਦੇ ਸਟੋਰਾਂ ਵਿੱਚ ਸਸਤੀ ਤੇ ਵਾਧੂ ਕਿਰਤ ਵਜੋਂ ਵੀ ਵਰਤੇ ਜਾ ਰਹੇ ਹਨ ਜਿਨ੍ਹਾਂ ਦੇ ਕਿਸੇ ਵੀ ਨੁਕਸਾਨ ਦੀ ਭਰਪਾਈ ਜਾਂ ਕੰਮ ਸੁੱਰਖਿਆ ਦੀ ਜਿੰਮੇਵਾਰੀ ਤੋਂ ਸਰਕਾਰਾਂ ਭਗੋੜੀਆ ਹੋ ਚੁੱਕੀਆਂ ਹਨ।

ਅਜਿਹੇ ਹਲਾਤ ਕੈਨੇਡਾ ਭਰ 'ਚ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀ ਇੱਕ ਸੰਘਰਸਸ਼ੀਲ ਜੱਥੇਬੰਦੀ ਦੀ ਉਸਾਰੀ ਦੀ ਮੰਗ ਕਰ ਰਹੇ ਹਨ। ਜੋ ਹਕੀਕੀ ਰੂਪ ਵਿਚ ਵਿਦਿਆਰਥੀਆਂ ਦੇ ਮਸਲਿਆਂ ਨਾਲ ਰੂ-ਬਰੂ ਹੋ ਕਿ ਘੂਕ ਸੁੱਤੀਆਂ ਸਰਕਾਰਾਂ ਖਿਲਾਫ ਸੰਘਰਸ਼ ਦੇ ਮੈਦਾਨ ਮੱਲੇ ਅਤੇ ਵਿਦਿਆਰਥੀਆਂ ਦੀ ਇਸ ਨਿੱਘਰ ਰਹੀ ਹਾਲਤ ਨੂੰ ਸੁਧਾਰ ਸਕੇ। ਅਸੀਂ United migrant front Vencouver ਵਲੋਂ ਇਥੋਂ ਦੇ ਸ਼ਹਿਰਾਂ ਦੇ ਕਾਲਜਾਂ ਵਿੱਚ ਜਾ ਕੇ ਉਥੋਂ ਦੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਸੁਣ ਰਹੇ ਹਾਂ ਜਿਸ ਵਿਚੋਂ ਸਾਹਮਣੇ ਆਇਆ ਹੈ ਕਿ




- ਆਏ ਸਾਲ ਵੱਧ ਰਹੀਆਂ ਫੀਸਾਂ ਉਹਨਾਂ ਨੂੰ ਪ੍ਰੇਸ਼ਾਨ ਕਰ ਰਹੀਆਂ ਹਨ ਅਤੇ ਉਹ ਹੱਡ ਭੰਨਵਾਂ ਕੰਮ ਕਰ ਕਿ ਵੀ ਫੀਸਾਂ ਭਰਨ ਤੋਂ ਅਸਮਰੱਥ ਹੁੰਦੇ ਜਾ ਰਹੇ ਹਨ।
- ਰਿਹਾਇਸ਼ ਦੇ ਖਰਚੇ ਉਹਨਾਂ ਦੇ ਵਸੋਂ ਬਾਹਰ ਹੁੰਦੇ ਜਾ ਰਹੇ ਹਨ।
- ਕੰਮਾਂ ਤੇ ਵਾਧੂ ਲੇਬਰ ਹੋਣ ਕਰਕੇ ਉਹਨਾਂ ਨੂੰ ਮੁਸ਼ਕਲ ਕੰਮ ਹਲਾਤਾਂ ਵਿਚ ਵੀ ਕੰਮ ਕਰਨਾ ਪੈ ਰਿਹਾ ਹੈ।
- ਨਵੇਂ ਵਿਦਿਆਰਥੀਆਂ ਨੂੰ ਕੰਮ ਹੀ ਨਹੀਂ ਮਿਲ ਰਿਹਾ।
- ਕਨੈਡਾ ਦੇ ਵਿਦਿਆਰਥੀਆਂ ਦੇ ਮੁਕਾਬਲੇ ਉਹਨਾਂ ਤੋਂ ਤਿੰਨ ਗੁਣਾ ਵੱਧ ਫੀਸਾਂ ਵਸੂਲੀਆਂ ਜਾ ਰਹੀਆਂ ਹਨ।
- ਕੰਮ ਮਾਲਕ ਕੰਮ ਕਰਵਾ ਕਿ ਤਨਖਾਹ ਹੇਠਾਂ ਰੱਖਦੇ ਹਨ ਅਤੇ ਛੱਡਣ ਤੇ ਤਨਖਾਹ ਹੜੱਪ ਜਾਂਦੇ ਹਨ।
- ਪੱਕੇ ਆਵਾਸ ਲਈ ਪੇਪਰ ਦੇਣ ਦੇ ਬਦਲੇ ਕੰਮ ਮਾਲਕ ਉਹਨਾਂ ਦਾ ਆਰਥਿਕ ਸੋਸ਼ਣ ਕਰਦੇ ਹਨ।

ਸੋ ਦੋਸਤੋ ਵਿਦਿਆਰਥੀ ਮਸਲਿਆਂ ਤੇ ਲਗਾਤਾਰਤਾ ਨਾਲ ਲਿਖਦੇ ਰਹਾਂਗੇ ਤੇ ਇੱਕ ਸੰਘਰਸ਼ੀਲ ਵਿਦਿਆਰਥੀ ਜੱਥੇਬੰਦੀ ਦੀ ਉਸਾਰੀ ਲਈ ਯਤਨਸ਼ੀਲ ਰਹਾਂਗੇ। ਕਿਰਪਾ ਕਰਕੇ ਅਪਣੇ ਵਿਚਾਰ ਜਰੂਰ ਸਾਂਝੇ ਕਰਿਓ।


**Kulwinder Singh jossan**
**UNITED MIGRANT FRONT**




HARCHARAN PARHAR
We provide following insurance services:
AUTO | HOME | BUSINESS
COMMERCIAL AUTO | COMMERCIAL PROPERTY
RENTAL PROPERTY LIABILITY | TRUCKING etc.
For more Info.
403-681-8689
Email: hp8689@gmail.com
Submit quote info online at: www.harcharanparhar.com

Gill
Truck & Trailer Repair & Mobile Service Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com

Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਪੰਜਾਬ ਸਪੋਰਟਸ ਕਲੱਬ ਵੱਲੋਂ ਕੈਮਲੂਪਸ ਵਿੱਚ 39ਵਾਂ ਸ਼ਾਨਦਾਰ ਟੂਰਨਾਮੈਂਟ






"ਪੰਜਾਬ ਪੰਜਾਬੀ ਪੰਜਾਬੀਅਤ : ਜ਼ਿੰਦਾਬਾਦ!"; "ਦੋਸਤੀ ਪਹਿਲਾਂ, ਮੁਕਾਬਲਾ ਪਿੱਛੋਂ (Friendship First, Competition Second)" ਅਤੇ "ਸਿਹਤਮੰਦ ਸਰੀਰ, ਸਿਹਤਮੰਦ ਮਨ (A sound mind lives in a sound body)" ਵਰਗੇ ਸਿਹਤਮੰਦ ਉਦੇਸ਼ਾਂ ਨੂੰ ਪਰਣਾਇਆ ਹੋਇਆ, ਪੰਜਾਬ ਸਪੋਰਟਸ ਕਲੱਬ ਕੈਮਲੂਪਸ, ਬੀ. ਸੀ., ਕੈਨੇਡਾ ਦਾ ਸਾਲਾਨਾ ਟੂਰਨਾਮੈਂਟ 22-23 ਜੁਲਾਈ 2023 ਨੂੰ ਮਕਾਰਥਰ ਆਈਲੈਂਡ ਪਾਰਕ ਦੇ ਖੁੱਲ੍ਹੇ ਡੁੱਲ੍ਹੇ ਖੇਡ-ਮੈਦਾਨਾਂ ਵਿੱਚ ਧੂਮਧਾਮ ਨਾਲ਼ ਕਰਵਾਇਆ ਗਿਆ। ਟੂਰਨਾਮੈਂਟ ਨੂੰ ਘੱਟੋ ਘੱਟ ਪੰਜ ਸੌ ਦੇ ਕਰੀਬ ਦਰਸ਼ਕਾਂ ਨੇ ਥਾਮਸਨ ਦਰਿਆ ਦੇ ਕਿਨਾਰੇ ਵਿਸ਼ਾਲ ਖੇਡ-ਮੈਦਾਨਾਂ ਵਿੱਚ ਦੇਖਿਆ ਅਤੇ ਮਾਣਿਆਂ। ਦਰਸ਼ਕਾਂ ਦੇ ਨਾਲ਼ ਨਾਲ਼ ਕੂੰਜਾਂ ਦੀਆਂ ਡਾਰਾਂ, ਸੰਗੀਤਮਈ ਕਿਲਕਾਰੀਆਂ ਨਾਲ਼ ਖਿਡਾਰੀਆਂ ਨੂੰ ਹੌਸਲਾ ਅਫ਼ਜਾਈ ਦਿੰਦੀਆਂ ਰਹੀਆਂ।

ਇਸ ਸ਼ਾਨਦਾਰ ਟੂਰਨਾਮੈਂਟ ਵਿੱਚ ਕੈਮਲੂਪਸ ਤੋਂ ਇਲਾਵਾ ਕਲੋਨਾ, ਸਰ੍ਹੀ ਅਤੇ ਐਬਸਫੋਰਡ ਸ਼ਹਿਰਾਂ ਦੀਆਂ ਟੀਮਾਂ ਨੇ ਵੀ ਭਾਗ ਲਿਆ। ਕੈਮਲੂਪਸ ਇਲਾਕੇ ਵਿੱਚ ਜੰਗਲ ਦੀ ਅੱਗ ਜਾਂ ਕੋਵਿਡ ਮਹਾਂਮਾਰੀ ਨਾਲ ਸੰਬੰਧਤ ਸੰਕਟ ਦੇ ਕੁਝ ਕੁ ਵਰ੍ਹਿਆਂ ਨੂੰ ਛੱਡ ਕੇ, ਪੰਜਾਬ ਸਪੋਰਟਸ ਕਲੱਬ ਕੈਮਲੂਪਸ, 1984 ਤੋਂ ਲੈ ਕੇ ਹੁਣ ਤੱਕ ਪਿਛਲੇ 39 ਸਾਲਾਂ ਤੋਂ ਕੈਮਲੂਪਸ ਇਲਾਕਾ ਨਿਵਾਸੀਆਂ ਦਾ ਮਨੋਰੰਜਨ ਵੀ ਕਰ ਰਹੀ ਹੈ, ਅਤੇ ਨਵੀਂ ਪੀੜ੍ਹੀ ਦੇ ਨਾਲ਼ ਨਾਲ਼ 3-4 ਸਾਲ ਦੇ ਬੱਚਿਆਂ ਤੋਂ ਲੈ ਕੇ ਸੱਤਰਵਿਆਂ ਨੂੰ ਪਾਰ ਕਰ ਰਹੀ ਪੀੜ੍ਹੀ ਤੱਕ ਨੂੰ, ਸਰੀਰਕ ਅਤੇ ਮਾਨਸਿਕ ਤਾਕਤ ਦੀ ਮਹੱਤਤਾ ਦੇ ਅਹਿਸਾਸ ਨਾਲ਼ ਵੀ ਲਗਾਤਾਰ ਜੋੜ ਰਹੀ ਹੈ।

ਖੇਡਾਂ ਦੇ ਨਾਲ਼ ਨਾਲ਼, ਦੋਵੇਂ ਦਿਨ ਪੰਜਾਬ ਸਪੋਰਟਸ ਕਲੱਬ ਕੈਮਲੂਪਸ ਦੀ ਮਹਿਮਾਨ ਨਿਵਾਜ਼ੀ ਦਾ ਜਲੌਅ ਵੀ ਪੂਰੇ ਜੋਬਨ 'ਤੇ ਸੀ। ਦੋਵੇਂ ਦਿਨ ਦਰਸ਼ਕਾਂ ਨੇ ਪਰਸ਼ਾਦਿਆਂ, ਮਿੱਠੀਆਂ ਸੇਵੀਆਂ, ਮਿੱਠੇ ਚੌਲਾਂ, ਨਮਕੀਨ ਚੌਲਾਂ, ਦਾਲ਼, ਸ਼ਬਜ਼ੀ, ਕੜ੍ਹੀ, ਬੇਸਣ, ਜਲੇਬੀਆਂ, ਕੇਲਿਆਂ, ਬਰਫ਼ ਵਾਲੇ ਠੰਢੇਠਾਰ ਪਾਣੀ ਅਤੇ ਤੱਤੀ ਤੱਤੀ ਚਾਹ ਦਾ ਵੀ ਭਰਪੂਰ ਅਨੰਦ ਮਾਣਿਆਂ। ਖਾਣੇ ਦੀ ਇਸ ਸੇਵਾ ਵਿੱਚ, ਹਰ ਸਾਲ ਗੁਪਤ ਸੇਵਾ ਕਰਨ ਵਾਲੇ ਪਰਿਵਾਰਾਂ ਦੀ ਸੇਵਾ ਤੋਂ ਇਲਾਵਾ, ਕੈਮਲੂਪਸ ਦੀਆਂ ਬੀਬੀਆਂ ਅਤੇ ਕੈਂਬ੍ਰਿਜ਼ ਗੁਰੂ ਘਰ ਵਾਲੀ ਸਿੱਖ ਕਲਚਰਲ ਸੁਸਾਇਟੀ (ਕੈਮਲੂਪਸ) ਦੀਆਂ ਨਿਸ਼ਕਾਮ ਸੇਵਾਵਾਂ ਅਤੇ ਮਾਣ-ਸਤਿਕਾਰ ਵੀ ਸ਼ਾਮਲ ਸੀ।

**ਖੇਡਾਂ ਦੇ ਨਤੀਜੇ ਇਸ ਪਰਕਾਰ ਹਨ:**

- **ਸੌਕਰ ਓਪਨ:**

ਨੈੱਟ 6 ਐਂਡ ਚਿਲ, ਕੈਮਲੂਪਸ (ਪਹਿਲਾ ਸਥਾਨ), ਬੀ. ਸੀ. ਟਾਈਗਰਜ਼, ਸਰ੍ਹੀ (ਦੂਜਾ ਸਥਾਨ)

- **ਸੌਕਰ (ਓਵਰ 40):**

ਕੈਮਲੂਪਸ (ਪਹਿਲਾ ਸਥਾਨ), ਐਬਸਫੋਰਡ (ਦੂਜਾ ਸਥਾਨ)

- **ਲੇਡੀਜ਼ ਓਪਨ ਸੌਕਰ:**

ਕੈਮਲੂਪਸ ਇੰਡੋ ਫਰਨੋ (ਪਹਿਲਾ ਸਥਾਨ), ਕੈਮਲੂਪਸ ਵਿਮਨ'ਜ਼ ਲੀਗ ਐੱਫ. ਸੀ. (ਦੂਜਾ ਸਥਾਨ)

- **ਵਾਲੀਬਾਲ:**

ਕੈਮਲੂਪਸ ਵਾਲੀਬਾਲ ਕਲੱਬ (ਪਹਿਲਾ ਸਥਾਨ), ਕੈਮਲੂਪਸ ਮਾਲਵਾ ਬੈਲਟ (ਦੂਜਾ ਸਥਾਨ)

- **ਰੱਸਾਕਸ਼ੀ (ਮਰਦ):**

ਕੈਮਲੂਪਸ ਕੈਮੀ ਕੈਬਜ਼ (ਪਹਿਲਾ ਸਥਾਨ), ਕੈਮਲੂਪਸ ਮਾਲਵਾ ਬੈਲਟ (ਦੂਜਾ ਸਥਾਨ)

- **ਰੱਸਾਕਸ਼ੀ (ਔਰਤਾਂ):**

ਕੈਮਲੂਪਸ ਯੰਗ ਗਰਲਜ਼ (ਪਹਿਲਾ ਸਥਾਨ), ਪੰਜਾਬ ਦੀਆਂ ਜੱਟੀਆਂ (ਦੂਜਾ ਸਥਾਨ)

- **ਰੱਸਾਕਸ਼ੀ (ਬੱਚੇ, ਅੰਡਰ 16):**

ਕੈਮਲੂਪਸ ਬੁਆਇਜ਼ (ਪਹਿਲਾ ਸਥਾਨ), ਕੈਮਲੂਪਸ ਗਰਲਜ਼ (ਦੂਜਾ ਸਥਾਨ)

**ਦੌੜਾਂ ਦੇ ਨਤੀਜੇ:**

ਵੰਨ-ਸੁਵੰਨੀਆਂ ਵੀਹ ਦੌੜਾਂ ਵਿੱਚ ਵਹਰ ਵੰਨਗੀ ਦੇ ਦਰਸ਼ਕਾਂ ਨੇ ਵੱਧ ਚੜ੍ਹ ਕੇ ਭਾਗ ਲਿਆ।

ਦੌੜਾਂ ਦੇ ਜੇਤੂਆਂ ਦੇ ਨਾਮ ਇਹ ਹਨ :

ਅੰਡਰ 5 ਮਿਕਸਡ: ਬੋਆਜ਼ ਹੈਂਗਹੋਫ਼ਰ, ਕੈਲਵਿਨ ਪਤਾਰਾ, ਜ਼ਾਇਨ ਹੈਂਗਹੋਫ਼ਰ

ਅੰਡਰ 6 ਮਿਕਸਡ: ਜਸ਼ਨ ਵੜੈਚ, ਜੈਆ ਖੇਲੇ, ਬੋਆਜ਼ ਹੈਂਗਹੋਫ਼ਰ

- **ਅੰਡਰ 8 ਲੜਕੀਆਂ:** ਪਵਨੀਤ ਰੰਧਾਵਾ, ਜਸਮੀਨ ਝੁੱਟੀ, ਰੀਆ ਬੈਂਸ
- **ਅੰਡਰ 8 ਲੜਕੇ:** ਫ਼ਤਿਹ ਤੂਰ, ਰਣਵੀਰ ਰੁਪਲ, ਜਸ਼ਨ ਵੜੈਚ
- **ਅੰਡਰ 10 ਲੜਕੀਆਂ:** ਪਵਨੀਤ ਰੰਧਾਵਾ, ਈਵਾ ਚਾਹਲ, ਗੁਰੂਏਕਮ ਤੇਜਾ
- **ਅੰਡਰ 10 ਲੜਕੇ:** ਫ਼ਤਿਹ ਤੂਰ, ਅਰਵਿਨ ਥਿਆੜਾ, ਆਰੀਅਨ ਧਾਲੀਵਾਲ
- **ਅੰਡਰ 12 ਲੜਕੀਆਂ:** ਰੀਆ ਬੋਪਾਰਾਏ, ਅੰਮ੍ਰਿਤ ਚਾਹਲ, ਅਵਾਨੀ ਧਾਲੀਵਾਲ
- **ਅੰਡਰ 12 ਲੜਕੇ:** ਹੇਡਨ ਗਿੱਲ, ਅਰਵਿਨ ਥਿਆੜਾ, ਗਨਵੀਰ ਰੰਧਾਵਾ
- **ਅੰਡਰ 14 ਲੜਕੀਆਂ:** ਪੁਨੀਤ ਹੇਅਰ, ਰੀਆ ਬੋਪਾਰਾਏ, ਸਾਇਆ ਮਾਂਗਟ
- **ਅੰਡਰ 14 ਲੜਕੇ:** ਜਗਜੋਤ ਅਟਵਾਲ, ਅਰਵਿਨ ਥਿਆੜਾ, ਹੇਡਨ ਗਿੱਲ
- **ਅੰਡਰ 16 ਲੜਕੇ:** ਸਨਵੀਰ ਅਟਵਾਲ, ਜਗਜੋਤ ਅਟਵਾਲ, ਅਰਵਿਨ ਥਿਆੜਾ
- **ਮਰਦ (ਓਪਨ):** ਕਰਮਵੀਰ ਚਾਹਲ, ਰਾਜਨ ਢਿੱਲੋਂ, ਜੇਸਨ ਹੋਠੀ
- **ਗਰਲਜ਼ (ਓਪਨ):** ਅੰਜਲੀ ਹੀਰ, ਸ਼ਰਨਜੀਤ ਸੰਘਾ, ਅਵਾਨੀ ਧਾਲੀਵਾਲ
- **ਮਰਦ (ਓਵਰ 40):** ਸਤਨਾਮ ਮਿਨਹਾਸ, ਦਰਸ਼ਨ ਗਿੱਲ, ਬਾਬੂ ਰਾਮ
- **ਔਰਤਾਂ (ਓਵਰ 30):** ਕੁਲਦੀਪ ਝੁੱਟੀ, ਮਨਦੀਪ ਘੱਗ, ਅਮਨ ਚਾਹਲ
- **ਮਰਦ (ਓਵਰ 60):** ਸਤਨਾਮ ਮਿਨਹਾਸ, ਪਿਆਰਾ ਸਮਰਾ, ਪਰਮਜੀਤ ਬਿਨੈਪਾਲ
- **ਔਰਤਾਂ (ਤਿੰਨ-ਟੰਗੀ ਦੌੜ, ਓਪਨ):**

ਈਵਾ ਚਾਹਲ ਅਤੇ ਟਾਮਾ ਚਾਹਲ (ਪਹਿਲਾ ਸਥਾਨ), ਅਮਨਦੀਪ ਕੌਰ ਅਤੇ ਜਸਮੀਨ ਥਿਆੜਾ (ਦੂਜਾ ਸਥਾਨ), ਰੀਆ ਬੋਪਾਰਾਏ ਅਤੇ ਸਾਇਆ ਮਾਂਗਟ (ਤੀਜਾ ਸਥਾਨ)

- **ਮਰਦ (ਤਿੰਨ-ਟੰਗੀ ਦੌੜ, ਓਪਨ):**

ਐੱਸ. ਕੰਗ ਅਤੇ ਜੇਸ਼ਨ ਹੋਠੀ (ਪਹਿਲਾ ਸਥਾਨ) ਗਨਵੀਰ ਰੰਧਾਵਾ ਅਤੇ ਅਰਵਿਨ ਥਿਆੜਾ (ਦੂਜਾ ਸਥਾਨ) , ਫ਼ਤਿਹ ਤੂਰ ਅਤੇ ਸ਼ਾਨ ਮਾਂਗਟ (ਤੀਜਾ ਸਥਾਨ)

- **ਔਰਤਾਂ (ਤਿੰਨ-ਟੰਗੀ ਦੌੜ, ਓਵਰ 30):**

ਅਮਨ ਚਾਹਲ ਅਤੇ ਰਾਜ ਚਾਹਲ (ਪਹਿਲਾ ਸਥਾਨ), ਪਰਮਿੰਦਰ ਕੁਲਾਰ ਅਤੇ ਰੂਪੀ ਤੂਰ (ਦੂਜਾ ਸਥਾਨ), ਮਨਦੀਪ ਘੱਗ ਅਤੇ ਅਮਨਦੀਪ ਰੰਧਾਵਾ (ਤੀਜਾ ਸਥਾਨ)

- **ਮਰਦ (ਤਿੰਨ-ਟੰਗੀ ਦੌੜ, ਓਵਰ 40):**

ਸਤਨਾਮ ਮਿਨਹਾਸ ਅਤੇ ਪਰਮਜੀਤ ਬਿਨੈਪਾਲ (ਪਹਿਲਾ ਸਥਾਨ), ਮਨਜਿੰਦਰ ਰੰਧਾਵਾ ਅਤੇ ਗੁਰਪ੍ਰੀਤ ਹੇਅਰ (ਦੂਜਾ ਸਥਾਨ), ਦਰਸ਼ਨ ਗਿੱਲ ਅਤੇ ਮਨਦੀਪ ਤੇਜਾ (ਤੀਜਾ ਸਥਾਨ)

ਪੰਜਾਬ ਸਪੋਰਟਸ ਕਲੱਬ ਕੈਮਲੂਪਸ ਵੱਲੋਂ ਕੈਮਲੂਪਸ ਸ਼ਹਿਰ ਦੇ, ਸਦਾ ਲਈ ਵਿੱਛੜੇ ਨਾਮਵਰ ਖਿਡਾਰੀਆਂ ਨਰਿੰਦਰ ਗਿੱਲ ਅਤੇ ਮਨਦੀਪ ਗਿੱਲ ਦੀ ਯਾਦ ਵਿੱਚ, ਟੂਰਨਾਮੈਂਟ MVP ਅਤੇ ਫ਼ਾਈਨਲ MVP ਟਰਾਫ਼ੀਆਂ ਦੀ ਸਥਾਪਨਾ ਕਰਨ ਲਈ ਗਿੱਲ ਪਰਿਵਾਰ ਦਾ ਧੰਨਵਾਦ ਕੀਤਾ ਜਾਂਦਾ ਹੈ। ਇਸ ਸਾਲ ਟੂਰਨਾਮੈਂਟ MVP ਅਤੇ ਫ਼ਾਈਨਲ MVP ਟਰਾਫ਼ੀਆਂ ਦੇ ਜੇਤੂ ਖਿਡਾਰੀਆਂ ਦੇ ਨਾਮ ਹਨ: ਲੋਗਨ ਜ਼ਿਮਰਮੈਨ ਅਤੇ ਕੂਰੋ ਗਬੋਂ।

ਟੂਰਨਾਮੈਂਟ ਦੇ ਇਸ ਵਿਸ਼ਾਲ ਕਾਰਜ ਨੂੰ ਨਿਰਵਿਘਨ ਨੇਪਰੇ ਚੜ੍ਹਾਉਣ ਲਈ ਕੈਮਲੂਪਸ ਦੇ ਸਮੁੱਚੇ ਭਾਈਚਾਰੇ ਨੇ ਵੱਧ ਚੜ੍ਹ ਕੇ ਸਹਿਯੋਗ ਦਿੱਤਾ। ਪੰਜਾਬ ਸਪੋਰਟਸ ਕਲੱਬ ਕੈਮਲੂਪਸ ਦੀ ਦਸ-ਮੈਂਬਰੀ ਟੀਮ (ਓਂਕਾਰ ਸਿੰਘ ਗਿੱਲ, ਕੁਲਵਿੰਦਰ ਸਿੰਘ ਕੁਲਾਰ, ਚੰਚਲ ਸਿੰਘ ਬੈਂਸ, ਜਰਨੈਲ ਸਿੰਘ ਗਿੱਲ, ਗੁਰਮੇਲ ਸਿੰਘ ਹੋਠੀ, ਗੁਰਮੀਤ ਸਿੰਘ ਬਦੇਸ਼ਾ, ਅਜਮੇਰ ਸਿੰਘ, ਸਤਨਾਮ ਸਿੰਘ ਬੈਂਸ, ਗੁਰਦਿਆਲ ਸਿੰਘ ਥਿਆੜਾ ਅਤੇ ਡਾ. ਸੁਰਿੰਦਰ ਧੰਜਲ) ਸਾਰੇ ਸਹਿਯੋਗੀ ਮਿੱਤਰ ਪਿਆਰਿਆਂ ਦਾ ਹਾਰਦਿਕ ਧੰਨਵਾਦ ਕਰਦੀ ਹੈ।

**ਕੁਲਵਿੰਦਰ ਸਿੰਘ ਕੁਲਾਰ**
(250-376-8285)











# ਲੱਛੂ ਕਬਾੜੀਆ ਲਈ ! ਦਰਸ਼ਕਾਂ ਦਾ ਹੜ੍ਹ !! ਪਿਆਰ ਦਾ ਫਰੇਜ਼ਰ !!!





ਡੈਲਟਾ ਦੇ ਹਾਲ ਵਿਚ ਉਸ ਦਿਨ ਜਿਧਰ ਦੇਖੋ, ਦਰਸ਼ਕ ਹੀ ਦਰਸ਼ਕ ਸਨ..ਹਾਲ ਦੇ ਅੰਦਰ ਵੀ ਤੇ ਬਾਹਰ ਵੀ..ਸੌ ਤੋਂ ਵੱਧ ਨਾਟ ਪ੍ਰੇਮੀਆਂ ਕੋਲੋਂ ਇਕ ਦਿਨ ਪਹਿਲਾਂ ਹੀ ਮਾਫ਼ੀ ਮੰਗਣੀ ਪੈ ਗਈ ਕਿਉਂਕਿ ਕੋਈ ਸੀਟ ਬਚੀ ਨਹੀਂ ਸੀ..ਪੇਸ਼ਕਾਰੀ ਵਾਲੇ ਦਿਨ ਕਤਾਰ ਬੰਨ੍ਹ ਕੇ ਦਰਸ਼ਕ ਆ ਪਹੁੰਚੇ..ਫ਼ੇਰ ਵੀ ਕੁੱਝ ਦਰਸ਼ਕਾਂ ਨੂੰ ਵਾਪਸ ਜਾਣਾ ਪਿਆ..ਇਹ ਪਲ ਸਕੂਨ ਦੇ ਪਲ ਨੇ..ਇਹਦੇ ਪਿਛੇ 'ਧੰਨ ਲੇਖਾਰੀ ਨਾਨਕਾ' ਤੇ 'ਸੰਮਾਂ ਵਾਲੀ ਡਾਂਗ' ਦੀ ਪਿਛਲੇ ਸਾਲ ਦੀ ਕਮਾਈ ਵੀ ਕੰਮ ਕਰ ਰਹੀ ਸੀ ਤੇ ਏਸ ਵਾਰ ਚੇਤਨਾ ਐਸੋਸੀਏਸ਼ਨ ਕੈਨੇਡਾ ਦੇ ਸਾਰੇ ਅਹੁਦੇਦਾਰਾਂ ਤੇ ਸਹਿਯੋਗੀਆਂ ਦੀ ਮਿਹਨਤ ਵੀ ਬੋਲ ਰਹੀ ਸੀ..ਮੀਡੀਆ ਨੇ ਧੰਨ ਧੰਨ ਕਰਾ ਰੱਖੀ..ਲਗਭਗ 12 ਇੰਟਰਵਿਊ ਇਕ ਹਫਤੇ 'ਚ! ਏਨੇ ਦਰਸ਼ਕ ਹੋਣ ਤਾਂ ਕਲਾਕਾਰ ਦੀ ਜਿਮੇਵਾਰੀ ਹੋਰ ਵਧ ਜਾਂਦੀ ਐ..ਪਰ ਨਾਟਕ ਦੇ ਆਰੰਭ ਤੋਂ ਅੰਤ ਤਕ ਦਰਸ਼ਕਾਂ ਦਾ ਹੁੰਗਾਰਾ ਲਾਜਵਾਬ..650 ਬੈਠੇ..30 ਕੁ ਖੜ੍ਹੇ ਦਰਸ਼ਕ ਜਦ ਚੁੱਪ ਦਾ ਮਹੌਲ ਸਿਰਜਦੇ ਤਾਂ ਅਦਾਕਾਰੀ ਹੋਰ ਖਿੜ ਉਠਦੀ..ਤਾੜੀ ਵਜਦੀ ਤਾਂ ਲਗਦਾ ਜਿਵੇਂ ਸਾਰਾ ਸਰੀ ਡੈਲਟਾ ਵੈਨਕੂਵਰ ਝੂਮ ਉਠਿਆ ਹੋਵੇ..ਹਟਕੋਰੇ ਵੱਜਦੇ ਤਾਂ ਲਗਦੈ ਫਰੇਜ਼ਰ ਖੌਲ ਰਿਹੈ..ਹੋਰ ਕਲਾਕਾਰ ਨੂੰ ਕੋਈ ਰਾਜਧਾਨੀ ਥੋੜ੍ਹਾ ਚਾਹੀਦੀ ਹੁੰਦੀ!.. ਦਿਲਾਂ 'ਚ ਰਤਾ ਕੁ ਥਾਂ ਚਾਹੀਦੀ ਹੁੰਦੀ..ਪਰ ਇਹਨਾਂ ਨਾਟ ਪ੍ਰੇਮੀਆਂ ਨੇ ਤਾਂ ਦਿਲਾਂ 'ਚ ਆਸਣ ਲਾਉਣ ਦੀ ਥਾਂ ਦੇ ਦਿੱਤੀ..ਧੰਨਵਾਦ ਸਾਰੇ ਦਰਸ਼ਕਾਂ ਦਾ! ਧੰਨਵਾਦ ਚੇਤਨਾ ਐਸੋਸੀਏਸ਼ਨ ਆਫ ਕੈਨੇਡਾ ਦੇ ਸਾਰੇ ਅਹੁਦੇਦਾਰਾਂ ਦਾ..ਖਾਸ ਤੌਰ 'ਤੇ ਜਨਰਲ ਸਕੱਤਰ ਜੈ ਵਿਰਦੀ ਤੇ ਸੁਰਜੀਤ ਦਾ..ਉਹਨਾਂ ਦੀ ਸਾਰੀ ਟੀਮ ਨੇ ਬਹੁਤ ਅਨੁਸ਼ਾਸਤ ਢੰਗ ਨਾਲ ਹਰ ਕੰਮ ਕੀਤਾ..ਨਵਜੋਤ ਢਿੱਲੋਂ ਤੇ ਦਵਿੰਦਰ ਬਚਰਾ ਦਾ ਖਾਸ ਧੰਨਵਾਦ ..ਇਹਨਾਂ ਦੋਵਾਂ ਨੇ ਆਪਣੇ ਪ੍ਰਚਾਰ ਰਾਹੀਂ ਹੀ 400 ਬੰਦਾ ਹਾਲ ਤਕ ਲੈ ਆਉਂਦਾ ..ਗੁਰਦੀਪ ਭੁੱਲਰ ਦਾ ਧੰਨਵਾਦ ..ਧੀ ਅਰਸ਼ਿਕਾ ਨੂੰ ਸ਼ਾਬਾਸ਼, ਸੰਗੀਤ ਸੰਚਾਲਨ ਲਈ..ਹੋਰ ਬਹੁਤ ਨਾਮ ਨੇ..ਸਭ ਦਾ ਧੰਨਵਾਦ..ਪੋਸਟ ਲਿਖਣ ਲਈ ਵੀ ਮਸਾਂ ਵਕਤ ਨਿਕਲਿਆ ਕਿਉਂਕਿ ਲਗਾਤਾਰ ਪੇਸ਼ਕਾਰੀ ਦੀ ਚਰਚਾ ਨੇ ਸਾਹ ਚੜ੍ਹਾਇਆ ਹੋਇਆ ..ਅਤਿਅੰਤ ਕਾਮਯਾਬ ਪੇਸ਼ਕਾਰੀ ਤੋਂ ਬਾਅਦ ਸਰੀ ਵਾਸੀਆਂ ਲਈ ਇਕ ਬਹੁਤ ਮਹੱਤਵਪੂਰਣ ਐਲਾਨ ਵੀ ਹੋਇਆ ..ਉਹ ਕੁੱਝ ਰੁਕ ਕੇ ਸਾਂਝਾ ਕੀਤਾ ਜਾਏਗਾ!

ਫਿਲਹਾਲ ਏਨਾ ਹੀ..ਪੇਸ਼ਕਾਰੀ ਹੋ ਗਈ..ਪਰ ਰੰਗਮੰਚ ਸਰਗਰਮੀਆਂ ਜਾਰੀ ਹਨ..

ਪਰਮ ਅਨੰਦ ਦੀ ਸਥਿਤੀ 'ਚ

ਡਾ. ਸਾਹਿਬ ਸਿੰਘ

THE HARP GREWAL ਹਰਪ ਗਰੇਵਾਲ REAL ESTATE TEAM
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC., BROKERAGE
HIGHER STANDARDS

Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2

Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP
Preet Virk
416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal
416-671-1919

GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਅਨੰਦ ਮੈਰਿਜ ਐਕਟ ਦੇ ਨਾਮ ਤੇ ਸਿੱਖਾਂ ਨਾਲ ਖਿਲਵਾੜ ਕਿਉਂ ?



ਡਾ. ਦਲਜੀਤ ਸਿੰਘ
919814518877



ਪਿਛਲੇ ਕੁਝ ਸਮੇਂ ਤੋਂ, ਹੁਣ ਫਿਰ ਆਨੰਦ ਮੈਰਿਜ ਐਕਟ, ਬੇਵਜ੍ਹਾ ਪੰਜਾਬ ਵਿੱਚ ਖਬਰਾਂ ਦਾ ਸਿਰਲੇਖ ਬਣਿਆ ਹੋਇਆ ਹੈ। ਅਸਲ ਵਿੱਚ ਸਾਲ 2012 ਤੋਂ ਹੀ 'ਅਨੰਦ ਮੈਰਿਜ ਐਕਟ' ਦੇ ਨਾਮ ਤੇ ਸਿਆਸੀ ਤੇ ਧਾਰਮਿਕ ਪ੍ਰੇਰਤ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਸ਼ੁਰੂ ਵਿੱਚ ਹੀ ਇੱਕ ਮਹੱਤਵਪੂਰਨ ਗੱਲ, ਮੈਂ ਪੁਰਜ਼ੋਰ ਸ਼ਬਦਾਂ ਵਿੱਚ ਕਹਿਣਾ ਚਾਹੁੰਦਾ ਹਾਂ, ਕਿ 'ਆਨੰਦ ਮੈਰਿਜ ਐਕਟ', 'ਸਿੱਖ ਮੈਰਿਜ ਐਕਟ' ਨਹੀਂ ਹੈ। ਦੋਨਾਂ ਵਿੱਚ ਬਹੁਤ ਵੱਡਾ ਫਰਕ ਹੈ। ਸਿੱਖ ਮੈਰਿਜ ਐਕਟ ਵਿੱਚ ਕਰੀਬ 30 ਧਾਰਾਵਾਂ ਹੋਣਗੀਆਂ। ਜਿਸ ਵਿੱਚ ਵੱਖ-ਵੱਖ ਸ਼ਬਦਾਂ ਦੀ ਪਰਿਭਾਸ਼ਾ, ਵਿਆਹ ਦੀਆਂ ਸ਼ਰਤਾਂ, ਵਿਆਹ ਦੇ ਝਗੜਿਆਂ ਬਾਰੇ ਵੱਖ-ਵੱਖ ਪਟੀਸ਼ਨਾਂ, ਜਿਵੇਂ ਕਿ ਵਿਆਹ ਦਾ ਮੁੜ ਵਸੇਬਾ, ਵਿਆਹ ਬਾਰੇ ਨਿਆਇਕ ਅਲ੍ਹਦਗੀ, ਤਲਾਕ, ਗੁਜਾਰਾ ਭਤਾ, ਬੱਚਿਆਂ ਦੀ ਕਸਟਡੀ, ਜਾਇਦਾਦ ਦਾ ਨਿਪਟਾਰਾ, ਅਦਾਲਤ ਦਾ ਅਧਿਕਾਰ ਖੇਤਰ, ਅਪੀਲ ਦਾ ਨਿਰਧਾਰਤ ਸਮਾਂ ਆਦਿ। ਮੇਰੇ ਵੱਲੋਂ 15 ਮਈ 2012 ਨੂੰ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਹਾਲ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਸ਼ਾਮਿਲ ਸਿੱਖ ਪੰਥ ਦੀਆਂ ਸ਼ਖ਼ਸੀਅਤਾਂ ਦੇ ਸਾਹਮਣੇ, ਸੰਪੂਰਨ "ਸਿੱਖ ਮੈਰਿਜ ਐਕਟ" ਦਾ ਖਰੜਾ, ਉਸ ਵਕਤ ਦੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਨੂੰ ਪੇਸ਼ ਕੀਤਾ ਗਿਆ ਸੀ, ਜਿਸ ਨੂੰ ਸਾਰੀ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨ ਕੀਤਾ ਸੀ। ਜੱਥੇਦਾਰ ਸ੍ਰੀ ਅਕਾਲ ਸਾਹਿਬ ਇਹ ਵੀ ਕਿਹਾ ਸੀ ਕਿ ਅਸੀਂ ਇਹ ਸਿੱਖ ਮੈਰਿਜ ਐਕਟ ਦਾ ਡਰਾਫ ਇੰਟਰਨੈੱਟ ਤੇ ਪਾਵਾਂਗੇ ਅਤੇ ਸਿੱਖ ਜਗਤ ਤੋਂ ਇਸ ਬਾਰੇ ਰਾਇ ਮੰਗਾਂਗੇ! ਕਾਨੂੰਨੀ ਪੱਖੋਂ, ਜਦੋਂ 1909 ਵਿੱਚ ਅਨੰਦ ਮੈਰਿਜ ਐਕਟ ਬਣਾਇਆ ਗਿਆ ਸੀ, ਤਾਂ ਇਸ ਦਾ ਸਿਰਫ ਇਕੋ ਇੱਕ ਉਦੇਸ਼ ਸੀ, ਕਿ 'ਸਿੱਖਾਂ ਵਿੱਚ ਪ੍ਰਚੱਲਤ 'ਅਨੰਦ ਕਾਰਜ' ਰੀਤੀ ਦੁਆਰਾ ਕੀਤੇ ਵਿਆਹ ਦੀ ਵੈਦਤਾ (Validity) ਬਾਰੇ ਖਦਸ਼ਿਆਂ ਨੂੰ ਦੂਰ ਕਰਨਾ'। ਇਸ ਕਰਕੇ ਇਸ ਐਕਟ ਵਿੱਚ ਉਪਰੋਕਤ ਦੱਸੀਆਂ ਗੱਲਾਂ ਬਾਰੇ ਕੋਈ ਹੋਰ ਧਾਰਾ ਨਹੀਂ ਜੋੜੀ ਗਈ ਸੀ। ਇਸ ਅਨੰਦ ਮੈਰਿਜ ਐਕਟ ਨੂੰ ਪਾਸ ਕਰਨ ਦਾ ਪਿਛੋਕੜ ਇਹ ਹੈ, ਕਿ 1900 ਦੇ ਕਰੀਬ ਹਿੰਦੂ ਪ੍ਰੋਹਿਤਾ ਵੱਲੋਂ ਇਹ ਦਾਅਵਾ ਕੀਤਾ ਜਾਣ ਲੱਗ ਪਿਆ ਸੀ, ਕਿ ਸਿੱਖਾਂ ਵਿੱਚ ਵੀ ਵਿਆਹ ਹਿੰਦੂ ਰਿਵਾਜਾਂ, ਜਾਣੀ ਕਿ ਬੇਦੀ ਦੇ ਦੁਆਲੇ ਜਾਂ ਅਗਨੀ ਦੇ ਦੁਆਲੇ ਫੇਰੇ ਲੈ ਕੇ ਹੀ ਕੀਤੇ ਜਾ ਸਕਦੇ ਹਨ ਅਤੇ ਆਨੰਦ ਕਾਰਜ ਜਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਲੇ ਲਾਵਾਂ ਰਾਹੀਂ ਕੀਤੇ ਵਿਆਹ ਜਾਇਜ ਨਹੀਂ ਹਨ। ਇਸ ਲਈ ਇਸ ਐਕਟ ਰਾਹੀਂ ਸਿੱਖਾਂ ਵਿੱਚ ਅਨੰਦ ਕਾਰਜ ਰੀਤੀ ਦੁਆਰਾ ਵਿਆਹਾਂ ਨੂੰ ਕਾਨੂੰਨੀ ਵੈਦਤਾਂ ਪ੍ਰਦਾਨ ਕੀਤੀ ਗਈ ਸੀ।

ਹੁਣ ਸਵਾਲ ਇਹ ਹੈ, ਕਿ 2012 ਤੋਂ ਹੀ ਭਾਰਤ ਵਿਚ ਆਨੰਦ ਮੈਰਿਜ ਐਕਟ ਦੇ ਨਾਮ ਤੇ ਸਿੱਖਾਂ ਨਾਲ ਖਿਲਵਾੜ ਕਿਵੇਂ ਸ਼ੁਰੂ ਹੋਇਆ। ਸ਼ਾਇਦ ਇਹ ਇਕ ਡੂੰਘੀ ਸਾਜਿਸ਼ ਅਧੀਨ ਵਾਪਰਦਾ ਆ ਰਿਹਾ ਹੈ। ਸੰਖੇਪ ਵਿੱਚ ਦੱਸਿਆ ਜਾਵੇ ਤਾਂ 2006 ਵਿੱਚ ਭਾਰਤੀ ਸੁਪਰੀਮ ਕੋਰਟ ਨੇ ਸੀਮਾਂ ਬਨਾਮ ਅਸ਼ਵਨੀ ਮੁਕੱਦਮੇ ਵਿੱਚ ਫ਼ੈਸਲਾ ਦਿੰਦੇ ਹੋਏ ਉਦੇਸ਼ ਦਿੱਤੇ ਕਿ ਭਾਰਤ ਵਿਚ ਵਿਆਹ ਦੀ ਲਾਜ਼ਮੀ ਰਜਿਸਟ੍ਰੇਸ਼ਨ ਲਈ ਕਨੂੰਨ ਬਣਾਇਆ ਜਾਵੇ। 12 ਮਈ 2012 ਨੂੰ ਉਸ ਵਕਤ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਵਿੱਚ ਇਹ ਫੈਸਲਾ ਕੀਤਾ ਗਿਆ, ਕਿ ਭਾਰਤ ਵਿੱਚ ਵਿਆਹ ਦੀ ਲਾਜ਼ਮੀ ਰਜਿਸਟ੍ਰੇਸ਼ਨ ਲਈ ਕਾਨੂੰਨ ਬਣਾਇਆ ਜਾਵੇਗਾ। ਪਰ ਪਤਾ ਨਹੀਂ, ਕਿਸ ਸਾਜਿਸ਼ ਅਧੀਨ ਜਾਂ ਅਗਿਆਨਤਾ ਕਰਕੇ ਆਨੰਦ ਮੈਰਿਜ ਐਕਟ ਵਿੱਚ ਵੀ, ਜੋ ਕਿ Validating Act ਹੈ ਨਾ ਕਿ Codifying, ਵਿੱਚ ਵੀ ਆਨੰਦ ਮੈਰਿਜ (ਅਮੈਂਡਮਟ) ਐਕਟ, 2012, ਪਾਸ ਕਰਕੇ, ਸਿੱਖਾਂ ਵਿੱਚ ਵਿਆਹ ਦੀ ਲਾਜ਼ਮੀ ਰਜਿਸਟ ?ੇਸ਼ਨ ਦੀ ਨਵੀਂ ਧਾਰਾ 6 ਜੋੜ ਦਿੱਤੀ ਗਈ।

ਪਰ ਮਹੱਤਵਪੂਰਨ ਤੱਥ ਇਹ ਹੈ, ਕਿ ਇਸ ਧਾਰਾ ਵਿੱਚ ਇਹ ਦਰਜ ਕਰ ਦਿੱਤਾ ਗਿਆ ਕਿ ਇਹ ਸਭ ਕੁਝ ਹਿੰਦੂ ਵਿਆਹ ਐਕਟ, 1955 ਦੇ ਕਿਸੇ ਵੀ ਪ੍ਰਾਵਧਾਨ ਦੇ ਉਲਟ ਅਸਰ ਪਾਏ ਬਿਨਾਂ (without prejudice to anything contained in the Hindu Marriage Act, 1955) ਜਾਂ ਸਰਲ ਸ਼ਬਦਾਂ ਵਿੱਚ ਕਹਿ ਲਈਏ ਕਿ ਹਿੰਦੂ ਮੈਰਿਜ ਐਕਟ, 1955 ਦੇ ਸਾਰੇ ਪ੍ਰਵਦਾਨ ਮਨਦੇ ਹੋਏ ਜਾਂ ਉਸ ਅਧੀਨ ਰਹਿੰਦੇ ਹੋਏ, ਵਿਆਹ ਰਜਿਸਟਰਡ ਕਰਨ ਦੇ ਰੂਲਜ ਬਣਾਏ ਜਾਣਗੇ। ਖਾਸ ਗੱਲ ਇਹ ਹੈ ਕਿ 2016 ਵਿੱਚ ਹੀ ਪੰਜਾਬ ਸਰਕਾਰ ਵੱਲੋਂ 'ਪੰਜਾਬ ਆਨੰਦ ਮੈਰਿਜ ਰਜਿਸਟ੍ਰੇਸ਼ਨ ਰੂਲਜ, 2016' ਬਣਾ ਕੇ ਨੋਟੀਫਾਈ ਕਰ ਦਿੱਤੇ ਗਏ ਸਨ। ਵੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਰੂਲਸ ਮੁਤਾਬਿਕ, ਨਾ ਤਾਂ 'ਸਿੱਖ ਮੈਰਿਜ ਰਜਿਸਟਰ' ਰੱਖਿਆ ਜਾਂਦਾ ਹੈ ਅਤੇ ਨਾ ਹੀ 'ਸਿੱਖ ਵਿਆਹ ਸਰਟੀਫਿਕੇਟ' ਦਿੱਤਾ ਜਾਂਦਾ ਹੈ। ਖ਼ਾਸ ਗੱਲ ਇਹ ਹੈ ਕਿ 2012 ਵਿੱਚ ਜਦੋਂ ਅਮੇਂਡਮੈਂਟ ਕੀਤੀ ਗਈ, ਉਸ ਵਕਤ ਵੀ ਧਾਰਾ 6 ਵਿੱਚ ਸਿੱਖ ਵਿਆਹ ਜਾਂ ਸਿੱਖ ਮੈਰਿਜ ਰਜਿਸਟਰ ਬਾਰੇ ਨਹੀਂ ਲਿਖਿਆ ਗਿਆ। ਜਦਕਿ ਹਿੰਦੂ ਮੈਰਿਜ ਰਜਿਸਟ੍ਰੇਸ਼ਨ ਰੂਲਸ ਵਿੱਚ 'ਹਿੰਦੂ ਮੈਰਿਜ ਰਜਿਸਟਰ' ਅਤੇ ਹਿੰਦੂ ਵਿਆਹ ਦਾ ਜਿਕਰ ਕੀਤਾ ਹੋਇਆ ਹੈ।

ਸਭ ਤੋਂ ਮੰਦਭਾਗੀ ਗੱਲ ਇਹ ਹੈ ਕਿ 2012 ਵਿੱਚ ਜਦੋਂ ਅਨੰਦ ਮੈਰਿਜ ਐਕਟ, 1909 ਵਿੱਚ ਤਰਮੀਮ ਕਰਕੇ ਸਿਰਫ਼ ਮੈਰਿਜ ਰਜਿਸਟ੍ਰੇਸ਼ਨ ਲਈ ਧਾਰਾ 6 ਜੋੜੀ ਗਈ ਤਾਂ ਕੁਝ ਸਿੱਖੀ ਭੇਖ਼ ਵਿੱਚ, ਸਿੱਖ ਵਿਰੋਧੀ ਤਾਕਤਾਂ ਦੇ ਹੱਥ ਠੋਕੇ ਬਣ ਕੇ ਕੂੜ ਪ੍ਰਚਾਰ ਕੀਤਾ ਗਿਆ, ਕਿ ਸਿੱਖਾਂ ਦਾ ਵੱਖਰਾ ਵਿਆਹ ਐਕਟ ਬਣਾ ਦਿੱਤਾ ਗਿਆ ਹੈ, ਸਿੱਖਾਂ ਦੀ ਬਹੁਤ ਵੱਡੀ ਮੰਗ ਮੰਨੀ ਗਈ ਹੈ ਜਾਂ ਸਿੱਖਾਂ ਦੀ ਵੱਖਰੀ ਪਛਾਣ ਹੁਣ ਬਣੇਗੀ। ਅਜਿਹਾ ਕੁਝ ਵੀ ਨਹੀਂ ਹੋਇਆ ਅਤੇ ਇਹ ਸਭ ਕੁਝ ਝੂਠ ਤੇ ਬੇਬੁਨਿਆਦ ਪ੍ਰਚਾਰ ਸੀ। ਅੱਜ ਵੀ ਜੇ ਕਿਸੇ ਸਿੱਖ ਨੇ ਪਰਿਵਾਰਕ ਮਸਲਿਆਂ ਬਾਰੇ ਕੋਈ ਰਾਹਤ ਲੈਣੀ ਹੈ, ਤਾਂ ਉਨ੍ਹਾਂ ਨੂੰ ਹਿੰਦੂ ਮੈਰਿਜ ਐਕਟ, 1955 ਅਧੀਨ ਹੀ ਪਟੀਸ਼ਨ ਕਰਨੀ ਪੈਂਦੀ ਹੈ।


ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਵੱਲੋਂ ਵੀ ਨਵੰਬਰ 2022 ਵਿੱਚ ਇਹ ਬਿਆਨ ਦਿੱਤੇ ਗਏ ਕਿ ਅਸੀਂ ਅਨੰਦ ਮੈਰਿਜ ਐਕਟ 2016 ਨੂੰ ਅਸਲੀ ਰੂਪ ਵਿੱਚ ਲਾਗੂ ਕਰਾਂਗੇ। ਜਦ ਕਿ ਅਸਲੀਅਤ ਇਹ ਹੈ ਕਿ ਅਨੰਦ ਮੈਰਿਜ ਐਕਟ ਤਾਂ 1909 ਵਾਲਾ ਹੀ ਹੈ ਅਤੇ ਉਦੋਂ ਤੋਂ ਹੀ ਲਾਗੂ ਚੱਲਿਆ ਆ ਰਿਹਾਂ ਹੈ। 2016 ਵਿੱਚ ਤਾਂ 'ਪੰਜਾਬ ਆਨੰਦ ਮੈਰਿਜ ਰਜ਼ਿਸਟ੍ਰੇਸ਼ਨ ਰੂਲਸ' ਬਣਾਏ ਗਏ ਸਨ ਅਤੇ ਨੋਟੀਫਾਈ ਵੀ ਹੋ ਚੁੱਕੇ ਹਨ। ਹੁਣ ਜੇ ਪੰਜਾਬ ਸਰਕਾਰ ਇਨ੍ਹਾਂ ਰੂਲਜ਼ ਵਿੱਚ ਕੁੱਝ ਤਬਦੀਲੀ ਕਰਕੇ ਵਿਆਹ ਰਜਿਸਟ ?ੇਸ਼ਨ ਦੀਆਂ ਸ਼ਰਤਾਂ ਨੂੰ ਕੁਝ ਸੁਖਾਲਾ ਬਣਾਉਣਾ ਚਾਹੁੰਦੀ ਹੈ, ਤਾਂ ਇੰਨਾ ਰੌਲਾ ਰੱਪਾ ਕਿਸ ਗੱਲ ਦਾ ? ਧਾਰਮਿਕ ਜਾਂ ਰਾਜਨੀਤਕ ਲੀਡਰਾਂ ਅਧਾਰਤ ਵਿਵਾਦਤ ਕਮੇਟੀ ਬਣਾਉਣ ਦਾ ਕੀ ਫਾਇਦਾ। ਇਹ ਤਾਂ ਇਕ ਕਾਨੂੰਨੀ ਪ੍ਰਸ਼ਾਸਨਿਕ ਮੁੱਦਾ ਹੈ, ਤੇ ਸਰਕਾਰੀ ਪੱਧਰ ਤੇ ਆਮ ਕੰਮ ਦੀ ਤਰ੍ਹਾਂ ਫੈਸਲਾ ਲੈਕੇ ਲਾਗੂ ਹੋ ਸੱਕਦਾ ਹੈ।

ਸਰਕਾਰ ਨੂੰ ਤਾਂ ਸੱਚੇ ਦਿਲੋਂ ਸਿੱਖਾਂ ਦੀ ਪੁਰਜੋਰ ਮੰਗ ਕਿ ਉਨ੍ਹਾਂ ਦਾ ਆਪਣਾ ਸੰਪੂਰਨ 'ਸਿੱਖ ਮੈਰਿਜ ਐਕਟ' ਹੋਵੇ ਤਾਂ ਕਿ ਉਨ੍ਹਾਂ ਨੂੰ 'ਹਿੰਦੂ ਮੈਰਿਜ ਐਕਟ' ਵਿੱਚੋਂ ਬਾਹਰ ਕੱਢਿਆ ਜਾ ਸਕੇ, ਉਸ ਲਈ ਹੰਭਲਾ ਮਾਰਨਾ ਚਾਹੀਦਾ ਹੈ। ਜੇ ਭਾਰਤ ਵਿਚ ਘੱਟ ਗਿਣਤੀ ਪਾਰਸੀਆਂ ਦਾ ਆਪਣਾ ਪਾਰਸੀ ਮੈਰਿਜ ਅਤੇ ਡਾਇਵੋਰਸ ਐਕਟ ਹੋ ਸਕਦਾ ਹੈ, ਕ੍ਰਿਸਚਨ ਦਾ ਆਪਣਾ ਕ੍ਰਿਸ਼ਚਨ ਮੈਰਿਜ ਐਕਟ ਅਤੇ ਡਾਇਵੋਰਸ ਐਕਟ ਹੋ ਸਕਦਾ ਹੈ, ਮੁਸਲਮਾਨਾਂ ਦਾ ਆਪਣਾ ਵਿਆਹ ਅਤੇ ਤਲਾਕ ਦਾ ਕਾਨੂੰਨ ਹੋ ਸਕਦਾ ਹੈ ਤਾਂ ਸਿੱਖਾਂ ਦਾ ਆਪਣਾ 'ਸਿੱਖ ਮੈਰਿਜ ਐਕਟ' ਕਿਉਂ ਨਹੀਂ ? ਜੇ ਪੰਜਾਬ ਸਰਕਾਰ ਸਿੱਖਾਂ ਲਈ ਸੱਚੇ ਦਿਲੋਂ ਇਮਾਨਦਾਰੀ ਨਾਲ ਕੁਝ ਕਰਨਾ ਚਾਹੁੰਦੀ ਹੈ ਤਾਂ ਇਸ ਦਿਸ਼ਾ ਵੱਲ ਉਨ੍ਹਾਂ ਵਲੋਂ ਚੁੱਕੇ ਕਦਮ ਸ਼ਲਾਘਾਯੋਗ ਹੋਣਗੇ!












# ਖੱਬੇ-ਪੱਖੀ ਸਾਹਿਤ ਦੀ ਪ੍ਰਾਪਤੀ - ਜਗਦੀਸ਼ ਸਿੰਘ ਚੋਹਕਾ ਦਾ ਲੇਖ ਸੰਗ੍ਰਹਿ 'ਇੰਤਜ਼ਾਰ'



ਹਰੀਪਾਲ
403-714-4816

ਜਗਦੀਸ਼ ਸਿੰਘ ਚੋਹਕਾ ਖੱਬੇਪੱਖੀ ਵਿਚਾਰਧਾਰਾ ਨੂੰ ਸਮਰਪਤ ਇੱਕ ਪ੍ਰਤੀਬੱਧ ਲੇਖਕ ਹੀ ਨਹੀਂ ਸਗੋਂ ਅਮਲੀ ਤੌਰ 'ਤੇ ਖੱਬੇਪੱਖੀ ਲਹਿਰ ਦੇ ਸੰਗਰਾਮ ਨਾਲ ਜੁੜਿਆ ਹੋਇਆ ਹੈ। ਸਰਕਾਰੀ ਨੌਕਰੀ ਕਰਦਿਆਂ ਹੋਇਆਂ ਉਹ ਖੱਬੇਪੱਖੀ ਜਥੇਬੰਦੀ ਦੇ ਵੱਖ-ਵੱਖ ਅਹੁਦਿਆਂ 'ਤੇ ਰਿਹਾ ਹੈ। ਉਸ ਨੇ ਆਪ ਦੇ ਮਹਿਕਮੇ ਤੋਂ ਬਿਨਾਂ ਹੋਰ ਵੱਖ-ਵੱਖ ਮਹਿਕਮਿਆਂ ਦੇ ਕਾਮਿਆਂ ਦੇ ਸੰਘਰਸ਼ ਨਾਲ ਮੋਢੇ ਨਾਲ ਮੋਢਾ ਜੋੜ ਕੇ ਇੱਕ ਸਰਗਰਮ ਰੋਲ ਨਿਭਾਇਆ ਹੈ। ਕੈਨੇਡਾ ਆ ਕੇ ਵੀ ਉਹ ਆਪ ਦਾ ਬਹੁਤਾ ਸਮਾਂ ਪੜਨ੍ਹ ਲਿਖਣ 'ਤੇ ਹੀ ਲਾਉਂਦਾ ਹੈ। ਉਹ ਆਮ ਬਜ਼ੁਰਗਾਂ ਦੀਆਂ ਤਾਸ਼ ਮਹਿਫਲਾਂ ਦਾ ਹਿੱਸਾ ਨਹੀਂ ਬਣਦਾ ਸਗੋਂ ਪੰਜਾਬੀਆਂ ਦੀਆਂ ਸਬ ਜੱਥੇਬੰਦੀਆਂ ਵਿੱਚ ਹਾਜ਼ਰੀ ਲਗਵਾਉਂਦਾ ਹੈ। ਕਿਤਾਬ ਬਾਰੇ ਗੱਲ ਕਰਨ ਤੋਂ ਪਹਿਲਾਂ ਇਕ ਗੱਲ ਸੋਚਣ ਵਾਲੀ ਹੈ, ਜਿਹੜੀ ਕਿ ਬਹੁਤ ਜ਼ਰੂਰੀ ਵੀ ਹੈ ਉਹ ਇਹ ਕਿ ਕੀ ਅਸੀਂ ਆਪਣੇ ਰੋਜ਼ਾਨਾ ਦੇ ਝੰਜਟਾਂ 'ਚੋਂ ਸਮਾਂ ਕੱਢ ਕੇ ਇਹ ਸੋਚੀਏ ਕਿ ਅਸੀਂ ਕਿਹੋ ਜਿਹੇ ਸਮੇਂ ਵਿੱਚ ਰਹਿ ਰਹੇ ਹਾਂ? ਅੱਜ ਜੇਕਰ ਕਾਰਪੋਰੇਸ਼ਨਾਂ ਦੀ ਲੁੱਟ ਇਸੇ ਤਰ੍ਹਾਂ ਹੀ ਜਾਰੀ ਰਹੀ, ਵਾਤਾਵਰਨ ਨਾਲ ਖਲਲ ਪਾਉਣ ਦੀ, ਆਮ ਲੋਕਾਂ ਦੇ ਗਲ ਘੁੱਟ ਕੇ ਬੇਰੋਕ ਮੁਨਾਫ਼ਾ ਕਮਾਉਣ ਦੀ ਤਾਂ ਧਰਤੀ 'ਤੇ ਰਹਿਣ ਵਾਲੇ ਜੀਅ ਜੰਤ ਤਾਂ ਕੀ ਸਗੋਂ ਧਰਤੀ ਉੱਤੇ ਜੋ ਕੁਝ ਵੀ ਹੈ ਸਭ ਕਾਸੇ ਦੀ ਹੋਂਦ ਖਤਰੇ ਵਿੱਚ ਪੈ ਜਾਵੇਗੀ। ਜੇਕਰ ਲੇਖਕਾਂ ਦੀ ਗੱਲ ਕਰੀਏ ਤਾਂ ਲੇਖਕ ਸਮਾਜ ਦਾ ਇੱਕ ਬਹੁਤ ਹੀ ਸੁਚੇਤ ਤਬਕਾ ਹੁੰਦੇ ਹਨ, ਲੇਖਕਾਂ ਦੀਆਂ ਲਿਖਤਾਂ ਹੀ ਸਮਾਜ ਦੀ ਉਸਾਰੀ ਵਿੱਚ ਨੀਹਾਂ ਭਰਨ ਦਾ ਕੰਮ ਕਰਦੀਆਂ ਹਨ। ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਬਹੁਤੀ ਗਿਣਤੀ ਪੰਜਾਬੀ ਲੇਖਕ ਅੱਜ ਸਾਹਿਤ ਅਕੈਡਮੀਆਂ, ਭਾਸ਼ਾ ਵਿਭਾਗ ਜਾਂ ਹੋਰ ਕੁਰੱਪਟ ਸੰਸਥਾਵਾਂ ਤੂੰ ਇਨਾਮ ਸਨਮਾਨ ਲੈਣ ਲਈ ਵੱਡੇ-ਵੱਡੇ ਕੌਲੇ ਚੱਕੀ ਫਿਰਦੇ ਹਨ। ਸਮਾਂ ਤਾਂ ਮੰਗ ਕਰਦਾ ਹੈ ਕਿ ਲੇਖਕਾਂ ਦੀਆਂ ਕਲਮਾਂ ਇਸ ਕਾਰਪੋਰੇਟ ਸਿਸਟਮ ਦੀ ਤਬਾਹੀ ਲਈ ਮੀਂਹ ਵਾਂਗਰ ਬਰਸਣ, ਪਰ ਇਹਨਾਂ ਦੀਆਂ ਕਲਮਾਂ ਤਾਂ ਆਪਣੇ ਆਪ ਤੇ ਸੋਨੇ ਦੇ ਤਗਮੇ ਚੜ੍ਹਾਉਣ ਲਈ ਉਤਾਰੂ ਹਨ। ਅੱਜ ਹਿੰਦੀ, ਅੰਗਰੇਜ਼ੀ, ਤਾਮਿਲ, ਬੰਗਾਲੀ ਲੇਖਕ ਇਸ ਸਮਾਜਿਕ ਤਬਦੀਲੀ ਲਈ ਜੋ ਸਾਹਿਤ ਰਚ ਰਹੇ ਹਨ ਉਹ ਬਹੁਤ ਸਰਾਹੁਣਯੋਗ ਹੈ ਅਤੇ ਅਸੀਂ ਪੰਜਾਬੀ ਇਸ ਪਿੜ ਵਿੱਚ ਬਹੁਤ ਪਿੱਛੇ ਹਾਂ। ਪਰ ਫਿਰ ਵੀ ਇਸ ਹਨੇਰਗਰਦੀ ਦੇ ਯੁੱਗ ਵਿੱਚ ਕੁਝ ਪ੍ਰਤੀਬੱਧ ਲੇਖਕ ਆਸ ਦੀ ਕਿਰਨ ਜ਼ਰੂਰ ਜਗਾਉਂਦੇ ਹਨ, ਜਿਹੜੇ ਆਪਣੀ ਜ਼ਮੀਰ ਤੇ ਪਹਿਰਾ ਦੇ ਰਹੇ ਹਨ। ਜਗਦੀਸ਼ ਸਿੰਘ ਚੋਹਕਾ ਉਹਨਾਂ ਲੇਖਕਾਂ ਦੀ ਕਤਾਰ ਵਿੱਚ ਸ਼ਾਮਲ ਹੈ। ਇਸੇ ਪ੍ਰਤੀਬੱਧਤਾ ਦਾ ਨਤੀਜਾ, ਇਹ ਲੇਖ ਸੰਗ੍ਰਹਿ 'ਇੰਤਜ਼ਾਰ' ਹੈ। ਜਗਦੀਸ਼ ਸਿੰਘ ਚੋਹਕਾ ਜੀ ਨੇ ਇਸ ਕਿਤਾਬ ਵਿੱਚ ਵਿੱਚ ਪੰਜਾਬੀ ਭਾਸ਼ਾ, ਸੱਭਿਆਚਾਰ, ਸਿੱਖ ਗੁਰੂਆਂ ਦਾ ਦੌਰ, ਗਦਰ ਪਾਰਟੀ, ਅਣਗੌਲਿਆ ਨਾਇਕ ਮੇਜਰ ਜੈਪਾਲ ਸਿੰਘ, ਫਿਰਕਾਪ੍ਰਸਤੀ ਦਾ ਉਭਾਰ, ਦਲਿਤ ਵਰਗ ਦੀ ਤਰਸ ਭਰੀ ਹਾਲਤ, ਮੁਜ਼ਾਰਾ ਘੋਲ, ਕਾਰਪੋਰੇਟ ਖੇਤੀ, ਸਾਮਰਾਜੀ ਦਹਿਸ਼ਤ, ਗੱਲ ਕਿ ਬਹੁਤ ਸਾਰੇ ਵਿਸ਼ਿਆਂ ਤੇ ਪਾਠਕਾਂ ਨੂੰ ਸੰਖੇਪ ਵਿੱਚ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਹੁਣ ਪਾਠਕ ਜਦੋਂ ਪੜ੍ਹੇਹਤਾਂ ਇਸ ਕਿਤਾਬ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੇ। ਕੁੱਝ ਕਿਤਾਬਾਂ ਬਾਰੇ




ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ ਜਿਵੇਂ ਡਾਰਵਿਨ ਦੀ 'ਜੀਵ ਵਿਕਾਸ' ਜਾਂ ਜੋਨਰੀਡ ਦੀ ਸੰਸਾਰ ਪ੍ਰਸਿੱਧ ਪੁਸਤਕ 'ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ'। ਲੇਖਕ ਕਿਉਂਕਿ ਸਾਰੀ ਉਮਰ ਖੱਬੇਪੱਖੀ ਲਹਿਰ ਨਾਲ ਜੁੜਿਆ ਰਿਹਾ ਹੈ ਇਸ ਕਰਕੇ ਉਸ ਦਾ ਦਾਅਵਾ ਹੈਕਿ ਮਜ਼ਦੂਰ ਜਮਾਤ ਦੀ ਮੁਕਤੀ ਦਾ ਰਾਹ ਸਿਰਫ ਜਮਾਤੀ ਸੰਘਰਸ਼ ਹੈ। ਕਿਸੇ ਕਿਤਾਬ ਦਾ ਜਦ ਅਸੀਂ ਰਿਵਿਊ ਕਰਦੇ ਹਾਂ ਤਾਂ ਜ਼ਰੂਰੀ ਨਹੀਂ ਕਿ ਇਕੱਲੇ-ਇਕੱਲੇ ਚੈਪਟਰ ਦੀ ਇਕੱਲੀ ਇਕੱਲੀ ਕਹਾਣੀ ਜਾਂ ਇਕੱਲੀ ਇਕੱਲੀ ਕਵਿਤਾ ਦਾ ਜ਼ਿਕਰ ਕਰੀਏ, ਪਰ ਸੁਚੇਤ ਰੂਪ ਵਿੱਚ ਇਹ ਜਾਨਣ ਦੀ ਕੋਸ਼ਿਸ਼ ਕਰੀਏ ਮੂਲ ਰੂਪ ਵਿੱਚ ਕਿਤਾਬ ਕਹਿੰਦੀ ਕੀ ਹੈ ਅਤੇ ਲੇਖਕ ਆਪਣੀ ਪ੍ਰਤੀਬੱਧਤਾ ਨਾਲ ਕਿੰਨਾ ਕੁਵਫ਼ਾਦਾਰ ਹੈ।

ਸੂਫ਼ੀ ਫ਼ਕੀਰਾਂ ਤੋਂ ਸ਼ੁਰੂ ਕਰਕੇ ਲੇਖਕ ਪੰਜਾਬ ਦੇ ਇਤਿਹਾਸ ਨੂੰ ਦਿੱਲੀ ਦੀਆਂ ਬਰੂਹਾਂ ਤੇ ਲੜੇ ਕਿਸਾਨੀ ਸੰਘਰਸ਼ ਤੱਕ ਲੈ ਆਇਆ ਹੈ। ਹੁਣ ਅਗਲੇ ਕਦਮ ਬਾਰੇ ਸੋਚਣਾ ਪਾਠਕਾਂ ਨੇ ਹੈ ਤੇ ਜਾਂ ਉਹ ਲੋਕ ਜੋ ਆਪਣੇ ਆਪ ਨੂੰ ਅਗਾਂਹਵਧੂ ਸਮਝਦੇ ਹਨ ਜਾਂ ਅਗਾਂਹਵਧੂ ਹਨ। ਅੱਜ ਪੰਜਾਬੀ ਸਮਾਜ ਵੀ ਇਸ ਕਾਰਪੋਰੇਟ ਕਲਚਰ ਦੀ ਦੌੜ ਵਿਚ ਬੁਰੀ ਤਰ੍ਹਾਂ ਸ਼ਾਮਲ ਹੈ। ਵੱਡੇ-ਵੱਡੇ ਘਰ, ਵੱਡੀਆਂ ਵੱਡੀਆਂ ਗੱਡੀਆਂ, ਜੁਆਕਾਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਭੇਜਣਾ, ਜ਼ਮੀਨਾ ਖ਼ਾਤਰ ਟੁੱਟ ਰਹੇ ਭੈਣਾਂ ਭਰਾਵਾਂ ਜਾਂ ਮਾਪਿਆਂ ਦੇ ਰਿਸ਼ਤੇ ਇਸਦੇ ਸਬੂਤ ਹਨ। ਇਹੋ ਜਿਹੇ ਸਮੇਂ ਜਾਗਦੇ ਜ਼ਮੀਰ ਵਾਲੇ ਲੋਕ ਬੇਸ਼ੱਕ ਬਹੁਤ ਥੋੜ੍ਹੇ ਹਨ ਪਰ ਲੋਕਾਂ ਨੂੰ ਜਗਾਉਣ ਦਾ ਹੋਕਾ ਦੇ ਰਹੇ ਹਨ। ਇਹੋ ਜਿਹਾ ਹੋਕਾ ਹੀ ਜਗਦੀਸ਼ ਸਿੰਘ ਚੋਹਕਾ ਦੀ ਕਿਤਾਬ 'ਇੰਤਜਾਰ' ਦੇ ਰਹੀ ਹੈ। ਪੰਜਾਬ ਦੇ ਪਿੰਡਾਂ ਵਿੱਚ ਪਈਆਂ ਐਨ.ਆਰ.ਆਈ ਦੀਆਂ ਵੱਡੀਆਂ ਵੱਡੀਆਂ ਕੋਠੀਆਂ, ਪੰਜਾਬ ਦੀ ਮੰਡੀਰ ਦਾ ਨਸ਼ਿਆਂ ਵੱਲ ਜਾਂ ਆਈਲੈਟਸ ਕਰਕੇ ਬਾਹਰ ਭੱਜਣਾ ਇਹ ਵਰਤਾਰਾ ਇੱਕ ਦਿਨ ਵਿਚ ਨਹੀਂ ਉਠਿਆ ਨਾ ਹੀ ਇੱਕ ਸਾਲ ਵਿੱਚ। ਇਸ ਵਰਤਾਰੇ ਨੂੰ ਕਿੱਥੇ ਤੱਕ ਲਿਆਉਣ ਲਈ ਕਾਰਪੋਰੇਟ ਮੀਡੀਏ ਦਾ ਬਹੁਤ ਵੱਡਾ ਰੋਲ ਹੈ। ਸਾਡੇ ਲੋਕਾਂ ਦੇ ਮਨਾਂ ਅੰਦਰ ਉਸ ਬੰਦੇ ਦੀ ਜ਼ਿਆਦਾ ਵਡਿਆਈ ਹੈ ਜਿਸ ਕੋਲ ਬਹੁਤੀ ਧਨ ਦੌਲਤ ਹੈ ਨਾ ਕਿ ਉਸ ਬੰਦੇ ਦੀ, ਜੋ ਸਮਾਜ ਲਈ ਕੁਝ ਕਰਦਾ ਹੈ ਜਾਂ ਸੋਚਦਾ ਹੈ। ਇਸ ਕਰਕੇ ਅੱਜ ਆਮ ਪੰਜਾਬੀ ਦਾ ਰੁਝਾਨ ਪਦਾਰਥਵਾਦੀ ਅਯਾਸ਼ੀ ਹੈ ਨਾ ਕਿ ਬਰੀਕ ਨਿਗਾਹਾਂ ਨਾਲ ਜੋ ਸਮਾਜ ਵਿੱਚ ਵਾਪਰ ਰਿਹਾ ਹੈ ਉਸ ਨੂੰ ਦੇਖਣ ਦੀ, ਪਰਖਣ ਦੀ ਅਤੇ ਉਸ ਦੀ ਰੋਕਥਾਮ ਲਈ ਕਦਮ ਚੁੱਕਣ ਦੀ।

ਲੇਖਕ ਨੇ ਕਿਤਾਬ ਦਾ ਨਾਮ ਬੜੀ ਸਮਝ ਨਾਲ 'ਇੰਤਜ਼ਾਰ' ਰੱਖਿਆ ਹੈ। ਉਸ ਨੂੰ ਇੰਤਜ਼ਾਰ ਹੈ ਕਿ ਲੋਕ ਕਿਤਾਬ ਪੜਨ੍ਹ ਅਤੇ ਪੜ੍ਹਕੇ ਬਹਿਸ ਕਰਨ, ਸਵਾਲ ਕਰਨ, ਜਵਾਬ ਮੰਗਣ। ਉਸ ਨੂੰ ਇੰਤਜ਼ਾਰ ਹੈ ਲੋਕ ਆਪਣੇ ਨਾਇਕਾਂ ਦੀ ਦੇਣ ਪਛਾਨਣ ਅਤੇ ਦੌਲਤ ਇਕੱਠੀ ਕਰਨ ਵਾਲਿਆਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ, ਕਿੰਤੂ ਪ੍ਰੰਤੂ ਕਰਨ। ਲੇਖਕ ਨੂੰ ਇੰਤਜ਼ਾਰ ਹੈ ਕਿ ਲੋਕ ਇਸ ਮੁਨਾਫ਼ੇਦੀ ਮੰਡੀ ਦੇ ਗੁੰਡਿਆਂ ਦੀ ਸ਼ਨਾਖਤ ਕਰਨ ਅਤੇ ਵਿਚਾਰਧਾਰਕ ਪ੍ਰਪੱਕਤਾ ਨਾਲ ਇਸ ਹਨ੍ਹੇਰਗਰਦੀ ਦਾ ਮੁਕਾਬਲਾ ਕਰਨ। ਚੋਹਕਾ ਸਾਹਿਬ ਨੇ ਬੜੀ ਮਿਹਨਤ ਨਾਲ ਇਹ ਵੱਡਮੁੱਲੀ ਜਾਣਕਾਰੀ ਸਾਨੂੰ ਦੇਣ ਦੀ ਕੋਸ਼ਿਸ਼ ਕੀਤੀ ਹੈ ਅਤੇ ਸਾਡਾ ਵੀ ਫ਼ਰਜ਼ ਬਣਦਾ ਹੈ ਕਿ ਇਸ ਜਾਣਕਾਰੀ ਤੋਂ ਵੱਧ ਤੋਂ ਵੱਧ ਲਾਹਾ ਲੈਣ ਦੀ ਕੋਸ਼ਿਸ਼ ਕਰੀਏ। ਪੰਜਾਬੀ ਪਾਠਕਾਂ ਨੂੰ ਇਸ ਵਡਮੁੱਲੀ ਜਾਣਕਾਰੀ ਦੇਣ ਵਾਲੀ ਕਿਤਾਬ 'ਇੰਤਜ਼ਾਰ' ਦਾ ਸਵਾਗਤ ਕਰਨਾ ਬਣਦਾ ਹੈ।












# 1855: ਆਦਿਵਾਸੀ ਵੀਰਾਂਗਣਾਂ ਦੀ ਭੁੱਲੀ ਵਿਸਰੀ ਵਿਰਾਸਤ



-ਅਮੋਲਕ ਸਿੰਘ
98778-68710





1857 ਦੇ ਗ਼ਦਰ ਨੂੰ ਭਾਰਤ ਦੀ ਪਹਿਲੀ ਜੰਗ-ਏ-ਆਜਾਦੀ ਕਿਹਾ ਜਾਂਦਾ ਹੈ। ਇਸਤੋਂ ਦੋ ਸਾਲ ਪਹਿਲਾਂ ਸੰਥਾਲ ਖ਼ੇਤਰ ਦੇ ਆਦਿਵਾਸੀਆਂ ਨੇ ਬ੍ਰਿਟਿਸ਼ ਰਾਜ ਅਤੇ ਸਥਾਨਕ ਰਜਵਾੜਿਆਂ, ਜਾਗੀਰਦਾਰਾਂ ਖ਼ ?ਲਾਫ਼ ਇਤਿਹਾਸਕ ਗ਼ਦਰ ਕੀਤਾ। ਜਿਸਦੀ 1855-56 ਦੇ ਅਰਸੇ ਦੌਰਾਨ ਪਈ ਗੂੰਜ਼ ਨਾਲ ? ਜੰਗਲ ਗੂੰਜ਼ਦਾ ਰਿਹਾ। ਇਹ ਗੂੰਜ਼ ਸਾਡੀ ਸ਼ਾਨਾਮੱਤੀ ਵਿਰਾਸਤ ਦਾ ਅਮੁੱਲੀ ਧਰੋਹਰ ਸਾਡੇ ਚੇਤਿਆਂ ਦੀ ਡਾਇਰੀ ਦਾ ਸਫ਼ਾ ਕਿਉਂ ਨਹੀਂ ਬਣ ਸਕੀ ? ਇਹ ਸੁਆਲ ਮੁਲਕ ਦੇ ਹੁਕਮਰਾਨਾਂ, ਯੂਨੀਵਰਸਿਟੀਆਂ, ਖੋਜਾਰਥੀਆਂ ਦੇ ਮਨ ਮਸਤਕ ਦੇ ਦਰਵਾਜ਼ੇ ਦਸਤਕ ਦਿੰਦਾ ਰਹੇਗਾ। ਇਸਦੀ ਗਹਿਰੀ ਖੋਜ਼ ਦਾ ਕਾਰਜ਼ ਅੱਜ ਵੀ ਦਰਪੇਸ਼ ਹੈ।

1855 ਦੀ ਗੱਲ ਹੈ ਕਿ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਜੰਗਲ ਉੱਪਰ ਚੰਦਰੀ ਨਿਗਾਹ ਟਿਕਾ ਲਈ। ਸੰਥਾਲ ਪਰਗਣਾ ਟੈਨੈਂਸੀ ਐਕਟ (1912 ) ਦਾ ਹੁਲੀਆ ਬਦਲ ਕੇ ਗੈਰ-ਕਬਾਇਲੀਆਂ ਵੱਲੋਂ ਜੰਗਲ ? ਅੰਦਰ ਜ਼ਮੀਨ ਜਾਇਦਾਦ ਖ਼ਰੀਦਣ ਦੀ ਖੁੱਲ੍ਹ ਦੇ ਦਿੱਤੀ। ਜੰਗਲ ਨਾਲ ਆਦਿਵਾਸੀਆਂ ਦਾ ਜਿਉਣ ਮਰਨ ਜੁੜਿਆ ਹੋਇਆ ਹੈ। ਜੰਗਲ ਜਿਹਨਾਂ ਲਈ ਕੁਦਰਤੀ ਅਨਮੋਲ ਖ਼ਜ਼ਾਨਾ ਸੀ ਉਹ ਆਦਿਵਾਸੀ ਇਸਨੂੰ ਚੁੱਪ ਚੁਪੀਤੇ ਕਿਵੇਂ ਜਰ ਲੈਂਦੇ।

ਨਿੱਜੀ ਜਾਇਦਾਦ ਦਾ ਹੱਕ ਮਿਲਦਿਆਂ ਹੀ ਜੰਗਲ, ਜਲ ਜ਼ਮੀਨ ਨੂੰ ਜੱਫ਼ਾ ਮਾਰਨ ਲਈ ਧਾਅ ਕੇ ਪਏ ਜਾਗੀਰਦਾਰਾਂ ਅਤੇ ਦੇਸੀ ਬਦੇਸ਼ੀ ਕੰਪਨੀਆਂ ਨੇ ਜੰਗਲ ਉੱਪਰ ਕਾਬਜ਼ ਹੋਣ ਲਈ ਹਰ ਹਰਬਾ ਵਰਤਿਆ। ਇਹਨਾਂ ਦੇ ਨਾਲ-ਨਾਲ ਸ਼ਾਹੂਕਾਰਾਂ ਸੂਦਖੋਰਾਂ ਦਾ ਟਿੱਡੀ ਦਲ ਜੰਗਲ ਦੇ ਜਨ ਜੀਵਨ ਨੂੰ ਬੁਰਕ ਮਾਰਨ ਲੱਗਾ। ਲੋਕਾਂ ਅੰਦਰ ਰੋਹ ਭਰੀ ਵਿਦਰੋਹੀ ਚਿਣਗ ਮਘ ਉੱਠੀ। ਲੋਕਾਂ ਅੰਦਰ ਉੱਸਲਵੱਟੇ ਲੈਂਦੀ ਬੇਚੈਨੀ ਅਗਵਾਈ ਭਾਲਦੀ ਸੀ। ਜੰਗਲ ਆਪਣੇ ਨਾਇਕਾਂ ਦੀ ਉਡੀਕ ਕਰਨ ਲੱਗਾ।

ਜੰਗਲ ਦੀ ਹੂਕ ਸੁਣ ਕੇ, ਜੰਗਲ ? ਦੀਆਂ ਜਾਈਆਂ ਜੁੜਵਾ ਭੈਣਾਂ ਫੂਲੋ ਮੁਰਮੂ ਅਤੇ ਝਾਨੋ ਮੁਰਮੂ ਨੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਇਸਦੇ ਮਾਲਕਾਂ, ਇਸਦੇ ਸੇਵਾਦਾਰ ਭਾਰਤੀ ਜਾਗੀਰਦਾਰਾਂ, ਕੰਪਨੀਆਂ ਅਤੇ ਸ਼ਾਹੂਕਾਰਾਂ ਖ਼ਿਲਾਫ਼ ਬਗ਼ਾਵਤ ਦਾ ਝੰਡਾ ਚੁੱਕ ਲਿਆ। ਦੋਵੇਂ ਭੈਣਾਂ ਚੱਲ ਪਈਆਂ ਆਦਿਵਾਸੀ ਝੁੱਗੀਆਂ ਝੌਂਪੜੀਆਂ ਵੱਲ। ਉਹਨਾਂ ਨੇ ਉਦਾਸੀ ਦੇ ਆਲਮ ਵਿਚ ਡੁੱਬੀਆਂ ਝੁੱਗੀਆਂ ਨੂੰ ਮੋਢਾ ਦੇ ਕੇ ਖੜ੍ਹੇ ਕੀਤਾ। ਆਦਿਵਾਸੀਆਂ ਦੇ ਨੈਣਾਂ ਵਿੱਚ ਰੌਸ਼ਨ ਸਵੇਰ ਦੀ ਉਮੀਦ ਭਰੀ ਲਿਸ਼ਕੋਰ ਪਈ। ਇਹਨਾਂ ਬਾਗ਼ੀ ਭੈਣਾਂ ਨੇ ਆਪਣੇ ਖੇਤਰ ਦੇ ਜੰਗਲ ? ਦੇ ਪੱਤੇ ਪੱਤੇ ਅਤੇ ਪੌਣਾਂ ਦੇ ਪਰਾਂ ਤੇ ਬਗ਼ਾਵਤ ਦੇ ਗੀਤ ਲਿਖ ਦਿੱਤੇ।

ਜੰਗਲ-ਜਾਈਆਂ ਨੇ ਆਪਣੇ ਮੋਢਿਆਂ 'ਤੇ ਤੀਰ ਕਮਾਨ ਚੁੱਕ ਲਏ। ਇਹਨਾਂ ਦੇ ਭੈਣ ਭਰਾ ਸ਼ਿੰਦੋ, ਕਾਨੂੰ, ਚਾਂਦ ਅਤੇ ਭੈਰਵ ਮੁਰਮੂ ਵੀ ਉਹਨਾਂ ਨਾਲ ਬਾਗ਼ੀ ਰਾਹਾਂ ਦੇ ਰਾਹੀ ਬਣ ਕੇ ਚੱਲ ਪਏ।

ਭੈਣ ਭਰਾਵਾਂ ਨੇ ਜੰਗਲ ਦੀ ਖਾਮੋਸ਼ੀ ਨੂੰ ਬੋਲ ਦਿੱਤੇ। ਰਾਤਾਂ ਨੂੰ ਨਿੰਮੀ ਨਿੰਮੀ ਲੋਅ 'ਚ ਆਪਣੇ ਵਡੇਰਿਆਂ ਨਾਲ ਰਾਵਾਂ ਕੀਤੀਆਂ। ਉਹਨਾਂ ਨਵੇਂ ਗੁਰ ਦੱਸੇ ਕਿ ਗੁੱਸੇ ਦੀ ਅੱਗ ਵਿਚ ਬਲਣ ਦੀ ਬਜਾਏ ਆਦਿਵਾਸੀ ਭਰਾਵਾਂ ਦਾ ਜਨਤਕ ਸਹਿਯੋਗ ਲਵੋ। ਇਕੱਲੇ ਇਕੱਲੇ ਭੜਕ ਕੇ ਕੁੱਝ ਨਹੀਂ ਬਣਨਾ। ਹਥਿਆਰਾਂ ਨਾਲ ਲੈਸ ਕੰਪਨੀਆਂ ਅਤੇ ਜਾਗੀਰਦਾਰਾਂ ਦੇ ਲੱਠਮਾਰਾਂ ਨੂੰ ਨਕੇਲ ਪਾਉਣ ਲਈ ਆਦਿਵਾਸੀ ਭਾਈਚਾਰੇ ਨੂੰ ਵਿਚਾਰਾਂ ਅਤੇ ਰਵਾਇਤੀ ਹਥਿਆਰਾਂ ਨਾਲ ? ਲੈਸ ਕਰਨਾ ਲਾਜ਼ਮੀ ਹੈ।

ਕੰਨੋਂ ਕੰਨ ਖ਼ਬਰਾਂ ਹੋਈਆਂ। ਕੁੱਲੀਆਂ ਆਪੋ ਵਿੱਚ ਵਿਚਾਰਾਂ ਕਰਨ ਲੱਗੀਆਂ। ਰਾਤਾਂ ਨੂੰ ਜੰਗਲ ਦੇ ਪੱਤਿਆਂ ਸਰਸਰਾਹਟ ਦੇ ਨਾਲ ਨਾਲ ? ਬਗਾਵਤ ਦੇ ਬੀਜ਼ ਬੀਜਣ ਵਾਲਿਆਂ ਦੀ ਪੈੜ ਚਾਲ ਕੰਨੀਂ ਪੈਣ ਲੱਗੀ ।ਆਦਿਵਾਸੀਆਂ ਨੇ ਆਪਣੀ ਨਵੀਂ ਜ਼ਿੰਦਗੀ ਦਾ ਨਵਾਂ ਨਕੋਰ ਸਫ਼ਾ ਲਿਖਿਆ। ਉਹਨਾਂ ਨੇ 'ਹੂਲ' (ਮੁਕਤੀ ਲਹਿਰ) ਦਾ ਨਾਦ ਵਜਾ ਦਿੱਤਾ। ਜੰਗਲ ਦਾ ਖਿੱਤਾ ਸਮੂਹ-ਗਾਇਨ ਵਾਂਗ ਵਿਦਰੋਹੀ ਗੀਤ ਗਾਉਣ ਲੱਗਾ। 'ਜੀਆਂਗੇ ਜਾਂ ਮਰਾਂਗੇ, ਜੰਗਲ ਦੀ ਰਾਖੀ ਕਰਾਂਗੇ'। 'ਜੰਗਲ, ਜੰਗਲ ਦੇ ਲੋਕਾਂ ਦਾ, ਨਹੀਂ ਧਾੜਵੀ ਜੋਕਾਂ ਦਾ'। ਵਰਗੇ ਨਾਅਰਿਆਂ ਦੀ ਗੂੰਜ ਲੋਕਾਂ ਦੇ ਬੋਲਾਂ ਵਿਚ ਘੁਲਮਿਲ ਗਈ।

ਉਹਨਾਂ ਲੋਕਾਂ ਨੂੰ ਸਮਝਾਇਆ ਕਿ ਅਸੀਂ ਅਮਨ ਦੀਆਂ ਘੁੱਗੀਆਂ ਕਿੰਨੀ ਦੇਰ ਬਾਜਾਂ ਦੇ ਪੰਜਿਆਂ ਵਿਚ ਤੜਫ਼ਦੀਆਂ ਰਹਾਂਗੀਆਂ। ਅਸੀਂ ਜੰਗਲ ਦੇ ਬਿਰਖ਼ ਦੀ ਟਾਹਣੀ ਟੁੱਟਦੀ ਤੇ ਵੀ ਉਹਦੇ ਵਿਯੋਗ ਵਿਚ ਉਦਾਸ ਹੋ ਜਾਂਦੇ ਹਾਂ। ਸਾਡੀਆਂ ਮਾਵਾਂ ਸਰਘੀ ਵੇਲੇ ਹੀ ਕੰਮਾਂ ਨੂੰ ਤੁਰ ਜਾਂਦੀਆਂ। ਸਾਨੂੰ ਤਾਂ ਲੋਰੀਆਂ ਹੀ ਜੰਗਲ ਦੀ ਗੋਦ ਵਿਚ ਮਿਲੀਆਂ ਨੇ। ਅਸੀਂ ਬਿਰਖਾਂ ਦੇ ਝੂਲੇ ਅਤੇ ਹਵਾ ਦੇ ਬੁੱਲੇ ਮਾਣੇ ਨੇ। ਇਹ ਸਭ ਕੁਝ ਖੋਹਣ ਆ ਪਏ ਨੇ। ਇਹ ਧਾੜਵੀ, ਬਿਨੈ-ਪੱਤਰਾਂ ਨਾਲ ਆਪਣੇ ਪੈਰ ਪਿੱਛੇ ਕਰਨ ਵਾਲੇ ਨਹੀਂ। ਆਪਾਂ ਸਿਰਫ਼ ਅਮਨ ਦੇ ਗੀਤ ਗਾਉਣ ਨਾਲ ਜੰਗਲ ਅੰਦਰ ਅਮਨ ਦੀਆਂ ਘੁੱਗੀਆਂ ਅੰਬਰ ਤੇ ਨਹੀਂ ਉਡਾ ਸਕਦੇ।

ਆਪਣੇ ਤੀਰ, ਨੇਜ਼ੇ, ਕੁਲਹਾੜੀ ਅਤੇ ਹੋਰ ਰਵਾਇਤੀ ਹਥਿਆਰ ਆਪਣੀ ਸਵੈ-ਰਾਖੀ ਲਈ ਇਕੱਠੇ ਕਰਨਾ ਆਪਣੀ ਅਣਸਰਦੀ ਲੋੜ ਹੈ। ਜੰਗਲ ਸਾਡੀ ਮਾਂ ਹੈ ਕੋਈ ਮਾਂ ਨੂੰ ਉਧਾਲਣ ਆ ਪਵੇ, ਮਾਂ ਦੀ ਆਬਰੂ ਨਾਲ ਖਿਲਵਾੜ ਕਿਵੇਂ ਝੱਲਿਆ ਜਾ ਸਕਦਾ ਹੈ। ਇਹ ਬਾਗ਼ੀ ਸੁਰਾਂ ਡਾਢਿਆਂ ਤੱਕ ਵੀ ਪੁੱਜੀਆਂ। ਉਹ ਬਾਗ਼ੀ ਪੌਣਾਂ ਥੰਮ੍ਹਣ ਲਈ ਗੋਂਦਾਂ ਗੁੰਦਣ ਲੱਗੇ। ਉਹਨਾਂ ਨੇ ਆਦਿਵਾਸੀ ਭੈਣਾਂ ਦੀ ਅਗਵਾਈ ਹੇਠ ਕਰਵਟ ਲੈ ਰਹੇ ਜੰਗਲ ਦੀ ਸੰਘੀ ਨੱਪਣ ਲਈ ਘੇਰਾਬੰਦੀ ਕਰ ਲਈ।

ਫੂਲੋ ਮੁਰਮੂ ਅਤੇ ਝਾਨੋ ਮੁਰਮੂ ਪੂਰੀ ਹੁਸ਼ਿਆਰੀ ਨਾਲ ਘੇਰੇ ਵਿੱਚੋਂ ਨਿਕਲ ਗਈਆਂ। ਉਹ ਅੰਬਰੋਂ ਡਿਗੀ ਬਿਜਲੀ ਵਾਂਗ ਵਰ੍ਹੀਆਂ ਅਤੇ ਉਹਨਾਂ ਨੇ ਰਾਤ ਦੇ ਹਨੇਰੇ ਵਿੱਚ 21 ਬ੍ਰਿਟਿਸ਼ ਫੌਜੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਬੱਸ ਫਿਰ ਕੀ ਸੀ ਬ੍ਰਿਟਿਸ਼ ਹਕੂਮਤ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਉਹਨਾਂ ਨੇ ਬਗ਼ਾਵਤ ਦਾ ਨਾਮੋ ਨਿਸ਼ਾਨ ਮਿਟਾ ਦੇਣ ਦੀ ਠਾਣ ਲਈ। ਬਾਗ਼ੀ ਖ਼ੇਤਰ ਦਾ ਘੇਰਾ ਹੋਰ ਤੰਗ ਕਰ ਦਿੱਤਾ। ਹਰ ਤਰ੍ਹਾਂ ਦੀ ਨਾਕਾਬੰਦੀ ਕਰ ਦਿੱਤੀ। 1855-56 ਦਰਮਿਆਨ ਸੰਥਾਲ ਦੇ ਆਜ਼ਾਦੀ ਸੰਗਰਾਮੀਏ, ਸੀਸ ਤਲੀ ਤੇ ਧਰ ਕੇ ਲੜੇ। ਕੋਈ 25,000 ਆਦਿਵਾਸੀ ਇਸ ਆਜ਼ਾਦੀ ਦੇ ਗ਼ਦਰ ਸੰਗਰਾਮ 'ਚ ਸ਼ਹੀਦੀ ਜਾਮ ਪੀ ਗਏ। ਇੱਕ ਵੀ ਆਦਿਵਾਸੀ ਨੇ ਸਾਹਮਣੇ ਖੜ੍ਹੀ ਮੌਤ ਤੱਕ ਕੇ ਗੋਡੇ ਨਾ ਟੇਕੇ। ਆਤਮ ਸਮਰਪਣ ਨਾ ਕੀਤਾ। ਉਹਨਾਂ ਜ਼ਿੰਦਾਂ ਵਾਰ ਕੇ ਸੰਗਰਾਮ ਜ਼ਿੰਦਾ ਰੱਖਿਆ। ਇਤਿਹਾਸ ਦੀ ਸ਼ਾਨ ਸਲਾਮਤ ਰੱਖੀ।

1857 ਦੇ ਗ਼ਦਰ ਤੋਂ ਪਹਿਲਾਂ ਹੋਇਆ ਇਹ ਸ਼ਾਨਾਮੱਤਾ ਇਤਿਹਾਸਕ ਗ਼ਦਰ ਸ਼ਾਇਦ ਇਸ ਕਰਕੇ ਸਮਿਆਂ ਦੀ ਧੂੜ ਵਿੱਚ ਗੁਆਚ ਗਿਆ ਕਿਉਂਕਿ ਆਦਿਵਾਸੀ ਅੰਦੋਲਨ ਦੀ ਅਜੋਕੇ ਸਮਿਆਂ ਅੰਦਰ ਪ੍ਰਸੰਗਿਕਤਾ ਅਤੇ ਮਹੱਤਤਾ ਗਹਿਰੇ ਅਰਥ ਰੱਖਦੀ ਹੈ। ਖਾਸ ਕਰਕੇ ਅੱਜ ਜਦੋਂ ਆਦਿਵਾਸੀ ਖੇਤਰ ਦੇ ਅਨਮੋਲ ਕੁਦਰਤੀ ਖਜ਼ਾਨਿਆਂ ਉਪਰ ਜੱਫ਼ਾ ਮਾਰਿਆ ਜਾ ਰਿਹੈ। ਆਦਿਵਾਸੀਆਂ ਦੀ ਜ਼ੁਬਾਨਬੰਦੀ ਕੀਤੀ ਜਾ ਰਹੀ ਹੈ। ਉਹਨਾਂ ਨੂੰ ਜਾਗਰੂਕ ਕਰਨ ਤੁਰੇ ਲੋਕ-ਦਰਦੀਆਂ ਨੂੰ ਜੇਲ੍ਹਾਂ ਅੰਦਰ ਡੱਕਿਆ ਜਾ ਰਿਹੈ। ਸਟੈਨ ਸੁਆਮੀ, ਸੁਧਾ ਭਾਰਦਵਾਜ਼ ਵਰਗਿਆਂ ਦੀ ਕਹਾਣੀ ਕਿਸੇ ਜਾਣਕਾਰੀ ਦੀ ਮੁਥਾਜ ਨਹੀਂ।


'ਆਜ਼ਾਦੀ ਦਾ ਅੰਮ੍ਰਿਤ ਮਹਾਂ ਉਤਸਵ' ਮਨਾਉਣ ਸਮੇਂ ਆਦਿਵਾਸੀਆਂ ਦਾ ਇਹ ਸਮੂਹਿਕ ਕਤਲੇਆਮ ਕਿਉਂ ਭੁਲਾ ਦਿੱਤਾ। ਜਲ੍ਹਿਆਂਵਾਲਾ ਬਾਗ਼ ਦੀ ਖ਼ੂਨੀ ਵਿਸਾਖੀ ਦਾ ਇਤਿਹਾਸ ਭੁਲਾਉਣ ਲਈ ਜਿਵੇਂ ਬਾਗ਼ ਦਾ ਮੂਲ ਸਰੂਪ ਬਦਲਿਆ ਜਾ ਰਿਹੈ ਆਦਿਵਾਸੀਆਂ ਵੱਲੋਂ ਮੁਲਕ ਦੇ ਆਜ਼ਾਦੀ ਸੰਗਰਾਮ ਵਿਚ 25000 ਲੋਕਾ ਅਤੇ ਅਗਵਾਈ ਕਰਦੀਆਂ ਵੀਰਾਂਗਣ ਭੈਣਾਂ ਵੱਲੋਂ ਦਿੱਤੀ ਲਾਸਾਨੀ ਕੁਰਬਾਨੀ, ਆਜ਼ਾਦੀ ਦੇ ਇਤਿਹਾਸ ਵਿੱਚੋਂ ਮਨਫ਼ੀ ਕੀਤੀ ਜਾ ਰਹੀ ਹੈ।

ਦੁੱਮਕਾ (ਸੀ ਅਮੜਾ) ਚੌਂਕ ਵਿੱਚ ਆਦਿਵਾਸੀ ਵੀਰਾਂਗਣ ਭੈਣਾਂ ਦਾ ਇਕ ਬੁੱਤ ਲਗਾ ਕੇ, ਕਾਲਜ ਦਾ ਨਾਮ ਰੱਖਕੇ ਜਾਂ ਰਾਸ਼ਟਰਪਤੀ ਮੁਰਮੂ ਦਾ ਹਵਾਲਾ ਦੇ ਕੇ ਆਦਿਵਾਸੀ ਇਤਿਹਾਸ ਦੀ ਪ੍ਰਤੀਨਿਧਤਾ ਦਾ ਢੁਕਵਾਂ ਜਵਾਬ ਨਹੀਂ ਮਿਲ ਸਕਦਾ।

ਜੁਲਾਈ 1855 ਦੇ ਸ਼ੁਰੂਆਤੀ ਦਿਨਾਂ ਵਿੱਚ ਵੀਰਾਂਗਣ ਜੌੜੀਆਂ ਭੈਣਾਂ ਅਤੇ 25000 ਆਦਿਵਾਸੀਆਂ ਨੇ ਆਪਣੇ ਲਹੂ ਸੰਗ ਸਿਰਜਿਆ ਇਹ ਇਤਿਹਾਸ। ਫੂਲੋ ਮੁਰਮੂ, ਝਾਨੋ ਮੁਰਮੂ ਅਤੇ ਹਜ਼ਾਰਾਂ ਆਦਿਵਾਸੀਆਂ ਦੀ ਭੁਲਾਈ ਵਿਸਾਰੀ ਜਾ ਰਹੀ ਡੁੱਲ੍ਹੀ ਰੱਤ, ਇਸ ਗੌਰਵਮਈ ਵਿਰਾਸਤ ਪ੍ਰਤੀ ਬੇ-ਗੌਰੀ ਅਤੇ ਪਿੱਠ ਕਰਨ ਤੇ ਸੁਆਲ ਕਰਦੀ ਰਹੇਗੀ ਕਿ:

ਕੀ ਇਹ ਵੀਰਾਂਗਣਾਂ ਅਤੇ ਜ਼ਿੰਦੜੀਆਂ ਵਾਰ ਗਏ ਆਦਿਵਾਸੀ ਆਜ਼ਾਦੀ ਸੰਗਰਾਮ ਦੀ ਅਮੀਰ ਵਿਰਾਸਤ ਨਹੀਂ ?





## ਹਰ ਆਫ਼ਤ 'ਚ ਸਿਰਫ ਲੋਕ ਹੀ ਲੋਕਾਂ ਦਾ ਸਾਥ ਦਿੰਦੇ ਨੇ

(ਸਫ਼ਾ 17 ਦੀ ਬਾਕੀ)

ਕਾਲੀ ਕਮਾਈ ਕਰਨ ਦਾ ਧੰਦਾ ਚਲਾਇਆ ਹੈ। ਹੁਣ ਹੜ੍ਹ-ਪੀੜਤਾਂ ਦੀ ਹਾਲਤ 'ਤੇ ਮਗਰਮੱਛ ਦੇ ਹੰਝੂ ਵਹਾਉਣ ਦਾ ਡਰਾਮਾ ਰਚਕੇ ਆਪਣੀਆਂ ਉਹਨਾਂ ਕਰਤੂਤਾਂ 'ਤੇ ਪਰਦਾਪੋਸ਼ੀ ਕਰਨ 'ਤੇ ਜ਼ੋਰ ਲਾਇਆ ਜਾ ਰਿਹਾ ਹੈ।

ਪਰ ਲੋਕ ਧੰਨ ਹਨ। ਇਹ ਸਿਰਫ ਲੋਕ ਅਤੇ ਲੋਕ ਹੀ ਹਨ, ਜਿਹੜੇ ਹਰ ਵੱਡੀ ਮੁਸੀਬਤ 'ਚ ਪੀੜਤ ਲੋਕਾਂ ਨਾਲ ਚਟਾਨ ਵਾਂਗ ਖੜ੍ਹਦੇ ਹਨ। ਹੁਣ ਇਹ ਪੰਜਾਬ ਦੇ ਲੋਕ ਹੀ ਹਨ, ਜਿਹਨਾਂ ਵਲੋਂ ਪੀੜਤਾਂ ਦੇ ਖਾਣ-ਪੀਣ, ਡੰਗਰਾਂ ਲਈ ਪੱਠੇ-ਤੱਥੇ ਅਤੇ ਹੋਰ ਲੋੜੀਂਦੇ ਸਾਮਾਨ ਨੂੰ ਜੁਟਾਉਣ ਲਈ ਪਿੰਡ ਪਿੰਡ ਹੋਕਾ ਦਿੱਤਾ ਜਾ ਰਿਹਾ ਹੈ, ਗੁਰਦੁਵਾਰਿਆਂ ਦੇ ਸਪੀਕਰਾਂ ਤੋਂ ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਲੋਕਾਂ ਵਲੋਂ ਇਸ ਹੋਕੇ ਨੂੰ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਪੀਣ ਵਾਲੇ ਪਾਣੀ ਅਤੇ ਹੋਰ ਸਾਮਾਨ ਨਾਲ ਭਰੀਆਂ ਟਰਾਲੀਆਂ ਅਤੇ ਨੌਜਵਾਨਾਂ ਦੀਆਂ ਵਹੀਰਾਂ ਲੱਕ ਤੋਂ ਉੱਪਰ ਪਾਣੀ ਦੇ ਵਹਾ ਨੂੰ ਚੀਰਦਿਆਂ, ਹੜ੍ਹ 'ਚ ਫਸੇ ਲੋਕਾਂ ਤੱਕ ਪਹੁੰਚਣ ਦਾ ਜੋਖਮ ਉਠਾ ਰਹੀਆਂ ਹਨ। ਨੌਜਵਾਨਾਂ ਦੇ ਕਾਫਲਿਆਂ ਵਲੋਂ ਇਹ ਸਮਾਨ ਪਾਣੀ 'ਚ ਫਸੇ ਲੋਕਾਂ ਤੱਕ ਪੁਚਾਇਆ ਜਾ ਰਿਹਾ ਹੈ। ਫਸਿਆਂ ਹੋਇਆਂ ਵਿਅਕਤੀਆਂ, ਬੱਚਿਆਂ ਅਤੇ ਪਸ਼ੂਆਂ ਨੂੰ ਸਹੀ-ਸਲਾਮਤ ਬਾਹਰ ਕੱਢਣ ਲਈ ਪਾਣੀ 'ਚ ਕੁੱਦਿਆ ਜਾ ਰਿਹਾ ਹੈ। ਤੇਜ ਪਾਣੀ 'ਚ ਰੁੜ੍ਹੇ ਜਾਂਦੇ ਬੰਦਿਆਂ ਅਤੇ ਪਸ਼ੂਆਂ ਨੂੰ ਬਚਾਉਣ ਲਈ ਪਾਣੀ 'ਚ ਬੇਝਿਜਕ ਕੁੱਦ ਪੈਣ ਦਾ ਖਤਰਾ ਮੁੱਲ ਲੈਣ ਦੀਆਂ ਮਿਸਾਲੀ ਪਿਰਤਾਂ ਉਜਾਗਰ ਕੀਤੀਆਂ ਜਾ ਰਹੀਆਂ ਹਨ। ਲੋਕਾਂ ਨੂੰ ਬਚਾਉਣ ਲਈ ਲੋਕਾਂ ਵਲੋਂ ਪਾਈਆਂ ਜਾ ਰਹੀਆਂ ਇਹ ਪਿਰਤਾਂ ਉਸ ਭਰਾਤਰੀ ਅਤੇ ਜਮਾਤੀ ਜ਼ਜ਼ਬੇ ਅਤੇ ਸਾਂਝ ਦਾ ਇਜ਼ਹਾਰ ਹਨ, ਜਿਹੜੀ ਆਖਰ ਨੂੰ ਹਰ ਆਫ਼ਤ ਮੌਕੇ ਲੋਕਾਂ ਨੂੰ ਆਫ਼ਤ ਮੂੰਹ ਆਏ ਲੋਕਾਂ ਨਾਲ ਡੱਟਕੇ ਖੜਨ ਅਤੇ ਉਹਨਾਂ ਦੀਆਂ ਬਾਹਵਾਂ ਬਣਨ ਲਈ ਧੁਰ ਅੰਦਰੋਂ ਧੂਹ ਪਾਉਂਦੀ ਹੈ ਅਤੇ ਪ੍ਰੇਰਦੀ ਹੈ। ਇਹ ਆਫ਼ਤ ਇੱਕ ਵਾਰ ਫਿਰ ਇਸ ਸੱਚ ਨੂੰ ਸਾਹਮਣੇ ਲਿਆ ਰਹੀ ਹੈ ਕਿ ਲੋਕ ਆਖਰ ਲੋਕ ਹੁੰਦੇ ਹਨ। ਦੁਸ਼ਮਣ ਆਖਰ ਦੁਸ਼ਮਣ ਹੁੰਦਾ ਹ। ਲੋਕਾਂ ਦਰਮਿਆਨ ਹਾਕਮਾਂ ਵਲੋਂ ਚਾਹੇ ਕਿੰਨੇ ਵੀ ਵਿਖੇੜੇ ਖੜੇ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣ, ਪਰ ਹਰ ਵੱਡੀ ਮੁਸੀਬਤ ਦੀ ਘੜੀ ਲੋਕ ਆਪਣੇ ਜਮਾਤੀ ਭਰਾਵਾਂ ਨਾਲ ਖੜਦੇ ਹਨ। ਦੁਸ਼ਮਣ ਚਾਹੇ ਆਪਣੇ ਆਪ ਨੂੰ ਲੋਕ-ਦਰਦੀ ਹੋਣ ਦਾ ਲੱਖ ਖੇਖਣ ਕਰੇ ਅਤੇ ਚਿੱਟੇ, ਨੀਲੇ ਤੇ ਭਗਵੇਂ ਨਕਾਬ ਧਾਰਨ ਦਾ ਢੌਂਗ ਰਚ ਲਵੇ, ਵਕਤੀ ਤੌਰ 'ਤੇ ਲੋਕਾਂ ਦੇ ਅੱਖੀਂ ਘੱਟਾ ਝੋਕਣ 'ਚ ਸਫਲ ਵੀ ਰਹੇ ਪਰ ਹਰ ਆਫ਼ਤ ਉਹਨਾਂ ਦੇ ਨਾਕਾਬਾਂ ਨੂੰ ਭਰਿਆੜ੍ਹ ਕਰਕੇ ਰੱਖ ਦਿੰਦੀ ਹੈ, ਨਾਕਾਬਾਂ ਓਹਲੇ ਛਿਪੇ ਲੋਕ-ਦੁਸ਼ਮਣ ਚਿਹਰਿਆਂ ਨੂੰ ਨੰਗਾ ਕਰ ਦਿੰਦੀ ਹੈ। ਇਹ ਆਫ਼ਤ ਵੀ ਇਹੀ ਕੁੱਝ ਦਿਖਾ ਰਹੀ ਹੈ। ਪੀੜਤ ਲੋਕਾਂ 'ਚ ਹਾਹਾਕਾਰ ਮੱਚੀ ਹੋਈ ਹੈ। ਕੇਂਦਰੀ ਹਕੂਮਤ, ਸੂਬਾਈ ਹਕੂਮਤ ਅਤੇ ਵਿਰੋਧੀ ਵੋਟ ਪਾਰਟੀਆਂ ਆਪਣੀ ਵੋਟ-ਸਿਆਸਤ ਦੀਆਂ ਰੋਟੀਆਂ ਸੇਕਣ ਦੇ ਆਹਰੇ ਲੱਗੀਆਂ ਹੋਈਆਂ ਹਨ। ਖਰੀਆਂ ਲੋਕ-ਹਿਤੈਸ਼ੀ ਜੱਥੇਬੰਦੀਆਂ ਅਤੇ ਸੰਸਥਾਵਾਂ ਨੂੰ ਪੂਰੇ ਜ਼ੋਰ ਨਾਲ ਹਰਕਤ 'ਚ ਆਉਣਾ ਚਾਹੀਦਾ ਹੈ। ਉਹਨਾਂ ਨੂੰ ਲੋਕਾਂ ਵਲੋਂ ਇਸ ਆਫ਼ਤ ਦੀ ਘੜੀ ਕਮਾਲ ਦੀ ਪਹਿਲਕਦਮੀ ਕਰਦਿਆਂ, ਐਡੀ ਵੱਡੀ ਪੱਧਰ 'ਤੇ ਲੋਕਾਂ ਦੇ ਬਚਾਅ ਲਈ ਲਾਮਬੰਦੀ ਅਤੇ ਇੰਤਜ਼ਾਮ ਕਰਨ ਦੀ ਦਿਖਾਈ ਗਈ ਲੋਕ-ਸਮਰੱਥਾ ਦੀ ਤਾਕਤ ਨੂੰ ਬੁੱਝਣਾ ਚਾਹੀਦਾ ਹੈ ਅਤੇ ਓਹਨਾਂ ਨੂੰ ਅਗਵਾਈ ਦੇਣ ਲਈ ਮੂਹਰੇ ਆਉਣਾ ਚਾਹੀਦਾ ਹੈ।

*ਸ਼ਹੀਦੀ ਦਿਵਸ ਮੌਕੇ ਵਿਸ਼ੇਸ਼*

# ਅੰਗਰੇਜ਼ ਸਾਮਰਾਜ ਨੂੰ ਭਾਰਤੀ ਕੌਮ ਦੀ ਲਲਕਾਰ - ਸ਼ਹੀਦ ਊਧਮ ਸਿੰਘ ਸੁਨਾਮ



ਜਸਦੇਵ ਸਿੰਘ ਲਲਤੋਂ
96464-02470

ਸ਼ੇਰ ਸਿੰਘ (ਊਧਮ ਸਿੰਘ) ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਮਾਤਾ ਨਰੈਣੀ (ਹਰਨਾਮ ਕੌਰ) ਤੇ ਪਿਤਾ ਚੂਹੜ ਰਾਮ (ਟਹਿਲ ਸਿੰਘ) ਦੇ ਘਰ ਹੋਇਆ। ਆਪ ਦੇ ਪਿਤਾ ਪਹਿਲਾਂ ਸਬਜ਼ੀਆਂ ਦੀ ਖੇਤੀ, ਫਿਰ ਨਹਿਰੀ ਮਹਿਕਮੇ ਦੀ ਨੌਕਰੀ, ਉਪਲੀ ਰੇਲਵੇ ਫਾਟਕ ਦੀ ਨੌਕਰੀ ਕਰਦੇ ਸਨ ਪ੍ਰੰਤੂ ਪਿਛੋਂ ਇਹ ਨੌਕਰੀ ਛੱਡ ਕੇ ਅੰਮ੍ਰਿਤਸਰ ਕੰਮ ਦੀ ਭਾਲ ਲਈ ਚਲੇ ਗਏ। ਜਿੱਥੇ ਜਾ ਕੇ ਉਨ੍ਹਾਂ ਦੀ ਮੌਤ ਹੋ ਗਈ। ਮਾਤਾ ਪਹਿਲਾਂ ਹੀ ਗੁਜ਼ਰ ਚੁੱਕੀ ਸੀ। 24.10.1907 ਤੋਂ ਊਧਮ ਸਿੰਘ ਤੇ ਵੱਡਾ ਭਰਾ ਸਾਧੂ ਸਿੰਘ ਸਿੱਖ ਸੈਂਟਰਲ ਯਤੀਮ ਘਰ ਅੰਮ੍ਰਿਤਸਰ ਵਿਖੇ ਦਾਖਲ ਹੋ ਗਏ। ਯਤੀਮ ਘਰ 'ਚ ਬੱਚਿਆਂ ਨੂੰ ਪੜ੍ਹਾਈ, ਖੇਡਾਂ ਤੋਂ ਇਲਾਵਾ ਤਰਖਾਣਾ, ਰੰਗ ਰੋਗਨ ਆਦਿ ਕੰਮ ਵੀ ਸਿਖਾਏ ਜਾਂਦੇ ਸਨ। ਊਧਮ ਸਿੰਘ ਤਾਕਤਵਰ, ਬੁੱਧੀ ਤੌਰ ਤੇ ਤੇਜ਼, ਮਿਹਨਤੀ ਤੇ ਸਿਰੜੀ ਹੋਣ ਕਰਕੇ ਆਪਣੇ ਗਰੁੱਪ ਦੇ ਬੱਚਿਆਂ ਦਾ ਮੋਹਰੀ ਬਣ ਗਿਆ। ਉਸਦਾ ਆਪਣਾ ਬਿਆਨ ਹੈ ਕਿ ਉਸਨੇ ਕੋਈ ਪੜ੍ਹਾਈ ਨਹੀਂ ਕੀਤੀ। ਬੇਸ਼ੱਕ ਉਹ ਤਿੰਨ ਬੋਲੀਆਂ-ਗੁਰਮੁੱਖੀ, ਉਰਦੂ, ਅੰਗਰੇਜ਼ੀ ਲਿਖਣ ਬੋਲਣ ਦਾ ਵਧੀਆ ਮਾਹਰ ਸੀ। ਯਤੀਮਖਾਨੇ ਰਹਿੰਦਿਆਂ ਉਸ ਨੇ ਸਿੱਖ ਇਤਿਹਾਸ 'ਚ ਹੋਈਆਂ ਕੁਰਬਾਨੀਆਂ ਦਾ ਭਰਪੂਰ ਗਿਆਨ ਪ੍ਰਾਪਤ ਕੀਤਾ। ਉਹ ਸਥਾਨਕ ਦੇਸ਼ ਭਗਤ ਪੰਡਤ ਹਰੀ ਚੰਦ ਦੀਆਂ ਸਭਾਵਾਂ 'ਚ ਤੇ ਗੁਪਤ ਮੀਟਿੰਗਾਂ 'ਚ ਵੀ ਜਾਣ ਲੱਗਿਆ। 1917 'ਚ ਵੱਡੇ ਭਰਾ ਸਾਧੂ ਸਿੰਘ ਦੀ ਨਮੂਨੀਏ ਨਾਲ ਹੋਈ ਮੌਤ ਨੇ ਉਸ ਨੂੰ ਕਾਫੀ ਵੱਡਾ ਸਦਮਾ ਪਹੁੰਚਾਇਆ। ਯਤੀਮ ਘਰ ਦੀ ਸਹਾਇਤਾ ਨਾਲ ਉਹ ਉੱਤਰੀ ਪੱਛਮੀ ਰੇਲਵੇ 'ਚ ਡਰਾਈਵਰ ਦੇ ਸਹਾਇਕ ਦੇ ਰੂਪ 'ਚ ਕੰਮ ਕਰਨ ਲੱਗਿਆ।

1918 'ਚ ਪੂਰਬੀ ਅਫਰੀਕਾ ਦੇ ਸ਼ਹਿਰ ਮੋਬਾਸਾ ਪੁੱਜਾ। ਨੈਰੋਬੀ 'ਚ ਇੱਕ ਜਰਮਨ ਕੰਪਨੀ 'ਚ ਮੋਟਰ ਮਨੈਨਿਕ ਦੀ ਨੌਕਰੀ ਕੀਤੀ 18 ਮਹੀਨੇ। ਜੂਨ 1919 ਨੂੰ ਭਾਰਤ ਵਾਪਸ ਆਇਆ। ਅੰਮ੍ਰਿਤਸਰ ਆ ਕੇ ਉਸ ਨੇ 13 ਅਪ੍ਰੈਲ 1919 ਜਲਿਆਂ ਵਾਲੇ ਬਾਗ ਦੇ ਕਤਲੇਆਮ ਦੀ ਅਤੇ ਪੂਰਾ ਅਪ੍ਰੈਲ ਮਹੀਨਾ ਪੰਜਾਬ ਦੇ ਜ਼ਿਲਿਆਂ-ਅੰਮ੍ਰਿਤਸਰ, ਲਹੌਰ, ਗੁਜਰਾਂਵਾਲਾ, ਲਾਇਲਪੁਰ ਤੇ ਗੁਜਰਾਤ ਦੇ ਸ਼ਹਿਰਾਂ ਅਤੇ ਸੈਂਕੜੇ ਪਿੰਡਾਂ 'ਚ ਲੱਗੇ ਮਾਰਸ਼ਲ ਲਾਅ ਦੌਰਾਨ ਹੋਈ ਬੇਦੋਸ਼ੇ ਤੇ ਮਾਸੂਮ ਲੋਕਾਂ ਤੇ ਹੋਈ ਗੋਲੀਬਾਰੀ, ਕਤਲੋਗਾਰਦ, ਜਬਰ-ਤਸ਼ੱਦਦ, ਗ੍ਰਿਫਤਾਰੀਆਂ ਦਾ ਦਮਨ ਚੱਕਰ ਬਾਰੇ ਮੁਕੰਮਲ ਤੇ ਦਰਦਨਾਕ ਕਹਾਣੀ ਸੁਣ ਕੇ ਉਸਦਾ ਕੋਮਲ ਭਾਵੀ ਹਿਰਦਾ ਵਲੂੰਧਰਿਆ ਗਿਆ ਤੇ ਉਸ ਨੇ ਆਪਣੇ ਮਨ ਦੇ ਅੰਦਰ ਹੀ ਇਸ ਦਾ ਬਦਲਾ ਚੁਕਾਉਣ ਦੀ ਸੌਂਹ ਖਾਧੀ। (ਉਸ ਨੇ ਆਪਣੇ 5 ਜੂਨ 1940 ਦੇ ਬਿਆਨ 'ਚ ਦੱਸਿਆ ਕਿ ਜਲਿਆਂ ਵਾਲੇ ਬਾਗ ਦੇ ਸਾਕੇ ਵੇਲੇ ਉਹ ਪੂਰਬੀ ਅਫਰੀਕਾ 'ਚ ਸੀ ਤੇ ਉਸ ਨੂੰ ਇਸਦੀ ਜਾਣਕਾਰੀ ਵਾਪਸ ਆ ਕੇ ਹੀ ਮਿਲੀ ਸੀ)


ਦਸੰਬਰ 1919 'ਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਅੰਮ੍ਰਿਤਸਰ ਸੈਸ਼ਨ 'ਚ ਬਤੌਰ ਵਲੰਟੀਅਰ ਸ਼ਾਮਲ ਹੋਇਆ ਅਤੇ ਬਹੁਤ ਹੀ ਤਿਖੀ ਸੂਝ ਦਾ ਮਾਲਕ ਹੋਣ ਕਰਕੇ ਇਸ ਸਿੱਟੇ ਤੇ ਪੁੱਜਿਆ ਕਿ ਕਾਂਗਰਸ ਪਾਰਟੀ ਅੰਗਰੇਜ਼ਾਂ ਲਈ ਕੋਈ ਚੁਨੌਤੀ ਨਹੀਂ। ਸੋ ਇਸ ਨਾਲੋਂ ਨਾਤਾ ਤੋੜ ਲਿਆ। ਊਧਮ ਸਿੰਘ ਗਦਰ ਸਾਹਿਤ ਦੀ ਪ੍ਰਾਪਤੀ ਲਈ ਤੇ ਮਾਸਟਰ ਮੋਤਾ ਸਿੰਘ ਨੂੰ ਮਿਲਣ ਲਈ ਪਤਾਰਾ (ਜ਼ਿਲ੍ਹਾ ਜਲੰਧਰ) ਗਿਆ, ਲੇਕਿਨ ਫੜੋ-ਫੜੀ ਦਾ ਦੌਰ ਹੋਣ ਕਰਕੇ, ਕੋਈ ਭੇਤ ਨਾ ਲੱਗ ਸਕਿਆ। ਕੁੱਝ ਮਹੀਨਿਆਂ ਬਾਅਦ ਊਧਮ ਸਿੰਘ ਮੁੜ ਪੂਰਬੀ ਅਫਰੀਕਾ ਗਿਆ, ਜਿੱਥੇ 2 ਸਾਲ ਯੁਗਾਂਡਾ ਰੇਲਵੇ ਵਰਕਸ਼ਾਪ 'ਚ ਮਕੈਨਿਕ ਵਜੋਂ ਨੌਕਰੀ ਕੀਤੀ । ਮੁੜ ਫੇਰ ਭਾਰਤ ਪਰਤ ਆਇਆ। ਜਲਦੀ ਹੀ 1922 'ਚ ਪ੍ਰੀਤਮ ਸਿੰਘ ਨਾਲ ਲੰਡਨ, ਫਿਰ ਮੈਕਸੀਕੋ ਗਿਆ। 2 ਸਾਲ ਕੈਲੇਫੋਰਨੀਆਂ ਕੰਮ ਕੀਤਾ, ਕੁੱਝ ਮਹੀਨੇ ਡੈਟਰੋਇਟ, ਸ਼ਿਕਾਗੋ ਤੇ ਨਿਊ ਯਾਰਕ ਵੀ। ਕੈਲੇਫੋਰਨੀਆਂ 'ਚ ਉਹ ਗਦਰ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਇਸ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ ਲੱਗਾ, ਜੋ ਕਿ ਅੰਤ ਤੱਕ ਜਾਰੀ ਰਿਹਾ। 1923 'ਚ ਸੈਫ-ਉਦ-ਦੀਨ ਕਿਚਲੂ ਰਾਹੀਂ ਉਸਦੀ ਮਿਲਣੀ ਕਾਬਲ ਵਿੱਚ ਮਾਸਟਰ ਮੋਤਾ ਸਿੰਘ ਨਾਲ ਹੋਈ। ਵਾਪਸ ਸੁਨਾਮ ਆ ਕੇ ਆਪਣੇ ਮਿੱਤਰਾਂ ਤੇ ਸਕੇ ਸੰਬਧੀਆਂ ਨਾਲ ਮਿਲਣੀਆਂ ਕੀਤੀਆਂ। ਅੰਮ੍ਰਿਤਸਰ ਆ ਕੇ ਇੱਕ ਦੁਕਾਨ ਲਈ ਜਿਸ ਤੇ 'ਰਾਮ ਮੁਹੰਮਦ ਸਿੰਘ ਅਜ਼ਾਦ' ਲਿਖਿਆ ਹੋਇਆ ਸੀ। ਇਹ ਦੁਕਾਨ ਕਾਫੀ ਦੇਰ ਇਨਕਲਾਬੀਆਂ ਦੇ ਤਾਲਮੇਲ ਦਾ ਕੇਂਦਰ ਬਣੀ ਰਹੀ। ਊਧਮ ਸਿੰਘ ਇਨਕਲਾਬੀ ਸਾਹਿਤ ਪੜ੍ਹਦਾ ਤੇ ਵੱਡੀ ਕੁਰਬਾਨੀ ਲਈ ਆਪਣੇ ਆਪ ਨੂੰ ਤਿਆਰ ਕਰਦਾ। ਇੱਥੇ ਹੀ ਉਸਦੀ ਮੁਲਾਕਾਤ ਭਗਤ ਸਿੰਘ ਨਾਲ ਹੋਈ ।

ਇਸ ਤੋਂ ਬਾਅਦ ਊਧਮ ਸਿੰਘ ਬਬਰ ਅਕਾਲੀ ਲਹਿਰ 'ਚ ਸ਼ਾਮਲ ਹੋ ਗਿਆ। ਉਸ ਨੇ ਤੇ ਸ਼ੇਰਜੰਗ ਨੇ ਆਪਣੇ ਨਾਲ 15-16 ਸਾਥੀ ਹੋਰ ਤਿਆਰ ਕਰ ਲਏ ਤੇ ਬੱਬਰ ਸਰਗਰਮੀਆਂ 'ਚ ਰੋਲ ਨਿਭਾਉਣ ਲੱਗੇ। ਇਸ ਤੋਂ ਬਾਅਦ ਊਧਮ ਸਿੰਘ ਨੇ ਮੁੜ ਭਗਤ ਸਿੰਘ ਨਾਲ ਸੰਪਰਕ ਕਾਇਮ ਕੀਤਾ। ਇਨ੍ਹਾਂ ਦਿਨਾਂ 'ਚ ਉਹ ਗਦਰ ਪਾਰਟੀ ਦੇ ਆਗੂ ਬਾਬਾ ਭਾਗ ਸਿੰਘ ਨੂੰ ਵੀ ਮਿਲੇ। ਰਾਵਲ ਪਿੰਡੀ ਵਿਖੇ ਆਪ ਦੀ ਬਸੰਤ ਸਿੰਘ ਤੇ ਸ. ਅਜੀਤ ਸਿੰਘ ਮੁਲਾਕਾਤ ਹੋਈ। ਊਧਮ ਸਿੰਘ ਨੂੰ ਇਨਕਲਾਬੀ ਸਾਹਿਤ ਦੀ ਸਪਲਾਈ ਲਈ ਅਮਰੀਕਾ ਭੇਜਣ ਦਾ ਫੈਸਲਾ ਹੋਇਆ। ਸੋ ਆਪ 1924 'ਚ ਅਮਰੀਕਾ ਪੁੱਜੇ। ਉਸ ਨੇ ਵੱਖ-ਵੱਖ ਦੇਸ਼ਾਂ ਵਿੱਚ ਗਦਰ ਪਾਰਟੀ ਦੇ ਕਾਰਕੁੰਨਾਂ ਨਾਲ ਮੁੜ ਸੰਪਰਕ ਬਹਾਲ ਕੀਤੇ ਤੇ ਗਦਰ ਸਾਹਿਤ ਭੇਜਣਾ ਸ਼ੁਰੂ ਕੀਤਾ। ਅਮਰੀਕਾ 'ਚ ਰਹਿੰਦਿਆਂ ਊਧਮ ਸਿੰਘ ਨੇ "ਆਜ਼ਾਦ ਪਾਰਟੀ" ਕਾਇਮ ਕੀਤੀ ਜੋ ਕਿ ਗਦਰ ਪਾਰਟੀ ਦੀ ਹੀ ਸਹਾਇਕ ਸੀ। ਉਹ ਗੁਜਾਰੇ ਲਈ 6 ਘੰਟੇ ਕੰਮ ਕਰਦਾ ਤੇ ਬਾਕੀ ਸਮਾਂ ਪਾਰਟੀ ਲਈ ਲਗਾਉਂਦਾ। 1927 ਦੇ ਸ਼ੁਰੂ 'ਚ ਉਸ ਨੂੰ ਭਗਤ ਸਿੰਘ ਦਾ ਪੱਤਰ ਮਿਲਿਆ। ਜਿਸ ਬਾਰੇ ਉਸ ਨੇ ਆਪਣੀ ਪਾਰਟੀ ਨਾਲ ਵਿਚਾਰ ਕੀਤੀ ਤੇ ਫੈਸਲਾ ਕੀਤਾ ਕਿ ਉਸਦੇ ਨਾਲ 25 ਮੈਂਬਰ ਭਾਰਤ ਜਾਣਗੇ, ਜਿੰਨਾਂ 'ਚ ਇੱਕ ਜਰਮਨ ਔਰਤ ਵੀ ਸੀ। ਵਰਣਨਯੋਗ ਹੈ ਕਿ ਉਸ ਨੇ ਦੱਖਣੀ ਇੰਗਲੈਂਡ ਦੇ ਆਈਲ ਆਫ ਵਾਈਟ 'ਚ ਇੰਗਲਿਸ਼ ਚੈਨਲ ਦੇ ਸਮੁੰਦਰੀ ਡਾਕੂਆਂ ਤੋਂ ਹੱਥਿਆਰ ਖਰੀਦੇ ਤੇ ਜਮ੍ਹਾਂ ਕੀਤੇ। ਭਾਰਤ ਵਾਪਸੀ ਮੌਕੇ ਉਹ ਲਾਲਾ ਹਰਦਿਆਲ ਦਾ ਇੱਕ ਪੱਤਰ ਸੁਭਾਸ਼ ਚੰਦਰ ਬੋਸ ਦੇ ਨਾਮ ਲੈ ਕੇ ਆਇਆ। ਆਪਣੇ ਜੱਥੇ ਸਮੇਤ ਉਹ ਸੁਨਾਮ ਪੁੱਜੇ ਤੇ ਆਪਣੇ ਘਰ ਹੀ ਦਫਤਰ ਕਾਇਮ ਕੀਤਾ। ਉਹ ਮੋਟਰ ਸਾਈਕਲ ਤੇ ਅੰਮ੍ਰਿਤਸਰ ਤੇ ਲਾਹੌਰ ਜਾਂਦਾ ਉਸ ਨੇ ਮਾਨਾਂ ਵਾਲਾ ਸਟੇਸ਼ਨ ਦੇ ਨੇੜੇ ਰਾਤ ਨੂੰ ਇੱਕ ਵੱਡਾ ਬਕਸਾ ਸੌਂਪਿਆ ਜਿਸ ਵਿੱਚ ਭਾਰੀ ਕਰੰਸੀ ਤੇ ਪਿਸਤੌਲ ਸਨ। 30.08.1927 ਨੂੰ ਅੰਗਰੇਜ਼ੀ ਭੇਸ ਵਿੱਚ ਉਹ ਅਸਲੇ ਸਮੇਤ ਕਟੜਾ ਸ਼ੇਰ ਸਿੰਘ (ਅੰਮ੍ਰਿਤਸਰ) ਤੋਂ ਫੜਿਆ ਗਿਆ। ਅੰਗਰੇਜ਼ ਪੁਲਿਸ ਨੇ ਉਸ ਤੇ ਭਾਰੀ ਤਸ਼ਦਦ ਢਾਹਿਆ ਪਰ ਉਹ ਆਪਣੇ ਮਿਸ਼ਨ ਤੇ ਅਡੋਲ ਰਿਹਾ। ਮੁਕੱਦਮੇ ਉਪਰੰਤ 1928 'ਚ ਨੂੰ 5 ਸਾਲ ਦੀ ਕੈਦ ਹੋਈ । ਜੇਲ੍ਹ 'ਚ ਤਿੰਨ ਵਾਰ ਕੋਰੜੇ ਮਾਰੇ ਗਏ। ਉਹ ਪਿਸ਼ਾਵਰ ਤੇ ਮੁਲਤਾਨ ਜੇਲਾਂ 'ਚ ਰਿਹਾ ਜਿੱਥੇ ਉਹ ਗਦਰੀ ਬਾਬਾ ਜਵਾਲਾ ਸਿੰਘ ਵੱਲੋਂ ਪੜਾਏ ਗਦਰ ਸਾਹਿਤ ਨੂੰ ਬਹੁਤ ਧਿਆਨ ਨਾਲ ਸੁਣਦਾ। 23 ਮਾਰਚ 1931 ਨੂੰ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਫਾਂਸੀ ਤੇ ਉਹ ਰੋਇਆ, ਉਦਾਸ ਤੇ ਗੰਭੀਰ ਹੋਇਆ। 23.10.1931 ਨੂੰ ਰਿਹਾਈ ਤੋਂ ਬਾਅਦ ਉਹ ਸਿੱਧਾ ਹੁਸੈਨੀਵਾਲੇ ਤੇ ਫਿਰ ਸੁਨਾਮ ਪੁੱਜਿਆ।

ਮਨੁੱਖੀ ਸਬੰਧ ਕਲਾ ਦਾ ਉਹ ਚੋਟੀ ਦਾ ਕਲਾਕਾਰ ਸੀ। ਪਹਿਲਾਂ ਵਰਣਨ ਕੀਤੀਆਂ ਹਸਤੀਆਂ ਤੋਂ ਬਿਨ੍ਹਾਂ ਮਹਾਨ ਇਨਕਲਾਬੀ ਅਬਦੁਲ ਸਿੰਧੀ ਨੇ ਉਸ ਨੂੰ ਰਾਜਾ ਮਹਿੰਦਰ ਪ੍ਰਤਾਪ ਕੋਲ ਚਿੱਠੀ ਦੇ ਕੇ ਮਦਦ ਵਾਸਤੇ ਭੇਜਿਆ। ਨਾਨਾ ਫਰਨਵੀਸ, ਸੁਭਾਸ਼ ਚੰਦਰ ਬੋਸ, ਪ੍ਰਜਾ ਮੰਡਲ ਲਹਿਰ ਦੇ ਭਗਵਾਨ ਸਿੰਘ, ਡਾ. ਕਿਚਲੂ ਨਾਲ ਉਸ ਦੇ ਨੇੜਲੇ ਸਬੰਧ ਸਨ। ਸਬੰਧ ਕਲਾ ਦੀ ਇਹ ਸਿਖਰ ਹੀ ਸੀ ਕਿ ਉਸਨੇ ਗੁਪਤ ਭੇਦ ਹਾਸਲ ਕਰਨ ਲਈ ਉਸਨੇ ਜਰਨਲ ਡਾਇਰ ਦੀ ਲੜਕੀ ਨਾਲ ਸਮਾਜਿਕ ਸਬੰਧ ਸਥਾਪਿਤ ਕੀਤੇ ਤੇ ਆਪਣੇ ਸ਼ਿਕਾਰ – ਅਡਵਾਇਰ ਨਾਲ 6-7 ਮੁਲਾਕਾਤਾਂ ਕੀਤੀਆਂ ਤੇ ਇੱਕ ਵਾਰ ਉਸ ਨੂੰ ਆਪਣੀ ਕਾਰ 'ਚ ਸਮੁੰਦਰੀ ਕੰਢੇ ਸੈਰ ਵੀ ਕਰਵਾਈ। ਉਸ ਦੇ ਆਇਰਿਸ਼ ਦੇਸ਼ ਭਗਤਾਂ ਨਾਲ ਵੀ ਗੁਪਤ ਸਬੰਧ ਸਨ।

ਜੂਨ 1932 'ਚ ਊਧਮ ਸਿੰਘ ਸਾਧੂ "ਬਾਵਾ" ਦੇ ਭੇਸ 'ਚ ਜੰਮੂ ਤੋਂ ਸ਼੍ਰੀ ਨਗਰ ਪੈਦਲ ਗਿਆ । 20.03.1933 ਉਹ ਲਾਹੌਰ ਤੋਂ ਊਧਮ ਸਿੰਘ ਦੇ ਨਾਮ ਤੇ ਨਵਾਂ ਪਾਸਪੋਰਟ ਹਾਸਲ ਕਰਨ 'ਚ ਸਫਲ ਹੋਇਆ। 1934 'ਚ ਉਹ ਮੁੜ ਇੰਗਲੈਂਡ ਪੁੱਜਾ। ਉਹ ਇੰਨਾਂ ਸਾਧਨ ਸੰਪੰਨ, ਆਕਰਸ਼ਕ, ਤਕੜਾ ਤੇ ਘੁਮੱਕੜ ਸੀ ਕਿ ਉਹ 4 ਮਹਾਦੀਪਾਂ ਦੇ ਕਰੀਬ 40 ਦੇਸ਼ਾਂ 'ਚ ਘੁੰਮਿਆ। ਹਰ ਥਾਂ ਗੁਜ਼ਾਰੇ ਲਈ ਨਵੇਂ-ਨਵੇਂ ਕੰਮ ਲੱਭ ਲੈਂਦਾ। ਕੰਮ ਤੋਂ ਵੱਧ ਕੇ ਨਵੇਂ-ਨਵੇਂ ਲੋਕਾਂ ਨਾਲ ਸਬੰਧ ਬਣਾਉਣ ਤੇ ਘੁੰਮਣ ਤੇ ਜ਼ੋਰ ਰੱਖਦਾ। 1937 'ਚ ਗੋਰਿਆਂ ਦੀ ਸੀ.ਆਈ.ਡੀ. ਨੂੰ ਪਤਾ ਲੱਗਾ ਕਿ ਸ਼ੇਰ ਸਿੰਘ, ਉਦੈ ਸਿੰਘ, ਊਧਮ ਸਿੰਘ, ਮੁਹੰਮਦ ਸਿੰਘ ਅਜ਼ਾਦ ਇੱਕੋ ਹੀ ਬੰਦਾ ਹੈ । ਆਪਣੀ ਰਣ ਨੀਤੀ ਅਨੁਸਾਰ ਭਾਰਤੀ ਵਸੋਂ ਦੀ ਬਜਾਏ ਗੋਰਾਂ ਵਸੋਂ 'ਚ ਹੀ ਕਿਰਾਏ ਦੇ ਮਕਾਨਾਂ 'ਚ ਰਹਿੰਦਾ। ਸਰਕਾਰ ਵਿਰੋਧੀ ਖੁੱਲੇ ਇੱਕਠਾਂ 'ਚ ਆਉਣ ਦੀ ਬਜਾਏ ਭਾਰਤੀ ਆਗੂਆਂ ਨੂੰ ਇੱਕਲੇ ਤੌਰ ਤੇ ਹੀ ਮਿਲਦਾ।

ਊਧਮ ਸਿੰਘ ਨੇ 12 ਮਾਰਚ 1940 ਨੂੰ ਆਪਣੇ ਨਜ਼ਦੀਕੀ ਦੋਸਤਾਂ ਨੂੰ ਰਸਮੀ ਵਿਦਾਇਗੀ ਦਿੱਤੀ ਤੇ ਆਖਿਆ, "ਕਲ ਦੀ ਸ਼ਾਮ ਲੰਡਨ ਦੇ ਲੋਕ ਇੱਕ ਅਦਭੁੱਤ ਨਜ਼ਾਰਾ ਦੇਖਣਗੇ ਜੋ ਅੰਗਰੇਜ਼ ਸਾਮਰਾਜ ਦੀ ਨੀਂਹ ਹਿਲਾ ਕੇ ਰੱਖ ਦੇਵੇਗਾ। ਇਹ ਤੁਹਾਡੇ ਪਿਆਰੇ "ਬਾਵੇ" ਲਈ ਸ਼ੁਭ ਦਿਨ ਹੋਵੇਗਾ।" 13 ਮਾਰਚ ਸ਼ਾਮ ਨੂੰ ਨਵਾਂ ਸੂਟ ਪਹਿਨ ਕੇ, ਹੈਟ ਲੈ ਕੇ, ਉਵਰਕੋਟ ਦੀ ਅੰਦਰਲੀ ਜੇਬ 'ਚ ਕਾਰਤੂਸਾਂ ਨਾਲ ਭਰਿਆ ਪਿਸਤੌਲ ਲੈ ਕੇ ਊਧਮ ਸਿੰਘ ਮੀਟਿੰਗ ਤੋਂ ਪਹਿਲਾਂ ਕੈਕਸਟਨ ਹਾਲ (ਲੰਡਨ) ਵਿਖੇ ਪੁੱਜਾ। ਸੀਟਾਂ ਦੀ ਘਾਟ ਕਾਰਨ ਉਹ ਖੜੇ ਲੋਕਾਂ 'ਚ ਸੱਜੇ ਪਾਸੇ ਪਹਿਲੀ ਕਤਾਰ ਦੇ ਨੇੜੇ ਖੜ੍ਹਾ ਹੋਇਆ। ਹੋਰਨਾਂ ਤੋਂ ਇਲਾਵਾ ਸਰ ਮਾਈਕਲ ਓਡਵਾਇਰ ਨੇ 1913-16 'ਚ ਭਾਰਤ 'ਚ ਆਪਣੇ ਰੋਲ ਬਾਰੇ ਹੰਕਾਰੀ ਭਾਸ਼ਨ ਕੀਤਾ। ਮੀਟਿੰਗ ਮੁੱਕਦੇਸਾਰ ਹੀ ਊਧਮ ਸਿੰਘ ਨੇ ਕੱਢ ਕੇ ਪਿਸਤੌਲ ਚਲਾਈਆਂ 6 ਗੋਲੀਆਂ ਓਡਵਾਇਰ ਮੌਕੇ ਤੇ ਹੀ ਮਾਰਿਆ ਗਿਆ। ਲਾਰਡ ਜੈਟ ਲੈਂਡ, ਲਾਰਡ ਲਮਿੰਗਟਨ, ਸਰ ਲੂਇਸ ਡੇਨ ਫੱਟੜ ਹੋਏ। ਗੋਰਿਆਂ 'ਚ ਭਗਦੜ ਮਚੀ, ਊਧਮ ਸਿੰਘ ਗੇਟ ਤੇ ਫੜਿਆ ਗਿਆ। ਉਹ ਪੂਰਾ ਸ਼ਾਂਤ, ਖੁਸ਼ ਤੇ ਸੰਤੁਸ਼ਟ ਸੀ। ਉਸ ਨੇ ਓਡਵਾਇਰ ਦੀ ਲਾਸ਼ ਵੱਲ ਇਸ਼ਾਰਾ ਕਰਕੇ ਕਿਹਾ, "ਆਹ ਪਿਆ"। ਰਾਤ ਨੂੰ 9 ਵਜੇ ਬੀਬੀਸੀ ਨੇ ਪਹਿਲੀ ਸੰਖੇਪ ਖਬਰ ਦਿੱਤੀ। 9:15 ਤੇ ਜਰਮਨ ਰੇਡੀਓ ਨੇ ਵੱਡੀ ਖਬਰ ਦਿੱਤੀ। ਅਗਲੇ ਦਿਨ ਅਖਬਾਰਾਂ, ਰੇਡੀਓ ਰਾਹੀਂ ਇਹ ਖਬਰ ਪੂਰੀ ਦੁਨੀਆਂ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। 13 ਮਾਰਚ ਦੀ ਰਾਤ ਨੂੰ 10:30 ਵਜੇ ਊਧਮ ਸਿੰਘ ਤੇ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਗਿਆ। ਮਹੀਨਾ ਭਰ ਉਸਨੂੰ ਅੰਗਰੇਜ਼ੀ ਪੁਲਿਸ ਨੇ ਭਾਰੀ ਤਸੀਹੇ ਦਿੱਤੇ ਪ੍ਰੰਤੂ ਉਹ ਆਪਣੇ ਮਿਸ਼ਨ ਤੇ ਡਟਿਆ ਰਿਹਾ। 26 ਅਪ੍ਰੈਲ ਤੋਂ 7 ਜੂਨ ਤੱਕ ਭੁੱਖ ਹੜਤਾਲ ਕਾਰਨ ਉਸਦਾ ਵਜ਼ਨ 24 ਪੌਂਡ ਘੱਟ ਗਿਆ। 5-6 ਜੂਨ ਨੂੰ ਹੋਈ ਅਦਾਲਤੀ ਕਾਰਵਾਈ ਦੌਰਾਨ ਉਸ ਨੇ ਆਪਣਾ ਲਿਖਤੀ ਬਿਆਨ 12 ਮੈਂਬਰੀ ਜਿਊਰੀ ਸਾਹਮਣੇ ਪੜ੍ਹਨਾ ਸ਼ੁਰੂ ਕੀਤਾ, ਪਰੰਤੂ ਉਸਨੂੰ ਜੱਜਾਂ ਨੇ ਬਾਰ-ਬਾਰ ਟੋਕਿਆ ਊਧਮ ਸਿੰਘ ਗਰਜਿਆ, ਉਅਸੀ ਅੰਗਰੇਜ਼ੀ ਗੁਲਾਮੀ ਤੋਂ ਪੀੜ੍ਹਤ ਹਾਂ ਮੈਨੂੰ ਮਰਨ ਦਾ ਕੋਈ ਡਰ ਨਹੀ ਹੈ।..... ਮੈਨੂੰ ਆਪਣੀ ਇਸ ਮੌਤ 'ਤੇ ਨਾਜ਼ ਹੈ, ਜੋ ਮੇਰੀ ਮਾਤਭੂਮੀ ਦੀ ਆਜ਼ਾਦੀ ਖਾਤਰ ਹੈ, ਅਤੇ ਆਸ ਕਰਦਾ ਹਾਂ ਕਿ ਜਦੋਂ ਮੈ ਜਾ ਚੁੱਕਾ ਹੋਵਾਂਗਾ, ਤਾਂ ਮੇਰੀ ਥਾਂ ਮੱਲਣ ਲਈ ਮੇਰੇ ਹਜ਼ਾਰਾਂ ਹਮਵਤਨ ਮੈਦਾਨ ਵਿਚ ਨਿਤਰਨਗੇ। ਤਾਂ ਜੁ ਤੁਹਾਨੂੰ (ਅੰਗਰੇਜ਼ੀ) ਗੰਦੇ ਕੁਤਿਆਂ ਨੂੰ ਮਾਰ ਭਜਾ ਕੇ ਮੇਰੇ ਵਤਨ ਨੂੰ ਆਜ਼ਾਦ ਕਰਾ ਸਕਣ।.... ਤੁਸੀ ਲੋਕ ਜਦੋਂ ਹਿੰਦ ਤੋਂ ਵਾਪਸ ਪਰਤਦੇ ਹੋ, ਤਾਂ ਤੁਹਾਨੂੰ ਸਨਮਾਨਿਤ ਕੀਤਾ ਜਾਂਦਾ ਹੈ, ਤੇ ਪਾਰਲੀਮੈਂਟ ਵਿਚ ਨਿਵਾਜਿਆ ਜਾਂਦਾ ਹੈ। ਅਸੀ ਇੰਗਲੈਂਡ ਆਉਂਦੇ ਹਾਂ ਤਾਂ ਮੌਤ ਦੀ ਸਜਾ ਪਾਉਂਦੇ ਹਾਂ।..... ਅੰਤ 'ਚ ਊਧਮ ਸਿੰਘ ਨੇ ਨਾਅਰਾ ਲਾਇਆ, "ਅੰਗਰੇਜ਼ ਸਾਮਰਾਜਵਾਦ ਮੁਰਦਾਬਾਦ।" "ਨਾ ਦਲੀਲ, ਨਾ ਵਕੀਲ, ਨਾ ਅਪੀਲ" ਵਾਲੇ ਸਾਮਰਾਜੀ ਪ੍ਰਬੰਧ ਨੇ ਉਸ ਨੂੰ ਫਾਂਸੀ ਦੇਣਾ ਪਹਿਲਾਂ ਹੀ ਤਹਿ ਕਰ ਲਿਆ ਸੀ । ਸੋ ਐਨਕਿਨਸਨ ਨੇ ਜਿਊਰੀ ਵਲੋਂ ਫਾਂਸੀ ਦਾ ਹੁਕਮ ਸੁਣਾ ਦਿੱਤਾ। ਆਖਰ 31.07.1940 ਨੂੰ ਸਵੇਰੇ 9:00 ਵਜੇ ਪੈਨਟਨਵਿਲ ਜੇਲ ਵਿੱਚ ਉਸ ਨੂੰ ਫਾਂਸੀ ਦੇ ਦਿੱਤੀ ਗਈ । ਦੇਸ਼ ਲਈ ਦਿੱਤੀਆਂ ਮਹਾਨ ਸੇਵਾਵਾਂ ਤੇ ਕੀਤੀਆਂ ਭਾਰੀ ਕੁਰਬਾਨੀਆਂ ਬਦਲੇ ਗਦਰੀ ਸ਼ਹੀਦ ਊਧਮ ਸਿੰਘ ਸਦਾ-ਸਦਾ ਲਈ ਅਮਰ ਰਹੇਗਾ। ਸਾਮਰਾਜੀ ਲੁੱਟ, ਜ਼ੁਲਮ ਤੇ ਸਰਕਾਰੀ ਦਹਿਸ਼ਤਗਰਦੀ ਵਿਰੁੱਧ ਜੂਝਨ ਦਾ ਪੈਗਾਮ ਦਿੰਦਾ ਰਹੇਗਾ।




ਊਧਮ ਸਿੰਘ ਨੇ ਆਪਣੀ ਉਕਤ ਫੋਟੋ 13.03.1940 ਤੋਂ ਕੁੱਝ ਦਿਨ ਪਹਿਲਾਂ ਬਾਵਾ ਨਨਕਾਣਾ ਮਿਸ਼ਨ ਦੇ ਕੈਲੀਫੋਰਨੀਆਂ ਵਾਲੇ ਪਤੇ ਤੇ ਭੇਜੀ ਸੀ, ਜਿਸਦੇ ਪਿਛਲੇ ਪਾਸੇ ਲਿਖਿਆ ਹੈ, "ਆਪਨੂੰ ਯਾਦਗਾਰ ਭੇਜਦਾ ਹਾਂ ਕਦੀ ਇਸ ਨੂੰ ਦੇਖ ਲਿਆ ਕਰਨਾ।"


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# HOMELIFE SILVERCITY
REALTY INC.,BROKERAGE
(Independently Owned and Operated)

HOMELIFE HIGHER STANDARDS

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

**TEAM OF OVER 450 REALTORS**

HOMELIFE HIGHER STANDARDS

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
# 905.913.8500
www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton





# ਸੈਮੀਨਾਰ ਅਜੋਕੀ ਰਾਜਨੀਤੀ ਦੀ ਸਥਿਤੀ ਅਤੇ ਚੁਣੌਤੀਆਂ ਤੇ ਲੋਕ ਮੁੱਦੇ







ਕੈਲਗਰੀ (ਹਰਚਰਨ ਸਿੰਘ ਪ੍ਰਹਾਰ): ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ ਇੰਡੀਅਨ ਐਕਸ ਸਰਵਿਸਮੈਨ ਇਮੀਗਰੈਂਟ ਐਸੋਸੀਏਸ਼ਨ ਦੇ ਹਾਲ ਇਕ ਵਿਸ਼ੇਸ਼ ਸੈਮੀਨਾਰ ਜਿਸ ਵਿਚ ਵੱਡੀ ਗਿਣਤੀ ਵਿਚ ਅਹਿਮ ਸ਼ਖਸੀਅਤਾਂ ਅਤੇ ਵੱਖ-ਵੱਖ ਵਿਸ਼ਿਆਂ ਦੇ ਮਾਹਿਰਾਂ ਨੇ ਸ਼ਿਰਕਤ ਕੀਤੀ। ਸੈਮੀਨਾਰ ਦੀ ਸ਼ੁਰੂਆਤ ਕਰਦਿਆਂ ਮਾਸਟਰ ਭਜਨ ਸਿੰਘ ਨੇ ਕਿਹਾ ਕਿ ਸਾਡੇ ਲਈ ਬੜੀ ਮਾਣ ਵਾਲੀ ਗੱਲ ਹੈ ਕਿ ਪੰਜਾਬ ਦੀਆਂ ਤਿੰਨ ਵੱਖੋ-ਵੱਖਰੇ ਖੇਤਰਾਂ ਦੀਆਂ ਸ਼ਖਸੀਅਤਾਂ ਸਾਡੇ ਵਿਚ ਸ਼ਾਮਲ ਹਨ। ਜਿਸ ਕਿਸਮ ਨਾਲ ਸ੍ਰ. ਜਸਪਾਲ ਸਿੰਘ ਸਿੱਧੂ ਨੇ ਪੱਤਰਕਾਰੀ ਕਰਦਿਆਂ ਪੰਜਾਬ ਵਿਸ਼ੇਸ਼ ਕਰਕੇ ਸਿੱਖੀ ਦੇ ਮਸਲਿਆਂ ਅਤੇ ਹਿੰਦੂਤਵਾਂ ਦੇ ਏਜੰਡੇ ਬਾਰੇ ਲਿਖਤਾਂ ਅਤੇ ਸਮਝਦਾਰੀ ਪ੍ਰਦਾਨ ਕੀਤੀ ਹੈ ਉਹ ਬੜੀ ਮੁੱਲਵਾਨ ਹੈ। ਪ੍ਰੋ. ਜਗਰੂਪ ਸਿੰਘ ਸੇਖੋਂ ਜੋ ਕਿ ਬਾਰਡਰ ਦੇ ਖਿੱਤੇ ਦੀਆਂ ਸਮੱਸਿਆਵਾਂ ਅਤੇ ਅੱਤਵਾਦ ਦੇ ਦੌਰਾਨ ਬਣੀ ਸਥਿਤੀ ਨੂੰ ਖੋਜਾਂ ਦੇ ਆਧਾਰ 'ਤੇ ਸਮਝਦੇ ਹਨ ਅਤੇ ਜਿੰਨਾ ਵੱਡਾ ਕਾਰਜ ਇਨ੍ਹਾਂ ਨੇ ਕੀਤਾ ਹੈ ਉਹ ਅੱਜ ਪੰਜਾਬ ਦੀ ਰਾਜਨੀਤੀ ਵਿਸ਼ੇਸ਼ ਕਰਕੇ ਚੋਣਾਂ ਵਿਚ ਬਦਲਦੇ ਰੁਝਾਨਾਂ ਨੂੰ ਬਾਖੂਬੀ ਸਮਝਦੇ ਹਨ ਅਤੇ ਇਸ ਉਪਰ ਪੰਜਾਬ ਵਿਚ ਬਦਲਾ ਅਤੇ ਉਨ੍ਹਾਂ ਦੇ ਕਾਰਨਾਂ ਬਾਰੇ ਵੀ ਜੋ ਵਿਸ਼ਲੇਸ਼ਣ ਕਰਦੇ ਰਹੇ ਹਨ ਉਸ ਵਿਚ ਵੱਡੀ ਸੱਚਾਈ ਸਾਹਮਣੇ ਆਉਂਦੀ ਰਹੀ ਹੈ। ਸਿੱਖਿਆ ਦੇ ਖੇਤਰ ਵਿਚ ਨਿਸ਼ਕਾਮ ਕਾਰਜ ਕਰਨ ਵਾਲੇ ਸ੍ਰ. ਸਵਰਨ ਸਿੰਘ ਭੰਗੂ (ਡਾਇਰੈਕਟਰ, ਸ੍ਰ. ਗੁਰਦੇਵ ਸਿੰਘ ਕੰਗ ਮੈਮੋਰੀਅਲ ਇੰਸਟੀਚਿਊਟ ਫਾਰ ਕੈਰੀਅਰ ਕੋਰਸਿਸ, ਬਸੀ ਗੁੱਜਰਾਂ, ਚਮਕੌਰ ਸਾਹਿਬ) ਪੰਜਾਬ ਦੀ ਵਿਲੱਖਣ ਸ਼ਖਸੀਅਤ ਹਨ ਜਿਨ੍ਹਾਂ ਨੇ ਬੜੀ ਸਹਿਜਤਾ ਅਤੇ ਸੰਤੁਸ਼ਟਤਾ ਨਾਲ ਪੇਂਡੂ ਸਿੱਖਿਆ ਵਿਚ ਯੋਗਦਾਨ ਪਾਇਆ ਹੈ ਉਹ ਸਾਡੇ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਹਨ। ਇਹ ਸਾਡੇ ਅਦਾਰੇ ਲਈ ਵੱਡੀ ਮਾਣ ਵਾਲੀ ਗੱਲ ਹੈ।

ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸ੍ਰ. ਜਸਪਾਲ ਸਿੰਘ ਸਿੱਧੂ (ਯੂ ਐਨ ਆਈ ਦੇ ਸਾਬਕਾ ਸੀਨੀਅਰ ਪੱਤਰਕਾਰ, ਲੇਖਕ ਤੇ ਸਿੱਖ ਵਿਦਵਾਨ) ਨੇ ਕਿਹਾ ਕਿ ਜਿਸ ਕਿਸਮ ਨਾਲ ਅਜੋਕੀ ਪੰਜਾਬ ਦੀ ਰਾਜਨੀਤੀ ਚੱਲ ਰਹੀ ਹੈ ਉਸ ਵਿਚ ਸਿੱਖ, ਨਾ ਸਿਰਫ ਰਾਜਨੀਤਕ ਧਿਰ ਵਜੋਂ ਪੰਜਾਬ ਵਿੱਚ ਹੀ ਸਗੋਂ ਭਾਰਤੀ ਰਾਜਨੀਤੀ ਵਿੱਚ ਵੀ ਆਪਣਾ ਸਥਾਨ ਗੁਆ ਰਹੇ ਹਨ। ਉਨ੍ਹਾਂ 'ਅਨੰਦਪੁਰ ਦੇ ਮਤੇ' ਦੇ ਹਵਾਲੇ ਨਾਲ਼ ਕਿਹਾ ਕਿ ਕਿਸੇ ਵਕਤ ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਨਾ ਸਿਰਫ ਇੱਕ ਸ਼ਕਤੀਸ਼ਾਲੀ ਖੇਤਰੀ ਪਾਰਟੀ ਸੀ, ਸਗੋਂ ਫੈਡਰਲ ਢਾਂਚੇ ਤੇ ਰਾਜਾਂ ਨੂੰ ਵੱਧ ਅਧਿਕਾਰਾਂ ਲਈ ਲੜਨ ਵਿੱਚ ਮੁਢਲੀ ਕਤਾਰ ਵਿਚ ਸੀ, ਉਥੇ ਅੱਜ ਜਦੋਂ ਦੇਸ਼ ਵਿੱਚ ਭਾਜਪਾ ਖਿਲਾਫ ਸਾਰੀਆਂ ਖੇਤਰੀ ਪਾਰਟੀਆਂ ਲਾਮਬੰਦ ਹੋ ਰਹੀਆਂ ਹਨ ਤਾਂ ਉਥੇ ਸਿੱਖਾਂ ਦੀ ਨੁਮਾਇੰਦਗੀ ਕਰਨ ਲਈ ਉਨ੍ਹਾਂ ਵਿੱਚ ਕੋਈ ਵੀ ਧਿਰ ਨਹੀਂ ਹੈ। ਘੱਟ ਗਿਣਤੀਆਂ ਵਿਸ਼ੇਸ਼ ਕਰਕੇ ਸਿੱਖਾਂ ਲਈ ਇਹ ਇੱਕ ਗੰਭੀਰ ਚਿੰਤਾ ਦਾ ਮੁੱਦਾ ਹੈ?

ਸ੍ਰ. ਜਗਰੂਪ ਸਿੰਘ ਸੇਖੋਂ (ਸਾਬਕਾ ਪ੍ਰੋਫੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਨੇ ਪੰਜਾਬ ਤੇ ਭਾਰਤ ਦੀ ਰਾਜਨੀਤੀ ਦੇ ਵੱਖ-ਵੱਖ ਪੱਖਾਂ ਤੇ ਵਿਸ਼ੇਸ਼ ਚਰਚਾ ਕਰਦਿਆਂ ਕਿਹਾ ਕਿ ਜਿਸ ਕਿਸਮ ਦੇ ਦੌਰ ਵਿਚੋਂ ਭਾਰਤ ਲੰਘ ਰਿਹਾ ਹੈ ਇਹ ਦੇਸ਼ ਨੂੰ ਨਵੇਂ ਸੰਕਟਾਂ ਵਿਚ ਭੇਜ ਦੇਵੇਗਾ। ਉਨ੍ਹਾਂ ਆਪਣੀ ਪ੍ਰਸਿੱਧ ਪੁਸਤਕ 'ਟੈਰੋਰਿਜ਼ਮ ਇਨ ਪੰਜਾਬ; ਗਰਾਸ ਰੂਟ ਰੀਐਲਿਟੀਜ਼' ਦੇ ਹਾਵਲੇ ਨਾਲ਼ 1984 ਦੀ ਖਾੜਕੂ ਮੂਵਮੈਂਟ ਬਾਰੇ ਕਈ ਅਹਿਮ ਅਤੇ ਤੱਥਾਂ ਭਰਪੂਰ ਵਿਚਾਰ ਸਾਂਝੇ ਕੀਤੇ ਕਿ ਕਿਸਮ ਨਾਲ ਅਸੀਂ ਤਰਾਸਦੀ ਦੇ ਦੌਰ ਵਿਚੋਂ ਗੁਜ਼ਰੇ ਹਾਂ। ਪ੍ਰੰਤੂ ਇਤਿਹਾਸ ਵਿਚੋਂ ਅਸੀਂ ਬਹੁਤ ਘੱਟ ਸਿੱਖਿਆ ਹੈ। ਅਜੋਕਾ ਪੰਜਾਬ ਜਿਸ ਸਥਾਨ ਉਪਰ ਖੜ੍ਹਾ ਹੈ ਉਹ ਮੁੜ ਸੰਕਟਗ੍ਰਸਤ ਹੋ ਸਕਦਾ ਹੈ ਕਿਉਂਕਿ ਮੌਜੂਦਾ ਹੁਕਮਰਾਨਾ ਦੇ ਕੋਲ ਕੋਈ ਦ੍ਰਿਸ਼ਟੀਕੋਣ ਪੰਜਾਬ ਦੀ ਜਵਾਨੀ ਲਈ ਨਹੀਂ ਹੈ।



ਉਘੇ ਪੱਤਰਕਾਰ, ਸਿੱਖਿਆ ਤੇ ਸਮਾਜ ਸੇਵੀ ਸਵਰਨ ਸਿੰਘ ਭੰਗੂ ਵਲੋਂ ਪੰਜਾਬ ਵਿੱਚ ਸਿੱਖਿਆ ਦੇ ਡਿੱਗ ਰਹੇ ਮਿਆਰ ਬਾਰੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਕਿ ਇਸ ਸਮੇਂ ਪੰਜਾਬ ਨਾਲ ਜੁੜ ਕੇ ਅਤੇ ਉਸ ਦੇ ਵਿਚ ਕਿਸ ਕਿਸਮ ਦੀ ਸਿੱਖਿਆ ਹਾਸਲ ਕੀਤੀ ਜਾ ਸਕਦੀ ਹੈ ਇਸ ਦੀ ਬਜਾਏ ਹਰੇਕ ਨੌਜਵਾਨ ਇਕ ਖਿਆਲੀ ਸੁਪਨੇ ਕਿ ਵਿਦੇਸ਼ ਹੀ ਜਾਣਾ ਹੈ। ਉਸ ਦੀ ਸੋਚ ਅਤੇ ਲਿਆਕਤ ਨੂੰ ਹੇਠਾਂ ਸੁੱਟ ਰਿਹਾ ਹੈ। ਉਸ ਕੋਲ਼ ਦੇਸ਼ ਵਿੱਚ ਰਹਿਣ ਲਈ ਚਾਹਤ ਨਹੀਂ, ਹਰ ਇੱਕ ਦਾ ਰੁਝਾਨ 12 ਕਲਾਸਾਂ ਤੋਂ ਬਾਅਦ ਆਇਲਿਟ ਕਰਕੇ ਵਿਦੇਸ਼ ਜਾਣ ਵੱਲ ਹੈ। ਇੱਥੇ ਆ ਕੇ ਕੋਈ ਉਚੇਰੀ ਵਿਦਿਆ ਲੈਣ ਦੀ ਥਾਂ ਪੀ ਆਰ ਲੈਣਾ ਹੀ ਇੱਕੋ-ਇੱਕ ਪ੍ਰਾਪਤੀ ਸਮਝਦਾ ਹੈ ਅਤੇ ਮੁੜ ਸਾਰੀ ਉਮਰ ਇਕ ਕਾਮੇ ਦੇ ਦੌਰ 'ਤੇ ਆਪਣੀ ਜ਼ਿੰਦਗੀ ਬਸਰ ਕਰਨ ਵੱਲ ਨੂੰ ਵਧ ਰਿਹਾ ਹੈ। ਇਹ ਸਾਡੇ ਵਿਸ਼ੇਸ਼ ਕਰਕੇ ਹਰ ਫਰਜ਼ ਬਣਦਾ ਹੈ ਕਿ ਇਸ ਪੀੜ੍ਹੀ ਬਾਰੇ ਸੰਜੀਦਗੀ ਨਾਲ ਸੋਚੀਏ ਅਤੇ ਇਸ ਗੰਭੀਰ ਮਸਲੇ ਬਾਰੇ ਕੋਈ ਹੱਲ ਕੱਢੀਏ।

ਇਸ ਮੌਕੇ ਰੇਡੀਉ ਰੈਡ ਐਫ ਐਮ ਦੇ ਨਿਊਜ਼ ਹੋਸਟ ਰਿਸ਼ੀ ਨਾਗਰ ਨੇ ਵੀ ਵਿਚਾਰ ਸਾਂਝੇ ਕੀਤੇ। ਵੱਖ-ਵੱਖ ਗੰਭੀਰ ਸਵਾਲ ਸਰੋਤਿਆਂ ਵਲੋਂ ਕੀਤੇ ਗਏ। ਬਾਅਦ ਵਿਚ ਜਿਨ੍ਹਾਂ ਨੂੰ ਬੁਲਾਰਿਆਂ ਨੇ ਤੱਥਾਂ ਸਮੇਤ ਜਵਾਬ ਦਿੱਤਾ।

ਇਸ ਮੌਕੇ ਤੇ 'ਪ੍ਰੌਗਰੈਸਿਵ ਕਲਾ ਮੰਚ' ਦੇ ਕਲਾਕਾਰਾਂ ਵਲੋਂ ਔਰਤਾਂ ਦੇ ਹੱਕਾਂ ਦੀ ਗੱਲ ਕਰਦੀਆਂ ਦੋ ਬਹੁਤ ਹੀ ਪ੍ਰਭਾਵਸ਼ਾਲੀ ਕੋਰੀਓਗਰਾਫੀਆਂ ਪੇਸ਼ ਕੀਤੀਆਂ ਗਈਆਂ। ਜਿਨ੍ਹਾਂ ਵਿੱਚੋਂ ਇੱਕ ਔਰਤ ਦੇ ਦਰਦ ਨੂੰ ਬਿਆਨ ਕਰਦੀ ਸੀ, 'ਸਖੀਏ ਸਹੇਲੀਏ' ਸੀ ਅਤੇ ਦੂਜੀ ਕੋਰੀਓਗਰਾਫੀ ਪਿਛਲੇ ਦਿਨੀਂ ਭਾਰਤ ਦੇ ਪ੍ਰਾਂਤ ਮਨੀਪੁਰ ਵਿੱਚ ਔਰਤਾਂ ਨਾਲ਼ ਹੋਏ ਸਮੂਹਿਕ ਬਲਾਤਕਾਰ ਨੂੰ ਸਮਰਪਿਤ ਸੀ, ਜਿਸ ਵਿੱਚ ਇਸ ਗੀਤ; 'ਉਠ ਨੀ ਕੁੜੀਏ, ਉਠ ਨੀ ਚਿੜੀਏ, ਚੀਕ ਚਿਹਾੜਾ ਪਾ' ਰਾਹੀਂ ਔਰਤਾਂ ਨੂੰ ਆਪਣੇ ਹੱਕਾਂ ਅਤੇ ਸਵੈਮਾਣ ਲਈ ਲੜਨ ਦਾ ਸੱਦਾ ਦਿੱਤਾ ਗਿਆ।

# ਪੁਸਤਕ ਰਿਲੀਜ਼ : ਬੱਬਰ ਅਕਾਲੀਆਂ ਦੀ ਅਮਰ ਗਾਥਾ




ਕੈਲਗਰੀ: ਅੱਜ ਦੇ ਸੈਮੀਨਾਰ ਬੱਬਰ ਅਕਾਲੀ ਲਹਿਰ ਦੀ 100ਵੀਂ ਵਰ੍ਹੇਗੰਢ ਮੌਕੇ 'ਈਸਟ ਇੰਡੀਅਨ ਡਿਫੈਂਸ ਕਮੇਟੀ' ਸਰੀ-ਵੈਨਕੂਵਰ) ਵਲੋਂ ਛਾਪੀ ਗਈ ਕਿਤਾਬ **'ਬੱਬਰ ਅਕਾਲੀਆਂ ਦੀ ਅਮਰ ਗਾਥਾ'** ਰਿਲੀਜ਼ ਕੀਤੀ ਗਈ। ਇਤਿਹਾਸਕਾਰੀ ਨੂੰ ਸਾਂਭਣਾ ਅਤੇ ਉਸ ਉਪਰ ਕਾਰਜ ਕਰਨਾ ਬੜੀ ਅਹਿਮੀਅਤ ਰੱਖਦਾ ਹੈ ਕਿਉਂਕਿ ਵੱਖ ਵੱਖ ਸਮਿਆਂ ਵਿਚ ਜਿਸ ਕਿਸਮ ਨਾਲ ਸੰਕਟ ਆਉਂਦੇ ਹਨ ਲੋਕ ਇਤਿਹਾਸ ਵਿਚੋਂ ਹੀ ਸਿੱਖਦੇ ਹਨ। ਇਸ ਕਰਕੇ ਬੱਬਰ ਅਕਾਲੀ ਲਹਿਰ ਦਾ ਇਤਿਹਾਸ ਪੰਜਾਬ ਦੀ ਇਤਿਹਾਸਕਾਰੀ ਦੇ ਸੁਨਹਿਰੀ ਪੰਨਿਆਂ ਦਾ ਹਿੱਸਾ ਹੈ। ਜਿਸ ਵਿਚ ਪ੍ਰੋ. ਜਗਰੂਪ ਸਿੰਘ ਸੇਖੋਂ, ਸ੍ਰ. ਜਸਪਾਲ ਸਿੰਘ ਸਿੱਧੂ, ਸਵਰਨ ਸਿੰਘ ਭੰਗੂ, ਹਰਚਰਨ ਸਿੰਘ ਪ੍ਰਹਾਰ, ਸੁਖਵੀਰ ਗਰੇਵਾਲ, ਪ੍ਰੋ. ਗੋਪਾਲ ਕਾਉਂਕੇ, ਕਮਲ ਸਿੱਧੂ, ਹਰੀਪਾਲ, ਜਸਵਿੰਦਰ ਕੌਰ ਮਾਨ ਅਤੇ ਨਵਕਿਰਨ ਢੁੱਕੀਕੇ ਸ਼ਾਮਲ ਸਨ। ਤਿੰਨਾਂ ਵਿਦਵਾਨਾਂ ਨੂੰ ਰਿਸ਼ੀ ਨਾਗਰ ਰੈਡ ਐਫ.ਐਮ. ਰੇਡੀਓ, ਗੁਰਦਿਆਲ ਸਿੰਘ ਖਹਿਰਾ, ਐਡਕੋਵੇਟ ਤਰਨਜੀਤ ਔਜਲਾ, ਲੇਖਕ ਬਲਜਿੰਦਰ ਸੰਘਾ, ਹਰਬਖਸ਼ ਸਿੰਘ ਧਨੋਆ ਅਤੇ ਹਰਚਰਨ ਸਿੰਘ ਪ੍ਰਹਾਰ ਵਲੋਂ ਕਿਤਾਬਾਂ ਦੇ ਸੈਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

# ਸੈਮੀਨਾਰ ਦੌਰਾਨ ਮਨੀਪੁਰ ਦੀਆਂ ਘਟਨਾਵਾਂ ਸੰਬੰਧੀ ਮਤਾ ਪਾਸ, ਮੋਦੀ ਸਰਕਾਰ ਖਿਲਾਫ਼ ਜ਼ਬਰਦਸਤ ਨਾਅਰੇਬਾਜ਼ੀ

ਕੈਲਗਰੀ : ਮੋਦੀ ਸਰਕਾਰ ਵੱਲੋਂ ਦੇਸ਼ ਦੇ ਉੱਤਰ-ਪੂਰਬੀ ਰਾਜ ਮਨੀਪੁਰ ਨੂੰ ਆਪਣੇ ਸੌੜੇ ਸਵਾਰਥਾਂ ਲਈ ਖ਼ਾਨਾਜੰਗੀ ਦੀ ਹਾਲਤ 'ਚ ਧੱਕਣ ਉੱਪਰ ਗੰਭੀਰ ਚਿੰਤਾ ਜ਼ਾਹਿਰ ਕਰਦਾ ਹੈ। ਹੁਕਮਰਾਨ ਆਰ.ਐੱਸ.ਐੱਸ.-ਭਾਜਪਾ ਵੱਲੋਂ ਗਿਣੇਮਿੱਥੇ ਤਰੀਕੇ ਨਾਲ ਮਨੀਪੁਰੀ ਸਮਾਜ ਦੇ ਕਬਾਇਲੀ-ਗ਼ੈਰਕਬਾਇਲੀ ਵਿਰੋਧਾਂ ਨੂੰ ਹਵਾ ਦੇ ਕੇ ਭਰਾਮਾਰ ਜੰਗ ਭੜਕਾਈ ਗਈ। ਹਕੂਮਤ ਨੇ ਮਨੀਪੁਰੀ ਲੋਕਾਂ ਨੂੰ ਫਿਰਕੂ ਪ੍ਰੋਜੈਕਟ ਰਾਹੀਂ ਪੱਕੇ ਤੌਰ 'ਤੇ ਕੰਟਰੋਲ ਕਰਨ ਲਈ ਮੀਤੀ ਬਹੁਗਿਣਤੀ ਦੇ ਆਰਥਿਕਤਾ ਅਤੇ ਸਿਆਸਤ ਉੱਪਰ ਗ਼ਲਬੇ ਨੂੰ ਪੂਰੀ ਚਲਾਕੀ ਨਾਲ ਵਰਤਿਆ ਗਿਆ ਅਤੇ ਮੇਤਈ ਪੱਖੀ ਨੀਤੀਆਂ ਰਾਹੀਂ ਸਥਾਨਕ ਹਾਕਮ ਜਮਾਤ ਨੂੰ ਆਪਣੇ ਨਾਲ ਜੋੜਿਆ। ਤਾਂ ਜੋ ਭਾਈਚਾਰਕ ਟਕਰਾਅ ਖੜ੍ਹਾ ਕਰਕੇ ਮਨੀਪੁਰੀ ਲੋਕਾਂ ਦੇ ਕੌਮੀਅਤ ਸੰਘਰਸ਼ ਨੂੰ ਸੱਟ ਮਾਰੀ ਜਾ ਸਕੇ ਅਤੇ ਕਬਾਇਲੀ ਜ਼ਮੀਨਾਂ ਦੀ ਸੰਵਿਧਾਨਕ ਸੁਰੱਖਿਆ ਖ਼ਤਮ ਕਰਕੇ ਕਾਰਪੋਰੇਟ ਕਬਜ਼ੇ ਦਾ ਰਾਹ ਪੱਧਰਾ ਕੀਤਾ ਜਾ ਸਕੇ। ਪੱਖਪਾਤੀ ਨੀਤੀਆਂ ਕਾਰਨ ਕੁਕੀ ਭਾਈਚਾਰੇ 'ਚ ਵਿਤਕਰੇ ਦੀ ਭਾਵਨਾ ਵਧਣੀ ਸ਼ੁਰੂ ਹੋਈ। ਟਕਰਾਅ ਨੂੰ ਦੂਰ ਕਰਨ ਲਈ ਕੋਸ਼ਿਸ਼ ਕਰਨ ਦੀ ਬਜਾਏ ਭਾਜਪਾ ਸਰਕਾਰ ਨੇ ਮੇਤਈ ਹਿੰਸਾ ਨੂੰ ਰਾਜਕੀ ਸਰਪ੍ਰਸਤੀ ਦਿੱਤੀ। ਸਥਾਨਕ ਸਰਕਾਰ ਦੀ ਬਿਆਨਬਾਜ਼ੀ, ਮੋਦੀ ਦੀ ਮੁਕੰਮਲ ਖ਼ਾਮੋਸ਼ੀ ਅਤੇ ਅਮਿਤ ਸ਼ਾਹ ਦੀ ਅਗਵਾਈ 'ਚ ਕੇਂਦਰੀ ਗ੍ਰਹਿ ਮੰਤਰਾਲੇ ਦੀ ਟਕਰਾਅ ਨੂੰ ਹੋਰ ਵਧਾਉਣ ਤੇ ਤਿੱਖਾ ਕਰਨ ਵਾਲੀ ਦਖ਼ਲਅੰਦਾਜ਼ੀ ਇਸ ਦਾ ਸਬੂਤ ਹੈ। ਇਸੇ ਰਾਜਸੀ ਅਤੇ ਰਾਜਕੀ ਸਰਪ੍ਰਸਤੀ ਦਾ ਨਤੀਜਾ ਵਿਆਪਕ ਪੈਮਾਨੇ 'ਤੇ ਸਾੜਫੂਕ, ਔਰਤਾਂ ਵਿਰੁੱਧ ਘਿਣਾਉਣੀ ਜਿਨਸੀ ਹਿੰਸਾ, ਉਜਾੜਾ ਅਤੇ ਜਾਨੀ-ਮਾਲੀ ਨੁਕਸਾਨ ਹੈ। ਜਿਸ ਨੂੰ ਅਜੇ ਵੀ ਠੱਲ ਨਹੀਂ ਪੈ ਰਹੀ। ਇੰਟਰਨੈੱਟ ਬੰਦ ਹੋਣ ਕਾਰਨ ਅਸਲ ਤਸਵੀਰ ਸਾਹਮਣੇ ਨਹੀਂ ਆ ਰਹੀ। ਔਰਤਾਂ ਨੂੰ ਅਗਵਾ ਕਰਕੇ ਸਮੂਹਿਕ ਬਲਾਤਕਾਰ ਕਰਨ ਦੀਆਂ ਜੋ ਹੌਲਨਾਕ ਘਟਨਾਵਾਂ ਸਾਹਮਣੇ ਆਈਆਂ ਹਨ ਉਹ ਤਾਂ ਮਹਿਜ਼ ਅਸਲ ਹਿੰਸਾ ਦੀਆਂ ਨਮੂਨੇ ਦੀਆਂ ਮਿਸਾਲਾਂ ਹਨ। ਇਹ ਤਸੱਲੀ ਵਾਲੀ ਗੱਲ ਹੈ ਕਿ ਦੇਸ਼-ਬਦੇਸ਼ ਵਿੱਚੋਂ ਪੈ ਰਹੇ ਦਬਾਅ ਕਾਰਨ ਮੋਦੀ ਨੂੰ 79 ਦਿਨ ਬਾਦ ਸਾਜ਼ਿਸ਼ੀ ਚੁੱਪ ਤੋੜਨੀ ਪਈ ਹੈ ਅਤੇ ਸੁਪਰੀਮ ਕੋਰਟ ਨੂੰ ਵੀ ਸਮੂਹਿਕ ਬਲਾਤਕਾਰਾਂ ਦਾ ਨੋਟਿਸ ਲੈਣਾ ਪਿਆ ਹੈ। ਅਸੀਂ ਸਮਝਦੇ ਹਾਂ ਕਿ ਅਸਲ ਸਾਜ਼ਿਸ਼ਘਾੜਿਆਂ ਬਾਰੇ ਚੁੱਪ ਵੱਟ ਕੇ ਮੋਦੀ ਵੱਲੋਂ ਕੀਤੀ ਗਈ ਨਿਖੇਧੀ ਮਹਿਜ਼ ਮਗਰਮੱਛ ਦੇ ਨਕਲੀ ਹੰਝੂ ਹਨ। ਮੁਸਲਮਾਨਾਂ, ਆਦਿਵਾਸੀਆਂ, ਦਲਿਤਾਂ ਅਤੇ ਹੋਰ ਮਜ਼ਲੂਮ ਹਿੱਸਿਆਂ ਵਿਰੁੱਧ ਜਿਨਸੀ ਹਿੰਸਾ ਅਤੇ ਸਮੂਹਿਕ ਬਲਾਤਕਾਰਾਂ ਦੀ ਸਰਪ੍ਰਸਤੀ ਕਰਨ ਵਾਲੀ ਆਰ.ਐੱਸ.ਐੱਸ.-ਭਾਜਪਾ ਤੋਂ ਨਿਆਂ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਸਿਰਫ਼ ਮਜ਼ਬੂਤ ਲੋਕ ਰਾਇ ਹੀ ਭਗਵੇਂ ਹੁਕਮਰਾਨਾਂ ਦੀ ਘਿਣਾਉਣੀ ਇਰਾਦਿਆਂ ਉੱਪਰ ਰੋਕ ਲਾ ਸਕਦੀ ਹੈ। ਇਸ ਲਈ ਅਸੀਂ ਵੀ ਦੁਨੀਆ ਭਰ ਦੇ ਇਨਸਾਫ਼ਪਸੰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਜ਼ੋਰਦਾਰ ਮੰਗ ਕਰਦੇ ਹਾਂ ਕਿ ਆਰ.ਐੱਸ.ਐੱਸ.-ਭਾਜਪਾ ਮਨੀਪੁਰ ਨੂੰ ਭਰਾਮਾਰ ਜੰਗ 'ਚ ਝੋਕਣ ਦੀ ਸਾਜ਼ਿਸ਼ ਬੰਦ ਕਰੇ। ਔਰਤਾਂ ਉੱਪਰ ਵਹਿਸ਼ੀ ਜ਼ੁਲਮ ਦੀਆਂ ਘਟਨਾਵਾਂ ਨੂੰ ਦਬਾਉਣ ਵਾਲੇ ਮੁੱਖਮੰਤਰੀ ਅਤੇ ਪੁਲਿਸ ਅਧਿਕਾਰੀਆਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ ਅਤੇ ਫਿਰਕੂ ਹਿੰਸਾ ਨੂੰ ਰਾਜਕੀ ਸਰਪ੍ਰਸਤੀ ਬੰਦ ਕਰਕੇ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਯਕੀਨੀਂ ਬਣਾਈ ਜਾਵੇ। ਉਜਾੜੇ ਗਏ ਲੋਕਾਂ ਦੇ ਮੁੜ-ਵਸੇਬੇ ਲਈ ਠੋਸ ਕਦਮ ਚੁੱਕੇ ਜਾਣ ਅਤੇ ਭਾਜਪਾ ਆਗੂਆਂ ਸਮੇਤ ਮਨੁੱਖਤਾ ਵਿਰੋਧੀ ਜੁਰਮਾਂ ਦੇ ਸਾਰੇ ਹੀ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

